ISSN-0971-8354

# ਯੋਜਨਾ

ਅਕਤੂਬਰ 2015 ਇਕ ਵਿਕਾਸ ਮਾਸਿਕ ₹20

ਵਿਸ਼ੇਸ਼ ਅੰਕ

## ਹੁਨਰ ਵਿਕਾਸ : ਨਵੀਆਂ ਪੁਲਾਂਘਾਂ

ਭਾਰਤ ਵਿਚ ਹੁਨਰ ਵਿਕਾਸ ਦ੍ਰਿਸ਼ ਦੀ ਮੁੜ ਵਿਆਖਿਆ
ਦੀਲੀਪ ਚਿਨੌਏ

ਨੌਕਰੀਆਂ, ਰੁਜ਼ਗਾਰ, ਤਕਨਾਲੋਜੀ ਅਤੇ ਹੁਨਰ
ਅਰੁਨ ਮੈਰਾ ਅਤੇ ਮਦਨ ਪਡਕੀ

ਪਛੜਿਆਂ ਦੀ ਰੁਜ਼ਗਾਰ ਯੋਗਤਾ ਵਧਾਉਣ ਲਈ ਹੁਨਰ ਦਾ ਵਿਕਾਸ
ਸੁਨੀਤਾ ਸਾਂਘੀ

ਵਿਸ਼ੇਸ਼ ਲੇਖ
ਵਿਰਾਸਤ ਨੂੰ ਸੰਭਾਲਣਾ :
ਹੱਥ-ਖੱਡੀ ਨੂੰ ਸੁਰੱਖਿਅਤ ਤੇ ਉਤਸ਼ਾਹਿਤ ਕਰਨਾ
ਮੋਨਿਕਾ ਗਰਗ

ਫੋਕਸ
ਗਾਂਧੀ ਜੀ ਵਲੋਂ
ਅਧਿਆਪਕਾਂ ਦੀ ਸਿਖਲਾਈ ਲੈਣ ਵਾਲਿਆਂ ਨਾਲ ਵਿਚਾਰ-ਵਟਾਂਦਰੇ ਦੇ ਅੰਸ਼



ਵਿੱਤੀ ਸ਼ਮੂਲੀਅਤ ਤੇ ਸਮਾਜਿਕ ਪਰਿਵਰਤਨ
ਚਰਨ ਸਿੰਘ, ਸੀ ਐੱਲ ਦਧਿਚ ਤੇ ਐੱਸ ਅਨੰਥ

ਭਾਰਤ 'ਚ ਜਨਤਕ ਵੰਡ ਪ੍ਰਣਾਲੀ ਦਾ ਰਾਜਨੀਤਕ ਅਰਥਸ਼ਾਸਤਰ
ਸੀ ਐੱਸ ਸੀ ਸੇਖਰ

ਸਮਾਵੇਸ਼ੀ ਵਿਕਾਸ ਏਜੰਡਾ ਵਿਚ ਸੂਖਮ,
ਛੋਟੇ ਤੇ ਦਰਮਿਆਨੇ ਉੱਦਮ
ਪੀ ਐੱਮ ਮੈਥਿਊ

ਭਾਰਤ ਵਿਚ ਰੁਜ਼ਗਾਰ ਤੇ ਸਮਾਵੇਸ਼ੀ ਵਿਕਾਸ: ਉਭਰਦਾ ਨਮੂਨਾ ਅਤੇ ਪਰਿਪੇਖ
ਅਲਖ ਐੱਨ ਸ਼ਰਮਾ

## ਵਿਦਿਆਰਥੀਆਂ ਵਲੋਂ ਸਿੱਖਿਆ ਕਰਜ਼ੇ ਲਈ ਅਰਜ਼ੀ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਕਹਿਰੀ ਖਿੜਕੀ

ਇਕ ਵੈੱਬ ਆਧਾਰਤ ਪੋਰਟਲ, ਵਿੱਦਿਆ ਲਕਸ਼ਮੀ (www.vidyalakshmi.co.in) 15 ਅਗਸਤ, 2015 ਦੇ ਸੁਤੰਤਰਤਾ ਦਿਵਸ ਮੌਕੇ ਸ਼ੁਰੂ ਕੀਤਾ ਗਿਆ, ਜੋ ਸਿੱਖਿਆ ਕਰਜ਼ਾ ਚਾਹੁਣ ਵਾਲੇ ਵਿਦਿਆਰਥੀਆਂ ਦੇ ਫ਼ਾਇਦੇ ਵਾਸਤੇ ਹੈ।

2015-16 ਦੇ ਕੇਂਦਰੀ ਬਜਟ ਵਿਚ ਪੂਰਨ ਤੌਰ ਤੇ ਆਈ ਟੀ ਆਧਾਰਤ ਵਿਦਿਆਰਥੀ ਵਿੱਤੀ ਮਦਦ ਅਥਾਰਿਟੀ ਸਥਾਪਤ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਤਾਂ ਕਿ ਪ੍ਰਧਾਨ ਮੰਤਰੀ ਵਿੱਦਿਆ ਲਕਸ਼ਮੀ ਕਾਰਜਕ੍ਰਮ (ਪੀ ਐੱਮ ਵੀ ਐੱਲ ਕੇ) ਰਾਹੀਂ ਵਜ਼ੀਫ਼ੇ ਅਤੇ ਸਿੱਖਿਆ ਕਰਜ਼ੇ ਦੀਆਂ ਯੋਜਨਾਵਾਂ ਦੀ ਨਿਗਰਾਨੀ ਅਤੇ ਪ੍ਰਬੰਧਨ ਕੀਤਾ ਜਾ ਸਕੇ। ਇਸ ਤਹਿਤ ਯਕੀਨੀ ਬਣਾਇਆ ਜਾਣਾ ਹੈ ਕਿ ਫ਼ੰਡ ਦੀ ਕਮੀ ਕਰਕੇ ਕੋਈ ਵੀ ਵਿਦਿਆਰਥੀ ਉਚੇਰੀ ਸਿੱਖਿਆ ਤੋਂ ਵਾਂਝਾ ਨਾ ਰਹੇ। ਉਪਰੋਕਤ ਪੋਰਟਲ ਨੂੰ ਜਾਰੀ ਕਰਨਾ ਇਸ ਦਿਸ਼ਾ ਵੱਲ ਇਕ ਕਦਮ ਹੈ। ਵਿੱਦਿਆ ਲਕਸ਼ਮੀ ਪੋਰਟਲ ਆਪਣੀ ਕਿਸਮ ਦਾ ਪਹਿਲਾ ਪੋਰਟਲ ਹੈ, ਜੋ ਬੈਂਕਾਂ ਵਲੋਂ ਪ੍ਰਦਾਨ ਕੀਤੇ ਜਾਂਦੇ ਸਿੱਖਿਆ ਕਰਜ਼ੇ ਅਤੇ ਸਰਕਾਰੀ ਵਜ਼ੀਫ਼ਾ ਯੋਜਨਾਵਾਂ ਬਾਰੇ ਵਿਦਿਆਰਥੀਆਂ ਨੂੰ ਅਰਜ਼ੀਆਂ ਦੇਣ ਸੰਬੰਧੀ ਜਾਣਕਾਰੀ ਦੇਣ ਲਈ ਇਕਹਿਰੀ ਖਿੜਕੀ ਦੀ ਸਹੂਲਤ ਪ੍ਰਦਾਨ ਕਰਦਾ ਹੈ। ਇਸ ਪੋਰਟਲ ਦੀਆਂ ਹੇਠਾਂ ਦਿਤੇ ਅਨੁਸਾਰ ਵਿਸ਼ੇਸ਼ਤਾਵਾਂ ਹਨ :-

• ਬੈਂਕਾਂ ਦੀਆਂ ਸਿੱਖਿਆ ਕਰਜ਼ਾ ਯੋਜਨਾਵਾਂ ਬਾਰੇ ਜਾਣਕਾਰੀ • ਵਿਦਿਆਰਥੀਆਂ ਲਈ ਸਾਂਝਾ ਸਿੱਖਿਆ ਕਰਜ਼ਾ ਬਿਨੈ-ਪੱਤਰ • ਸਿੱਖਿਆ ਕਰਜ਼ੇ ਲਈ ਇਕ ਤੋਂ ਵੱਧ ਬੈਂਕਾਂ ਤਕ ਪਹੁੰਚ ਕਰਨ ਦੀ ਸਹੂਲਤ • ਬੈਂਕਾਂ ਨੂੰ ਵਿਦਿਆਰਥੀਆਂ ਦੀ ਸਿੱਖਿਆ ਕਰਜ਼ਾ ਅਰਜ਼ੀ ਨੂੰ ਡਾਊਨਲੋਡ ਕਰਨ ਦੀ ਸਹੂਲਤ • ਬੈਂਕਾਂ ਨੂੰ ਕਰਜ਼ੇ ਦੇਣ ਦੀ ਸਮਾਂ-ਸੀਮਾ ਬਾਰੇ ਦੱਸਣ ਦੀ ਸਹੂਲਤ • ਸਿੱਖਿਆ ਬਾਰੇ ਵਿਦਿਆਰਥੀਆਂ ਨੂੰ ਸ਼ਿਕਾਇਤ/ਸਵਾਲ ਈ-ਮੇਲ ਕਰਨ ਦੀ ਸਹੂਲਤ • ਬੈਂਕਾਂ ਲਈ ਕਰਜ਼ਾ • ਵਿਦਿਆਰਥੀਆਂ ਲਈ ਆਪਣੀ ਕਰਜ਼ੇ ਦੀ ਅਰਜ਼ੀ ਦੀ ਸਥਿਤੀ ਬਾਰੇ ਜਾਣਨ ਦੀ ਸਹੂਲਤ • ਜਾਣਕਾਰੀ ਅਤੇ ਅਰਜ਼ੀ ਲਈ ਰਾਸ਼ਟਰੀ ਵਜ਼ੀਫ਼ਾ ਪੋਰਟਲ ਨਾਲ ਜੋੜਨਾ • ਸਰਕਾਰੀ ਵਜ਼ੀਫ਼ੇ।

ਹੁਣ ਤਕ 13 ਬੈਂਕਾਂ ਨੇ 22 ਸਿੱਖਿਆ ਕਰਜ਼ਾ ਸਕੀਮਾਂ, ਵਿੱਦਿਆ ਲਕਸ਼ਮੀ ਪੋਰਟਲ 'ਤੇ ਪੰਜੀਕ੍ਰਿਤ ਕਰਵਾਈਆਂ ਹਨ ਅਤੇ ਪੰਜ ਬੈਂਕਾਂ ਭਾਰਤੀ ਸਟੇਟ ਬੈਂਕ, ਆਈ ਡੀ ਬੀ ਆਈ, ਬੈਂਕ ਆਫ਼ ਇੰਡੀਆ, ਕੇਨਰਾ ਬੈਂਕ ਅਤੇ ਯੂਨੀਅਨ ਬੈਂਕ ਆਫ਼ ਇੰਡੀਆ ਵਲੋਂ ਕਰਜ਼ਾ ਅਰਜ਼ੀ ਦੇ ਨਿਪਟਾਰੇ ਦੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਆਪਣੀ ਪ੍ਰਣਾਲੀ ਨੂੰ ਇਸ ਪੋਰਟਲ ਨਾਲ ਏਕੀਕ੍ਰਿਤ ਕੀਤਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਸਿੱਖਿਆ ਕਰਜ਼ਾ ਦੇਣ ਵਾਲੀਆਂ ਸਾਰੀਆਂ ਬੈਂਕਾਂ ਨੂੰ ਨਾਲ ਰਲਾਉਣਾ ਹੈ। ਆਸ ਕੀਤੀ ਜਾਂਦੀ ਹੈ ਕਿ ਦੇਸ਼ ਦੇ ਵਿਦਿਆਰਥੀਆਂ ਨੂੰ ਸਰਕਾਰ ਵਲੋਂ ਵੱਖ-ਵੱਖ ਬੈਂਕਾਂ ਦੀਆਂ ਸਿੱਖਿਆ ਕਰਜ਼ਾ ਯੋਜਨਾਵਾਂ ਨੂੰ ਇਕ ਖਿੜਕੀ 'ਤੇ ਲਿਆਉਣ ਦਾ ਲਾਭ ਪ੍ਰਾਪਤ ਹੋਵੇਗਾ।

## ਹੱਥ-ਖੱਡੀ ਉਤਪਾਦਾਂ ਦਾ ਈ-ਬਾਜ਼ਾਰੀਕਰਨ

ਭਾਰਤ ਸਰਕਾਰ ਵਲੋਂ ਹੱਥ-ਖੱਡੀ ਉਤਪਾਦਾਂ ਦੇ ਈ-ਬਾਜ਼ਾਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਇਕ ਨੀਤੀਗਤ ਢਾਂਚੇ ਦੀ ਸ਼ੁਰੂਆਤ ਕੀਤੀ ਗਈ ਹੈ ਤਾਂ ਕਿ ਹੱਥ-ਖੱਡੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨੌਜਵਾਨ ਗਾਹਕਾਂ ਤਕ ਪਹੁੰਚ ਕੀਤੀ ਜਾ ਸਕੇ। ਇਸ ਨੀਤੀ ਢਾਂਚੇ ਤਹਿਤ, ਡਿਪਟੀ ਕਮਿਸ਼ਨਰ (ਹੱਥ-ਖੱਡੀ) ਦਾ ਦਫ਼ਤਰ, ਹੱਥ-ਖੱਡੀ ਉਤਪਾਦਾਂ ਦੇ ਈ-ਬਾਜ਼ਾਰੀਕਰਨ ਨੂੰ ਉਤਸ਼ਾਹਿਤ ਕਰਨ ਲਈ ਮਾਨਤਾ ਪ੍ਰਾਪਤ ਈ-ਕਾਮਰਸ ਇਕਾਈਆਂ ਨਾਲ ਸਾਂਝ-ਭਿਆਲੀ ਸਥਾਪਤ ਕਰੇਗਾ ਜੋ ਪਾਰਦਰਸ਼ੀ, ਮੁਕਾਬਲੇਬਾਜ਼ੀ ਅਤੇ ਪ੍ਰਭਾਵੀ ਤਰੀਕੇ ਵਾਲੀ ਹੋਵੇਗੀ। ਹੱਥ-ਖੱਡੀ ਉਤਪਾਦਾਂ ਦੇ ਆਨਲਾਈਨ ਬਾਜ਼ਾਰੀਕਰਨ ਲਈ ਇੱਛੁਕ ਕੋਈ ਵੀ ਈ-ਵਪਾਰ ਇਕਾਈ ਸਾਂਝ ਪਾਉਣ ਲਈ ਡਿਪਟੀ ਕਮਿਸ਼ਨਰ (ਹੱਥ-ਖੱਡੀ) ਦੇ ਦਫ਼ਤਰ ਵਿਚ ਅਰਜ਼ੀ ਦੇ ਸਕਦੀ ਹੈ। ਬੇਨਤੀ ਕਰਤਾ ਦੇ ਰਿਕਾਰਡ ਅਤੇ ਲੈਣ-ਦੇਣ ਬਾਰੇ ਪੂਰੀ ਤਸੱਲੀ ਕਰਨ ਮਗਰੋਂ ਬਾਕਾਇਦਾ ਨਿਯੁਕਤ ਕਮੇਟੀ ਆਪਣੀਆਂ ਸਿਫ਼ਾਰਸ਼ਾਂ ਦੇਵੇਗੀ, ਜਿਸ ਤਹਿਤ ਹੱਥ-ਖੱਡੀ ਕੱਪੜਾ ਉਤਪਾਦਨ ਕਰਨ ਵਾਲੇ ਪ੍ਰਸਤਾਵਿਤ ਖੇਤਰਾਂ ਨੂੰ ਈ-ਬਾਜ਼ਾਰੀਕਰਨ ਅਤੇ ਪ੍ਰਸਤਾਵਿਤ ਜਾਰੀ ਕਰਨ ਦੀ ਯੋਜਨਾ ਬਾਰੇ ਧਿਆਨ ਰੱਖਿਆ ਜਾਵੇਗਾ। ਅਰਜ਼ੀਆਂ 'ਤੇ ਕਾਰਵਾਈ ਤਿੰਨ ਹਫ਼ਤਿਆਂ ਵਿਚ ਪੂਰੀ ਕੀਤੀ ਜਾਵੇਗੀ। ਇਕ ਵਾਰੀ ਪ੍ਰਵਾਨਗੀ ਮਿਲਣ 'ਤੇ ਈ-ਵਪਾਰ ਇਕਾਈ ਨੂੰ ਆਪਣੇ ਹੋਮਪੇਜ਼ 'ਤੇ ਹੱਥ-ਖੱਡੀ ਉਤਪਾਦਾਂ ਨੂੰ ਪੇਸ਼ ਕਰਨ ਲਈ ਪਹਿਲ ਹੋਵੇਗੀ, ਜਿਸ ਨਾਲ ਪ੍ਰਮਾਣਿਤ/ਬ੍ਰਾਂਡਡ ਹੱਥ-ਖੱਡੀ ਉਤਪਾਦਾਂ ਦਾ ਇਕ ਵਿਸ਼ੇਸ਼ ਖੰਡ ਤਿਆਰ ਹੋ ਜਾਵੇਗਾ, ਜਿਨ੍ਹਾਂ 'ਤੇ 'ਇੰਡੀਆ ਹੈਂਡਲੂਮ' ਜਾਂ ਹੈਂਡਲੂਮ ਦਾ ਮਾਰਕਾ ਲੱਗਾ ਹੋਵੇਗਾ। ਡਿਪਟੀ ਕਮਿਸ਼ਨਰ (ਹੈਂਡਲੂਮ) ਦਾ ਦਫ਼ਤਰ ਹੇਠ ਲਿਖੇ ਸਥਾਨਾਂ ਰਾਹੀਂ ਹੱਥ-ਖੱਡੀ ਉਤਪਾਦਾਂ ਦੇ ਬਾਜ਼ਾਰੀਕਰਨ ਨੂੰ ਉਤਸ਼ਾਹਿਤ ਕਰੇਗਾ :

• ਪ੍ਰਵਾਨਤ ਈ-ਕਾਮਰਸ ਇਕਾਈਆਂ ਦੇ ਨਾਮ ਅਤੇ ਦੂਜੇ ਵੇਰਵੇ ਡਿਪਟੀ ਕਮਿਸ਼ਨਰ (ਹੱਥ-ਖੱਡੀ) ਦੀ ਵੈੱਬਸਾਈਟ 'ਤੇ ਪਾਏ ਜਾਣਗੇ ਅਤੇ ਬੁਣਕਰ ਸੇਵਾ ਕੇਂਦਰਾਂ ਅਤੇ ਰਾਜ ਸਰਕਾਰਾਂ ਰਾਹੀਂ ਵੀ ਇਨ੍ਹਾਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ। • ਬੁਣਕਰ ਸੇਵਾ ਕੇਂਦਰਾਂ ਅਤੇ ਪ੍ਰਮੁੱਖ ਹੱਥ-ਖੱਡੀ ਸਮੂਹਾਂ ਰਾਹੀਂ, ਹੱਥ-ਖੱਡੀ ਬੁਣਕਰਾਂ/ਉਤਪਾਦਕਾਂ ਰਾਹੀਂ ਈ-ਕਾਮਰਸ ਸਹੂਲਤਾਂ ਦੇ ਪ੍ਰਚਾਰ ਲਈ ਲੋੜ ਆਧਾਰਤ ਜਾਗਰੂਕਤਾ ਪੈਦਾ ਕਰਨ ਵਾਲੀਆਂ ਸਰਗਰਮੀਆਂ ਚਲਾਈਆਂ ਜਾਣਗੀਆਂ। • ਪ੍ਰਮੁੱਖ ਹੱਥ-ਖੱਡੀ ਉਤਪਾਦਾਂ ਬਾਰੇ ਸੰਖੇਪ ਜਾਣਕਾਰੀ ਡਿਪਟੀ ਕਮਿਸ਼ਨਰ (ਹੈਂਡਲੂਮ) ਦੀ ਵੈੱਬਸਾਈਟ 'ਤੇ ਪਾਈ ਜਾਵੇਗੀ, ਜਿਸ ਦਾ ਸੰਦਰਭ ਗਾਹਕਾਂ ਨੂੰ ਜਾਣਕਾਰੀ ਦੇਣ ਲਈ ਈ-ਕਾਮਰਸ ਇਕਾਈਆਂ ਵਲੋਂ ਆਪਣੇ ਕਿਤਾਬਚਿਆਂ ਵਿਚ ਦਿਤਾ ਜਾ ਸਕੇਗਾ। • ਦਫ਼ਤਰੀ ਥਾਂ ਦੀ ਉਪਲਬਧਤਾ ਹੋਣ 'ਤੇ ਪ੍ਰਵਾਨਤ ਈ-ਕਾਮਰਸ ਇਕਾਈਆਂ ਨੂੰ ਬੁਣਕਰ ਸੇਵਾ ਕੇਂਦਰਾਂ, ਆਮ ਸੇਵਾ ਕੇਂਦਰਾਂ ਅਤੇ ਹੱਥ-ਖੱਡੀ ਸਮੂਹਾਂ ਵਿਖੇ ਸੂਚਨਾ ਤਕਨੀਕ ਬੁਨਿਆਦੀ ਢਾਂਚਾ ਮੁਹੱਈਆ ਕਰਵਾਇਆ ਜਾਵੇਗਾ, ਜੋ ਬੁਣਕਰਾਂ ਅਤੇ ਬੁਣਕਰ ਉੱਦਮੀਆਂ ਵਲੋਂ ਈ-ਕਾਮਰਸ ਸਹੂਲਤਾਂ ਦਾ ਲਾਭ ਲੈਣ 'ਚ ਮਦਦ ਕਰਨਗੇ।

ਪ੍ਰਵਾਨਤ ਈ-ਕਾਮਰਸ ਇਕਾਈਆਂ ਦੀ ਕਾਰਗੁਜ਼ਾਰੀ ਦੀ ਲਗਾਤਾਰ ਨਿਗਰਾਨੀ ਕੀਤੀ ਜਾਵੇਗੀ, ਉਨ੍ਹਾਂ ਦੀ ਮਨਜ਼ੂਰੀ ਨੂੰ ਕਾਰਗੁਜ਼ਾਰੀ ਵੇਖਣ ਤੋਂ ਬਾਅਦ ਹੀ ਅੱਗੇ ਵਧਾਇਆ ਜਾਵੇਗਾ। ਜ਼ਮੀਨੀ ਲੋੜਾਂ ਅਤੇ ਹਾਸਲ ਤਜ਼ਰਬੇ ਦੇ ਆਧਾਰ 'ਤੇ ਨੀਤੀਗਤ ਢਾਂਚੇ ਦੀ ਸਮੇਂ-ਸਮੇਂ ਸਮੀਖਿਆ ਕੀਤੀ ਜਾਵੇਗੀ ਤਾਂ ਕਿ ਹੱਥ-ਖੱਡੀ ਉਤਪਾਦਾਂ ਦੇ ਮੁੱਖ ਉਤਪਾਦਕਾਂ ਅਤੇ ਖਪਤਕਾਰਾਂ ਦੇ ਹਿਤਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ। ਇਸ ਨੀਤੀ ਵਲੋਂ ਹੱਥ-ਖੱਡੀ ਖੇਤਰ ਨੂੰ ਹੁਲਾਰਾ ਦੇਣ ਦੀ ਆਸ ਕੀਤੀ ਜਾਂਦੀ ਹੈ, ਜੋ ਸਰਕਾਰ ਦੀਆਂ ਭਾਰਤ ਦੇ ਹੱਥ-ਖੱਡੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਪਹਿਲਕਦਮੀਆਂ ਵਿਚ ਸਹਾਈ ਹੋਵੇਗੀ, ਜਿਵੇਂ ਕਿ ਰਾਸ਼ਟਰੀ ਹੱਥ-ਖੱਡੀ ਦਿਵਸ ਮਨਾਉਣਾ ਅਤੇ 'ਇੰਡੀਆ ਹੈਂਡਲੂਮ' ਮਾਰਕਾ ਜਾਰੀ ਕਰਨਾ।

# ਮਹਾਤਮਾ ਗਾਂਧੀ ਦਾ ਸਾਰਾ ਕੰਮ ਇਲੈਕਟ੍ਰਾਨਿਕ ਰੂਪ ਵਿਚ ਉਪਲਬਧ

ਮਹਾਤਮਾ ਗਾਂਧੀ ਦਾ ਰਚਨਾ ਸੰਸਾਰ (ਸੀ ਡਬਲਯੂ ਐੱਮ ਜੀ), ਜੋ 100 ਕਿਤਾਬਾਂ ਦਾ ਸਮੂਹ ਹੈ ਅਤੇ ਜਿਸ ਦੇ 55000 ਤੋਂ ਵੱਧ ਪੰਨੇ ਹਨ, ਹੁਣ ਦੁਨੀਆਂ ਭਰ ਦੇ ਲੋਕਾਂ ਦੀ ਸਹਿਜ ਪਹੁੰਚ ਲਈ ਇਲੈਕਟ੍ਰਾਨਿਕ ਰੂਪ ਵਿਚ ਉਪਲਬਧ ਹੈ। ਇਸ ਈ-ਰੂਪ (ਈ-ਸੀ ਡਬਲਯੂ ਐੱਮ ਜੀ) ਨੂੰ ਕੇਂਦਰੀ ਸੂਚਨਾ ਤੇ ਪ੍ਰਸਾਰਣ, ਵਿੱਤ ਅਤੇ ਕਾਰਪੋਰੇਟ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਅਰੁਣ ਜੇਟਲੀ ਵਲੋਂ 8 ਸਤੰਬਰ, 2015 ਨੂੰ ਕਰਨਲ ਰਾਜਯਾਵਰਧਨ ਰਾਠੌੜ (ਸੇਵਾ-ਮੁਕਤ), ਕੇਂਦਰੀ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਦੀ ਹਾਜ਼ਰੀ ਵਿਚ ਗਾਂਧੀ ਪੀਸ ਫਾਊਂਡੇਸ਼ਨ, ਨਵੀਂ ਦਿੱਲੀ ਵਿਖੇ ਜਾਰੀ ਕੀਤਾ ਗਿਆ।

ਮੰਤਰੀ ਵਲੋਂ ਇਸ ਈ-ਰੂਪ ਦਾ ਲਿੰਕ ਗਾਂਧੀ ਹੈਰੀਟੇਜ ਪੋਰਟਲ 'ਤੇ ਸ਼ੁਰੂ ਕੀਤਾ ਗਿਆ, ਜਿਸ ਨੂੰ ਸਾਬਰਮਤੀ ਆਸ਼ਰਮ ਸੰਭਾਲ ਅਤੇ ਟਰੱਸਟ ਵਲੋਂ ਸੱਭਿਆਚਾਰ ਮੰਤਰਾਲਾ, ਭਾਰਤ ਸਰਕਾਰ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

ਇਸ ਮੌਕੇ ਬੋਲਦਿਆਂ ਸ਼੍ਰੀ ਜੇਟਲੀ ਨੇ ਆਖਿਆ ਕਿ ਮਹਾਤਮਾ ਗਾਂਧੀ ਦੇ ਰਚਨਾ-ਸੰਸਾਰ ਦਾ ਡਿਜ਼ੀਟਲ ਰੂਪ ਵੱਡਮੁੱਲੀ ਰਾਸ਼ਟਰੀ ਵਿਰਾਸਤ ਨੂੰ ਸੰਭਾਲਣ ਅਤੇ ਇਸ ਨੂੰ ਮਨੁੱਖਤਾ ਦੇ ਭਲੇ ਲਈ ਫੈਲਾਉਣ ਵਿਚ ਸਹਾਈ ਹੋਵੇਗਾ। ਈ-ਸੀ ਡਬਲਯੂ ਐੱਮ ਜੀ ਪ੍ਰਾਜੈਕਟ ਦੇ ਮੁੱਢਲੇ ਮੁੱਲਾਂ 'ਤੇ ਜ਼ੋਰ ਦਿੰਦਿਆਂ ਸ਼੍ਰੀ ਜੇਟਲੀ ਨੇ ਕਿਹਾ ਕਿ ਇਸ ਪ੍ਰਾਜੈਕਟ ਵਿਚ ਉਨ੍ਹਾਂ ਸੰਸਥਾਨਾਂ ਦੀ ਭਾਈਵਾਲੀ ਹੈ, ਜਿਨ੍ਹਾਂ ਨੂੰ ਗਾਂਧੀ ਜੀ ਵਲੋਂ ਸਥਾਪਤ ਕੀਤਾ ਗਿਆ ਅਤੇ ਪਾਲਣ-ਪੋਸ਼ਣ ਕੀਤਾ ਗਿਆ। ਸ਼੍ਰੀ ਜੇਟਲੀ ਨੇ ਇਹ ਵੀ ਐਲਾਨ ਕੀਤਾ ਕਿ ਇਸ ਯਾਦਗਾਰੀ ਕੰਮ ਦਾ ਹਿੰਦੀ ਸਰੂਪ, ਸੰਪੂਰਨਾ ਗਾਂਧੀ ਵੰਗਮਾਯਾ ਦੀ ਤਰਜ਼ 'ਤੇ, ਜਲਦੀ ਹੀ ਡਿਜ਼ੀਟਲ ਕਰ ਦਿਤਾ ਜਾਵੇਗਾ।

ਸਤੰਬਰ 2011 ਨੂੰ ਪ੍ਰਕਾਸ਼ਨ ਵਿਭਾਗ ਨੇ ਗੁਜਰਾਤ ਵਿਦਿਆਪੀਠ, ਅਹਿਮਦਾਬਾਦ ਨਾਲ ਸੀ ਡਬਲਯੂ ਐੱਮ ਜੀ ਦਾ ਇਲੈਕਟ੍ਰਾਨਿਕ ਰੂਪ ਵਿਕਸਤ ਕਰਨ ਲਈ ਆਪਸੀ ਸਮਝੌਤੇ 'ਤੇ ਦਸਤਖ਼ਤ ਕੀਤੇ। ਪ੍ਰਸਿੱਧ ਗਾਂਧੀਵਾਦੀ ਮਾਹਿਰਾਂ - ਪ੍ਰੋ. ਸੁਦਰਸ਼ਨ ਅਇੰਗਰ, ਸਾਬਕਾ ਉੱਪ-ਕੁਲਪਤੀ ਗੁਜਰਾਤ ਵਿਦਿਆਪੀਠ, ਮਸ਼ਹੂਰ ਗਾਂਧੀਵਾਦੀ ਵਿਦਵਾਨ ਤੇ ਖੋਜੀ ਸ਼੍ਰੀਮਤੀ ਦੀਨਾਬੇਨ ਪਟੇਲ ਅਤੇ ਸ਼੍ਰੀ ਤ੍ਰਿਦੀਪ ਸੁਹਰੁਦ, ਨਿਰਦੇਸ਼ਕ, ਸਾਬਰਮਤੀ ਆਸ਼ਰਮ ਸੰਭਾਲ ਅਤੇ ਯਾਦ ਟਰੱਸਟ 'ਤੇ ਆਧਾਰਤ ਇਕ ਸਮਿਤੀ ਦਾ ਗਠਨ ਕੀਤਾ ਗਿਆ - ਜਿਸ ਵਲੋਂ ਇਸ ਬੇਮਿਸਾਲ ਕੰਮ ਦੀ ਨਿਗਰਾਨੀ ਕੀਤੀ ਗਈ ਅਤੇ ਹਰ ਪੱਖ ਤੋਂ ਇਸ ਦੀ ਭਰੋਸੇਯੋਗਤਾ ਨੂੰ ਯਕੀਨੀ ਬਣਾਇਆ ਗਿਆ।




*ਸ਼੍ਰੀ ਅਰੁਣ ਜੇਟਲੀ, ਮਾਣਯੋਗ ਕੇਂਦਰੀ ਮੰਤਰੀ, ਸੂਚਨਾ ਤੇ ਪ੍ਰਸਾਰਣ, ਵਿੱਤ ਅਤੇ ਕਾਰਪੋਰੇਟ ਮਾਮਲੇ, ਮਹਾਤਮਾ ਗਾਂਧੀ ਦੇ ਸਮੂਹ ਰਚਨਾ-ਸੰਸਾਰ ਦਾ ਈ-ਰੂਪ ਅਤੇ ਗਾਂਧੀ ਹੈਰੀਟੇਜ ਪੋਰਟਲ 'ਤੇ ਇਸ ਦਾ ਲਿੰਕ ਜਾਰੀ ਕਰਦੇ ਹੋਏ। ਨਾਲ ਖੜ੍ਹੇ ਹਨ ਕਰਨਲ (ਸੇਵਾ-ਮੁਕਤ) ਰਾਜਯਾਵਰਧਨ ਰਾਠੌੜ, ਕੇਂਦਰੀ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਅਤੇ ਨਾਮੀ ਗਾਂਧੀਵਾਦੀ ਵਿਦਵਾਨ ਸ਼੍ਰੀਮਤੀ ਦੀਨਾਬੇਨ ਪਟੇਲ।*

ਮਹਾਤਮਾ ਗਾਂਧੀ ਦਾ ਕੁੱਲ ਰਚਨਾ-ਸੰਸਾਰ, ਜਿਸ ਨੂੰ ਪ੍ਰਕਾਸ਼ਨ ਵਿਭਾਗ ਵਲੋਂ 1956–94 ਦੌਰਾਨ ਛਾਪਿਆ ਗਿਆ, ਗਾਂਧੀ ਜੀ ਦੇ ਸ਼ਬਦਾਂ ਦਾ ਇਕ ਯਾਦਗਾਰੀ ਦਸਤਾਵੇਜ਼ ਹੈ, ਜੋ ਉਨ੍ਹਾਂ ਵਲੋਂ ਦਿਨ ਪ੍ਰਤਿ ਦਿਨ, ਸਾਲ ਦਰ ਸਾਲ 1884 ਤੋਂ ਲੈ ਕੇ 30 ਜਨਵਰੀ, 1948 ਨੂੰ ਉਨ੍ਹਾਂ ਦੀ ਹੱਤਿਆ ਵਾਲੇ ਦਿਨ ਤਕ ਬੋਲੇ ਜਾਂ ਲਿਖੇ ਗਏ। ਇਸ ਲੜੀ ਵਿਚ ਮਹਾਤਮਾ ਗਾਂਧੀ ਦੀਆਂ ਲਿਖਤਾਂ ਜੋ ਸਾਰੀ ਦੁਨੀਆਂ ਵਿਚ ਖਿੱਲਰੀਆਂ ਪਈਆਂ ਸਨ, ਨੂੰ ਇਕੱਤਰ ਕਰਕੇ ਸਖ਼ਤ ਅਕਾਦਮਿਕ ਅਨੁਸ਼ਾਸਨ ਹੇਠ ਉਸਾਰਿਆ ਗਿਆ ਹੈ।

❑❑


YOJANA (Punjabi) October - 2015 (Total Pages 72+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Gagandeep Kaur Devgan.

# ਯੋਜਨਾ

ਸਾਲ 31 • ਅੰਕ 3 • ਅਕਤੂਬਰ 2015 • ਕੁੱਲ ਪੰਨੇ 76



ਮੁੱਖ ਸੰਪਾਦਕ

**ਦੀਪਿਕਾ ਕੱਛਲ**

ਸੰਪਾਦਕ

**ਗਗਨਦੀਪ ਕੌਰ ਦੇਵਗਨ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਨਾ**

ਬਿਜ਼ਨਿਸ ਮੈਨੇਜਰ

**ਸੂਰੀਆਕਾਂਤ ਸ਼ਰਮਾ**

ਫ਼ੋਨ: 011-24367260 ਫੈਕਸ : 011-24365609
(ਸਰਕੂਲੇਸ਼ਨ ਤੇ ਵਿਗਿਆਪਨ)

**ਜਰਨਲ ਯੂਨਿਟ**

ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਨ ਮੰਤਰਾਲਾ,
ਕਮਰਾ ਨੰ. 48-53, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


| | | |
|---|---|---|
| • ਸੰਪਾਦਕੀ | | 4 |
| • ਭਾਰਤ 'ਚ ਹੁਨਰ ਵਿਕਾਸ ਦ੍ਰਿਸ਼ ਦੀ ਮੁੜ ਵਿਆਖਿਆ | - ਦੀਲੀਪ ਚਿਨੋਏ | 5 |
| • ਨੌਕਰੀਆਂ, ਰੁਜ਼ਗਾਰ, ਤਕਨਾਲੋਜੀ ਅਤੇ ਹੁਨਰ | - ਅਰੁਨ ਮੈਰਾ ਤੇ ਮਦਨ ਪਡਕੀ | 7 |
| • ਸਮੁੱਚੇ ਵਿਕਾਸ ਲਈ ਮੁਹਾਰਤਾਂ : ਨਵੀਨਤਾ ਅਤੇ ਮਿਸ਼ਰਤ ਸਿਖਲਾਈ ਦਾ ਅਗਲਾ ਦਹਾਕਾ | - ਪੂਜਾ ਗਿਆਨਚੰਦਾਨੀ | 12 |
| • ਮਿਸ਼ਰਤ ਗਿਆਨ ਪ੍ਰਣਾਲੀ ਰਾਹੀਂ ਭਾਰਤ ਨੂੰ ਹੁਨਰਮੰਦ ਬਣਾਉਣਾ | - ਐੱਮ ਸਾਇਰਾਮ, ਸ਼ਰਾਨਿਆ ਰਮੇਸ਼ | 15 |
| • ਹੁਨਰ ਦਾ ਵਿਕਾਸ ਤੇ ਕਿੱਤਾਮੁਖੀ ਪੜ੍ਹਾਈ | - ਸਵਾਤੀ ਮਜ਼ੂਮਦਾਰ | 17 |
| • ਮੁਹਾਰਤ ਵਿਕਾਸ ਭਾਰਤ ਦੀ ਤਰੱਕੀ ਲਈ ਮਹੱਤਵਪੂਰਨ | - ਐੱਸ ਐੱਸ ਮੰਥਾ | 19 |
| • ਹੁਨਰ ਵਿਕਾਸ : ਸਰੋਤਾਂ ਤੇ ਸਮਰੱਥਾਵਾਂ ਦਾ ਪੁੰਜੀਕਰਨ | - ਮਨੋਜ ਜੋਸ਼ੀ | 22 |
| • ਹੁਨਰ ਦੁਆਰਾ ਮਨੁੱਖੀ ਪੂੰਜੀ ਦਾ ਨਿਰਮਾਣ | - ਸਚਿਨ ਅਧਿਕਾਰੀ | 26 |
| • ਪਛੜਿਆਂ ਦੀ ਰੁਜ਼ਗਾਰ ਯੋਗਤਾ ਵਧਾਉਣ ਲਈ ਹੁਨਰ ਦਾ ਵਿਕਾਸ | - ਸੁਨੀਤਾ ਸਾਂਘੀ | 29 |
| • ਭਾਰਤ 'ਚ ਕਬਾਇਲੀ ਨੌਜਵਾਨਾਂ ਦਾ ਹੁਨਰ ਵਿਕਾਸ ਅੱਜ ਦੇ ਹਾਲਾਤ ਅਤੇ ਭਵਿੱਖੀ ਜੁਗਤਾਂ | - ਰਜਿੰਦਰ ਸਿੰਘ ਗੌਤਮ, ਨਵੀਨ ਟੀ ਤੇ ਸ਼ਸ਼ਾਂਕ ਸਿੰਘ | 38 |
| • ਸ਼ਿਲਪਕਲਾ ਅਤੇ ਸਿੱਖਿਆ | - | 41 |
| • ਔਰਤਾਂ ਦੇ ਹੁਨਰ ਵਿਕਾਸ : ਯੋਗ ਤੱਤਾਂ ਦੀ ਪਛਾਣ | - ਦੇਵ ਨਾਥਨ | 44 |
| • ਵਿਰਾਸਤ ਨੂੰ ਸੰਭਾਲਣਾ : ਹੱਥ-ਖੱਡੀ ਨੂੰ ਸੁਰੱਖਿਅਤ ਤੇ ਉਤਸ਼ਾਹਿਤ ਕਰਨਾ | - ਮੋਨਿਕਾ ਐੱਸ ਗਰਗ | 46 |
| • ਉੱਚ-ਸਿੱਖਿਆ ਦੀ ਗੁਣਵੱਤਾ ਵਧਾਉਣ ਦੀ ਲੋੜ | - ਮੁਹਿੰਦਰ ਸਿੰਘ ਬਾਜਵਾ | 52 |
| • ਭਾਰਤ ਵਿਚ ਵਿਕਾਸ ਪ੍ਰਸ਼ਾਸਨ | - ਨਿਰਮਲ ਸਿੰਘ ਬਰਾੜ | 54 |
| • ਮਿਜ਼ਾਈਲ ਮੈਨ : ਰਾਸ਼ਟਪਤੀ ਏ.ਪੀ.ਜੇ. ਅਬਦੁਲਕਲਾਮ | - ਕੁਲਦੀਪ ਸਿੰਘ ਧੀਰ | 59 |
| • ਚਨਾਬ : ਅਮਨ ਤੇ ਮੁਹੱਬਤ ਦਾ ਵਗਦਾ ਦਰਿਆ | - ਕੀਰਤ ਸਿੰਘ ਇਨਕਲਾਬੀ | 61 |
| • ... ਤੇ ਫ਼ਾਂਸੀ 'ਤੇ ਝੂਲ ਗਏ ਨਾਮਧਾਰੀ | - ਸੁਰਿੰਦਰ ਕੋਛੜ | 63 |
| • ਰੁੱਖਾਂ ਤੇ ਮਨੁੱਖਾਂ ਦਾ ਆਦਿ-ਜੁਗਾਦਿ ਰਿਸ਼ਤਾ | - ਰਣਜੀਤ ਸਿੰਘ | 65 |
| • ਪੇਂਡੂ ਵਿਕਾਸ ਤੇ ਹਰਿਆਣਾ | - ਮਨਧੀਰ ਸਿੰਘ ਦਿਓਲ | 67 |
| • ਡੇਂਗੂ ਬੁਖ਼ਾਰ ਕੋਈ ਨਵੀਂ ਬੀਮਾਰੀ ਨਹੀਂ | - ਮਨਜੀਤ ਸਿੰਘ ਬੱਲ | 69 |
| • ਖਾਦਾਂ ਦੀ ਸੰਤੁਲਿਤ ਵਰਤੋਂ ਲਈ ਮਿੱਟੀ ਪਰਖ ਜ਼ਰੂਰੀ | - ਸਤਵਿੰਦਰ ਕੌਰ | 71 |
| • ਕੀ ਤੁਸੀਂ ਜਾਣਦੇ ਹੋ? | - | 73 |



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ - 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ - 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ - 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ - 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ - 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ - 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ - 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 - ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਣ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸੰਪਾਦਕੀ

## ਹੁਨਰਮੰਦ ਭਾਰਤ, ਸਫ਼ਲ ਭਾਰਤ

ਸਫ਼ਲਤਾ ਜਾਦੂ ਨਾਲ ਨਹੀਂ ਮਿਲਦੀ। ਇਸ ਦੀ ਪ੍ਰਾਪਤੀ ਲਈ ਹੁਨਰ ਜ਼ਰੂਰੀ ਹੈ। ਇਹ ਅਟੱਲ ਸੱਚਾਈ ਨੌਜਵਾਨ ਪੀੜ੍ਹੀ 'ਤੇ ਵੀ ਬਰਾਬਰ ਲਾਗੂ ਹੁੰਦੀ ਹੈ। ਨੌਜਵਾਨ ਸ਼ਕਤੀ ਕਿਸੇ ਵੀ ਦੇਸ਼ ਦੀ ਸਮਾਜਿਕ ਅਤੇ ਆਰਥਿਕ ਤਰੱਕੀ ਦੀ ਤਾਕਤ ਸਾਬਤ ਹੋ ਸਕਦੀ ਹੈ ਬਸ਼ਰਤੇ ਇਸ ਨੂੰ ਸਹੀ ਪਾਸੇ ਲਾਇਆ ਜਾਵੇ। ਹੁਨਰ ਦਾ ਵਿਕਾਸ ਅਤੇ ਰੁਜ਼ਗਾਰ ਇਸ ਸ਼ਕਤੀ ਨੂੰ ਸੰਚਾਲਿਤ ਕਰਨ ਦੇ ਸਭ ਤੋਂ ਬਿਹਤਰ ਤਰੀਕੇ ਹਨ।

ਦੁਨੀਆਂ ਵਿਚ ਨੌਜਵਾਨਾਂ ਦੀ ਸਭ ਤੋਂ ਵੱਡੀ ਗਿਣਤੀ ਹੋਣ ਦੇ ਬਾਵਜੂਦ ਭਾਰਤ ਦੇ ਉੱਦਮੀ, ਹੁਨਰਮੰਦ ਮਨੁੱਖੀ ਸ਼ਕਤੀ ਦੀ ਵੱਡੀ ਘਾਟ ਨਾਲ ਜੂਝਦੇ ਆ ਰਹੇ ਹਨ। ਇਸ ਦਾ ਕਾਰਨ ਹੈ : ਵਿਸ਼ੇਸ਼ ਨੌਕਰੀਆਂ ਲਈ ਲੋੜੀਂਦੀ ਮੁਹਾਰਤ ਦੀ ਕਮੀ। ਲੇਬਰ ਬਿਊਰੋ ਦੀ 2014 ਦੀ ਰਿਪੋਰਟ ਅਨੁਸਾਰ ਭਾਰਤ ਦੀ ਰਸਮੀ ਤੌਰ ਤੇ ਹੁਨਰਮੰਦ ਕਿਰਤ-ਸ਼ਕਤੀ ਦਾ ਮੌਜੂਦਾ ਆਕਾਰ ਸਿਰਫ਼ 2 ਪ੍ਰਤਿਸ਼ਤ ਹੈ। ਇਸ ਤੋਂ ਇਲਾਵਾ, ਰਵਾਇਤੀ ਤੌਰ ਤੇ ਸਿੱਖਿਅਤ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਵੀ ਚੁਨੌਤੀ ਮੂੰਹ ਅੱਡੀ ਖੜ੍ਹੀ ਹੈ। ਭਾਰਤੀ ਸਿੱਖਿਆ ਪ੍ਰਣਾਲੀ ਜ਼ਹੀਨ ਦਿਮਾਗ ਪੈਦਾ ਕਰ ਰਹੀ ਹੈ ਪਰ ਵਿਸ਼ੇਸ਼ ਨੌਕਰੀਆਂ ਵਾਸਤੇ ਲੋੜੀਂਦੇ ਹੁਨਰ ਪੱਖੋਂ ਫਾਡੀ ਹੈ। ਕਾਲਜਾਂ ਅਤੇ ਵਿਸ਼ਵਵਿਦਿਆਲਿਆਂ ਵਿਚੋਂ ਬਾਹਰ ਆਉਣ ਵਾਲੀ ਪ੍ਰਤਿਭਾ ਅਤੇ ਰੁਜ਼ਗਾਰ ਯੋਗ ਹੁਨਰ ਦੀਆਂ ਸੰਭਾਵਨਾਵਾਂ ਅਤੇ ਮਿਆਰ ਦੇ ਮਾਮਲੇ ਵਿਚ ਇਨ੍ਹਾਂ ਦੀ ਉਪਯੋਗਿਤਾ ਵਿਚਾਲੇ ਬਹੁਤ ਵੱਡਾ ਪਾੜਾ ਹੈ। ਅੰਗਰੇਜ਼ੀ ਬੋਲਣ ਵਾਲੀ ਇਸ ਪੀੜ੍ਹੀ ਵਿਚ ਰਾਸ਼ਟਰ ਦੀਆਂ ਹੁਨਰ ਦੀਆਂ ਲੋੜਾਂ ਪੂਰੀਆਂ ਕਰਨ ਦੀ ਹੀ ਨਹੀਂ ਸਗੋਂ ਵਿਸ਼ਵ ਦੀਆਂ ਲੋੜਾਂ ਪੂਰੀਆਂ ਕਰਨ ਦੀ ਵੀ ਪੂਰੀ ਕਾਬਲੀਅਤ ਹੈ। ਲੋੜ ਸਿਰਫ਼ ਉਚਿਤ ਅਤੇ ਢੁੱਕਵੇਂ ਹੁਨਰ ਦੇ ਵਿਕਾਸ ਅਤੇ ਸਿਖਲਾਈ ਦੀ ਹੈ, ਜੋ ਇਸ ਸ਼ਕਤੀ ਨੂੰ ਤਕਨੀਕੀ ਤੌਰ ਤੇ ਹੁਨਰਮੰਦ ਮਨੁੱਖੀ ਸ਼ਕਤੀ ਦੇ ਸਭ ਤੋਂ ਵੱਡੇ ਭੰਡਾਰ ਵਿਚ ਬਦਲ ਦੇਵੇਗੀ।

ਸਰਕਾਰ ਵਲੋਂ ਅਰੰਭ ਕੀਤੇ ਗਏ ਹੁਨਰਮੰਦ ਭਾਰਤ ਦਾ ਨਿਸ਼ਾਨਾ, ਇਸ ਸ਼ਕਤੀ ਨੂੰ ਰੁਜ਼ਗਾਰ ਯੋਗ ਹੁਨਰ ਨਾਲ ਭਰਪੂਰ ਕਰਕੇ, ਨੌਕਰੀ ਲਈ ਤਿਆਰ ਹੁਨਰਮੰਦ ਕਿਰਤ-ਸ਼ਕਤੀ ਦੇ ਨਿਰਮਾਣ ਰਾਹੀਂ ਇਸ ਸਮੱਸਿਆ ਦਾ ਹੱਲ ਪ੍ਰਦਾਨ ਕਰਨ ਦਾ ਹੈ। ਇਸ ਮਿਸ਼ਨ ਦਾ ਟੀਚਾ 2022 ਤਕ 40 ਕਰੋੜ ਲੋਕਾਂ ਨੂੰ ਹੁਨਰਮੰਦ ਕਰਕੇ, ਸਾਰੇ ਹੁਨਰਾਂ ਵਿਚ ਸਿਖਲਾਈ ਨਾਲ ਉਨ੍ਹਾਂ ਦੀ ਰੁਜ਼ਗਾਰ ਯੋਗਤਾ ਵਧਾਉਣਾ ਹੈ। ਸਮੁੱਚਿਤ ਵਿਕਾਸ ਲਈ ਸਾਰੇ ਪੱਧਰਾਂ 'ਤੇ ਹੁਨਰਮੰਦ ਮਨੁੱਖੀ ਸਰੋਤ ਹੋਣੇ ਜ਼ਰੂਰੀ ਹਨ। ਹੁਨਰ ਦੇ ਵਿਕਾਸ ਨੂੰ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਇਕੋ ਸਮੇਂ ਇਸ ਹੁਨਰ ਸਿਖਲਾਈ ਨੂੰ ਸਿੱਖਿਆ ਅਤੇ ਰੁਜ਼ਗਾਰ ਨਾਲ ਜੋੜਨ ਦੀ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਬਣਾਉਣਾ ਪਵੇਗਾ। ਸਰਕਾਰੀ ਏਜੰਸੀਆਂ ਅਤੇ ਪ੍ਰਣਾਲੀਆਂ ਇਕੱਲੀਆਂ ਇਸ ਕਾਰਜ ਨੂੰ ਨੇਪਰੇ ਨਹੀਂ ਚੜ੍ਹਾ ਸਕਦੀਆਂ। ਨਿੱਜੀ ਖੇਤਰ, ਗ਼ੈਰ-ਸਰਕਾਰੀ ਸੰਗਠਨਾਂ, ਸਿੱਖਿਆ ਸੰਸਥਾਵਾਂ ਜਿਨ੍ਹਾਂ ਨੂੰ ਹੁਨਰ ਸਿਖਲਾਈ ਦਾ ਤਜਰਬਾ ਹੋਵੇ, ਇਨ੍ਹਾਂ ਸਾਰਿਆਂ ਨੂੰ ਹੁਨਰਮੰਦੀ ਦੀ ਪ੍ਰਕਿਰਿਆ ਵਿਚ ਸ਼ਾਮਿਲ ਕਰਨ ਦੀ ਲੋੜ ਹੈ। ਸਾਰੇ ਵਰਗਾਂ ਨੂੰ ਬਰਾਬਰ ਦੀ ਅਹਿਮੀਅਤ ਦੇਣੀ ਬਣਦੀ ਹੈ। ਨੌਜਵਾਨਾਂ ਨੂੰ ਹੁਨਰਮੰਦ ਕਰਨ ਲਈ ਸਿੱਖਿਆ ਦਾ ਕਿੱਤਾ-ਮੁਖੀਕਰਨ ਅਤਿ ਮਹੱਤਵਪੂਰਨ ਹੈ। ਇਸੇ ਸਮੇਂ, ਸਮਾਜ ਦੇ ਦੂਜੇ ਵਰਗ, ਜਿਵੇਂ ਔਰਤਾਂ, ਨੁੱਕਰੇ ਲੱਗਿਆਂ, ਕਬਾਇਲੀਆਂ/ਜਨਜਾਤੀਆਂ ਆਦਿ ਲਈ ਉਨ੍ਹਾਂ ਦੀਆਂ ਵਿਭਿੰਨਤਾ ਵਾਲੀਆਂ ਅਤੇ ਵਿਸ਼ੇਸ਼ ਲੋੜਾਂ ਲਈ, ਬਣੇ-ਬਣਾਏ ਸਿਖਲਾਈ ਪ੍ਰੋਗਰਾਮਾਂ ਦੀ ਜ਼ਰੂਰਤ ਹੈ। ਭਾਵੇਂ ਕਿ ਹਾਸ਼ੀਏ 'ਤੇ ਰਹਿੰਦੇ ਜ਼ਿਆਦਾਤਰ ਵਰਗਾਂ ਨੂੰ ਅਨਪੜ੍ਹ ਹੋਣ ਕਾਰਨ, ਹੁਨਰ ਦੀ ਸਿਖਲਾਈ ਪ੍ਰਦਾਨ ਕਰਨਾ ਇਕ ਮਸਲਾ ਹੋ ਸਕਦਾ ਹੈ, ਸਾਨੂੰ ਔਰਤਾਂ ਨੂੰ ਹੁਨਰ ਦੀ ਸਿਖਲਾਈ ਦੇਣ ਸਮੇਂ ਪਰਿਵਾਰਕ ਮੁੱਦਿਆਂ ਤੇ ਸਮਾਜਿਕ ਰੁਕਾਵਟਾਂ ਨਾਲ ਸਿੱਝਣਾ ਵੀ ਹੋਵੇਗਾ। ਕਿਸੇ ਵੀ ਪ੍ਰੋਗਰਾਮ ਦੀ ਸਫ਼ਲਤਾ ਲਈ ਇਨ੍ਹਾਂ ਤੱਥਾਂ ਨੂੰ ਧਿਆਨ ਗੋਚਰੇ ਕਰਨਾ ਜ਼ਰੂਰੀ ਹੈ।

ਭਾਰਤ ਨੇ ਪਹਿਲਾਂ ਹੀ ਉੱਚ ਆਰਥਿਕ ਵਿਕਾਸ ਦੇ ਰਸਤੇ 'ਤੇ ਸਫ਼ਰ ਸ਼ੁਰੂ ਕਰ ਲਿਆ ਹੈ। ਇਸ ਸਫ਼ਰ ਨੂੰ ਅਗਲੇ ਗੀਅਰ ਵਿਚ ਪਾਉਣ ਲਈ ਸਾਨੂੰ ਹੁਨਰ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰਨਾ ਪਵੇਗਾ, ਜੋ ਵਿਸ਼ਵੀ ਆਰਥਿਕ ਵਾਤਾਵਰਨ ਲਈ ਬੇਹੱਦ ਜ਼ਰੂਰੀ ਹਨ। ਚੁਨੌਤੀ ਨਾ ਕੇਵਲ ਹੁਨਰ ਸਿਖਲਾਈ ਲਈ ਸਹੂਲਤਾਂ ਦਾ ਪਸਾਰ ਕਰਨ ਦੀ ਹੈ; ਸਗੋਂ ਹੁਨਰ ਦੀ ਗੁਣਵੱਤਾ ਵਧਾਉਣ ਦੀ ਵੀ ਹੈ ਤਾਂ ਕਿ ਅੰਤਰਰਾਸ਼ਟਰੀ ਮੁਕਾਬਲੇਬਾਜ਼ੀ ਦੇ ਹਾਣ ਦਾ ਹੋਇਆ ਜਾ ਸਕੇ। ਹੁਨਰ ਦਾ ਵਿਕਾਸ ਅਤੇ ਉੱਦਮਤਾ ਦੀ 2015 ਦੀ ਰਾਸ਼ਟਰੀ ਨੀਤੀ, ਹੁਨਰਮੰਦੀ ਦੀ ਚੁਨੌਤੀ ਨਾਲ ਰਫ਼ਤਾਰ ਅਤੇ ਸਥਿਰਤਾ ਨਾਲ ਵਿਆਪਕ ਪੱਧਰ 'ਤੇ ਨਜਿੱਠਣ ਦਾ ਪ੍ਰਸਤਾਵ ਪੇਸ਼ ਕਰਦੀ ਹੈ। ਇਸ ਦਾ ਨਿਸ਼ਾਨਾ ਦੇਸ਼ ਅੰਦਰ ਚਲਾਈਆਂ ਜਾ ਰਹੀਆਂ ਹੁਨਰਮੰਦੀ ਦੀਆਂ ਸਰਗਰਮੀਆਂ ਨੂੰ ਸੁਰੱਖਿਆ ਢਾਂਚਾ ਪ੍ਰਦਾਨ ਕਰਨ ਦਾ ਹੈ। ਇਸ ਦੀ ਕੋਸ਼ਿਸ਼ ਹੁਨਰਮੰਦੀ ਦੀ ਪ੍ਰਕਿਰਿਆ ਦਾ ਮਿਆਰੀਕਰਨ ਕਰਕੇ, ਘਰੇਲੂ ਅਤੇ ਅੰਤਰਰਾਸ਼ਟਰੀ ਪੱਧਰ 'ਤੇ, ਇਸ ਨੂੰ ਮੰਗ ਦੇ ਕੇਂਦਰਾਂ ਨਾਲ ਜੋੜਨ ਦੀ ਵੀ ਹੈ। ਹੁਨਰ ਨੂੰ ਕੋਸ਼ਿਸ਼ ਨਾਲ ਮਿਲਾ ਦੇਈਏ ਤਾਂ ਸਫ਼ਲਤਾ ਮਿਲਦੀ ਹੈ। ਸਰਕਾਰ ਦੀਆਂ ਹਾਲੀਆ ਪਹਿਲਕਦਮੀਆਂ ਨਾਲ, ਹੁਨਰ ਵਿਕਾਸ ਦੇ ਪ੍ਰੋਗਰਾਮ ਨੇ ਇਕ 'ਲਹਿਰ' ਦੀ ਸ਼ਕਲ ਅਖ਼ਤਿਆਰ ਕਰ ਲਈ ਹੈ। ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਬੂਰ ਪੈਣ ਵਿਚ ਕੁੱਝ ਸਮਾਂ ਲੱਗ ਸਕਦਾ ਹੈ, ਪਰ ਲੰਮੇ ਸਮੇਂ ਵਿਚ, ਹੁਨਰਮੰਦ ਭਾਰਤੀ (ਕੁਸ਼ਲ ਭਾਰਤ), ਦੇਸ਼ ਨੂੰ ਇਕ ਖ਼ੁਸ਼, ਸਿਹਤਮੰਦ ਅਤੇ ਖ਼ੁਸ਼ਹਾਲ ਭਾਰਤ (ਕੌਸ਼ਲ ਭਾਰਤ) ਵੱਲ ਲੈ ਕੇ ਜਾਣਗੇ। ਇਸ ਪ੍ਰਕਾਰ "ਕੁਸ਼ਲ ਭਾਰਤ, ਕੌਸ਼ਲ ਭਾਰਤ" ਦਾ ਨਾਅਰਾ ਸਾਰਥਕ ਹੋ ਜਾਵੇਗਾ।

**– ਮੁੱਖ ਸੰਪਾਦਕ**

# ਭਾਰਤ ਵਿਚ ਹੁਨਰ ਵਿਕਾਸ ਦ੍ਰਿਸ਼ ਦੀ ਮੁੜ ਵਿਆਖਿਆ

✍ ਦੀਲੀਪ ਚਿਨੌਏ

ਭਾਰਤੀ ਰਿਜ਼ਰਵ ਬੈਂਕ ਵਲੋਂ ਆਪਣੀ ਹਾਲ ਹੀ ਵਿਚ ਜਾਰੀ ਸਾਲਾਨਾ ਰਿਪੋਰਟ 2014-15 ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਵਿਕਾਸ ਦੇ ਆਸਾਰ ਹੌਲੀ-ਹੌਲੀ ਵਧ ਰਹੇ ਹਨ ਅਤੇ ਇਸ ਦੇ ਅਸਲ ਕਾਰਜਸ਼ੀਲਤਾ ਸੰਕੇਤਕ ਕੁੱਲ ਘਰੇਲੂ ਉਤਪਾਦਨ 7.6 ਪ੍ਰਤਿਸ਼ਤ ਦਰ 'ਤੇ ਹੋਣ ਦੀ ਪ੍ਰੋੜ੍ਹਤਾ ਕਰਦੇ ਹਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਕਾਰੋਬਾਰੀਆਂ ਦਾ ਮਨ ਅਤੇ ਵਿਸ਼ਵਾਸ ਬਣਿਆ ਹੋਇਆ ਹੈ ਅਤੇ ਜਿਸ ਤਰ੍ਹਾਂ ਕੇਂਦਰੀ ਬਜਟ ਵਿਚ ਜੋ ਪਹਿਲਾਂ ਐਲਾਨ ਕੀਤੇ ਗਏ ਹਨ ਉਨ੍ਹਾਂ ਨਾਲ ਬੁਨਿਆਦੀ ਢਾਂਚੇ ਦੀ ਸਥਾਪਨਾ ਲਈ ਪੂੰਜੀ ਨਿਵੇਸ਼ ਵਿਚ ਬਹੁਤ ਵਾਧਾ ਹੋਵੇਗਾ, ਜਿਸ ਨਾਲ ਨਿੱਜੀ ਨਿਵੇਸ਼ ਤੇਜ਼ੀ ਨਾਲ ਆਉਣ ਅਤੇ ਉਪਭੋਗਤਾ ਜਜ਼ਬਾ ਮੁੜ ਸੁਰਜੀਤ ਹੋਣ ਦੀ ਸੰਭਾਵਨਾ ਬਣੇਗੀ। ਇਹ ਕੁਝ ਅਜਿਹੇ ਸੰਕੇਤਕ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਦੁਨੀਆਂ ਭਰ ਦੇ ਦੇਸ਼ਾਂ ਵਿਚ ਆਰਥਿਕ ਮੰਦੀ ਦੇ ਬਾਵਜੂਦ, ਭਾਰਤ ਦੀ ਕਹਾਣੀ ਕੁਝ ਅਲੱਗ, ਉਜਲੀ ਅਤੇ ਚੰਗੀ ਚਾਲ ਵਾਲੀ ਨਜ਼ਰ ਆਉਂਦੀ ਹੈ। ਤੇਜ਼ੀ ਨਾਲ ਵਿਕਸਤ ਹੋ ਰਹੇ ਦੇਸ਼ਾਂ ਦੀ ਸ਼੍ਰੇਣੀ ਵਿਚ, ਸਿਰਫ਼ ਭਾਰਤ ਹੀ ਇਕ ਅਜਿਹਾ ਦੇਸ਼ ਹੈ ਜਿਸ ਨੇ ਕੁੱਲ ਘਰੇਲੂ ਉਤਪਾਦਨ ਦੇ ਅੰਕਾਂ ਵਿਚ ਵਾਧੇ ਦੇ ਸੰਕੇਤ ਦਿਤੇ ਹਨ।

ਸਰਕਾਰ ਨੇ ਪਹਿਲਾਂ ਹੀ ਕਾਰਜ ਸ਼ੁਰੂ ਕਰ ਦਿਤਾ ਹੈ। ਇਸ ਨੇ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਦੇ ਮਾਪਦੰਡਾਂ ਵਿਚ ਢਿੱਲ ਦੇ ਕੇ ਘਰੇਲੂ ਅਤੇ ਵਿਦੇਸ਼ੀ ਕੰਪਨੀਆਂ ਵਲੋਂ ਭਾਰਤ ਵਿਚ ਉਤਪਾਦਨ ਕਰਨ ਅਤੇ ਆਪਣਾ ਸਾਮਾਨ ਵਿਦੇਸ਼ਾਂ ਵਿਚ ਵੇਚਣ ਨੂੰ ਉਤਸ਼ਾਹਿਤ ਕੀਤਾ ਹੈ। 'ਭਾਰਤ ਵਿਚ ਨਿਰਮਾਣ' ਨਾਲ ਵੱਖ-ਵੱਖ ਖੇਤਰਾਂ ਵਿਚ ਉਤਪਾਦਨ ਕਾਰਜਸ਼ੀਲਤਾ ਨੂੰ ਗਤੀ ਮਿਲਣ ਦੀ ਆਸ ਹੈ ਅਤੇ ਇਸ ਨਾਲ ਕੁੱਲ ਘਰੇਲੂ ਉਤਪਾਦਨ ਵਿਚ ਵੀ ਵਾਧਾ ਹੋਵੇਗਾ। ਇਹ ਵੀ ਉਮੀਦ ਕੀਤੀ ਜਾ ਰਹੀ ਹੈ ਕਿ ਉਤਪਾਦਨ ਪ੍ਰਕਿਰਿਆ ਵਿਚ ਵਾਧੇ ਨਾਲ, ਮੁਹਾਰਤ ਪ੍ਰਾਪਤ ਕਿਰਤੀਆਂ ਲਈ ਨੌਕਰੀਆਂ ਵਿਚ ਵੀ ਬਹੁਤ ਵਾਧਾ ਹੋਵੇਗਾ, ਜਿਨ੍ਹਾਂ ਦੀ ਜਮਾਤ ਦੇਸ਼ ਤਿਆਰ ਕਰ ਰਿਹਾ ਹੈ। ਇਸੇ ਸੰਦਰਭ ਵਿਚ, ਸਰਕਾਰ ਨੇ ਹਾਲ ਹੀ ਵਿਚ ਹੁਨਰਮੰਦ ਭਾਰਤ ਮਿਸ਼ਨ ਚਲਾਇਆ ਹੈ ਜੋ ਬਾਕੀ ਸਭ ਰਾਸ਼ਟਰੀ ਮਿਸ਼ਨਾਂ, ਜਿਵੇਂ ਕਿ ਮਕ ਇਨ ਇੰਡੀਆ, ਡਿਜ਼ੀਟਲ ਇੰਡੀਆ, ਸਮਾਰਟ ਸਿਟੀ ਅਤੇ ਹੋਰਨਾਂ ਲਈ ਇਕ ਕੇਂਦਰੀ ਧੁਰੀ ਦੇ ਤੌਰ ਤੇ ਕੰਮ ਕਰੇਗਾ। ਸਿਰਫ਼ ਇਕ ਨੌਕਰੀ ਲਈ ਤਿਆਰ ਹੁਨਰਮੰਦ ਕਿਰਤੀਆਂ ਦੀ ਜਮਾਤ ਹੀ ਇਨ੍ਹਾਂ ਸਾਰੇ ਰਾਸ਼ਟਰੀ ਮਿਸ਼ਨਾਂ ਨੂੰ ਕਾਮਯਾਬ ਬਣਾ ਸਕਦੀ ਹੈ ਅਤੇ ਇਸ ਤਰ੍ਹਾਂ ਭਾਰਤ ਦੇ ਆਰਥਿਕ ਵਿਕਾਸ ਦੀ ਪ੍ਰਾਪਤੀ, ਕੁੱਲ ਘਰੇਲੂ ਉਤਪਾਦਨ ਅੰਕੜਿਆਂ ਵਿਚ ਵਾਧਾ ਅਤੇ ਪ੍ਰਤਿ ਵਿਅਕਤੀ ਆਮਦਨ ਵਿਚ ਵਾਧਾ ਹੋ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਦੇਸ਼ ਦੇ ਨੌਜਵਾਨ ਤਬਕੇ ਨੂੰ ਦੇਸ਼ ਦੇ ਜਨ ਅੰਕੜਿਆਂ ਤੋਂ ਲਾਭ ਉਠਾਉਣ ਲਈ ਸਹੀ ਦਿਸ਼ਾ ਮਿਲੇ, ਜੋ ਉਨ੍ਹਾਂ ਦੇ ਵਿਅਕਤੀਗਤ ਅਤੇ ਕਾਰੋਬਾਰੀ ਵਿਕਾਸ ਵਿਚ ਵਾਧਾ ਕਰੇ।

ਅੱਜ ਜਦੋਂ ਦੁਨੀਆਂ ਦੇ ਵਿਕਸਤ ਦੇਸ਼ ਆਪਣੇ ਆਪ ਨੂੰ ਸਿੱਖਿਆ ਦੇਣ ਦੀਆਂ ਵਧੇਰੇ ਅਗਾਂਹ-ਵਧੂ ਅਤੇ ਤਕਨੀਕੀ ਪ੍ਰਕਿਰਿਆਵਾਂ ਵਲੋਂ ਪੈਦਾ ਕੀਤੇ ਤੂਫ਼ਾਨ ਨੂੰ ਝੱਲਣ ਲਈ ਤਿਆਰ ਕਰ ਰਹੇ ਹਨ, ਭਾਰਤ ਦੀ ਸਿੱਖਿਆ ਪ੍ਰਣਾਲੀ ਹਾਲੇ ਮਜ਼ਮੂਨ ਸੁਧਾਰ ਦੇ ਦੌਰ ਵਿਚ ਹੀ ਫਸੀ ਹੈ। ਮੌਜੂਦਾ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਕੁੱਝ ਕੋਸ਼ਿਸ਼ਾਂ ਨਾਲ ਸਾਡਾ ਪੂਰਾ ਧਿਆਨ ਦੇਸ਼ ਦੇ ਨੌਜਵਾਨਾਂ ਦੀਆਂ ਸਹੀ ਲੋੜਾਂ ਵੱਲ ਖਿੱਚਿਆ ਜਾਵੇਗਾ। ਸਾਡਾ ਜ਼ੋਰ ਹਮੇਸ਼ਾ ਸਿੱਖਿਆ ਉਪਰ ਰਿਹਾ ਹੈ ਪਰ ਬਦਕਿਸਮਤੀ ਨਾਲ ਇਹ ਕਦੇ ਵੀ ਸਮੁੱਚੇ ਹੁਨਰ ਵਿਕਾਸ ਵੱਲ ਨਹੀਂ ਰਿਹਾ। ਇਸ ਲਈ, ਇਕ ਮਹਾਨ ਤਾਕਤਵਰ ਦੇਸ਼ ਬਣਨ ਲਈ ਅਤੇ ਆਪਣੀ ਸਭ ਤੋਂ ਵੱਡੀ ਸ਼ਕਤੀ, ਸਾਡੇ ਜਨ ਅੰਕੜਿਆਂ ਦੇ ਲਾਭ ਦੀ ਵਰਤੋਂ ਲਈ, ਇਹ ਸਮੇਂ ਦੀ ਮੰਗ ਹੈ। ਭਾਰਤ ਨੂੰ ਦੁਨੀਆਂ ਵਿਚ ਮਨੁੱਖੀ ਸਰੋਤਾਂ ਦੀ ਰਾਜਧਾਨੀ ਬਣਾਉਣ ਦੇ ਰਸਤੇ ਵਿਚ ਆਉਣ ਵਾਲੀਆਂ ਚੁਨੌਤੀਆਂ ਦਾ ਸਾਹਮਣਾ ਕਰਨ ਲਈ, ਅਗਲੇ 5 ਤੋਂ 10 ਸਾਲ ਬਹੁਤ ਚੁਨੌਤੀਪੂਰਨ ਹਨ।

ਜੇ ਭਾਰਤ ਕੋਲ ਕਦੇ ਵੀ ਆਪਣੇ ਜਨ ਅੰਕੜਿਆਂ ਤੋਂ ਲਾਭ ਉਠਾਉਣ ਦਾ ਸਮਾਂ ਸੀ, ਤਾਂ ਉਹ ਹੁਣ ਹੈ। ਸਤੰਬਰ 2013 ਵਿਚ ਜਾਰੀ ਕੀਤੇ ਮਰਦਮਸ਼ੁਮਾਰੀ ਅੰਕੜਿਆਂ ਅਨੁਸਾਰ, ਭਾਰਤ ਵਿਚ 15-24 ਸਾਲ ਦਾ ਨੌਜਵਾਨ ਤਬਕਾ ਸਭ ਤੋਂ ਵੱਧ ਸੀ। ਜਿਵੇਂ-ਜਿਵੇਂ ਭਾਰਤ ਦੇ ਜਨ ਅੰਕੜਿਆਂ ਵਿਚ ਨੌਜਵਾਨ ਤਬਕੇ ਦਾ ਹੋਰ ਵਾਧਾ ਹੁੰਦਾ ਜਾਵੇਗਾ, ਪਾਇਦਾਰ ਰੁਜ਼ਗਾਰ ਦਾ ਮੁੱਦਾ ਹੋਰ ਵੀ ਮਹੱਤਵਪੂਰਨ ਹੁੰਦਾ ਜਾਵੇਗਾ। ਇਨ੍ਹਾਂ ਹਾਲਾਤਾਂ ਨੇ ਅਤੇ ਅਸਥਿਰ ਆਰਥਿਕ ਵਿਕਾਸ ਦੇ ਦੌਰ ਨੇ, ਜਿਸ ਵਿਚੋਂ ਦੇਸ਼ ਲੰਘ ਰਿਹਾ ਹੈ, ਉਦਯੋਗ ਜਗਤ ਸਾਹਮਣੇ ਇਕ ਚੁਨੌਤੀ ਖੜ੍ਹੀ ਕਰ ਦਿਤੀ ਹੈ।

ਇਕ ਮਹੱਤਵਪੂਰਨ ਮੌਕਾ ਜੋ ਦੇਸ਼ ਦੇਖ ਰਿਹਾ ਹੈ, ਉਹ ਹੈ ਕਿ ਭਾਰਤ ਦਾ ਸਭ ਤੋਂ ਵੱਧ ਉਪਜਾਇਕ ਵਰਗ (15-60 ਸਾਲ ਦੇ ਵਿਚਕਾਰ ਦੀ ਆਬਾਦੀ) ਵਧੇਗਾ ਜਦ ਕਿ ਇਹ ਬਹੁਤ ਵਿਕਸਤ ਦੇਸ਼ਾਂ ਅਤੇ ਕੁੱਝ ਵਿਕਾਸਸ਼ੀਲ ਦੇਸ਼ਾਂ ਵਿਚ ਘਟੇਗਾ। ਇਸ ਮੌਕੇ ਦਾ ਲਾਭ ਉਠਾਉਂਦੇ ਹੋਏ, ਅਸੀਂ ਭਾਰਤੀ ਅਰਥਤੰਤਰ ਨੂੰ ਸਹੀ ਅਰਥਾਂ ਵਿਚ ਨੌਕਰੀਆਂ ਪੈਦਾ ਕਰਦੇ ਹੋਏ, ਵਿਕਾਸ ਦੀ ਲੀਹ 'ਤੇ ਪਾ ਸਕਦੇ ਹਾਂ। ਸਾਲ 2022 ਤਕ, ਦੁਨੀਆਂ ਦੀ ਕੰਮਕਾਜੀ ਆਬਾਦੀ ਦਾ ਲਗਭਗ

15 ਤੋਂ 17 ਪ੍ਰਤਿਸ਼ਤ ਹਿੱਸਾ ਭਾਰਤੀ ਹੋਵੇਗਾ। ਅੱਜ ਦੇ ਅੰਕੜਿਆਂ ਤੋਂ ਜ਼ਾਹਰ ਹੁੰਦਾ ਹੈ ਕਿ 2040 ਵਿਚ ਭਾਰਤ ਦੀ ਕੰਮਕਾਜੀ ਆਬਾਦੀ ਚੀਨ ਦੀ ਕੰਮਕਾਜੀ ਆਬਾਦੀ ਨਾਲੋਂ ਵਧ ਜਾਵੇਗੀ। ਸਪੱਸ਼ਟ ਤੌਰ ਤੇ, ਕੁੱਲ ਕੰਮ ਦੇ ਲਾਇਕ ਆਬਾਦੀ ਦੇ ਸੰਦਰਭ ਵਿਚ, ਜਿਵੇਂ ਕਿ ਕਿਸੇ ਵੀ ਅਰਥਤੰਤਰ ਵਿਚ ਕੰਮ 'ਤੇ ਲਗੇ ਲੋਕਾਂ ਦੀ ਗਿਣਤੀ ਦੇ ਲਿਹਾਜ਼, ਸਾਡੇ ਦੇਸ਼ ਦਾ ਪੱਖ ਉਪਰ ਹੈ। ਪਰ ਸਿਰਫ਼ ਕੰਮ ਦੇ ਲਾਇਕ ਆਬਾਦੀ ਵਿਚ ਵਾਧੇ ਨਾਲ ਹੀ ਅਸੀਂ ਕਿਸੇ ਸੁਨਹਿਰੇ ਭਵਿੱਖ ਦੀ ਕਲਪਨਾ ਨਹੀਂ ਕਰ ਸਕਦੇ। ਦੇਸ਼ ਦੀ ਲਗਭਗ 50 ਕਰੋੜ ਕੰਮ ਦੇ ਲਾਇਕ ਆਬਾਦੀ ਵਿਚੋਂ, 14 ਪ੍ਰਤਿਸ਼ਤ ਹਿੱਸਾ ਸੰਗਠਿਤ ਖੇਤਰ ਦੀ ਅਰਥਵਿਵਸਥਾ ਵਿਚ ਲਗਿਆ ਹੋਇਆ ਹੈ ਅਤੇ 86 ਪ੍ਰਤਿਸ਼ਤ ਅਸੰਗਠਿਤ ਖੇਤਰ ਵਿਚ। ਇਹੋ ਚੁਨੌਤੀ ਹੈ ਕਿ ਇਹ 86 ਪ੍ਰਤਿਸ਼ਤ ਹਿੱਸਾ ਚੰਗੀ ਤਰ੍ਹਾਂ ਸਿਖਲਾਈਸ਼ੁਦਾ ਨਹੀਂ ਹੈ ਤੇ ਨੌਕਰੀਆਂ 'ਚ ਮਾਨਤਾ ਨਹੀਂ ਮਿਲ ਰਹੀ।

ਅੱਜ ਸਿੱਖਿਆ, ਹੁਨਰ ਸਿਖਲਾਈ ਅਤੇ ਰੁਜ਼ਗਾਰ ਵਿਚ ਬਹੁਤ ਭਾਰੀ ਬੇਤਰਤੀਬੀ ਹੈ। ਮੈਕਿੰਜ਼ੇ ਦੀ ਇਕ ਰਿਪੋਰਟ ਅਨੁਸਾਰ, ਸਿਰਫ਼ 54 ਪ੍ਰਤਿਸ਼ਤ ਨੌਜਵਾਨਾਂ ਦਾ ਵਿਸ਼ਵਾਸ ਹੈ ਕਿ ਸੈਕੰਡਰੀ ਸਿੱਖਿਆ ਤੋਂ ਬਾਅਦ ਦੀ ਸਿੱਖਿਆ ਨਾਲ ਉਨ੍ਹਾਂ ਦੇ ਰੁਜ਼ਗਾਰ ਮੌਕਿਆਂ ਵਿਚ ਸੁਧਾਰ ਹੋਇਆ ਹੈ। 56 ਪ੍ਰਤਿਸ਼ਤ ਵਿਦਿਆਰਥੀ, ਹਾਈ ਸਕੂਲ ਅਤੇ ਉੱਚ ਸਿੱਖਿਆ ਵਿਚਕਾਰ ਪੜ੍ਹਾਈ ਛੱਡ ਦਿੰਦੇ ਹਨ। ਇਨ੍ਹਾਂ ਸਭ ਤੱਥਾਂ ਅਤੇ ਵਿਸ਼ਵਾਸਾਂ ਦੇ ਚਲਦੇ, ਸਿਰਫ਼ ਇਕ ਥੋੜ੍ਹਾ ਜਿਹਾ ਹਿੱਸਾ ਲੋਕ ਹੀ ਨੌਕਰੀਸ਼ੁਦਾ ਅਤੇ ਸਿਖਲਾਈਸ਼ੁਦਾ ਹਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 53 ਪ੍ਰਤਿਸ਼ਤ ਭਾਰਤੀ ਨੌਕਰੀ ਦੇਣ ਵਾਲਿਆਂ ਨੂੰ ਲਗਦਾ ਹੈ ਕਿ ਮੁਹਾਰਤ ਦੀ ਕਮੀ, ਮੁੱਢਲੇ ਪੱਧਰ 'ਤੇ ਨੌਕਰੀਆਂ ਖਾਲੀ ਰਹਿਣ ਦਾ ਮੁੱਖ ਕਾਰਨ ਹੈ। ਇਸ ਤਰ੍ਹਾਂ ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਭਾਰਤੀ ਨੌਜਵਾਨ ਤਬਕੇ ਦੀਆਂ ਆਸ਼ਾਵਾਂ ਅਤੇ ਨੌਕਰੀ ਦੇਣ ਵਾਲਿਆਂ ਦੀਆਂ ਉਮੀਦਾਂ ਵਿਚ ਬੇਮੇਲਤਾ ਹੈ ਅਤੇ ਰੁਜ਼ਗਾਰ ਦੇ ਮੌਕਿਆਂ ਅਤੇ ਰੁਜ਼ਗਾਰ ਹਾਸਲ ਕਰਨ ਦੀ ਸਮਰੱਥਾ ਵਿਚ ਭਾਰੀ ਅੰਤਰ ਹੈ। ਅੱਜ ਦੇਸ਼ ਦੇ ਸਾਹਮਣੇ, 25 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਤਬਕੇ, ਜੋ ਕੁੱਲ ਆਬਾਦੀ ਦਾ ਲਗਭਗ 50 ਪ੍ਰਤਿਸ਼ਤ ਹੈ, ਲਈ ਨੌਕਰੀਆਂ ਲੱਭਣ ਦੀ ਵੱਡੀ ਚੁਨੌਤੀ ਹੈ।

ਇਹ ਹੋਣਾ ਲਾਜ਼ਮੀ ਸੀ, ਕਿਉਂਕਿ ਇਹ ਅਜੋਕਾ ਸਮਾਂ ਹੈ ਜਦੋਂ ਦੇਸ਼ ਨੇ ਹੁਨਰ ਵਿਕਾਸ ਦੇ ਮਹੱਤਵ ਅਤੇ ਉਸ ਦੀ ਲੋੜ ਨੂੰ ਸਮਝਣਾ ਹੈ ਅਤੇ ਸਭ ਉਦਯੋਗਾਂ, ਮੰਤਰਾਲਿਆਂ, ਰਾਜਾਂ, ਵਪਾਰਕ ਘਰਾਣਿਆਂ ਅਤੇ ਵਿਅਕਤੀਆਂ ਨੂੰ ਇਕ ਸਾਂਝੇ ਮੰਤਵ, ਭਾਰਤ ਨੂੰ 'ਦੁਨੀਆਂ ਦੀ ਹੁਨਰ ਰਾਜਧਾਨੀ' ਬਣਾਉਣ ਲਈ ਹੱਥ ਮਿਲਾਉਣੇ ਚਾਹੀਦੇ ਹਨ ਅਤੇ ਉਸ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਸਮੇਂ, ਹੁਨਰ ਵਿਕਾਸ ਦੀ ਲਹਿਰ ਬਹੁਤ ਪ੍ਰਤੱਖ ਦਿਖਾਈ ਦੇ ਰਹੀ ਹੈ, ਜੋ ਭਾਰਤ ਨੂੰ ਦੁਨੀਆਂ ਦੀ ਮੋਢੀ ਅਰਥਵਿਵਸਥਾ ਬਣਨ ਦੀ ਤਾਕਤ ਨੂੰ ਹੱਲਾਸ਼ੇਰੀ ਦੇ ਸਕਦੀ ਹੈ ਅਤੇ ਇਸ ਵਲੋਂ ਕੀਤੀ ਜਾ ਰਹੀ ਪੂੰਜੀ ਨਿਵੇਸ਼ ਕਰਨ ਦੀ ਅਪੀਲ ਵਿਚ ਵੀ ਸਹਾਈ ਹੋ ਸਕਦੀ ਹੈ।

ਸਰਕਾਰ ਨੇ ਸਭ ਤੋਂ ਪਹਿਲਾ ਕਦਮ ਜੋ ਹੁਨਰ ਵਿਕਾਸ ਦੇ ਪਰਿਪੇਖ ਨੂੰ ਇਕ ਸ਼ਕਲ ਦੇਣ ਲਈ ਉਠਾਇਆ, ਉਹ ਸੀ ਇਕ ਵੱਖਰੇ ਹੁਨਰ ਵਿਕਾਸ ਅਤੇ ਉੱਦਮ ਮੰਤਰਾਲੇ ਦੀ ਸਥਾਪਨਾ। ਦੇਸ਼ ਵਿਚ ਪਹਿਲਾਂ ਹੀ, ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ (ਐੱਨ ਐੱਸ ਡੀ ਸੀ) ਵਲੋਂ ਹੁਨਰ ਪ੍ਰਸਥਿਤੀ ਪ੍ਰਣਾਲੀ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ, ਜਿਸ ਵਿਚ 37 ਖੇਤਰਾਂ ਵਿਚ ਹੁਨਰ ਕੌਂਸਿਲਾਂ ਅਤੇ 3611 ਸਿਖਲਾਈ ਕੇਂਦਰਾਂ ਵਾਲੇ 235 ਸਿਖਲਾਈ ਭਾਈਵਾਲ ਸ਼ਾਮਿਲ ਹਨ, ਜੋ ਦੇਸ਼ ਦੇ 450 ਤੋਂ ਵੱਧ ਜ਼ਿਲ੍ਹਿਆਂ ਵਿਚ ਫੈਲੇ ਹੋਏ ਹਨ। ਅਗਲਾ ਵੱਡਾ ਕਦਮ ਹੈ, ਸਰਕਾਰੀ ਮਦਦ ਅਤੇ ਰਹਿਬਰੀ ਨਾਲ, ਜੋ ਵਿਸ਼ੇਸ਼ ਧਿਆਨ ਦੇਣ ਵਾਲੀਆਂ ਨੀਤੀਆਂ ਲਾਗੂ ਕਰਕੇ ਕੀਤਾ ਜਾ ਸਕਦਾ ਹੈ, ਚਾਲੂ ਪ੍ਰਣਾਲੀ ਦਾ ਵਧੇਰੇ ਸ਼ਕਤੀਕਰਨ। ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ ਨੇ ਦਰਮਿਆਨੀਆਂ ਅਤੇ ਛੋਟੀਆਂ ਵਿਕਾਸ ਇਕਾਈਆਂ ਨਾਲ ਮਿਲ ਕੇ, ਵੱਖ-ਵੱਖ ਨੌਕਰੀਆਂ ਲਈ ਰਾਸ਼ਟਰੀ ਕਿੱਤਾ ਮਿਆਰ ਸਥਾਪਤ ਕੀਤੇ ਹਨ, ਜਿਨ੍ਹਾਂ ਨਾਲ ਵੱਖ-ਵੱਖ ਖੇਤਰਾਂ ਵਿਚ ਹੁਨਰ ਪ੍ਰਕਿਰਿਆ ਨੂੰ ਮਦਦ ਮਿਲ ਸਕੇਗੀ। ਇਹ ਸੰਬੰਧਿਤ ਖੇਤਰਾਂ ਵਿਚ, ਕਾਰੋਬਾਰੀ ਸਿਖਲਾਈ ਲਈ, ਕਿੱਤਾ ਮਿਆਰ ਅਤੇ ਪਾਠਕ੍ਰਮ-ਪ੍ਰਣਾਲੀ ਦੀ ਵਿਆਖਿਆ ਕਰਨ ਵੱਲ ਵੀ ਇਕ ਵੱਡਾ ਕਦਮ ਹੈ। ਅੱਜ ਤਕ ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ 55 ਲੱਖ ਲੋਕਾਂ ਨੂੰ ਸਿਖਲਾਈ ਦੇ ਚੁੱਕੀ ਹੈ ਅਤੇ ਉਨ੍ਹਾਂ ਵਿਚੋਂ 61 ਪ੍ਰਤਿਸ਼ਤ ਨੂੰ ਨੌਕਰੀਆਂ ਮਿਲ ਗਈਆਂ ਹਨ। ਇਸ ਨੂੰ ਵੱਡੇ ਪੈਮਾਨੇ 'ਤੇ ਤੇਜ਼ੀ ਨਾਲ ਵਧਾਇਆ ਜਾ ਰਿਹਾ ਹੈ ਤਾਂ ਕਿ ਅਸੀ ਉਦਯੋਗਾਂ ਵਿਚ ਵੱਡੇ ਪਾੜੇ ਦੀ ਪੂਰਤੀ ਕਰ ਸਕੀਏ।

ਦੂਜੇ ਪਾਸੇ, ਹੁਨਰਮੰਦ ਭਾਰਤ ਮਿਸ਼ਨ ਅਤੇ ਹੁਨਰ ਵਿਕਾਸ ਨੀਤੀ 2015 ਦਾ ਉਦੇਸ਼ ਹੈ 2022 ਤਕ ਦੇਸ਼ ਵਿਚ 40 ਕਰੋੜ ਨੌਜਵਾਨਾਂ ਨੂੰ ਹੁਨਰਮੰਦ ਬਣਾਉਣਾ। ਇਸ ਨੀਤੀ ਦੀ ਦੂਰਅੰਦੇਸ਼ੀ ਇਕ ਅਜਿਹੀ ਪ੍ਰਸਥਿਤੀ ਪ੍ਰਣਾਲੀ ਸਥਾਪਤ ਕਰਨਾ ਹੈ ਜੋ ਵਧੇਰੇ ਸ਼ਕਤੀਆਂ ਵਾਲੀ ਅਰਥਵਿਵਸਥਾ ਨਾਲ ਸੁਮੇਲ ਖਾਂਦੀ ਹੋਵੇ, ਜਿਸ ਵਿਚ ਵੱਡੇ ਪੈਮਾਨੇ 'ਤੇ ਅਤੇ ਤੇਜ਼ ਗਤੀ ਨਾਲ ਅਤੇ ਉੱਤਮ ਕਿਸਮ ਦੀ ਅਜਿਹੀ ਕਿਰਤੀਆਂ ਦੀ ਜਮਾਤ ਨੌਕਰੀਆਂ ਲਈ ਤਿਆਰ ਹੋਵੇ ਜੋ ਉਦਯੋਗ ਵਲੋਂ ਮਾਨਤਾ ਪ੍ਰਾਪਤ ਮਿਆਰਾਂ ਅਨੁਸਾਰ ਹੋਵੇ। ਇਸ ਨੀਤੀ ਦੀ ਦੂਰ-ਅੰਦੇਸ਼ੀ ਨਵੀਆਂ ਖੋਜਾਂ ਆਧਾਰਤ ਉੱਦਮਾਂ ਨੂੰ ਉਤਸ਼ਾਹਿਤ ਕਰਨਾ ਵੀ ਹੈ, ਜੋ ਦੇਸ਼ ਦੇ ਸਭ ਨਾਗਰਿਕਾਂ ਲਈ ਰੋਜ਼ੀ-ਰੋਟੀ ਦਾ ਪਾਇਦਾਰ ਪ੍ਰਬੰਧ ਯਕੀਨੀ ਬਣਾਉਣ ਲਈ ਪੂੰਜੀ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਣ।

70 ਤੋਂ ਕੁਝ ਵਧੇਰੇ ਹੁਨਰ ਵਿਕਾਸ ਪ੍ਰੋਗਰਾਮ ਚਲ ਰਹੇ ਹਨ, ਜਿਨ੍ਹਾਂ ਦਾ ਆਪਣਾ ਪਾਤਰਤਾ ਦਾ ਮਿਆਰ, ਸਿਖਲਾਈ ਦੀ ਮਿਆਦ, ਸਿਖਲਾਈ ਦੀ ਲਾਗਤ, ਪਰਿਣਾਮ, ਨਿਗਰਾਨੀ ਅਤੇ ਖੋਜ-ਪ੍ਰਣਾਲੀ ਆਦਿ ਹਨ। ਭਾਰਤ ਸਰਕਾਰ ਵਲੋਂ ਨੀਤੀ ਸੁਧਾਰ ਇਕ ਬਹੁਤ ਵੱਡਾ ਕਦਮ ਹੈ ਜੋ ਨਿਵੇਸ਼, ਪਰਿਣਾਮ, ਫ਼ੰਡਾਂ, ਲਾਗਤ ਦੇ ਮਾਪਦੰਡ, ਕਿਸੇ ਤੀਸਰੇ ਵਲੋਂ ਸਰਟੀਫਿਕੇਟ ਦੇਣਾ ਅਤੇ ਕਾਬਲੀਅਤ ਜਾਂਚ ਕਰਨਾ, ਨਿਗਰਾਨੀ, ਖੋਜ-ਪ੍ਰਣਾਲੀ ਅਤੇ ਸਿਖਲਾਈ ਦੇਣ ਵਾਲਿਆਂ ਦੇ ਪੈਨਲ ਬਣਾਉਣ ਸਮੇਤ ਹੁਨਰ ਵਿਕਾਸ ਪ੍ਰਕਿਰਿਆ ਅਤੇ ਪ੍ਰਣਾਲੀ ਨੂੰ ਸਮੁੱਚੇ ਤੌਰ ਤੇ ਤਰਕਵਾਦੀ ਬਣਾਉਣ ਵਿਚ ਮਦਦ ਦੇਵੇਗਾ ਅਤੇ ਅੰਤ ਵਿਚ ਇਕ ਸਾਂਝੇ ਟੀਚੇ ਦੀ ਪ੍ਰਾਪਤੀ ਕਰੇਗਾ।

ਉਦਯੋਗਿਕ ਖੇਤਰ ਵਿਚ ਵੀ ਕਾਰਪੋਰੇਟ ਜਗਤ ਅਤੇ ਜਨਤਕ ਖੇਤਰ ਦੀਆਂ ਇਕਾਈਆਂ ਵਲੋਂ ਵਧੇਰੇ ਸ਼ਮੂਲੀਅਤ ਦੇਖਣ ਨੂੰ ਮਿਲ ਰਹੀ ਹੈ, ਜੋ ਵੱਖ-ਵੱਖ ਸਾਂਝੀਵਾਲਤਾ ਪ੍ਰੋਗਰਾਮਾਂ ਜਿਵੇਂ ਕਿ ਪੂੰਜੀ ਲਗਾਉਣ, ਬੁਨਿਆਦੀ ਢਾਂਚਾ ਮੁਹੱਈਆ ਕਰਾਉਣ, ਪਹਿਲਾਂ ਤੋਂ ਪ੍ਰਾਪਤ ਸਿੱਖਿਆ ਨੂੰ ਮਾਨਤਾ ਦੇਣ, ਰਾਸ਼ਟਰੀ ਵਿਦਿਅਕ ਢਾਂਚੇ ਅਤੇ ਕਾਰੋਬਾਰੀ ਮਿਆਰਾਂ ਨੂੰ ਅਪਣਾਉਣ ਆਦਿ ਰਾਹੀਂ ਆਪਣੀਆਂ

*ਬਾਕੀ ਸਫ਼ਾ 11 ਉੱਤੇ*

# ਨੌਕਰੀਆਂ, ਰੁਜ਼ਗਾਰ, ਤਕਨਾਲੋਜੀ ਅਤੇ ਹੁਨਰ

ਅਰੁਨ ਮੈਰਾ ਅਤੇ ਮਦਨ ਪਡਕੀ

ਦੁਨੀਆਂ ਦੇ ਹੋਰ ਕਿਸੇ ਵੀ ਦੇਸ਼ ਤੋਂ ਜ਼ਿਆਦਾ ਭਾਰਤ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਇਥੇ ਨੌਜਵਾਨਾਂ ਲਈ ਕਾਫ਼ੀ ਸਾਰੀਆਂ ਨੌਕਰੀਆਂ ਹੋਣ। ਅਰਥ-ਸ਼ਾਸਤਰੀ ਇਸ ਵੱਲ ਇਸ਼ਾਰਾ ਕਰਦੇ ਆ ਰਹੇ ਹਨ ਕਿ ਦੁਨੀਆਂ ਵਿਚ ਜਨ-ਸੰਖਿਆ ਰੁਝਾਨਾਂ ਨੇ ਇਕ ਅਜਿਹੀ ਹਾਲਤ ਪੈਦਾ ਕਰ ਦਿਤੀ ਹੈ, ਜਿਸ ਵਿਚ ਦੁਨੀਆਂ ਦੇ ਅਮੀਰ ਦੇਸ਼ਾਂ (ਚੀਨ ਸਮੇਤ) ਦੇ ਅਰਥਚਾਰਿਆਂ ਨੂੰ ਚਲਦਾ ਰੱਖਣਾ ਲਈ ਕੰਮ ਕਰਨ ਦੀ ਉਮਰ ਵਾਲੇ ਲੋਕਾਂ ਦੀ ਕਮੀ ਹੋ ਜਾਵੇਗੀ। ਇਸੇ ਸਮੇਂ ਹੀ ਭਾਰਤ ਵਿਚ ਕੰਮ ਦੀ ਉਮਰ ਵਿਚ ਆਉਣ ਵਾਲੇ ਲੋਕਾਂ ਦਾ ਸਮੂਹ ਠਾਠਾਂ ਮਾਰ ਰਿਹਾ ਹੈ। ਭਾਰਤ ਵਿਚ 18 ਸਾਲਾਂ ਤੋਂ ਘੱਟ ਉਮਰ ਦੇ ਲੋਕਾਂ ਦੀ ਗਿਣਤੀ 470 ਮਿਲੀਅਨ ਤੋਂ ਵੱਧ ਹੈ। 2014 ਦਾ ਸਰਕਾਰ ਦਾ ਆਰਥਿਕ ਸਰਵੇਖਣ ਕਹਿੰਦਾ ਹੈ ਕਿ ਹਰੇਕ ਸਾਲ 63 ਮਿਲੀਅਨ ਨਵੇਂ ਲੋਕ ਭਾਰਤ ਦੀ ਕੰਮ ਕਰਨ ਵਾਲੀ ਕਿਰਤ ਸ਼ਕਤੀ 'ਚ ਸ਼ਾਮਿਲ ਹੋ ਜਾਂਦੇ ਹਨ।

ਭਾਰਤ ਦੀ ਤੇਜ਼ੀ ਨਾਲ ਵਧ ਰਹੀ ਨੌਜਵਾਨ ਵਸੋਂ ਦੇ 'ਜਨ-ਸੰਖਿਆ ਲਾਭਾਂਸ਼' ਦਾ ਅਕਸਰ ਜ਼ਿਕਰ ਕੀਤਾ ਜਾਂਦਾ ਹੈ। ਪਰ ਆਮ ਤੌਰ ਤੇ ਇਸ ਨਾਲ ਲਾਈ ਜਾਣ ਵਾਲੀ ਸ਼ਰਤ ਨੂੰ ਨਜ਼ਰ-ਅੰਦਾਜ਼ ਕਰ ਦਿਤਾ ਜਾਂਦਾ ਹੈ। ਇਸੇ ਕਰਕੇ ਹੀ ਭਾਰਤ ਜਨ-ਸੰਖਿਆ ਲਾਭਾਂਸ਼ ਦਾ ਲਾਹਾ ਨਹੀਂ ਲੈ ਸਕੇਗਾ ਜਦੋਂ ਤਕ ਇਸ ਦੇ ਨੌਜਵਾਨ ਆਮਦਨ ਕਮਾਉਣ ਨਾ ਲੱਗ ਜਾਣ, ਜਿਸ ਨੂੰ ਉਹ ਖ਼ਰਚ ਕਰਨਗੇ, ਜਿਸ ਵਿਚੋਂ ਉਹ ਬੱਚਤ ਕਰਨਗੇ ਤੇ ਇਸ ਤਰ੍ਹਾਂ ਉਹ ਦੇਸ਼ ਦੇ ਅਰਥਚਾਰੇ ਵੀ ਨੂੰ ਪ੍ਰਫੁੱਲਤ ਕਰਨਗੇ। ਬੇਸ਼ੱਕ, ਜੇ ਨੌਜਵਾਨਾਂ ਕੋਲ ਕਮਾਉਣ ਅਤੇ ਖਪਤ ਦੇ ਢੁੱਕਵੇਂ ਮੌਕੇ ਨਹੀਂ ਹੋਣਗੇ ਤਾਂ ਉਨ੍ਹਾਂ ਦਰਮਿਆਨ ਵੱਡੇ ਪੱਧਰ 'ਤੇ ਸਮਾਜਿਕ ਅਸ਼ਾਂਤੀ ਫੈਲ ਜਾਵੇਗੀ, ਜੇ ਉਨ੍ਹਾਂ ਨੂੰ ਇੱਛਤ ਜੀਵਨ ਜਿਉਣ ਲਈ ਸਾਧਨ ਪ੍ਰਾਪਤ ਨਹੀਂ ਹੋਣਗੇ। ਵਧਦੀ ਹੋਈ ਅਸ਼ਾਂਤੀ ਦੇ ਚਿੰਨ੍ਹ ਲਗਾਤਾਰ ਪ੍ਰਗਟ ਹੋ ਰਹੇ ਹਨ, ਜਿਸ ਦਾ ਪ੍ਰਗਟਾਵਾ ਨੌਕਰੀਆਂ ਦੇ ਰਾਖਵੇਂਕਰਨ, ਨੌਜਵਾਨਾਂ ਦਾ ਭਾਰਤ ਦੇ ਵਿਕਸਤ ਪਰ ਚਰਮਰਾ ਰਹੇ ਸ਼ਹਿਰੀ ਸਮੂਹਾਂ ਵੱਲ ਪਰਵਾਸ ਅਤੇ ਸ਼ਹਿਰਾਂ ਵਿਚ ਨੌਜਵਾਨਾਂ ਵਲੋਂ ਹਿੰਸਾ ਕਰਨ ਦੇ ਰੂਪ ਵਿਚ ਹੋ ਰਿਹਾ ਹੈ।

ਭਾਰਤ ਸਰਕਾਰ ਆਪਣੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਲੋੜ ਤੋਂ ਭਲੀਭਾਂਤ ਵਾਕਫ਼ ਹੈ, ਜੋ 500 ਮਿਲੀਅਨ ਵਿਅਕਤੀਆਂ ਨੂੰ ਹੁਨਰ ਵਿਕਾਸ ਮਿਸ਼ਨ ਤਹਿਤ ਅਤੇ 'ਮੇਕ ਇਨ ਇੰਡੀਆ' ਰਾਹੀਂ ਸਿੱਖਿਅਤ ਕਰਨ ਦਾ ਇਰਾਦਾ ਰੱਖਦੀ ਹੈ। ਚੀਨ ਵਿਚ ਫੈਕਟਰੀਆਂ ਲਗਾਤਾਰ ਦੁਨੀਆਂ ਲਈ ਖਾਲੀ ਹੋ ਰਹੀਆਂ ਹਨ, ਉਜਰਤਾਂ ਲਗਾਤਾਰ ਵਧ ਰਹੀਆਂ ਹਨ ਅਤੇ ਯੁਆਨ ਦੀ ਕੀਮਤ ਵਿਚ ਵਾਧਾ ਹੋ ਰਿਹਾ ਹੈ, ਘੱਟ ਨੌਜਵਾਨ ਵਿਅਕਤੀਆਂ ਦੀ ਜਨ-ਸੰਖਿਆ ਚੁਨੌਤੀ ਵੀ ਚੀਨ ਨੂੰ ਦਰਪੇਸ਼ ਹੈ, ਤਾਂ ਭਾਰਤ ਕੋਲ ਇਸ ਨੂੰ ਦੋਨੋਂ ਹੱਥਾਂ ਨਾਲ ਬੋਚ ਕੇ ਦੁਨੀਆਂ ਦੀ ਵਿਹਾਰਕ ਫੈਕਟਰੀ ਬਣਨ ਦਾ ਸੁਨਹਿਰੀ ਮੌਕਾ ਹੈ। ਡਰ ਹੈ ਕਿ ਭਾਰਤ ਉਦੋਂ ਤਕ ਅਜਿਹਾ ਨਹੀਂ ਕਰ ਸਕੇਗਾ ਜਦ ਤਕ ਇਹ ਆਰਥਿਕ ਵਿਕਾਸ ਦੀ ਤਕਨੀਕ ਨੂੰ ਤਬਦੀਲ ਨਾ ਕਰੇ ਅਤੇ ਜਦੋਂ ਤਕ ਇਹ ਚੰਗੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਬਿਹਤਰ ਪਹੁੰਚ ਨਹੀਂ ਅਪਣਾਉਂਦਾ। ਇਹ ਡਰ, ਕਿ ਭਾਰਤ ਜੇ ਆਪਣੀ ਪਹੁੰਚ ਵਿਚ ਬਦਲਾਅ ਨਹੀ ਕਰਦਾ ਤਾਂ ਸਮੱਸਿਆਵਾਂ ਦਾ ਸਾਹਮਣਾ ਕਰੇਗਾ, ਇਸ ਤੱਥ 'ਤੇ ਆਧਾਰਤ ਹੈ ਕਿ ਭਾਵੇਂ ਭਾਰਤ ਦੇ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ, 1990 ਦੇ ਆਰਥਿਕ ਸੁਧਾਰਾਂ ਦੇ ਸਮੇਂ ਤੋਂ, ਔਸਤਨ ਵਧੀਆ ਰਹੀ ਹੈ, ਪਰ ਦੂਸਰੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਕੁੱਲ ਘਰੇਲੂ ਉਤਪਾਦ ਦੇ ਹਰ ਪ੍ਰਤਿਸ਼ਤ ਨਾਲ ਘੱਟ ਨੌਕਰੀਆਂ ਪੈਦਾ ਕਰਦਾ ਨਜ਼ਰ ਆ ਰਿਹਾ ਹੈ। ਬੋਸਟਨ ਸਲਾਹਕਾਰ ਸਮੂਹ ਦੇ ਸਥਿਰ ਆਰਥਿਕ ਵਿਕਾਸ ਸਰਵੇਖਣ ਦੀ ਇਹ ਖੋਜ ਹੈ ਜੋ ਮਿਸਾਲ ਦੇ ਤੌਰ ਤੇ ਅੰਤਰਰਾਸ਼ਟਰੀ ਤੁਲਨਾਵਾਂ ਦੇ ਮੱਦੇ-ਨਜ਼ਰ ਕੀਤੀ ਗਈ। ਇਸ ਦੀ ਹਮਾਇਤ ਵਿਚ ਦੂਸਰੇ ਮੁੱਲੰਕਣ ਵੀ ਹਨ। ਇਸ ਲੇਖ ਵਿਚ ਅਸੀਂ ਸੋਚ ਅਤੇ ਸੰਸਥਾਗਤ ਵਾਸਤੂ-ਕਲਾ ਵਿਚ ਬਦਲਾਵਾਂ ਬਾਰੇ ਵਿਆਖਿਆ ਕਰਾਂਗੇ, ਜੋ ਭਾਰਤ ਦੇ ਹੋਰ ਤੇਜ਼ੀ ਨਾਲ ਨੌਕਰੀਆਂ ਪੈਦਾ ਕਰਨ ਲਈ ਜ਼ਰੂਰੀ ਹਨ। ਅਸੀਂ ਪਹਿਲਾਂ ਉਨ੍ਹਾਂ ਤਾਕਤਾਂ ਬਾਰੇ ਗੱਲ ਕਰਾਂਗੇ, ਜੋ ਵਿਸ਼ਵ (ਅਤੇ ਭਾਰਤ) ਵਿਚ ਨੌਕਰੀਆਂ ਪੈਦਾ ਕਰਨ ਅਤੇ ਹੁਨਰ ਲਈ ਵਾਤਾਵਰਨ ਨੂੰ ਆਕਾਰ ਪ੍ਰਦਾਨ ਕਰਦੀਆਂ ਹਨ। ਅਸੀਂ ਇਹ ਵੀ ਚਰਚਾ ਕਰਾਂਗੇ ਕਿ ਕਿਵੇਂ ਤਕਨਾਲੋਜੀ ਇਨ੍ਹਾਂ ਵਾਤਾਵਰਨਿਕ ਪ੍ਰਬੰਧਾਂ ਵਿਚ ਬਦਲਾਅ ਅਤੇ ਪਰੰਪਰਕ ਵਿਧੀਆਂ ਨੂੰ ਤਹਿਸ-ਨਹਿਸ ਕਰ ਰਹੀ ਹੈ। ਫਿਰ ਅਸੀਂ ਸੋਚ ਅਤੇ ਸੰਸਥਾਗਤ ਵਾਸਤੂ-ਕਲਾ ਵਿਚ ਬਦਲਾਅ ਨੂੰ ਬਿਆਨ ਕਰਾਂਗੇ ਜੋ ਭਾਰਤ ਲਈ ਇਸ ਮੌਕੇ ਨੂੰ ਸਾਂਭਣ ਲਈ ਲੋੜੀਂਦੇ ਹਨ। ਆਖਰ ਵਿਚ, ਅਸੀਂ ਸੋਚ ਅਤੇ ਹੁਨਰ ਵਿਕਾਸ ਪ੍ਰਕਿਰਿਆਵਾਂ ਦੀ ਵਾਸਤੂ-ਕਲਾ ਵਿਚ ਲੋੜੀਂਦੇ ਬਦਲਾਵਾਂ ਦਾ ਵੀ ਖਾਕਾ ਖਿੱਚਾਂਗੇ।

## ਭਾਰਤੀ ਰੁਜ਼ਗਾਰ, ਉੱਦਮਾਂ, ਤਕਨਾਲੋਜੀ, ਹੁਨਰ ਵਾਤਾਵਰਨ ਨੂੰ ਸਿਰਜਣ ਵਾਲੀਆਂ ਤਾਕਤਾਂ

ਹੁਨਰ ਆਧਾਰਿਤ ਨੌਕਰੀਆਂ ਦੇ ਵਾਤਾਵਰਨਿਕ ਪ੍ਰਬੰਧ 'ਤੇ ਮਜ਼ਬੂਤੀ ਨਾਲ ਜ਼ੋਰ ਦੇਣ ਵਾਲੀ ਤਾਕਤ ਉਹ ਦਬਾਅ ਹੁੰਦਾ ਹੈ, ਜਿਸ ਨਾਲ ਸਾਰਾ ਬਹੁਤ ਜਲਦੀ ਕੀਤਾ ਜਾ ਸਕਦਾ ਹੈ, ਜਿਵੇਂ ਕਿ ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਭਾਰਤ ਦਾ ਜਨ-ਸੰਖਿਅਕ ਲਾਭਾਂਸ਼ ਜਨ-ਸੰਖਿਅਕ ਤਬਾਹੀ ਵਿਚ ਨਾ ਬਦਲ ਜਾਵੇ। ਜਦੋਂ ਵੀ ਕਿਸੇ ਚੀਜ਼ ਨੂੰ

ਜ਼ਿਆਦਾ, ਤੇਜ਼ ਕਰਨ ਦਾ ਦਬਾਅ ਹੁੰਦਾ ਹੈ ਤਾਂ ਆਮ ਹੁੰਗਾਰਾ ਉਸ ਕੰਮ ਵਿਚ ਹੋਰ ਜ਼ਿਆਦਾ ਸਰੋਤ ਲਾਉਣ ਅਤੇ ਹੋਰ ਜ਼ਿਆਦਾ ਦਬਕਾ ਰੱਖਣ ਦਾ ਹੁੰਦਾ ਹੈ ਤਾਂ ਕਿ ਉਸ ਕੰਮ ਨੂੰ ਕੀਤਾ ਜਾ ਸਕੇ। ਪਹੁੰਚ ਨਹੀਂ ਬਦਲੀ ਜਾਂਦੀ। ਸਿਰਫ਼ ਇਸ ਆਸ ਨਾਲ ਜ਼ਿਆਦਾ ਸਰੋਤ ਅਤੇ ਅਧਿਕਾਰ ਲਾਏ ਜਾਂਦੇ ਹਨ ਕਿ ਸਮੱਸਿਆ ਖਤਮ ਹੋ ਜਾਵੇਗੀ। ਪਰ, ਜਿਵੇਂ ਕਿ ਅਲਬਰਟ ਆਈਨਸਟਾਈਨ ਦਾ ਆਖਣਾ ਸੀ, ਅਸੀਂ ਉਸੇ ਪਹੁੰਚ ਨਾਲ ਕਿਸੇ ਨਜ਼ਰ ਆਉਂਦੀ ਗੁੰਝਲਦਾਰ ਸਮੱਸਿਆ ਦਾ ਹੱਲ ਨਹੀਂ ਕਰ ਸਕੇ, ਜਿਸ ਨਾਲ ਸਮੱਸਿਆ ਪੈਦਾ ਹੋਈ ਸੀ।

ਦੁਨੀਆਂ ਭਰ ਵਿਚ ਜੇ ਈ ਟੀ ਐੱਸ ਵਾਤਾਵਰਨਿਕ ਪ੍ਰਬੰਧਾਂ 'ਤੇ ਅਸਰ ਅੰਦਾਜ਼ ਹੋਣ ਵਾਲੀ ਦੂਜੀ ਵੱਡੀ ਹਾਲਤ ਅਨਿਸ਼ਚਿਤਤਾ ਦੀ ਹੈ। ਨਵੀਆਂ ਤਕਨੀਕਾਂ ਨਾਲ ਉੱਦਮਾਂ ਅਤੇ ਨੌਕਰੀਆਂ ਦਾ ਆਕਾਰ ਬਦਲਿਆ ਜਾ ਰਿਹਾ ਹੈ। ਉਦਯੋਗਾਂ ਵਿਚ ਕ੍ਰਾਂਤੀਕਾਰੀ ਬਦਲਾਅ ਹੋਏ ਹਨ : ਪ੍ਰਚੂਨ, ਛਪਾਈ, ਜਨਤਕ ਆਵਾਜਾਈ, ਦੂਰ-ਸੰਚਾਰ ਅਤੇ ਹੋਰ ਬਹੁਤ ਸਾਰੇ ਖੇਤਰ। ਇਥੋਂ ਤਕ ਕਿ ਨਿਰਮਾਣ ਵਿਚ ਵੀ ਡਿਜ਼ੀਟਲ ਤਕਨੀਕ ਅਤੇ ਸਵੈਚਾਲਨ ਨਾਲ ਤਬਦੀਲੀਆਂ ਆ ਰਹੀਆਂ ਹਨ : ਮਿਸਾਲ ਦੇ ਲਈ ਹੁਣ 3ਡੀ ਪ੍ਰਿੰਟਰ ਵਰਤਣ ਵਾਲੀਆਂ ਛੋਟੀਆਂ ਇਕਾਈਆਂ ਦੀ ਸਮਰੱਥਾ ਵੱਡੀਆਂ ਫੈਕਟਰੀਆਂ ਵਾਲੀ ਹੋ ਸਕਦੀ ਹੈ, ਜਿਥੇ ਉਨੀਆਂ ਹੀ ਵਿਸ਼ੇਸ਼ ਮਸ਼ੀਨਾਂ ਹਨ। ਤਕਨਾਲੋਜੀ ਦਾ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ ਅਤੇ ਇਸ ਨੂੰ ਨਵੀਨਤਮ ਤਰੀਕਿਆਂ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਹ ਭਵਿੱਖਬਾਣੀ ਕਰਨੀ ਬਹੁਤ ਔਖੀ ਹੋ ਗਈ ਹੈ ਕਿ ਅਗਲੇ 10 ਸਾਲਾਂ ਵਿਚ ਫੈਕਟਰੀਆਂ ਅਤੇ ਸੇਵਾ ਉਦਯੋਗਾਂ ਦਾ ਅਕਾਰ ਕੀ ਹੋਵੇਗਾ, ਉਨ੍ਹਾਂ ਵਿਚ ਨੌਕਰੀਆਂ ਕਿਹੋ ਜਿਹੀਆਂ ਹੋਣਗੀਆਂ ਅਤੇ ਉਥੇ ਕਿਸ ਪ੍ਰਕਾਰ ਦੇ ਹੁਨਰ ਦੀ ਲੋੜ ਹੋਵੇਗੀ। ਨਾ ਸਿਰਫ਼ ਇਹ ਅਨਿਸ਼ਚਿਤਤਾ ਭਾਰਤ ਦੀ ਵਾਧੂ ਕਿਰਤ ਸ਼ਕਤੀ ਤਿਆਰ ਕਰਨ ਵਿਚ ਇਕ ਸਮੱਸਿਆ ਹੈ ਤਾਂ ਕਿ ਵਿਕਸਤ ਦੇਸ਼ਾਂ ਵਿਚ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ, ਜਿਥੇ ਨਿਰਮਾਣ ਖੇਤਰ ਅਤੇ ਸੇਵਾ ਖੇਤਰ ਦੇ ਉੱਦਮਾਂ ਨੂੰ ਨਵਾਂ ਅਕਾਰ ਦੇਣ ਸਮੇਂ ਤਕਨਾਲੋਜੀ ਦੇ ਅਸਰ ਸਾਹਮਣੇ ਆਉਣਗੇ। ਤਕਨਾਲੋਜੀ ਭਾਰਤੀ ਉੱਦਮਾਂ ਨੂੰ ਵੀ ਆਸ ਮੁਤਾਬਕ ਬਦਲ ਦੇਵੇਗੀ ਅਤੇ ਅਨੁਮਾਨ ਲਾਉਣਾ ਖ਼ਤਰਨਾਕ ਹੋਵੇਗਾ ਕਿ ਭਾਰਤ ਵਿਚ ਕਿਹੜੀਆਂ ਨੌਕਰੀਆਂ ਹੋਣਗੀਆਂ ਅਤੇ ਇਨ੍ਹਾਂ ਨੌਕਰੀਆਂ ਦੀ ਸੰਖਿਆ ਕਿੰਨੀ ਹੋਵੇਗੀ ਅਤੇ ਇਨ੍ਹਾਂ ਲਈ ਕਿਹੜੇ ਹੁਨਰ ਦੀ ਜ਼ਰੂਰਤ ਹੋਵੇਗੀ।

ਤੀਜੀ ਤਾਕਤ, ਜੋ ਭਾਰਤ ਵਿਚ ਪਹਿਲਾਂ ਹੀ ਬਹੁਤ ਮਜ਼ਬੂਤ ਹੈ, ਉਹ ਦਿਹਾਤੀ ਭਾਰਤ ਵਿਚ ਨੌਕਰੀਆਂ ਪੈਦਾ ਕਰਨ ਦੀ ਹੈ। ਜਿਵੇਂ-ਜਿਵੇਂ ਉਪਲਬਧਤਾ ਵਿਚ ਸੁਧਾਰ ਆਵੇਗਾ, ਖੇਤੀ ਵਿਚ ਕੰਮ ਕਰਨ ਲਈ ਘੱਟ ਸੰਖਿਆ ਵਿਚ ਲੋਕਾਂ ਦੀ ਲੋੜ ਪਵੇਗੀ। ਖੇਤੀ ਉਤਪਾਦਨ ਵਧਣਾ ਚਾਹੀਦਾ ਹੈ ਪਰ ਖੇਤੀਬਾੜੀ ਆਪਣੇ ਆਪ ਵਿਚ ਰੁਜ਼ਗਾਰ ਪੈਦਾ ਨਹੀਂ ਕਰੇਗੀ। ਇਸ ਕਰਕੇ ਨੌਜਵਾਨ ਭਾਰਤ ਦੇ ਤੁੰਨੇ ਹੋਏ ਅਤੇ ਤੇਜ਼ੀ ਨਾਲ ਵਿਕਸਤ ਹੋ ਰਹੇ ਸ਼ਹਿਰੀ ਸਮੂਹਾਂ ਵੱਲ ਰੋਜ਼ੀ-ਰੋਟੀ ਲਈ ਭੱਜਣਗੇ। ਭਾਰਤ ਦੇ ਸ਼ਹਿਰਾਂ ਅਤੇ ਕਸਬਿਆਂ ਨੂੰ ਸਨਮਾਨਜਨਕ ਘਰ, ਪਾਣੀ, ਸਾਫ਼-ਸਫ਼ਾਈ, ਆਵਾਜਾਈ ਅਤੇ ਸੁਰੱਖਿਆ ਆਪਣੀ ਸਮਰੱਥਾ ਤੋਂ ਵੱਧ ਵਿਅਕਤੀਆਂ ਨੂੰ ਪ੍ਰਦਾਨ ਕਰਨ ਲਈ ਤਿਆਰ ਕਰਨਾ ਪਵੇਗਾ। ਸ਼ਹਿਰਾਂ ਵਿਚ ਸਹੂਲਤਾਂ ਦੀ ਪਹਿਲਾਂ ਹੀ ਵੱਡੀ ਘਾਟ ਹੈ। ਭਾਰਤ ਸਰਕਾਰ ਦੇ ਸਮਾਰਟ ਸ਼ਹਿਰ ਅਤੇ ਏ ਐੱਮ ਆਰ ਯੂ ਟੀ ਜਿਹੇ ਪ੍ਰੋਗਰਾਮ ਇਨ੍ਹਾਂ ਲੋੜਾਂ ਦੀ ਪੂਰਤੀ ਲਈ ਸਰਗਰਮ ਕੀਤੇ ਜਾ ਰਹੇ ਹਨ। ਪਰ, ਇਹ ਆਖਣਾ ਵਾਜਬ ਹੋਵੇਗਾ ਕਿ ਅਗਲੇ ਦਹਾਕੇ ਜਾਂ ਇਸ ਤੋਂ ਵੱਧ ਸਮੇਂ ਲਈ, ਭਾਰਤ ਦੇ ਸ਼ਹਿਰ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਚੰਗੀਆਂ ਸਹੂਲਤਾਂ ਅਤੇ ਰੋਜ਼ੀ-ਰੋਟੀ ਦੇਣ ਦੀ ਹਾਲਤ ਵਿਚ ਨਹੀਂ ਹੋਣਗੇ, ਜਿਨ੍ਹਾਂ ਨੂੰ ਨੌਕਰੀਆਂ ਦੀ ਲੋੜ ਹੈ। ਇਸ ਕਰਕੇ, ਦਿਹਾਤੀ ਭਾਰਤ ਵਿਚ ਸਥਿਰ ਅਤੇ ਸਨਮਾਨਜਨਕ ਰੋਜ਼ੀ-ਰੋਟੀ ਪ੍ਰਦਾਨ ਕਰਨ, ਪੇਂਡੂ ਨੌਜਵਾਨਾਂ ਦੀਆਂ ਆਧੁਨਿਕ ਨੌਕਰੀਆਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਵਾਤਾਵਰਨਿਕ ਪ੍ਰਬੰਧਾਂ ਦੀ ਕਾਇਮੀ ਨੂੰ ਮਜ਼ਬੂਤ ਕਰਨਾ ਹੋਵੇਗਾ।

ਭਾਰਤ ਨੂੰ ਪਿੰਡ ਬਨਾਮ ਸ਼ਹਿਰ ਅਤੇ ਦਿਹਾਤੀ ਬਨਾਮ ਸ਼ਹਿਰੀ ਦੀ ਵਿਚਾਰਧਾਰਕ ਚਰਚਾ ਤੋਂ ਅਗਾਂਹ ਨਿਕਲਣਾ ਹੋਵੇਗਾ। ਚੰਗਾ ਜੀਵਨ ਬਸਰ ਕਰਨ ਲਈ ਸ਼ਹਿਰੀ ਅਤੇ ਪੇਂਡੂ ਭਾਰਤ, ਦੋਵਾਂ ਵਿਚ ਵਾਤਾਵਰਨਿਕ ਪ੍ਰਬੰਧਾਂ ਦੀ ਲੋੜ ਪਵੇਗੀ ਅਤੇ ਕਿਉਂਕਿ ਸ਼ਹਿਰੀ ਇਲਾਕਿਆਂ ਅੰਦਰ ਆਧੁਨਿਕ ਨੌਕਰੀਆਂ ਅਤੇ ਪੇਸ਼ੇ ਪ੍ਰਦਾਨ ਕਰਨ ਦੇ ਹੱਲ ਦੁਨੀਆਂ ਭਰ ਵਿਚ ਮਸ਼ਹੂਰ ਹਨ, ਜਿਵੇਂ ਕਿ ਤਕਨੀਕ ਨੇ ਇਨ੍ਹਾਂ ਵਿਚ ਬਦਲਾਅ ਲਿਆਂਦੇ ਹਨ। ਇਸ ਲਈ ਸਾਨੂੰ ਪੇਂਡੂ ਭਾਰਤ ਵਿਚ ਆਧੁਨਿਕ ਗੁਜ਼ਰ ਬਸਰ ਕਰਨ ਲਈ ਨਵੀਨਤਮ ਤਕਨੀਕਾਂ ਵਿਕਸਤ ਕਰਨੀਆਂ ਪੈਣਗੀਆਂ।

## ਨੌਕਰੀਆਂ, ਉੱਦਮ, ਤਕਨੀਕ, ਹੁਨਰ ਵਾਤਾਵਰਨ ਪ੍ਰਣਾਲੀ ਦੀ ਨਵੀਂ ਵਾਸਤੂ-ਕਲਾ

ਕਿਸੇ ਵੀ ਕੰਮ ਨੂੰ ਵੱਡੇ ਪੱਧਰ 'ਤੇ ਕਰਨ ਲਈ ਵਿਆਪਕ ਤੌਰ ਤੇ ਪ੍ਰਚਲਤ ਅਤੇ ਵਰਤਿਆ ਜਾ ਰਿਹਾ ਸਿਧਾਂਤ ਹੈ ਕਿ ਇਕ ਵਿਆਪਕ ਏਕੀਕ੍ਰਿਤ ਪ੍ਰਣਾਲੀ ਦਾ ਨਿਰਮਾਣ ਕਰੋ, ਜਿਸ 'ਤੇ ਉੱਪਰੋਂ ਮਜ਼ਬੂਤ ਪਕੜ ਹੋਵੇ। ਇਹ ਇਕੱਠਾ ਕਰਨ ਜਾਂ ਜੋੜਨ ਦੇ ਖੇਤਰ ਦਾ ਨਮੂਨਾ ਹੈ। ਇਹ ਤਰੀਕਾ ਕੰਮ ਕਰ ਸਕਦਾ ਹੈ, ਜੇ ਇਕੱਤਰ ਕਰਨ ਦੀ ਲੜੀ ਦੇ ਅੰਤ ਵਿਚ ਲੋੜੀਂਦਾ ਉਤਪਾਦਨ ਪਹਿਲਾਂ ਤੋਂ ਹੀ ਨਿਰਧਾਰਤ ਹੋਵੇ। 'ਤੁਸੀਂ ਕਿਸੇ ਵੀ ਰੰਗ ਦੀ ਕਾਰ ਲੈ ਸਕਦੇ ਹੋ ਜਦ ਤਕ ਇਹ ਕਾਲੀ ਹੈ' ਹੈਨਰੀ ਫੋਰਡ ਵਲੋਂ ਇਹ ਆਖਿਆ ਗਿਆ ਦੱਸਿਆ ਜਾਂਦਾ ਹੈ। ਫੋਰਡ ਦੇ ਸਮੇਂ ਤੋਂ ਫੈਕਟਰੀਆਂ ਕਿਤੇ ਜ਼ਿਆਦਾ ਲਚਕਦਾਰ ਹੋ ਗਈਆਂ ਹਨ। ਫਿਰ ਵੀ, ਮੋਬਾਈਲ ਫ਼ੋਨ ਬਣਾਉਣ ਵਾਲੀ ਫੈਕਟਰੀ ਕਈ ਕਿਸਮ ਦੇ ਮੋਬਾਈਲ ਬਣਾ ਸਕਦੀ ਹੈ ਪਰ ਇਹ ਕੱਪੜੇ ਜਾਂ ਕਾਰਾਂ ਨਹੀਂ ਬਣਾ ਸਕਦੀ। ਨੀਤੀ ਘਾੜਿਆਂ ਅਤੇ ਸੰਸਥਾਨ ਨਿਰਮਾਤਾਵਾਂ ਦੇ ਸਾਹਮਣੇ 21ਵੀਂ ਸਦੀ ਵਿਚ ਚੁਨੌਤੀ, ਜਿਵੇਂ ਕਿ ਪਹਿਲਾਂ ਬਿਆਨ ਕੀਤਾ ਗਿਆ ਹੈ ਕਿ ਕਿਹੜਾ ਕੰਮ ਕਰਨ ਦੀ ਲੋੜ ਹੈ ਅਤੇ ਕਿਹੜੇ ਹੁਨਰ ਦੀ ਜ਼ਰੂਰਤ ਪਵੇਗੀ, ਇਹ ਹੁਣ ਸਟੀਕ ਤਰੀਕੇ ਨਾਲ ਭਵਿੱਖਬਾਣੀ ਕਰਨੀ ਔਖੀ ਹੈ। ਹੁਨਰ ਦੇ ਵਿਕਾਸ ਲਈ ਇਕੱਤਰ ਜਾਂ ਜੋੜਨ ਵਾਲੀ ਲੜੀ ਜਾਂ ਰੇਖਿਕ ਪੂਰਤੀ ਕੜੀ ਦੇ ਨਮੂਨੇ ਹੋਰ ਜ਼ਿਆਦਾ ਕੰਮ ਨਹੀਂ ਕਰਨਗੇ।

ਵਿਆਪਕ ਹੁਨਰ ਵਿਕਾਸ ਦੀ ਪਹੁੰਚ, ਜੋ ਵੱਖ-ਵੱਖ ਕਿੱਤਿਆਂ ਵਿਚਲੇ ਵਿਅਕਤੀਆਂ ਦੇ ਅੰਦਾਜ਼ੇ ਨਾਲ ਸ਼ੁਰੂ ਹੁੰਦੀ ਹੈ, ਜਿਨ੍ਹਾਂ ਦੀ ਭਵਿੱਖ ਦੇ ਕੁਝ ਸਾਲਾਂ ਦੌਰਾਨ ਆਰਥਿਕਤਾ ਵਿਚ ਲੋੜ ਹੋਵੇਗੀ, ਅਜਿਹੀ ਪਹੁੰਚ ਉੱਦਮਾਂ ਵਾਸਤੇ ਲੋੜੀਂਦੇ ਹੁਨਰ ਵਾਲੇ ਵਿਅਕਤੀ ਅਤੇ ਅਸਲ ਵਿਚ ਪੈਦਾ ਹੋਣ ਵਾਲੀਆਂ ਨੌਕਰੀਆਂ ਪੈਦਾ ਕਰਨ ਵਿਚ ਅਸਫ਼ਲ ਹੋਵੇਗੀ। ਰੇਖਿਕ ਹੁਨਰ ਵਿਕਾਸ ਪੂਰਤੀ ਲੜੀ ਦੀ ਲੰਬਾਈ ਸਮੇਂ ਦੇ ਲਿਹਾਜ਼ ਨਾਲ ਬਹੁਤ ਲੰਮੀ ਹੋ ਸਕਦੀ ਹੈ, ਜੋ ਕਈ ਸਾਲਾਂ ਤਕ ਜਾ ਸਕਦੀ ਹੈ। ਪਿੱਛੇ ਵੱਲ ਮੁੜ ਕੇ ਵੇਖੀਏ, ਹੁਨਰ ਨਿਰਧਾਰਨ ਅਤੇ ਫੈਕਟਰੀਆਂ ਨੂੰ ਕਿੰਨੀ ਸੰਖਿਆ

ਦੀ ਲੋੜ ਪਵੇਗੀ, ਤਕਨੀਕੀ ਸੰਸਥਾਨਾਂ ਨੂੰ ਲੋੜੀਂਦੀ ਗਿਣਤੀ ਅਤੇ ਹੁਨਰ ਪੈਦਾ ਕਰਨੇ ਹੋਣਗੇ। ਤਕਨੀਕੀ ਸੰਸਥਾਨਾਂ ਨੂੰ ਸਲਾਹ ਦੇਣ ਲਈ, ਸਾਡੇ ਸਕੂਲਾਂ ਅਤੇ ਕਾਲਜਾਂ ਨੂੰ ਵਿਦਿਆਰਥੀਆਂ ਨੂੰ ਮੁਢਲੀ ਕਿੱਤਾ-ਮੁਖੀ ਹੁਨਰ ਦੀ ਸਿਖਲਾਈ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਅਸੀਂ ਪੂਰਤੀ ਲੜੀ ਨੂੰ ਪਰਿਭਾਸ਼ਿਤ ਕਰਦੇ ਹਾਂ, ਜੋ ਇਕ ਨੌਜਵਾਨ ਵਿਅਕਤੀ ਦੀ ਜ਼ਿੰਦਗੀ ਦੇ ਅਨੇਕ ਵਰ੍ਹੇ ਚਲਦੀ ਹੈ। ਉਹ ਇੱਛਤ ਨੌਕਰੀ ਦੀ ਤਲਾਸ਼ ਵਿਚ ਜ਼ਿੰਦਗੀ ਦੇ ਸ਼ੁਰੂ ਵਿਚ ਨਿਕਲ ਸਕਦਾ ਹੈ ਅਤੇ ਆਪਣੇ ਆਪ ਨੂੰ ਕਿਸੇ ਵਿਸ਼ੇਸ਼ਤਾਈ ਵਿਚ ਢਾਲ ਸਕਦਾ ਹੈ। ਜਦੋਂ ਬਹੁਤ ਸਾਰੇ ਵਰ੍ਹਿਆਂ ਬਾਅਦ ਉਸ ਨੂੰ ਪਤਾ ਲਗਦਾ ਹੈ ਕਿ ਜਿਨ੍ਹਾਂ ਨੌਕਰੀਆਂ ਵਾਸਤੇ ਉਹ ਯੋਗ ਹੈ, ਉਹ ਹੁਣ ਢੁਕਵੀਂ ਗਿਣਤੀ ਵਿਚ ਮਿਲਦੀਆਂ ਹੀ ਨਹੀਂ ਤਾਂ ਉਹ ਨਿਰਾਸ਼, ਸਿੱਖਿਅਤ ਪਰ ਬੇਰੁਜ਼ਗਾਰ ਨੌਜਵਾਨਾਂ ਦੀ ਜਮਾਤ ਵਿਚ ਸ਼ਾਮਿਲ ਹੋ ਜਾਂਦਾ ਹੈ, ਜੋ ਸਮਾਜਿਕ ਅਸ਼ਾਂਤੀ ਨੂੰ ਭੜਕਾਉਣ ਦਾ ਬਾਲਣ ਹੁੰਦੇ ਹਨ।

ਸਪੱਸ਼ਟ ਤੌਰ ਤੇ, ਸਾਨੂੰ ਵੱਖਰੀ ਵਾਸਤੂ-ਕਲਾ ਵਾਲੀ ਵਾਤਾਵਰਨ ਪ੍ਰਣਾਲੀ ਦੀ ਲੋੜ ਹੈ। ਇਹ ਪ੍ਰਣਾਲੀ ਸੱਤ ਬੁਨਿਆਦੀ ਸਿਧਾਂਤਾਂ 'ਤੇ ਆਧਾਰਤ ਹੋਣੀ ਚਾਹੀਦੀ ਹੈ।

1. ਦੱਸੇ ਗਏ ਕਾਰਨਾਂ ਕਰਕੇ ਇਸ ਨੂੰ ਪੂਰਤੀ ਲੜੀ ਜਾਂ ਇਕੱਤਰ ਕਰਨ ਦੀ ਲੜੀ ਵਾਂਗ ਨਹੀਂ ਬਣਾਇਆ ਜਾ ਸਕਦਾ। ਇਹ ਅੰਤਮ ਜ਼ਰੂਰਤਾਂ ਦੇ ਹਿਸਾਬ ਨਾਲ ਬਣਾਈ ਪ੍ਰਣਾਲੀ ਨਹੀਂ ਹੋਣੀ ਚਾਹੀਦੀ। ਸਗੋਂ ਇਸ ਨੂੰ ਇਸ ਤਰੀਕੇ ਨਾਲ ਬਣਾਇਆ ਜਾਵੇ ਕਿ ਨੌਜਵਾਨ ਨਵੇਂ ਮੌਕੇ ਅਤੇ ਪੈਦਾ ਹੋ ਰਹੀਆਂ ਨਵੀਆਂ ਨੌਕਰੀਆਂ ਲੱਭਣ ਦੇ ਕਾਬਲ ਹੋਣ ਅਤੇ ਲੋੜੀਂਦਾ ਹੁਨਰ ਤੇਜ਼ੀ ਨਾਲ ਸਿੱਖਣ ਦੇ ਸਮਰੱਥ ਹੋਣ।

2. ਜ਼ਿਆਦਾ ਜ਼ੋਰ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆਰਥੀ ਬਣਾਉਣ 'ਤੇ ਹੋਣਾ ਚਾਹੀਦਾ ਹੈ। ਵਿਸ਼ਵਵਿਦਿਆਲਿਆਂ, ਤਕਨੀਕੀ ਸੰਸਥਾਨਾਂ ਅਤੇ ਸਕੂਲਾਂ ਵਿਚ ਪੜ੍ਹਾਈ ਦਾ ਜ਼ਿਆਦਾ ਜ਼ੋਰ ਬਿਹਤਰ ਸਿੱਖਿਆਰਥੀ ਦੇ ਤੌਰ ਤੇ ਵਿਕਸਤ ਕਰਨ 'ਤੇ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਚੰਗੇ ਕਾਮੇ। ਅਸਲ ਵਿਚ, ਜਿਵੇਂ ਕਿ ਅਸੀਂ ਉਦਾਹਰਣ ਵਿਚ ਵੀ ਵੇਖਾਂਗੇ, ਰੋਜ਼ੀ-ਰੋਟੀ ਪੈਦਾ ਕਰਨ ਵਾਲੇ ਉੱਦਮਾਂ ਦਾ ਜ਼ਿਆਦਾ ਜ਼ੋਰ ਮੁੱਖ ਤੌਰ ਤੇ ਉੱਦਮ ਲਾਉਣ ਵਾਲਿਆਂ ਅਤੇ ਰੁਜ਼ਗਾਰ ਚਾਹੁਣ ਵਾਲਿਆਂ ਅੰਦਰ ਸਿੱਖਣ ਦੀ ਕਾਬਲੀਅਤ ਦਾ ਵਿਕਾਸ ਕਰਨ 'ਤੇ ਹੋਣਾ ਚਾਹੀਦਾ ਹੈ।

3. ਮਾਲਕ ਕਿਸੇ ਵੀ ਹੁਨਰ ਵਿਕਾਸ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਹੋਣੇ ਚਾਹੀਦੇ ਹਨ, ਨਾ ਕੇਵਲ ਇਸ ਦੇ ਗਾਹਕ। ਗਤੀਸ਼ੀਲ ਮੁਕਾਬਲੇ ਵਿਚ ਬਣੇ ਰਹਿਣ ਲਈ ਮਾਲਕਾਂ ਨੂੰ ਬਦਲਦੇ ਪਰਿਪੇਖਾਂ ਅਨੁਸਾਰ ਆਪਣੇ ਉੱਦਮਾਂ ਨੂੰ ਮੁੜ-ਆਕਾਰ ਦਿੰਦੇ ਰਹਿਣਾ ਚਾਹੀਦਾ ਹੈ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਹੁਣ ਤੋਂ ਕਿਤੇ ਵੱਧ ਤੇਜ਼ੀ ਨਾਲ ਵਾਪਰੇਗਾ। ਇਸ ਕਾਰਨ ਉੱਦਮਾਂ ਨੂੰ ਆਪਣੀਆਂ ਪ੍ਰਕਿਰਿਆਵਾਂ ਲਗਾਤਾਰ ਬਦਲਣੀਆਂ ਹੋਣਗੀਆਂ ਅਤੇ ਕਾਮਿਆਂ ਤੋਂ ਆਸ ਕੀਤੇ ਜਾਂਦੇ ਹੁਨਰ ਨੂੰ ਵੀ ਬਦਲਦੇ ਰਹਿਣਾ ਹੋਵੇਗਾ। ਕਿਉਂਕਿ ਬਦਲਾਅ ਤੇਜ਼ੀ ਨਾਲ ਵਾਪਰਨਗੇ, ਸਿਰਫ਼ ਉਹ ਥਾਂ ਜਿਥੇ ਕਰਮਚਾਰੀ ਆਪਣੇ ਹੁਨਰ ਨੂੰ ਸਾਣ 'ਤੇ ਲਾ ਕੇ ਨਵੇਂ ਹੁਨਰ ਸਿੱਖ ਸਕਣਗੇ, ਉਹ ਕੰਮ ਵਾਲੀ ਥਾਂ ਹੋਵੇਗੀ ਜਿਥੇ ਨਵੀਆਂ ਪ੍ਰਕਿਰਿਆਵਾਂ ਅਤੇ ਤਕਨੀਕਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

4. ਮੁਕਾਬਲੇਬਾਜ਼ੀ ਵਿਸ਼ਵ ਪੱਧਰ ਦੀ ਹੋਵੇਗੀ, ਮਤਲਬ ਇਹ ਨਾ ਕੇਵਲ ਦੂਜੇ ਦੇਸ਼ਾਂ ਤੋਂ ਆਵੇਗੀ; ਸਗੋਂ ਉਦਯੋਗਾਂ ਦੀਆਂ ਵਰਤਮਾਨ ਸੀਮਾਵਾਂ ਤੋਂ ਬਾਹਰੋਂ ਵੀ ਆਵੇਗੀ। ਸਿਰਫ਼ ਉਹੀ ਉੱਦਮ (ਅਤੇ ਮਾਲਕ) ਸਫ਼ਲ ਹੋਣਗੇ ਜੋ ਦੂਜੇ ਉੱਦਮਾਂ ਦੇ ਮੁਕਾਬਲੇ ਤੇਜ਼ੀ ਨਾਲ ਸਿੱਖਣ ਅਤੇ ਆਪਣੇ ਆਪ ਨੂੰ ਬਦਲਣ ਦੇ ਸਮਰੱਥ ਹੋਣਗੇ। ਇਸ ਕਰਕੇ ਉੱਦਮਾਂ ਨੂੰ ਤੇਜ਼ ਅਤੇ ਬਿਹਤਰ 'ਸਿੱਖਣ ਵਾਲੇ' ਉੱਦਮ ਬਣਨਾ ਹੋਵੇਗਾ।

5. ਕਿਸੇ ਵੀ ਉੱਦਮ ਕੋਲ ਇਕ ਮਾਤਰ ਸਰੋਤ ਜੋ ਸਿੱਖਣ ਦੀ ਯੋਗਤਾ ਅਤੇ ਆਪਣੀਆਂ ਸਮਰੱਥਾਵਾਂ ਵਿਚ ਸੁਧਾਰ ਕਰਨ ਦਾ ਹੈ, ਉਹ ਇਨਸਾਨ ਹੀ ਹਨ। ਕੇਵਲ ਮਨੁੱਖ ਹੀ ਕਿਸੇ ਉੱਦਮ ਦੇ ਵਧਦੇ ਹੋਏ ਸਰਮਾਏ ਹਨ, ਜਿਨ੍ਹਾਂ ਦੀ ਕੀਮਤ, ਸਮੇਂ ਦੇ ਨਾਲ ਲਈ ਸਿੱਖਿਆ ਕਰਕੇ ਵਧਦੀ ਹੀ ਜਾਵੇਗੀ। ਉੱਦਮਾਂ ਦੇ ਬਾਕੀ ਸਰੋਤਾਂ ਦੀ ਕੀਮਤ – ਭਾਵੇਂ ਉਹ ਮਸ਼ੀਨਰੀ, ਸਾਮਾਨ, ਇਮਾਰਤਾਂ ਹੋਣ, ਇਹ ਸਮੇਂ ਨਾਲ ਘਟਦੀ ਜਾਵੇਗੀ। ਇਸ ਕਰਕੇ ਤੇਜ਼ੀ ਨਾਲ ਬਦਲ ਰਹੀ ਦੁਨੀਆਂ ਵਿਚ ਮਾਲਕਾਂ ਨੂੰ ਆਪਣੇ ਉੱਦਮਾਂ ਦਾ 'ਮਨੁੱਖੀਕਰਨ' ਕਰਨਾ ਪਵੇਗਾ, ਨਾ ਕੇਵਲ ਤਕਨਾਲੋਜੀ ਦੇ ਆਸਰੇ ਉਨ੍ਹਾਂ ਦਾ ਡਿਜ਼ੀਟਲੀਕਰਨ।

6. ਜੇ ਈ ਟੀ ਐੱਸ ਵਾਤਾਵਰਨ ਪ੍ਰਣਾਲੀ ਦੀ ਵਾਸਤੂਕਲਾ ਗਤੀਸ਼ੀਲ ਨੈੱਟਵਰਕ ਹੋਵੇਗੀ, ਕੱਸੀ ਹੋਈ ਪੂਰਤੀ ਲੜੀ ਨਹੀਂ। ਇਹ ਨੈੱਟਵਰਕ ਉਨ੍ਹਾਂ ਉੱਦਮਾਂ ਦੁਆਰਾ ਬਣਾਇਆ ਜਾਵੇਗਾ ਜੋ ਵੱਖ-ਵੱਖ ਸਰਗਰਮੀਆਂ ਵਿਚ ਮੁਹਾਰਤ ਰੱਖਦੇ ਹਨ ਅਤੇ ਲੋਕਾਂ ਨੂੰ ਸਿੱਖਣ ਵਿਚ ਮਦਦ ਕਰਕੇ ਹਨ, ਜਿਵੇਂ-ਜਿਵੇਂ ਨੌਕਰੀਆਂ ਅਤੇ ਉੱਦਮ ਨਵੇਂ ਹੰਗਾਮੀ ਹਾਲਾਤ ਅਖ਼ਤਿਆਰ ਕਰਦੇ ਹਨ। ਸਮੱਗਰੀ ਵਿਕਾਸ, ਸਿਖਲਾਈ ਸਹਾਇਤਾ, ਅਧਿਆਪਕ ਨਿਰਮਾਣ, ਉੱਦਮਾਂ ਨੂੰ ਸਲਾਹ ਆਦਿ ਪ੍ਰਦਾਨ ਕਰਨ ਲਈ ਮਾਹਿਰ ਹੋਣਗੇ। ਉਹ ਇਕੋ ਜਿਹੀ ਸੇਵਾ ਦੇਣ ਲਈ ਇਕ-ਦੂਜੇ ਨਾਲ ਖਹਿਣਗੇ; ਉਨ੍ਹਾਂ ਵਿਚੋਂ ਜਿਹੜੇ ਬਿਹਤਰ ਮੁੱਲ ਦੇ ਸਕਣਗੇ, ਉਹ ਅੱਗੇ ਵਧ ਜਾਣਗੇ। ਜੇ ਈ ਟੀ ਐੱਸ ਵਾਤਾਵਰਨ ਪ੍ਰਣਾਲੀ ਅੰਦਰ ਨਵੀਨਤਾ ਪ੍ਰਫੁਲਤ ਹੋਣੀ ਜ਼ਰੂਰੀ ਹੈ।

7. ਸਰਕਾਰ ਦੀ ਮੁੱਖ ਭੂਮਿਕਾ 'ਗਾਹਕ' ਦੇ ਹਿਤ ਮਾਪਦੰਡਾਂ ਨਾਲ ਸੁਰੱਖਿਅਤ ਕਰਨ ਦੀ ਹੋਵੇਗੀ, ਜਿਨ੍ਹਾਂ ਦੀ ਉੱਦਮਾਂ ਨੂੰ ਪਾਲਣਾ ਕਰਨੀ ਪਵੇਗੀ। ਇਸ ਨੂੰ ਮੁਕਾਬਲੇਬਾਜ਼ੀ ਦਾ ਨਿਯਮਨ ਕਰਨਾ ਹੋਵੇਗਾ ਅਤੇ ਸਥਾਪਿਤ ਉੱਦਮਾਂ ਨੂੰ ਨਵੇਂ ਸਿਖਿਆਰਥੀਆਂ ਦੀ ਭੀੜ ਇਕੱਤਰ ਕਰਨ ਤੋਂ ਵਰਜਣਾ ਹੋਵੇਗਾ। ਸਰਕਾਰ ਨੂੰ ਹੁਨਰ ਵਿਕਾਸ ਪ੍ਰਕਿਰਿਆ ਤਹਿਤ ਉਠਾਏ ਜਾਣ ਵਾਲੇ ਕਦਮਾਂ ਲਈ 'ਸਾਂਝੀਆਂ' ਸਹੂਲਤਾਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ, ਜੋ ਛੋਟੇ ਉੱਦਮ ਆਪਣੇ ਤੌਰ ਤੇ ਪ੍ਰਦਾਨ ਨਹੀਂ ਕਰ ਸਕਦੇ। ਇਥੇ ਵੀ ਨਿਯਮ ਇਹ ਹੋਣਾ ਚਾਹੀਦਾ ਹੈ ਕਿ ਉੱਦਮਾਂ ਦੇ ਮਾਲਕ ਹੀ ਹੁਨਰ ਵਿਕਾਸ ਗੁਣਵੱਤਾ ਦੀ ਜ਼ਿੰਮੇਵਾਰੀ ਲੈਣ। ਇਸ ਕਰਕੇ ਜਿਥੋਂ ਤਕ ਸੰਭਵ ਹੋ ਸਕੇ, ਇਨ੍ਹਾਂ ਸਾਂਝੀਆਂ ਸਹੂਲਤਾਂ ਨੂੰ ਮਾਲਕਾਂ ਵਲੋਂ ਸਹਿਕਾਰੀ ਉੱਦਮਾਂ ਦੀ ਤਰਜ਼ 'ਤੇ ਚਲਾਉਣਾ ਚਾਹੀਦਾ ਹੈ, ਭਾਵੇਂ ਕਿ ਸਰਕਾਰ ਦੀ ਸਹਾਇਤਾ ਨਾਲ ਹੀ।

## ਜੇ ਈ ਟੀ ਐੱਸ ਵਿਚ ਨਵੀਨਤਾਵਾਂ

ਹੁਣ ਤਕ ਅਸੀਂ ਨੌਕਰੀਆਂ, ਉੱਦਮਾਂ, ਤਕਨਾਲੋਜੀ, ਹੁਨਰ, ਵਾਤਾਵਰਨ ਪ੍ਰਣਾਲੀ ਦੀ ਬਦਲਦੀ ਤਕਨੀਕ ਦਾ ਉੱਚ ਪੱਧਰੀ ਮੁਤਾਲਿਆ ਕੀਤਾ ਹੈ, ਜਿਵੇਂ ਕਿ ਚੰਦਰਮਾ ਤੋਂ ਧਰਤੀ ਦੇ ਮੌਸਮਾਂ ਬਾਰੇ ਜਾਇਜ਼ਾ ਲੈਣਾ। ਹੁਣ ਅਸੀਂ ਜ਼ਮੀਨ 'ਤੇ ਆਵਾਂਗੇ ਅਤੇ ਵੇਖਾਂਗੇ ਕਿ ਇਹ ਵਾਸਤੂ-ਕਲਾ ਸਿਧਾਂਤ ਨਵੀਨਤਮ ਉੱਦਮਾਂ ਨੂੰ ਅਕਾਰ ਦੇ ਰਹੇ

ਹਨ, ਜੋ ਨਾਲ ਹੀ ਨਾਲ ਨੌਜਵਾਨਾਂ ਨੂੰ ਨਵੇਂ ਹੁਨਰ ਸਿੱਖਣ ਅਤੇ ਨਵੇਂ ਉੱਦਮ ਪੈਦਾ ਕਰਨ ਦੇ ਕਾਬਲ ਬਣਾ ਰਹੇ ਹਨ।

ਸ਼ੁਰੂ ਵਿਚ ਹੀ ਸਾਨੂੰ ਆਖਣਾ ਪਵੇਗਾ ਕਿ ਜੋ ਮਾਮਲਾ ਅਸੀਂ ਇਥੇ ਪੇਸ਼ ਕਰ ਰਹੇ ਹਾਂ, ਉਹ ਸਿਰਫ਼ ਇਕ ਉਦਾਹਰਨ ਹੈ, ਭਾਵੇਂ ਕਿ ਚੰਗੀ ਉਦਾਹਰਣ ਅਤੇ ਹੋਰ ਬਹੁਤ ਸਾਰੀਆਂ ਵੀ ਹਨ, ਜਿਵੇਂ ਕਿ ਜਾਣੀ-ਪਛਾਣੀ ਬੇਅਰਫੁਟ ਅਕੈਡਮੀ ਅਤੇ ਕਈ ਹੋਰ। ਬਹੁਤ ਸਾਰੀਆਂ ਪੁਰਾਣੀਆਂ ਉਦਾਹਰਣਾਂ ਵਿਚ ਤਕਨਾਲੋਜੀ ਨੂੰ ਪ੍ਰਮੁੱਖ ਕਾਰਕ ਦੇ ਤੌਰ ਤੇ ਇਸਤੇਮਾਲ ਨਹੀਂ ਕੀਤਾ ਗਿਆ, ਜਦ ਕਿ ਜੋ ਹਾਲ ਹੀ ਵਿਚ ਬਣਾਈਆਂ ਗਈਆਂ, ਜਿਵੇਂ ਕਿ ਇਕ ਜਿਸ ਦਾ ਅਸੀਂ ਜ਼ਿਕਰ ਕਰ ਰਹੇ ਹਾਂ, ਤਕਨੀਕ ਦਾ ਵਿਆਪਕ ਇਸਤੇਮਾਲ ਕਰ ਰਹੇ ਹਨ।

## ਹੁਨਰ ਵਿਕਾਸ ਦਾ ਨਵਾਂ ਰੂਪ

ਰੋਜ਼ੀ-ਰੋਟੀ ਨੂੰ 'ਸਹਾਇਤਾ ਜਾਂ ਗੁਜ਼ਾਰੇ' ਦਾ ਸਾਧਨ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਪਰ ਅੱਜ ਸਾਡਾ ਨੌਜਵਾਨ ਤਬਕਾ ਇਸ ਨੂੰ ਮੁਜ਼ਾਰੇ ਤਕ ਹੀ ਸੀਮਤ ਨਹੀਂ ਮੰਨਦਾ ਸਗੋਂ ਉਹ ਇਸ ਨੂੰ ਆਪਣੇ ਕੈਰੀਅਰ ਵਜੋਂ ਲੈਂਦਾ ਹੈ, ਜੋ ਆਮਦਨ ਵੀ ਦਿੰਦਾ ਹੈ ਅਤੇ ਸਮਾਜ ਵਿਚ ਇੱਜ਼ਤ-ਮਾਣ ਵੀ। ਕਿਉਂਕਿ ਪੇਂਡੂ ਭਾਰਤ ਵਿਚ ਸ਼ਾਇਦ ਹੀ ਕੋਈ 'ਕੈਰੀਅਰ' ਜਾਂ ਆਧੁਨਿਕ ਨੌਕਰੀਆਂ ਹਨ, ਪਰ ਜ਼ਿਆਦਾਤਰ ਰਵਾਇਤੀ ਗੁਜ਼ਰ-ਬਸਰ ਹੈ, ਦਿਹਾਤੀ ਨੌਜਵਾਨ ਸ਼ਹਿਰੀ ਬਸਤੀਆਂ ਵੱਲ ਪਰਵਾਸ ਕਰਨ ਲਈ ਮਜਬੂਰ ਹੋ ਜਾਂਦਾ ਹੈ, ਜਿਥੇ ਉਹ ਕੋਈ ਵੀ ਨੌਕਰੀ ਕਰਨ ਜਾਂ ਕੈਰੀਅਰ ਦਾ ਮੌਕਾ ਸਾਂਭ ਲੈਂਦੇ ਹਨ, ਜੋ ਇਕ ਵੱਡਾ ਸ਼ਹਿਰ ਉਨ੍ਹਾਂ ਨੂੰ ਦੇ ਸਕਦਾ ਹੈ। ਮੈਕਿੰਜ਼ੇ ਦੀ ਇਕ ਹਾਲੀਆ ਰਿਪੋਰਟ ਦੇ ਮੁਤਾਬਕ ਭਾਰਤ ਨੂੰ ਅਗਲੇ 10 ਸਾਲਾਂ ਵਿਚ 115 ਮਿਲੀਅਨ ਨੌਜਵਾਨ ਕਿਰਤ ਸ਼ਕਤੀ ਵਿਚ ਜਜ਼ਬ ਕਰਨੇ ਪੈਣਗੇ। ਵੱਡੇ ਅਤੇ ਰਸਮੀ ਸੰਗਠਨ, ਜੋ ਉਨ੍ਹਾਂ ਨੂੰ ਕੈਰੀਅਰ ਪ੍ਰਦਾਨ ਕਰ ਸਕਦੇ ਹਨ, ਉਨ੍ਹਾਂ ਸਾਰਿਆਂ ਨੂੰ ਕਦੇ ਵੀ ਜਜ਼ਬ ਨਹੀਂ ਕਰ ਸਕਣਗੇ।

ਸੋ, ਅਸੀਂ ਕੈਰੀਅਰ ਦੀਆਂ ਉਮੀਦਾਂ ਕਿਵੇਂ ਪੂਰੀਆਂ ਕਰਾਂਗੇ? ਜਵਾਬ ਹੈ, ਇਕ ਵਾਜਬ ਕੈਰੀਅਰ ਵਿਕਲਪ ਦੇ ਤੌਰ ਤੇ ਉੱਦਮਤਾ ਦਾ ਨਿਰਮਾਣ ਕਰਕੇ। ਸਿਰ ਉੱਚਾ ਰੱਖਿਆ, ਇਸ ਦੀ ਇਕ ਸਫ਼ਲ ਮਿਸਾਲ ਹੈ ਅਤੇ ਉਹ ਵੀ ਪੇਂਡੂ ਭਾਰਤ ਵਿਚ ਜਿਥੇ ਆਧੁਨਿਕ ਗੁਜ਼ਰ-ਬਸਰ ਲਈ ਹੋਰ ਬਹੁਤ ਸਾਰੇ ਮੌਕੇ ਤੇਜ਼ੀ ਨਾਲ ਪੈਦਾ ਕਰਨ ਦੀ ਲੋੜ ਹੈ। ਐੱਚ ਐੱਚ ਐੱਚ ਦੇ ਸਰਵੇਖਣ ਪ੍ਰਗਟਾਵਾ ਕਰਦੇ ਹਨ ਕਿ ਅਜਿਹੇ ਨੌਜਵਾਨਾਂ ਦੀ ਵੱਡੀ ਗਿਣਤੀ ਹੈ ਜਿਨ੍ਹਾਂ ਨੂੰ ਜੇ ਲਾਭਕਾਰੀ ਰੁਜ਼ਗਾਰ ਮਿਲੇ ਤਾਂ ਉਹ ਆਪਣੇ ਜ਼ਿਲ੍ਹਿਆਂ ਦੇ ਆਸ-ਪਾਸ ਰਹਿਣਾ ਪਸੰਦ ਕਰਨਗੇ। ਭਾਰਤ ਅੰਦਰ ਨੌਕਰੀਆਂ ਦੀ ਚੁਨੌਤੀ ਦਾ ਹੱਲ ਹੋਰ ਨੌਜਵਾਨਾਂ ਨੂੰ ਉੱਦਮੀ ਬਣਨ ਲਈ ਉਤਸ਼ਾਹਿਤ ਕਰਨਾ ਹੈ ਨਾ ਕਿ ਨੌਕਰੀ ਮੰਗਣ ਵਾਲੇ, ਜੋ ਆਪਣੇ ਜ਼ਿਲ੍ਹਿਆਂ ਅੰਦਰ ਹੋਰ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨਗੇ।

ਪੇਂਡੂ ਭਾਰਤ ਬਾਰੇ ਇਕ ਆਮ ਗਲਤ ਧਾਰਨਾ ਬਣੀ ਹੋਈ ਹੈ। ਕਈਆਂ ਦਾ ਮੰਨਣਾ ਹੈ ਕਿ ਪੇਂਡੂ ਭਾਰਤ ਵਿਚ ਆਧੁਨਿਕ ਨੌਕਰੀਆਂ, ਕਰੀਅਰ ਦੀ ਕਾਬਲੀਅਤ ਸੀਮਤ ਹੈ, ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਅਜਿਹਾ ਕੰਪਿਊਟਰ ਸਾਖਰਤਾ, ਸੰਚਾਰ ਹੁਨਰ, ਤਰਕਸੰਗਤ ਵਿਚਾਰ, ਫ਼ੈਸਲਾ ਲੈਣ ਦੀ ਸਮਰੱਥਾ ਆਦਿ ਦੀ ਕਮੀ ਕਰਕੇ ਹੈ। ਪਰ ਜੇ ਧਿਆਨ ਨਾਲ ਵੇਖੀਏ ਤਾਂ ਪਤਾ ਚੱਲੇਗਾ ਕਿ ਪੇਂਡੂ ਭਾਰਤ ਦਾ ਡੀ ਐੱਨ ਏ ਬਦਲ ਰਿਹਾ ਹੈ। ਪਿੰਡਾਂ ਦੀ ਜਵਾਨ ਹੋ ਰਹੀ ਨੌਜਵਾਨ ਪੀੜ੍ਹੀ ਦੀ ਜਾਣਕਾਰੀ ਤਕ ਪਹੁੰਚ ਸ਼ਹਿਰੀ ਪੱਧਰ ਦੀ ਹੈ। ਕਈ ਵਾਰ ਤਾਂ ਸਿੱਖਣ, ਉੱਦਮੀ ਭਾਵਨਾ ਅਤੇ ਦੁਨਿਆਵੀ ਇੱਛਾਵਾਂ ਪੂਰੀਆਂ ਕਰਨ ਦੀ ਭੁੱਖ ਹੋਰ ਵੀ ਜ਼ਿਆਦਾ ਹੈ।

ਇਕ ਆਮ ਧਾਰਨਾ ਹੈ ਕਿ ਪੇਂਡੂ ਭਾਰਤ ਵਿਚ ਤਕਨੀਕ ਦੀ ਕਮੀ ਹੈ ਪਰ ਐੱਚ ਐੱਚ ਐੱਚ ਵਲੋਂ ਉੱਤਰੀ ਕਰਨਾਟਕ ਦੇ 4 ਜ਼ਿਲ੍ਹਿਆਂ ਦੇ ਸਰਵੇਖਣ ਤਹਿਤ ਲਿਆਂਦੇ 1000 ਵਿਅਕਤੀਆਂ ਵਿਚੋਂ 53 ਪ੍ਰਤਿਸ਼ਤ ਨੇ ਸਮਾਰਟ ਫ਼ੋਨ ਇਸਤੇਮਾਲ ਕੀਤਾ ਹੈ ਅਤੇ 73 ਪ੍ਰਤਿਸ਼ਤ ਦੇ ਮੋਬਾਈਲ 'ਤੇ ਇੰਟਰਨੈੱਟ ਹੈ।ਇਕ ਹੋਰ ਈ-ਕਾਮਰਸ ਸਰਵੇਖਣ ਜੋ 100 ਵਿਅਕਤੀਆਂ 'ਤੇ ਕੀਤਾ ਗਿਆ, ਉਨ੍ਹਾਂ ਵਿਚੋਂ 90 ਪ੍ਰਤਿਸ਼ਤ ਨੂੰ ਆਨਲਾਈਨ ਖਰੀਦਾਰੀ ਦਾ ਪਤਾ ਸੀ ਅਤੇ ਉਨ੍ਹਾਂ ਵਿਚੋਂ 47 ਪ੍ਰਤਿਸ਼ਤ ਨੇ ਅਸਲ ਵਿਚ ਆਨਲਾਈਨ ਆਰਡਰ ਦੇਣ ਦੀ ਕੋਸ਼ਿਸ਼ ਕੀਤੀ ਸੀ। ਇਹ ਤਕਨਾਲੋਜੀ ਦਾ ਪਸਾਰ ਅਤੇ ਪੇਂਡੂ ਯੁਵਕਾਂ ਵਲੋਂ ਇਸ ਨੂੰ ਵਰਤਣ ਦੀ ਸਹਿਜਤਾ ਦਿਖਾਈ ਦਿੰਦੀ ਹੈ, ਭਾਵੇਂ ਇਹ ਪਿੰਡਾਂ ਦੇ ਦੂਰ-ਦਰਾਜ ਦੇ ਖੇਤਰ ਹੋਣ।

ਤਕਨਾਲੋਜੀ ਦਾ ਇਸਤੇਮਾਲ ਨੌਕਰੀ, ਕੈਰੀਅਰ ਦੇ ਮੌਕੇ, ਹੁਨਰ ਪੱਧਰ ਹਾਸਲ ਕਰਨ ਅਤੇ ਪੇਂਡੂ, ਜ਼ਿਲ੍ਹਾ ਪੱਧਰ 'ਤੇ ਉੱਦਮਤਾ ਦੇ ਕੈਰੀਅਰ ਦੇ ਰਸਤੇ ਤਲਾਸ਼ਣ ਲਈ ਕੀਤਾ ਜਾਂਦਾ ਹੈ। ਤਕਨੀਕ ਪੇਂਡੂ ਯੁਵਕਾਂ ਨੂੰ ਕੈਰੀਅਰ ਬਾਰੇ ਸਲਾਹ ਦੇਣ ਅਤੇ ਆਪਣੇ ਵਿਕਲਪ ਸਿਆਣਪ ਨਾਲ ਚੁਣਨ, ਸਥਾਨਕ ਪੜ੍ਹੇ-ਲਿਖੇ ਨੌਜਵਾਨਾਂ ਨੂੰ ਕੈਰੀਅਰ ਦੀ ਸਿਖਲਾਈ ਦੇਣ ਲਈ ਵੀ ਵਰਤੀ ਜਾਂਦੀ ਹੈ ਤਾਂ ਕਿ ਸਥਾਨਕ ਪੱਧਰ 'ਤੇ ਮਦਦ ਹਮੇਸ਼ਾ ਉਪਲਬਧ ਰਹੇ। ਤਕਨੀਕ ਦਾ ਇਸਤੇਮਾਲ ਅਜਿਹਾ ਮੰਚ ਪ੍ਰਦਾਨ ਕਰਨ ਲਈ ਵੀ ਕੀਤਾ ਜਾਂਦਾ ਹੈ ਜਿਥੇ ਚਾਹਵਾਨਾਂ ਨੂੰ ਠੀਕ ਤੇ ਇੱਛਤ ਹੁਨਰ ਭੂਮਿਕਾ ਦੀ ਚੋਣ ਕਰਨ ਵਿਚ ਅਤੇ ਨੌਕਰੀ ਦੀ ਬਜਾਇ ਦੀਰਘਕਾਲੀ ਕੈਰੀਅਰ ਵਿਕਸਤ ਕਰਨ ਵਿਚ ਮਦਦ ਕੀਤੀ ਜਾਂਦੀ ਹੈ।

ਐੱਚ ਐੱਚ ਐੱਚ ਨੇ ਘੱਟ ਪੜ੍ਹੇ-ਲਿਖੇ ਨੌਜਵਾਨਾਂ ਦਾ ਕਾਇਆ ਕਲਪ ਕਰਨ ਲਈ ਤਕਨਾਲੋਜੀ ਆਧਾਰਤ ਸਿੱਖਿਆ ਦੀ ਸ਼ੁਰੂਆਤ ਕੀਤੀ ਹੈ ਤਾਂ ਕਿ ਇਹ ਨੌਜਵਾਨ ਅੰਗਰੇਜ਼ੀ ਬੋਲਣ, ਕੰਪਿਊਟਰ ਚਲਾਉਣਾ ਸਿੱਖ ਕੇ ਚਾਰ ਮਹੀਨਿਆਂ ਵਿਚ ਪੇਸ਼ੇਵਰ ਕਾਮੇ ਬਣ ਸਕਣ।

## ਆਮਦਨ ਪੈਦਾ ਕਰਨ ਲਈ ਹੁਨਰ ਦਾ ਫ਼ੈਲਾਅ

ਕੈਰੀਅਰ ਅਤੇ ਉੱਦਮਾਂ ਦੇ ਚੱਲਦੇ ਰਹਿਣ ਲਈ ਸਾਨੂੰ ਨਵੇਂ ਬਾਜ਼ਾਰਾਂ ਦਾ ਨਿਰਮਾਣ ਕਰਨ ਦੀ ਲੋੜ ਹੈ। ਪੇਂਡੂ ਭਾਰਤ ਵਿਚ ਤਕਨਾਲੋਜੀ ਆਧਾਰਤ ਮੰਚ ਉਸਾਰਨ ਦਾ ਇਕ ਮੌਕਾ ਹੈ, ਜੋ ਪੇਂਡੂ ਨੌਜਵਾਨਾਂ ਦੀ ਕਾਰਪੋਰੇਟ ਜਗਤ ਵਾਸਤੇ ਬਾਜ਼ਾਰ ਪਹੁੰਚ ਯਕੀਨੀ ਬਣਾਉਣ ਅਤੇ ਵਪਾਰਕ ਸੇਵਾਵਾਂ ਪ੍ਰਦਾਨ ਕਰਨ ਵਿਚ ਮਦਦ ਕਰੇਗਾ। ਕਾਰਪੋਰੇਟ ਵੱਖ-ਵੱਖ ਖੇਤਰਾਂ ਵਿਚ ਹੋ ਸਕਦੇ ਹਨ ਜਿਵੇਂ ਕਿ ਖੇਤੀ, ਸਿਹਤ ਸੰਭਾਲ, ਸਿੱਖਿਆ, ਵਿੱਤੀ ਸੇਵਾਵਾਂ, ਪ੍ਰਚੂਨ ਅਤੇ ਹੋਰ ਸੇਵਾਵਾਂ (ਪਾਣੀ, ਬਿਜਲੀ, ਦੂਰ-ਸੰਚਾਰ)।

ਐੱਚ ਐੱਚ ਐੱਚ ਨੇ ਰੂਬਨ ਬ੍ਰਿਜ ਨਾਮ ਦਾ ਇਕ ਮੰਚ ਤਿਆਰ ਕੀਤਾ ਹੈ ਜੋ, ਪੇਂਡੂ ਭਾਰਤ ਦੇ ਧੁਰ ਅੰਦਰ ਤਕ ਸੰਚਾਰ ਸਹੂਲਤ ਦਿੰਦਾ ਹੈ। ਇਹ ਸਿਹਤ, ਸਿੱਖਿਆ ਅਤੇ ਮਹੱਤਵਪੂਰਨ ਸੇਵਾਵਾਂ - ਮਨੋਰੰਜਨ ਅਤੇ ਈ-ਕਾਮਰਸ ਉਤਪਾਦ ਅਤੇ ਸੇਵਾਵਾਂ ਪੇਂਡੂ ਖਪਤਕਾਰਾਂ ਦੇ ਦਰਵਾਜ਼ਿਆਂ

'ਤੇ ਲੈ ਕੇ ਆਉਂਦਾ ਹੈ। ਕੁਝ ਹੀ ਮਹੀਨਿਆਂ ਵਿਚ ਐੱਚ ਐੱਚ ਐੱਚ ਨਵੀਆਂ ਨੌਕਰੀਆਂ ਅਤੇ ਨਵੇਂ ਉੱਦਮ ਦੇ ਮੌਕੇ ਨਵੇਂ ਬਣੇ ਬਾਜ਼ਾਰਾਂ ਲਈ ਬਣਦੇ ਵੇਖ ਰਿਹਾ ਹੈ, ਜਿਨ੍ਹਾਂ ਵਿਚ ਪਿਛਲੇ ਸਮੇਂ ਦੇ ਬੇਰੁਜ਼ਗਾਰ ਸੌ ਤੋਂ ਵੱਧ ਪੇਂਡੂ ਯੁਵਕਾਂ ਨੂੰ ਰੁਜ਼ਗਾਰ ਮਿਲਿਆ ਹੈ।

ਐੱਚ ਐੱਚ ਐੱਚ ਦੀ ਇਕ ਹੋਰ ਸਫ਼ਲਤਾ ਇਕ ਅਜਿਹਾ ਬਾਜ਼ਾਰ ਬਣਾਉਣ ਦੀ ਹੈ, ਜੋ ਸਰਕਾਰ ਦੀ ਡਿਜੀਟਲ ਇੰਡੀਆ ਦੀ ਮੁਹਿੰਮ ਨੂੰ ਹੁਲਾਰਾ ਦੇਵੇ। ਇੰਟਰਨੈੱਟ ਸੰਥੇ (ਕੰਨੜ ਵਿਚ ਸੰਥੇ ਦਾ ਮਤਲਬ ਹੈ 'ਮੇਲਾ') ਤਹਿਸੀਲਾਂ ਵਿਚ ਖ਼ਾਸ ਪੇਂਡੂ ਸਮੂਹਾਂ ਵਿਚ ਸਿੱਖਿਆ ਅਤੇ ਤਕਨੀਕ ਨੂੰ ਹੱਲਾਸ਼ੇਰੀ ਦੇਣ ਦੀ ਇਕ ਪਹਿਲਕਦਮੀ ਹੈ। ਇੰਟਰਨੈੱਟ ਸੰਥੇ ਕਰਨਾਟਕ ਦੇ ਛੇ ਜ਼ਿਲ੍ਹਿਆਂ ਦੀਆਂ 10 ਤਹਿਸੀਲਾਂ ਵਿਚ ਲਗਾਏ ਗਏ; ਜਿਨ੍ਹਾਂ ਵਿਚ ਸੀਰਾ, ਨਾਰਗੁੰਡ ਅਤੇ ਤਵਾਰਾਗੀਰੀ ਸ਼ਾਮਿਲ ਹਨ। ਇੰਟਰਨੈੱਟ ਸੰਥੇ ਰਾਹੀਂ 8000 ਲੋਕਾਂ ਨੂੰ ਜੋੜਿਆ ਗਿਆ; ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਜਾਣਕਾਰੀ ਸਾਂਝੀ ਕਰਨ ਅਤੇ ਆਮਦਨ ਪੈਦਾ ਕਰਨ ਲਈ ਸੰਬੰਧਿਤ ਇੰਟਰਨੈੱਟ ਆਧਰਿਤ ਐਪ ਅਤੇ ਉਪਕਰਨਾਂ ਦਾ ਨਵੇਂ ਦਿਸਹੱਦਿਆਂ ਦੀ ਖੋਜ ਲਈ ਇਸਤੇਮਾਲ ਕੀਤਾ।

## ਅੰਤਿਕਾ

ਵਿਸ਼ਵ ਦੀ ਨੌਕਰੀਆਂ, ਉੱਦਮ, ਤਕਨਾਲੋਜੀ, ਹੁਨਰ (ਜੇ ਈ ਟੀ ਐੱਸ) ਦੀ ਵਾਤਾਵਰਨ ਪ੍ਰਣਾਲੀ ਬਹੁਤ ਗਤੀਸ਼ੀਲ ਹੋ ਗਈ ਹੈ ਅਤੇ ਇਸ ਸਮੇਂ, ਇਹ ਭਵਿੱਖਬਾਣੀ ਕਰਨੀ ਔਖੀ ਹੈ ਕਿ ਉਦਯੋਗਾਂ, ਫੈਕਟਰੀਆਂ, ਨਿਰਮਾਣ ਪ੍ਰਕਿਰਿਆਵਾਂ ਅਤੇ ਉੱਦਮਾਂ ਦਾ ਆਕਾਰ ਕੀ ਹੋਵੇਗਾ।

ਹੁਨਰਮੰਦ ਲੋਕਾਂ ਦਾ ਦੇਸ਼ ਹੋਣ ਦੇ ਲਈ, ਜਿਸ ਨੇ ਹੁਨਰ ਹਾਸਲ ਕਰਨ ਲਈ ਆਪਣੀ ਜ਼ਿੰਦਗੀ ਦੇ ਬਹੁਤ ਸਾਲ ਗੁਜ਼ਾਰੇ ਹਨ, ਉਹ ਵੀ ਨੌਕਰੀ ਤੋਂ ਬਿਨਾਂ, ਸ਼ਾਇਦ ਇਹ ਹੁਨਰ ਵਿਹੂਣੇ ਅਸਿੱਖਿਅਤ ਲੋਕਾਂ ਦੀ ਕੌਮ ਹੋਣ ਨਾਲੋਂ ਬਦਤਰ ਹੋਵੇਗਾ। ਇਸ ਕਰਕੇ ਜੇ ਈ ਟੀ ਐੱਸ ਪ੍ਰਣਾਲੀ ਦਾ ਭਰਪੂਰ ਇਸਤੇਮਾਲ ਕਰਨਾ ਹੋਵੇਗਾ। ਬਜਾਇ ਇਸ ਦੇ ਕਿ ਰਾਸ਼ਟਰੀ ਉੱਦਮਤਾ ਵਜੋਂ ਕਿਸੇ ਹੋਰ ਹੁਨਰ ਦਾ ਟੀਚਾ ਨਿਰਧਾਰਤ ਕੀਤਾ ਜਾਵੇ। ਟੀਚਾ ਅਜਿਹੇ ਹੋਰ ਵੱਧ ਉੱਦਮ ਸਥਾਪਤ ਕਰਨ ਦਾ ਹੋਣਾ ਚਾਹੀਦਾ ਹੈ, ਜਿਥੇ ਨੌਕਰੀਆਂ ਵੀ ਹੋਣ। ਉੱਦਮ ਵਿਕਸਤ ਕਰਨ ਦੇ ਨਾਲ-ਨਾਲ ਲੋੜੀਂਦਾ ਹੁਨਰ ਵੀ ਵਿਕਸਤ ਕਰਨਾ ਹੋਵੇਗਾ। ਹੋਰ, ਹੁਨਰ ਵਿਕਾਸ ਦੇ ਅਹਿਮ ਅੰਗ ਉੱਦਮਾਂ ਦੇ ਅੰਦਰ ਹੀ ਹੋਣੇ ਚਾਹੀਦੇ ਹਨ।

ਇਕੱਲੀ ਤਕਨੀਕ ਕਦੇ ਵੀ ਵਧੀਆ ਹੱਲ ਨਹੀਂ ਹੋ ਸਕਦੀ। ਜੇ ਈ ਟੀ ਐੱਸ ਵਾਤਾਵਰਨ ਪ੍ਰਣਾਲੀ ਦੇ ਅੰਤਰਗਤ, ਤਕਨੀਕ ਉੱਦਮਾਂ ਅਤੇ ਨੌਕਰੀਆਂ ਦੀ ਵਿਨਾਸ਼ਕ ਹੋਣ ਦੇ ਨਾਲ ਹੀ ਉੱਦਮਾਂ ਅਤੇ ਹੁਨਰ ਦੀ ਪਾਲਕ ਦਾ ਕੰਮ ਕਰਦੀ ਹੈ। ਜੇ ਈ ਟੀ ਐੱਸ ਵਾਤਾਵਰਨ ਪ੍ਰਣਾਲੀ ਦੀ ਵਾਸਤੂ-ਕਲਾ ਨੂੰ ਰੇਖਿਕ ਪੂਰਤੀ ਲੜੀ ਨਮੂਨੇ ਤੋਂ ਆਪਸ ਵਿਚ ਜੁੜੇ ਉਦਯੋਗਾਂ ਦੇ ਨਮੂਨੇ ਵਿਚ ਬਦਲਣਾ ਪਵੇਗਾ ਅਤੇ ਫਿਰ ਤਕਨੀਕ ਨੂੰ ਅਮਲ ਵਿਚ ਲਿਆਉਣਾ ਹੋਵੇਗਾ ਤਾਂ ਕਿ ਭਾਰਤ ਹੋਰ ਉੱਦਮ ਪੈਦਾ ਕਰ ਸਕੇ ਅਤੇ ਆਪਣੇ ਨੌਜਵਾਨਾਂ ਲਈ ਸਨਮਾਨਜਨਕ ਰੁਜ਼ਗਾਰ ਪੈਦਾ ਕਰਕੇ ਸਾਂਝੇ ਅਤੇ ਰਾਜਨੀਤਕ ਤੌਰ ਤੇ ਸਥਿਰ ਵਿਕਾਸ ਦਾ ਟੀਚਾ ਹਾਸਲ ਕਰ ਸਕੇ। ਐੱਚ ਐੱਚ ਐੱਚ ਵਰਗੇ ਨਵੀਨਤਮ ਮਾਡਲ, ਜੋ ਤਕਨੀਕ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਦੇ ਤੌਰ ਤੇ ਇਸਤੇਮਾਲ ਕਰ ਰਹੇ ਹਨ, ਨਵੇਂ ਦਿਸਹੱਦੇ ਖੋਲ੍ਹ ਰਹੇ ਹਨ।

*(ਲੇਖਕ ਚਾਂਸਲਰ, ਕੇਂਦਰੀ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼ ਹੈ।)*

*e-mail :arun.maira@gmail.com*

***ਸਫ਼ਾ 6 ਦੀ ਬਾਕੀ***

ਸੀ ਐੱਸ ਆਰ ਪਹਿਲਕਦਮੀਆਂ ਨਾਲ ਹੁਨਰ ਵਿਕਾਸ ਵਿਚ ਮਦਦ ਕਰ ਕੇ ਦੇਸ਼ ਦੇ ਨੌਜਵਾਨ ਤਬਕੇ ਵਿਚ ਮੁੜ ਤੋਂ ਨਿਵੇਸ਼ ਕਰਨ ਲਈ ਅਗੇ ਆ ਰਹੇ ਹਨ। ਪਾਵਰ ਗਰਿਡ, ਐੱਨ ਟੀ ਪੀ ਸੀ, ਕੋਲ ਇੰਡੀਆ, ਅੰਬੂਜਾ ਸੀਮਿੰਟ, ਸੀ ਆਈ ਐੱਫ਼ ਸੀ ਐੱਲ, ਈਸਾਰ ਅਤੇ ਕੋਕਾ-ਕੋਲਾ ਆਦਿ ਸੰਸਥਾਨ ਕੁਝ ਉੱਘੇ ਉਦਾਹਰਣ ਹਨ। ਜਨਤਕ ਖੇਤਰ ਦੀਆਂ ਇਕਾਈਆਂ ਆਪਣੇ ਹੁਨਰ ਵਿਕਾਸ ਏਜੰਡੇ ਵਿਚ ਬਹੁਤ ਵਧ-ਚੜ੍ਹ ਕੇ ਹਿੱਸਾ ਲੈ ਰਹੀਆਂ ਹਨ। ਜਨਤਕ ਖੇਤਰ ਦੀਆਂ ਤਿੰਨ ਯੂਨਿਟਾਂ ਪਾਵਰ ਗਰਿਡ, ਕੋਲ ਇੰਡੀਆ ਅਤੇ ਐੱਨ ਟੀ ਪੀ ਸੀ ਨੇ ਇਸ ਮੰਤਵ ਲਈ 200 ਕਰੋੜ ਰੁਪਏ ਦਾ ਯੋਗਦਾਨ ਦਿਤਾ ਹੈ।

ਦੂਜੇ ਪਾਸੇ, ਸਰਕਾਰ ਦੀਆਂ ਪਹਿਲਕਦਮੀਆਂ ਜਿਵੇਂ ਕਿ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ (ਪੀ ਐੱਮ ਕੇ ਵੀ ਵਾਈ) – ਐੱਮ ਐੱਸ ਡੀ ਈ ਦਾ ਫਲੈਗਸ਼ਿਪ ਪ੍ਰੋਗਰਾਮ, ਹੁਨਰ ਕਰਜ਼ਾ ਸਕੀਮ, ਦੀਨਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲਿਆ ਯੋਜਨਾ (ਡੀ ਡੀ ਯੂ – ਜੀ ਕੇ ਵਾਈ), ਨਵੀਂ ਮੰਜ਼ਿਲ ਅਤੇ ਕਰਜ਼ਿਆਂ ਲਈ ਗਰੰਟੀ ਫ਼ੰਡ ਬਿਨਾਂ ਸ਼ੱਕ ਹੁਨਰ ਵਿਕਾਸ ਦੇ ਖੇਤਰ ਵਿਚ ਪਹੁੰਚ, ਬਰਾਬਰੀ, ਉੱਤਮਤਾ, ਨਵੀਆਂ ਖੋਜਾਂ ਅਤੇ ਸੰਸਥਾਗਤ ਕਰਜ਼ੇ ਵਧਾਉਣਗੇ। ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਜਿਹੀਆਂ ਸਕੀਮਾਂ ਹੁਨਰ ਸਰਟੀਫਿਕੇਟ ਪ੍ਰਾਪਤ ਕਰਨ ਵਾਲਿਆਂ ਨੂੰ ਮਾਲੀ ਇਨਾਮ ਦੇ ਕੇ ਨੌਜਵਾਨਾਂ ਨੂੰ ਇਸ ਲਈ ਲਾਮਬੰਦ ਕਰਨ ਵਿਚ ਮਦਦ ਕਰਨਗੀਆਂ ਅਤੇ ਇਸ ਤਰ੍ਹਾਂ ਉਨ੍ਹਾਂ ਲਈ ਨੌਕਰੀਆਂ ਦੇ ਮੌਕਿਆਂ ਅਤੇ ਉਪਜਾਇਕਤਾ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਸਕੀਮ ਦਾ ਉਦੇਸ਼ ਪਹਿਲਾਂ ਤੋਂ ਪ੍ਰਾਪਤ ਸਿੱਖਿਆ ਨੂੰ ਮਾਨਤਾ ਦੇ ਕੇ ਵਿਅਕਤੀਆਂ ਵਲੋਂ ਪਹਿਲਾਂ ਤੋਂ ਪ੍ਰਾਪਤ ਹੁਨਰ ਨੂੰ ਮਾਨਤਾ ਦੇਣਾ ਵੀ ਹੈ। ਸਮੁੱਚੇ ਦੇਸ਼ ਵਿਚ ਅਗਲੇ ਇਕ ਸਾਲ ਵਿਚ 24 ਲੱਖ ਨੌਜਵਾਨਾਂ ਨੂੰ ਇਸ ਸਕੀਮ ਤਹਿਤ ਲਾਭ ਦੇਣ ਦਾ ਟੀਚਾ ਹੈ।

ਸਮੁੱਚੇ ਤੌਰ ਤੇ ਸਭ ਚੰਗਾ ਹੀ ਚੰਗਾ ਹੈ। ਅੱਜ ਦੇਖਿਆ ਜਾ ਰਿਹਾ ਹੈ ਕਿ ਹੁਨਰ ਪਰਿਸਥਿਤਕੀ ਪ੍ਰਣਾਲੀ (ਸਕਿਲ ਈਕੋ-ਸਿਸਟਮ) ਨੂੰ ਉੱਨਤ ਭਾਰਤ ਵਿਚ ਇਕ ਸਪੱਸ਼ਟ ਸੇਧ ਮਿਲ ਰਹੀ ਹੈ ਅਤੇ ਇਹ ਸਭ ਤੋਂ ਵਧੀਆ ਸਮਾਂ ਹੈ ਜਦੋਂ ਅਸੀਂ ਆਪਣੇ ਆਪ ਨੂੰ 'ਕੁਸ਼ਲ ਭਾਰਤ, ਕੌਸ਼ਲ ਭਾਰਤ' ਦੇ ਉਦੇਸ਼ ਨਾਲ ਜੋੜੀਏ। ਅਰਥਵਿਵਸਥਾ ਦੇ ਕਈ ਪਹਿਲੂਆਂ ਦਾ ਵਿਕਾਸ ਹੋ ਰਿਹਾ ਹੈ। ਹੁਣ ਹੁਨਰਮੰਦ ਭਾਰਤ ਦੀ ਮੁਹਿੰਮ ਦੇ ਸ਼ੁਰੂ ਹੋਣ ਨਾਲ ਇਹ ਪਹਿਲ ਹੋਰ ਵਿਆਪਕ ਅਤੇ ਵਧੇਰੇ ਅਸਰਦਾਰ ਹੋਣ ਦੀ ਉਮੀਦ ਹੈ। ਅਗਲੀ ਚੁਨੌਤੀ ਹੈ ਉਦਯੋਗਿਕ ਖੇਤਰ ਦੀ ਵਧ ਰਹੀ ਮੰਗ ਦੀ ਪੂਰਤੀ ਲਈ ਸਿਖਲਾਈ ਸਮਰੱਥਾ ਪੈਦਾ ਕਰਨਾ ਅਤੇ ਵਧੇਰੇ ਸ਼ਕਤੀ ਪ੍ਰਾਪਤ ਅਤੇ ਹੁਨਰਮੰਦ ਕਿਰਤੀਆਂ ਲਈ ਵੱਡੀ ਗਿਣਤੀ ਵਿਚ ਨੌਕਰੀਆਂ ਯਕੀਨੀ ਬਣਾਉਣ ਦੇ ਨਾਲ-ਨਾਲ ਇਹ ਵੀ ਯਕੀਨੀ ਬਣਾਉਣਾ ਕਿ ਜੋ ਨੌਕਰੀਆਂ ਉਹ ਕਰ ਰਹੇ ਹੋਣ, ਉਨ੍ਹਾਂ ਨੂੰ ਮਾਣ ਬਖਸ਼ਣਾ।

*(ਲੇਖਕ ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ ਦਾ ਪ੍ਰਬੰਧਕੀ ਨਿਰਦੇਸ਼ਕ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਹੈ।)*

*e-mail :dilip.chenoy@nsdcindia.org*

# ਸਮੁੱਚੇ ਵਿਕਾਸ ਲਈ ਮੁਹਾਰਤਾਂ : ਨਵੀਨਤਾ ਅਤੇ ਮਿਸ਼ਰਤ ਸਿਖਲਾਈ ਦਾ ਅਗਲਾ ਦਹਾਕਾ

ਪੂਜਾ ਗਿਆਨਚੰਦਾਨੀ

19 ਵਰ੍ਹਿਆਂ ਦੀ ਸੰਜਿਤਾ ਨਾਇਕ ਦੱਖਣੀ ਓਡੀਸ਼ਾ ਦੇ ਕਬਾਇਲੀ ਰਾਇਗੜ੍ਹ ਜ਼ਿਲ੍ਹੇ ਤੋਂ ਹੈ। ਉਸ ਦਾ ਖੇਤੀ ਮਜ਼ਦੂਰ ਪਿਤਾ ਆਪਣੀ ਨਿਗੂਣੀ ਆਮਦਨ ਨਾਲ ਸੱਤ ਮੈਂਬਰਾਂ ਦਾ ਡੰਗ ਸਾਰਦਾ ਹੈ। ਮਾੜੀ ਆਰਥਿਕ ਹਾਲਤ ਕਾਰਨ ਉਸ ਦੀ ਔਲਾਦ ਸਕੂਲੀ ਪੜ੍ਹਾਈ ਵਿਚਾਲੇ ਛੱਡ ਚੁੱਕੀ ਸੀ। ਸੰਜਿਤਾ ਦਲੇਰ ਸੁਭਾਅ ਵਾਲੀ ਸੀ ਅਤੇ ਉਸ ਨੇ ਕਾਫ਼ੀ ਛੋਟੀ ਉਮਰ ਵਿਚ ਆਪਣੇ ਪ੍ਰੇਮੀ ਨਾਲ ਨੱਸ ਜਾਣ ਦਾ ਫ਼ੈਸਲਾ ਕਰ ਲਿਆ, ਜਿਸ ਨੇ ਵਿਆਹ ਦੇ ਛੇ ਮਹੀਨਿਆਂ ਅੰਦਰ ਉਸ ਨੂੰ ਛੱਡ ਦਿਤਾ। ਮਾਂ-ਬਾਪ ਵਲੋਂ ਸਵੀਕਾਰ ਨਾ ਕੀਤੇ ਜਾਣ 'ਤੇ ਮਾੜੀ ਮਨੋਸਥਿਤੀ ਕਾਰਨ ਉਸ ਨੇ ਕਈ ਵਾਰ ਆਤਮ-ਹੱਤਿਆ ਦੀ ਕੋਸ਼ਿਸ਼ ਵੀ ਕੀਤੀ ਅਤੇ ਅੰਤ ਵਿਚ ਮਾਓਵਾਦੀਆਂ ਨਾਲ ਮਿਲ ਜਾਣ ਬਾਰੇ ਸੋਚ ਰਹੀ ਸੀ। ਚੰਗੀ ਕਿਸਮਤ ਨਾਲ ਇਕ ਕਾਊਂਸਲਰ ਨਾਲ ਉਸ ਦੀ ਮੁਲਾਕਾਤ ਹੋਈ, ਜਿਸ ਨੇ ਉਸ ਨੂੰ ਸਿਖਲਾਈ ਪ੍ਰੋਗਰਾਮ ਵਿਚ ਪਾਇਆ ਅਤੇ ਉਹ ਰੁਜ਼ਗਾਰ ਹਾਸਲ ਕਰ ਸਕੀ।

ਇਹ ਪ੍ਰੋਗਰਾਮ ਮੁਫ਼ਤ ਅਤੇ ਸਭਨਾਂ ਲਈ ਉਪਲਬਧ ਸੀ, ਜਿਥੇ ਰਿਹਾਇਸ਼ੀ ਆਧਾਰ 'ਤੇ ਨੌਕਰੀ ਹਾਸਲ ਕਰਨ ਨਾਲ ਸੰਬੰਧਿਤ ਢੁੱਕਵੀਂ ਸਿਖਲਾਈ ਦਿਤੀ ਜਾਂਦੀ ਸੀ। ਸੰਜਿਤਾ ਨੇ ਸਿਲਾਈ ਮਸ਼ੀਨ ਚਲਾਉਣ ਦੀ ਸਿਖਲਾਈ ਲੈਣ ਵਾਲਾ ਕੋਰਸ ਚੁਣਿਆ, ਜਿਸ ਬਾਰੇ ਉਹ ਕੁਝ ਨਹੀਂ ਸੀ ਜਾਣਦੀ ਅਤੇ ਘਬਰਾਈ ਹੋਈ ਸੀ ਭਾਵੇਂ ਕਿ ਉਹ ਕੁਝ ਨਵਾਂ ਸਿੱਖਣ ਲਈ ਉਤਵਾਲੀ ਵੀ ਸੀ।

ਉਹ ਕਈ ਤਰ੍ਹਾਂ ਦੇ ਪਰੀਖਣ ਪਾਸ ਕਰਕੇ ਇਸ ਕੋਰਸ ਲਈ ਚੁਣ ਲਈ ਗਈ, ਜਿਥੇ ਕਿ ਉਸ ਨੂੰ ਕਈ ਹੋਰ ਸਾਥਣਾਂ ਮਿਲੀਆਂ ਜੋ ਵੱਖ-ਵੱਖ ਪਿੰਡਾਂ ਤੋਂ ਆਪਣੇ ਪਰਿਵਾਰਾਂ ਦੀ ਮਦਦ ਲਈ ਇਥੇ ਸਿਖਲਾਈ ਲੈਣ ਆਈਆਂ ਸਨ। ਇਥੇ ਉਸ ਨੂੰ ਦਿਨ ਵਿਚ ਤਿੰਨ ਵਾਰ ਭੋਜਨ ਮਿਲਦਾ ਸੀ, ਜੋ ਕਿ ਉਸ ਲਈ ਗਨੀਮਤ ਸੀ। ਉਸ ਨੂੰ ਸਿਲਾਈ ਮਸ਼ੀਨ ਚਲਾਉਣ ਦੇ ਨਾਲ-ਨਾਲ ਲਾਗਾਤਰ ਕੰਮ ਵੀ ਦਿਤਾ ਗਿਆ। ਉਹ ਇਕ ਸ਼ਾਨਦਾਰ ਅਦਾਰੇ ਵਿਚ ਗਈ ਜਿਥੇ ਗੁਸਲਖ਼ਾਨੇ ਅਤੇ ਪੀਣ ਦਾ ਸਾਫ਼ ਪਾਣੀ ਉਪਲਬਧ ਸੀ। ਉਥੇ ਨਿੱਜੀ ਸਾਫ਼-ਸਫ਼ਾਈ, ਅੰਗਰੇਜ਼ੀ ਬੋਲਣ ਅਤੇ ਇੰਟਰਨੈੱਟ ਦੀ ਵਰਤੋਂ ਬਾਰੇ ਪੜ੍ਹਾਈ ਕਰਾਈ ਜਾਂਦੀ ਸੀ। 45 ਦਿਨਾਂ ਵਿਚ ਸੰਜਿਤਾ ਮਸ਼ੀਨ ਚਲਾਉਣ, ਹਦਾਇਤਾਂ ਸਮਝਣ ਅਤੇ ਤੈਅਸ਼ੁਦਾ ਸਮੇਂ ਅੰਦਰ ਕੱਪੜਾ ਸਿਉਂ ਕੇ ਦੇਣ ਦੇ ਸਮਰੱਥ ਹੋ ਗਈ। ਉਸ ਨੂੰ 'ਕਾਟਨ ਬਲਾਸਮ' ਨਾਂ ਦੀ ਤਮਿਲਨਾਡੂ ਵਿਚ ਤ੍ਰਿਪੁਰਾ ਦੀ ਇਕ ਐਕਸਪੋਰਟ ਕੰਪਨੀ ਵਲੋਂ ਨੌਕਰੀ ਦੀ ਪੇਸ਼ਕਸ਼ ਆਈ, ਜਿਥੇ ਹੁਣ ਉਹ ਭੋਜਨ, ਰਿਹਾਇਸ਼, ਸਿਹਤ ਚੈੱਕ-ਅੱਪ, ਪਰਾਵਿਡੈਂਟ ਫ਼ੰਡ ਅਤੇ ਬੈਂਕ ਖਾਤੇ ਜਿਹੀਆਂ ਸਹੂਲਤਾਂ ਤੋਂ ਇਲਾਵਾ ਅੱਠ ਹਜ਼ਾਰ ਰੁਪਏ ਮਹੀਨਾ ਕਮਾ ਰਹੀ ਹੈ। ਪਿਛਲੀ ਦਿਵਾਲੀ ਨੂੰ ਜਦ ਉਹ ਘਰ ਮੁੜੀ ਤਾਂ ਆਪਣੇ ਘਰ ਨੂੰ ਮੁਰੰਮਤ ਅਤੇ ਰੰਗ-ਰੋਗਨ ਨਾਲ ਸਜਿਆ ਵੇਖ ਕੇ ਤੇ ਪਰਿਵਾਰ ਦਾ ਉਸ ਦੀ ਆਮਦ ਵਿਚ ਜਤਾਏ ਪਿਆਰ-ਸਤਿਕਾਰ ਵੇਖ ਕੇ ਦੰਗ ਰਹਿ ਗਈ।

ਸੰਜਿਤਾ ਕੋਈ ਕਾਗਜ਼ੀ ਕਿਰਦਾਰ ਨਹੀਂ ਹੈ। ਉਸ ਨੇ ਰਾਇਗੜ੍ਹ (ਓਡੀਸ਼ਾ) ਦੇ ਮੁਹਾਰਤਾਂ ਬਾਰੇ ਕੇਂਦਰ ਆਈ ਐੱਲ ਐਂਡ ਐੱਫ਼ ਐੱਸ ਤੋਂ ਸਿਖਲਾਈ ਲਈ ਹੈ। ਉਹ ਉਨ੍ਹਾਂ ਕਈ ਵਿਅਕਤੀਆਂ ਵਿਚੋਂ ਇਕ ਹੈ, ਜਿਨ੍ਹਾਂ ਦਾ ਜੀਵਨ ਮੁਹਾਰਤ ਨਾਲ ਭਰਪੂਰ ਭਾਰਤ ਦੀਆਂ ਕੋਸ਼ਿਸ਼ਾਂ ਸਦਕਾ ਬਦਲਿਆ ਹੈ। ਉਸ ਦੀ ਕਹਾਣੀ ਇਸ ਗੱਲ ਦੀ ਵੀ ਸਾਖੀ ਹੈ ਕਿ ਮਿਸ਼ਨ ਦਾ ਉਦੇਸ਼ ਸਿਖਲਾਈ ਦੇਣਾ ਹੈ ਅਤੇ ਕਿਵੇਂ ਅਜਿਹਾ ਕਰਨ ਲੱਗਿਆਂ ਸਿਖਾਂਦਰੂ ਦੀਆਂ ਸਮਰੱਥਾਵਾਂ ਅਤੇ ਰੁਜ਼ਗਾਰ ਦੇਣ ਵਾਲੀਆਂ ਕੰਪਨੀਆਂ ਦੀਆਂ ਲੋੜਾਂ ਵਿਚ ਸੰਤੁਲਨ ਬਣਾਉਣ ਦੀ ਲੋੜ ਪੈਂਦੀ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਭਾਰਤ ਦੇ ਮੁਹਾਰਤਾਂ ਬਾਰੇ ਪ੍ਰੋਗਰਾਮ ਕੁਝ ਉੱਦਮਾਂ ਜਾਂ ਸ਼ਹਿਰੀ ਕੇਂਦਰਾਂ ਤਕ ਸੀਮਤ ਨਹੀਂ ਹੋ ਸਕਦੇ, ਸਗੋਂ ਇਨ੍ਹਾਂ ਦੇ ਬਾਜ਼ਾਰ ਮੁਖੀ ਅਤੇ ਸਮੁੱਚਤਾ ਵਾਲੇ ਹੋਣ ਦੀ ਲੋੜ ਹੈ।

ਸੰਜਿਤਾ ਉਨ੍ਹਾਂ 4,50,000 ਸਿਖਾਂਦਰੂਆਂ ਵਿਚੋਂ ਇਕ ਹੈ, ਜਿਨ੍ਹਾਂ ਨੇ ਮੁਹਾਰਤ ਬਾਰੇ ਅਦਾਰੇ ਆਈ ਐੱਲ ਐਂਡ ਐਫ਼ ਐੱਸ ਤੋਂ ਸਿਖਲਾਈ ਲਈ ਹੈ, ਜਿਥੇ ਕਿ 47 ਪ੍ਰਤਿਸ਼ਤ ਔਰਤਾਂ ਹਨ। ਇਹ ਪ੍ਰੋਗਰਾਮ ਦਸ ਰਾਜਾਂ ਦੇ 37 ਐੱਲ ਡਬਲਯੂ ਈ ਜ਼ਿਲ੍ਹਿਆਂ ਸਮੇਤ 25 ਰਾਜਾਂ ਵਿਚ ਸਰਗਰਮ ਹੈ ਜਿਨ੍ਹਾਂ ਵਿਚ ਜੰਮੂ-ਕਸ਼ਮੀਰ ਅਤੇ ਉੱਤਰ-ਪੂਰਬ ਦੇ ਮੁਸ਼ਕਿਲ ਪਹੁੰਚ ਵਾਲੇ ਜ਼ਿਲ੍ਹੇ ਵੀ ਸ਼ਾਮਿਲ ਹਨ।

## ਸਮੁੱਚਤਾ ਵਾਲੇ ਮੁਹਾਰਤ ਪ੍ਰੋਗਰਾਮ ਵਿਕਾਸ ਦਾ ਸਬੱਬ ਬਣਦੇ ਹਨ

ਸੰਯੁਕਤ ਰਾਸ਼ਟਰ ਦੇ ਅਨੁਮਾਨਾਂ ਅਨੁਸਾਰ ਭਾਰਤ ਸਭ ਤੋਂ ਘੱਟ ਉਮਰ ਵਾਲੀ ਵਸੋਂ ਵਾਲਾ ਪਹਿਲਾ ਦੇਸ਼ ਹੈ। ਇਥੇ 35 ਸਾਲ ਤੋਂ ਘੱਟ ਉਮਰ ਦੇ 883 ਮਿਲੀਅਨ ਲੋਕ ਰਹਿੰਦੇ ਹਨ, ਜੋ ਕਿ ਚੀਨ ਦੇ 47 ਪ੍ਰਤਿਸ਼ਤ ਦੇ ਮੁਕਾਬਲੇ 66 ਪ੍ਰਤਿਸ਼ਤ ਹੈ। ਭਾਵੇਂ ਦੁੱਖ ਵਾਲੀ ਗੱਲ ਹੈ ਕਿ ਨੌਜਵਾਨ ਬੇਰੁਜ਼ਗਾਰੀ ਦਰ 12.9 ਪ੍ਰਤਿਸ਼ਤ ਅਨੁਮਾਨੀ ਗਈ ਸੀ। 2014 ਵਿਚ ਵਿਸ਼ਵ ਬੈਂਕ ਨੇ ਅਨੁਮਾਨ ਲਗਾਇਆ ਕਿ ਭਾਰਤ ਵਿਚ 179.6 ਮਿਲੀਅਨ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਵਸਦੇ ਹਨ (ਇਕ ਡਾਲਰ ਰੁਜ਼ਾਨਾ ਤੋਂ ਘੱਟ 'ਤੇ ਜੀਵਨ ਜਿਉਣਾ) ਦੂਜੇ ਸ਼ਬਦਾਂ ਵਿਚ ਕੁੱਲ ਦੁਨੀਆਂ

ਦੀ 17.5 ਪ੍ਰਤਿਸ਼ਤ ਵਸੋਂ ਵਿਚੋਂ 20.6 ਪ੍ਰਤਿਸ਼ਤ ਗਰੀਬ ਭਾਰਤ ਵਿਚ ਵਸਦੇ ਹਨ। ਓਡੀਸ਼ਾ, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਬਿਹਾਰ, ਛੱਤੀਸਗੜ੍ਹ, ਝਾਰਖੰਡ, ਉੱਤਰ ਪ੍ਰਦੇਸ਼ ਜਿਹੇ ਰਾਜਾਂ ਵਿਚ 25 ਪ੍ਰਤਿਸ਼ਤ ਤੋਂ ਵੱਧ ਵਸੋਂ ਗਰੀਬੀ ਰੇਖਾ ਤੋਂ ਹੇਠਾਂ ਵਸਦੀ ਹੈ। ਸਾਡੇ ਕੋਲ ਨੌਜਵਾਨ ਅਤੇ ਉਤਪਾਦਨਸ਼ੀਲ ਮਨੁੱਖੀ ਸ਼ਕਤੀ ਦਾ ਭੰਡਾਰ ਹੈ ਪਰ ਬੇਰੁਜ਼ਗਾਰੀ ਨੇ ਦੇਸ਼ ਦੇ ਸਮਾਜਿਕ ਅਤੇ ਆਰਥਿਕ ਹਾਲਾਤ ਨੂੰ ਵੱਡੀ ਸੱਟ ਮਾਰੀ ਹੈ।

ਇਨ੍ਹਾਂ ਵਿਚੋਂ ਵੱਡਾ ਹਿੱਸਾ ਪੜ੍ਹਿਆ-ਲਿਖਿਆ ਨਹੀਂ ਹੈ ਨਾ ਹੀ ਸਿਖਲਾਈ ਹਾਸਲ। ਦੂਜੇ ਪਾਸੇ ਪੜ੍ਹੇ-ਲਿਖੇ ਦਸ ਗ੍ਰੈਜੂਏਟ ਵਿਅਕਤੀਆਂ ਵਿਚੋਂ ਸਿਰਫ਼ ਇਕ ਵਿਅਕਤੀ ਹੀ ਰੁਜ਼ਗਾਰ ਹਾਸਲ ਕਰ ਰਿਹਾ ਹੈ, ਜੋ ਕਿ ਭਾਰਤੀ ਵਿੱਦਿਆ ਅਤੇ ਸਿਖਲਾਈ ਪ੍ਰਣਾਲੀ ਦੀਆਂ ਖ਼ਾਮੀਆਂ ਵੱਲ ਸੰਕੇਤ ਕਰਦਾ ਹੈ। ਸਾਡੇ ਕੋਲ ਅਜਿਹੇ ਨੌਜਵਾਨ ਹਨ, ਜੋ ਕੰਮ ਅਤੇ ਰੁਜ਼ਗਾਰ ਲੱਭ ਰਹੇ ਹਨ ਪਰ ਉਹ ਸਿੱਖਿਅਤ ਅਤੇ ਮੁਹਾਰਤ ਹਾਸਲ ਨਹੀਂ ਹਨ। ਦੂਜੇ ਪਾਸੇ ਅਜਿਹੇ ਨੌਜਵਾਨ ਹਨ ਜੋ ਅਕਾਦਮਿਕ ਡਿਗਰੀਆਂ ਤਾਂ ਹਾਸਲ ਕਰ ਰਹੇ ਹਨ ਪਰ ਅਮਲੀ ਰੂਪ 'ਚ ਕੰਮ ਕਰਨ ਦੇ ਯੋਗ ਨਹੀਂ ਹਨ।

ਇੰਝ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸਮੁੱਚਤਾ ਵਾਲੇ ਵਿਕਾਸ ਲਈ ਮੁਹਾਰਤ ਵਿਕਾਸ ਵੱਲ ਧਿਆਨ ਦਿਤਾ ਜਾਵੇ ਤਾਂ ਕਿ ਵੱਖ-ਵੱਖ ਪਿੱਠ-ਭੂਮੀ ਵਾਲੇ ਨੌਜਵਾਨ ਵਿਕਾਸ ਦੀ ਕਹਾਣੀ ਵਿਚ ਸ਼ਰੀਕ ਹੋ ਸਕਣ। ਭਾਵੇਂ ਉਦਯੋਗ ਨੇ 'ਭਾਰਤ ਵਿਚ ਨਿਰਮਾਣ' ਰਾਹੀਂ ਹੁਲਾਰਾ ਲਿਆ ਹੈ, ਪਰ ਸੰਗਠਿਤ ਖੇਤਰ ਜੋ ਕਿ ਸਿਰਫ਼ 3 ਪ੍ਰਤਿਸ਼ਤ ਹੈ, ਕਿਰਤ ਬਾਜ਼ਾਰ ਵਿਚ ਆਉਣ ਵਾਲੇ ਹਰ ਵਿਅਕਤੀ ਨੂੰ ਰੁਜ਼ਗਾਰ ਨਹੀਂ ਦੇ ਸਕਦਾ। ਅੱਗੋਂ ਡਿਜ਼ੀਟਲ ਇੰਡੀਆ, ਸਵੱਛ ਭਾਰਤ, ਨਮਾਮੀ ਗੰਗੇ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਈ ਹੋਰ ਪ੍ਰੋਗਰਾਮਾਂ ਵਾਸਤੇ ਵੱਡੇ ਪੱਧਰ 'ਤੇ ਪੇਸ਼ਾਵਰ ਕਿਰਤ-ਸ਼ਕਤੀ ਦੀ ਲੋੜ ਹੋਵੇਗੀ। ਸੰਗਠਿਤ ਖੇਤਰ ਦੇ ਕਿਰਤੀ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਵੀ 'ਉਸਤਾਦ' ਅਤੇ 'ਸਿੱਖੋ ਅਤੇ ਕਮਾਓ' ਵਰਗੀਆਂ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਰਵਾਇਤੀ ਉੱਦਮਾਂ ਅਤੇ ਰੁਜ਼ਗਾਰ ਨੂੰ ਪਹਿਲੀ ਵਾਰ ਮਾਨਤਾ ਦਿਤੀ ਜਾ ਰਹੀ ਹੈ। ਇਹ ਅਜਿਹੇ ਮੁਹਾਰਤ ਪ੍ਰੋਗਰਾਮ ਹਨ ਜੋ ਕਿ ਰੁਜ਼ਗਾਰ ਵੀ ਦੇ ਸਕਦੇ ਹਨ ਅਤੇ ਮੁਹਾਰਤ ਹਾਸਲ ਵਿਅਕਤੀ ਸਵੈ-ਰੁਜ਼ਗਾਰ ਵੀ ਕਰ ਸਕਦਾ ਹੈ।

## ਮੁਹਾਰਤ ਵਿਕਾਸ ਪ੍ਰਣਾਲੀ ਨੂੰ ਮਜ਼ਬੂਤ ਕਰਨਾ

ਭਾਰਤ ਸਰਕਾਰ ਨੇ ਨਿੱਜੀ ਖੇਤਰ ਅਤੇ ਵਿਸ਼ਵ ਕਿਰਤ ਸੰਸਥਾ (ਆਈ ਐੱਲ ਓ), ਵਿਸ਼ਵ ਬੈਂਕ, ਓ ਈ ਸੀ ਡੀ ਅਤੇ ਯੂਰੋਪੀਅਨ ਯੂਨੀਅਨ ਵਰਗੇ ਅਦਾਰਿਆਂ ਨਾਲ ਨੇੜਲੀ ਭਾਈਵਾਲੀ ਕਰਕੇ ਮੁਹਾਰਤਾਂ ਬਾਰੇ ਪ੍ਰਣਾਲੀ ਨੂੰ ਵਿਕਸਤ ਕੀਤਾ ਹੈ।

ਵੱਖ-ਵੱਖ ਮੁਹਾਰਤ ਵਿਕਾਸ ਸਕੀਮਾਂ ਰਾਹੀਂ 20 ਤੋਂ ਵੱਧ ਵਿਭਾਗਾਂ ਨੇ ਅਮਲੀ ਪ੍ਰੋਗਰਾਮ ਸ਼ੁਰੂ ਕੀਤੇ ਹਨ, ਜਿਸ ਨੂੰ ਕਿ ਮੁਹਾਰਤ ਵਿਕਾਸ ਅਤੇ ਉੱਦਮਤਾ ਮੰਤਰਾਲਾ ਵਲੋਂ ਪਾਸ ਕੀਤਾ ਗਿਆ ਹੈ। ਉਨ੍ਹਾਂ ਨੇ ਮੁਹਾਰਤ ਵਿਕਾਸ ਸਿਲਸਿਲੇ ਦੀ ਮਜ਼ਬੂਤੀ ਲਈ ਵੱਡਾ ਨਿਵੇਸ਼ ਕੀਤਾ ਹੈ, ਜਿਸ ਨਾਲ ਕਿ ਦੇਸ਼ ਦੇ ਸਭ ਤੋਂ ਦੂਰ-ਦੁਰਾਡੇ ਇਲਾਕਿਆਂ ਵਿਚ ਵਸਦੇ ਲੋਕ ਵੀ ਰੁਜ਼ਗਾਰ ਦੀ ਮੁੱਖ-ਧਾਰਾ ਦਾ ਲਾਹਾ ਲੈ ਸਕਣ। ਸਰਕਾਰ ਦੀ ਸਭ ਤੋਂ ਮਹੱਤਵਪੂਰਨ ਪਹਿਲਕਦਮੀ ਦਿਹਾਤੀ ਵਿਕਾਸ ਮੰਤਰਾਲਾ ਵਲੋਂ ਚਲਾਈ ਗਈ – ਗ੍ਰਾਮੀਣ ਹੁਨਰ ਵਿਕਾਸ ਯੋਜਨਾ ਅਤੇ ਕੱਪੜਾ ਮੰਤਰਾਲਾ ਵਲੋਂ ਸ਼ੁਰੂ ਕੀਤੀ ਗਈ ਸੰਗਠਿਤ ਮੁਹਾਰਤ ਵਿਕਾਸ ਸਕੀਮ ਹਨ, ਜਿਨ੍ਹਾਂ ਰਾਹੀਂ ਦਿਹਾਤੀ ਅਤੇ ਪਛੜੇ ਇਲਾਕਿਆਂ ਅਤੇ ਪਹਾੜੀ ਇਲਾਕਿਆਂ, ਸਿਵਲ ਸੰਕਟ ਹੇਠਲੀਆਂ ਆਰਥਿਕਤਾਵਾਂ ਅਤੇ ਅੱਤਵਾਦ, ਘੱਟ-ਗਿਣਤੀਆਂ ਦੇ ਹੇਠਲੇ ਪੱਧਰ 'ਤੇ ਵਸਦੇ ਨੌਜਵਾਨਾਂ ਤਕ ਪਹੁੰਚ ਬਣਾਈ ਗਈ ਹੈ। ਇਨ੍ਹਾਂ ਸਕੀਮਾਂ ਰਾਹੀਂ ਔਰਤਾਂ ਅਤੇ ਅੰਗਹੀਣ ਵਿਅਕਤੀਆਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ ਹੈ ਤਾਂ ਕਿ ਸਮਾਜ ਦੀਆਂ ਸਭ ਸ਼੍ਰੇਣੀਆਂ ਦੀ ਸ਼ਮੂਲੀਅਤ ਹੋ ਸਕੇ। ਕਈ ਮੁੱਖ ਨਿੱਜੀ ਖੇਤਰ ਪਹਿਲਕਦੀਆਂ ਨੇ ਵੀ ਆਪਣੀ ਭੂਮਿਕਾ ਨਿਭਾਈ ਹੈ। ਹੁਣ ਐੱਮ ਐੱਸ ਡੀ ਈ ਦਾ ਹਿੱਸਾ ਹੋ ਗਈ, ਰਾਸ਼ਟਰੀ ਮੁਹਾਰਤ ਵਿਕਾਸ ਸਕੀਮ ਸਿਖਲਾਈ ਪ੍ਰੋਗਰਾਮ ਪਹਿਲਕਦਮੀਆਂ, ਸੰਚਾਰ ਮੁਹਾਰਤ ਕੌਂਸਲ ਸ਼ੁਰੂ ਕਰਨ ਅਤੇ ਅੰਤਰਰਾਸ਼ਟਰੀ ਮੰਚ 'ਤੇ ਭਾਰਤੀ ਨੌਜਵਾਨਾਂ ਦੀ ਮੁਹਾਰਤ ਨੂੰ ਉਤਸ਼ਾਹਿਤ ਕਰਨ ਲਈ ਉਦਯੋਗਾਂ ਨੂੰ ਲਾਮਬੰਦ ਕਰਨ ਵਿਚ ਮੋਹਰੀ ਭੂਮਿਕਾ ਨਿਭਾ ਰਹੀ ਹੈ। ਵੱਖ-ਵੱਖ 35 ਖੇਤਰਾਂ ਤੋਂ ਕਾਰਪੋਰੇਟ ਕੰਪਨੀਆਂ ਰਾਸ਼ਟਰੀ ਮੁਹਾਰਤ ਯੋਗਤਾ ਢਾਂਚੇ (ਐੱਨ ਐੱਸ ਕਿਊ ਐੱਫ) ਤਹਿਤ ਰਾਸ਼ਟਰੀ ਕਿੱਤਾਮੁਖੀ ਮਾਪਦੰਡ (ਐੱਨ ਓ ਐੱਸ) ਨਿਰਧਾਰਤ ਕਰਨ ਲਈ ਨੇੜਲੇ ਪੱਧਰ 'ਤੇ ਜੁੜੀਆਂ ਹੋਈਆਂ ਹਨ, ਜੋ ਕਿ ਕੰਮ-ਕਾਜ ਦੇ ਸੰਸਾਰ ਵਿਚ ਨੌਜਵਾਨਾਂ ਦੇ ਦਾਖ਼ਲੇ ਦਾ ਪਾਸਪੋਰਟ ਹੈ। ਇਨ੍ਹਾਂ ਅਦਾਰਿਆਂ ਨੇ ਸਿਖਾਂਦਰੂ ਸਮੇਤ ਸਾਰੀਆਂ ਸ਼ਾਮਿਲ ਧਿਰਾਂ ਨੂੰ ਮੁਹਾਰਤ ਨਾਲ ਭਰਪੂਰ ਭਾਰਤ ਵੱਲ ਤੋਰਨ ਲਈ ਇਕ ਸਿਲਸਿਲਾ ਤਿਆਰ ਕੀਤਾ ਹੈ।

ਮੁਹਾਰਤਾਂ ਬਾਰੇ ਸਿਲਸਿਲੇ ਨੇ ਪਿਛਲੇ ਕੁਝ ਸਾਲਾਂ ਦੌਰਾਨ ਕਾਫ਼ੀ ਤੇਜ਼ ਰਫ਼ਤਾਰ ਦਿਖਾਈ ਹੈ। ਪਰ ਇਸ ਦੇ ਪੱਧਰ ਅਤੇ ਪੇਚੀਦਗੀਆਂ ਅਜਿਹੇ ਦਖ਼ਲ ਦੀ ਮੰਗ ਕਰਦੀਆਂ ਹਨ, ਜਿਸ ਨਾਲ ਸਿਖਾਂਦਰੂ ਨੂੰ ਕਿਸੇ ਰੁਜ਼ਗਾਰ ਲਈ ਤਿਆਰ ਕਰਨ ਲੱਗਿਆਂ ਉਸ ਦੀਆਂ ਸਿਖਲਾਈ ਲੋੜਾਂ ਦਾ ਖ਼ਿਆਲ ਰੱਖਿਆ ਜਾਵੇ।

## ਬਾਜ਼ਾਰ ਆਧਾਰੀ ਮੁਹਾਰਤ ਵਿਕਾਸ ਪ੍ਰੋਗਰਾਮ

ਕਿਸੇ ਵੀ ਮੁਹਾਰਤ ਪਹਿਲਕਦਮੀ ਦਾ ਮੁੱਖ ਉਦੇਸ਼ ਉਦਯੋਗ ਦੀ ਮੁਕਾਬਲੇਬਾਜ਼ੀ ਉਸਾਰਨਾ ਹੈ। ਇਸ ਲਈ ਸਿਖਲਾਈ ਦਾ ਮਿਆਰ ਮੁੱਖ ਲੋੜ ਹੋ ਜਾਂਦੀ ਹੈ। ਇਸ ਨੂੰ ਬਹੁ-ਪੱਖੀ ਤਕਨਾਲੋਜੀਆਂ ਦੀ ਵਰਤੋਂ ਅਤੇ ਸਿਖਾਂਦਰੂ ਦੇ ਵਿਕਾਸ ਨੂੰ ਸਾਹਮਣੇ ਰੱਖਦਿਆਂ ਸਭ ਸੰਬੰਧਿਤ ਧਿਰਾਂ ਦੀ ਭਾਈਵਾਲੀ ਨਾਲ ਹੀ ਹਾਸਲ ਕੀਤਾ ਜਾ ਸਕਦਾ ਹੈ। ਜਦ ਮੁੱਖ ਉਦੇਸ਼ ਰੁਜ਼ਗਾਰ ਦੁਆਉਣਾ ਹੈ ਤਾਂ ਸਮੁੱਚਤਾ ਵਾਲਾ ਰਵੱਈਆ ਸਿਖਾਂਦਰੂ ਨੂੰ ਸਿਖਲਾਈ ਦੇ ਅਜਿਹੇ ਪੱਧਰ ਵੱਲ ਲਿਆ ਸਕਦਾ ਹੈ ਜਿਥੇ ਨਾ ਸਿਰਫ਼ ਉਸ ਨੂੰ ਸਹੀ ਭਾਂਤ ਦਾ ਮਾਹੌਲ ਮਿਲਦਾ ਹੈ, ਸਗੋਂ ਉਦਯੋਗ ਦੇ ਨਾਲ ਵਿਗਸਣ ਦਾ ਮੌਕਾ ਵੀ ਹਾਸਲ ਹੁੰਦਾ ਹੈ। ਮੁਹਾਰਤ ਵਿਕਾਸ ਨੂੰ ਇਕ ਮਾਨਕੀਕ੍ਰਿਤ, ਜਾਇਜ਼ਾ ਲੈਣ ਯੋਗ ਅਤੇ ਅਮਲੀ ਪੱਧਰ 'ਤੇ ਲਿਆਉਣ ਲਈ ਹੇਠਲੇ ਕਾਰਕ ਮੁੱਖ ਹਨ :-

- *ਉਦਯੋਗਿਕ ਭਾਈਵਾਲੀ :* ਮੁਹਾਰਤਾਂ ਰੁਜ਼ਗਾਰ ਅਤੇ ਕਿਰਤ ਸ਼ਕਤੀ ਦਰਮਿਆਨ ਪੁਲ ਦਾ ਕੰਮ ਕਰਦੀਆਂ ਹਨ। ਇਹ ਅਨੁਮਾਨ ਹੈ (2013-2022) ਕਿ ਕੱਪੜਾ ਇੰਜੀਨੀਅਰਿੰਗ ਉਸਾਰੀ ਅਤੇ ਸੇਵਾ ਖੇਤਰ ਦੇ ਉੱਚ-ਵਿਕਾਸ ਵਾਲੇ ਉਦਯੋਗਾਂ ਦੀ ਕੁੱਲ ਮਨੁੱਖੀ ਵਸੀਲਿਆਂ ਦੀ ਲੋੜ 120.8 ਮਿਲੀਅਨ ਹੋਵੇਗੀ। ਸਿਖਾਂਦਰੂਆਂ ਅਤੇ ਸਰਕਾਰਾਂ ਵਲੋਂ ਸਿੱਖਿਆ ਵਿਚ ਨਿਵੇਸ਼ ਲਈ ਰੁਜ਼ਗਾਰ ਮੁੱਖ ਉਤਸ਼ਾਹਕਾਰਕ ਹੋਵੇਗਾ। ਰੁਜ਼ਗਾਰ ਦੇਣ ਵਾਲਿਆਂ ਵਲੋਂ ਇਹ ਯਕੀਨੀ ਬਣਾਉਣਾ ਅਹਿਮ ਹੋਵੇਗਾ ਕਿ ਉਹ ਐੱਸ ਐੱਸ ਸੀ ਵਲੋਂ ਤਸਦੀਕਸ਼ੁਦਾ

ਵਿਅਕਤੀਆਂ ਨੂੰ ਹੀ ਰੁਜ਼ਗਾਰ ਲਈ ਰੱਖਣ।

● *ਬੁਨਿਆਦੀ ਢਾਂਚਾ :* ਮੌਜੂਦਾ ਮੁਹਾਰਤ ਪ੍ਰੋਗਰਾਮਾਂ ਨੂੰ ਆਰੰਭ ਕਰਨ ਪਿੱਛੇ ਅਹਿਮ ਕਾਰਨਾਂ ਵਿਚੋਂ ਇਕ ਮਾੜਾ ਬੁਨਿਆਦੀ ਢਾਂਚਾ ਅਤੇ ਛੋਟੇ ਸ਼ਹਿਰਾਂ ਅਤੇ ਦਿਹਾਤੀ ਇਲਾਕਿਆਂ ਵਿਚ ਇਸ ਦੀ ਘੱਟ ਉਪਲਬਧਤਾ ਹੈ। ਅੱਜ 14 ਹਜ਼ਾਰ ਤੋਂ ਵੱਧ ਨਵੇਂ ਸਰਕਾਰੀ ਅਤੇ ਨਿੱਜੀ ਆਈ ਟੀ ਆਈ, ਪੂਰੇ ਭਾਰਤ ਤਕ ਪਹੁੰਚ ਬਣਾਉਣ ਵਾਲੇ 200 ਤੋਂ ਵੱਧ ਐੱਨ ਐੱਸ ਡੀ ਸੀ ਭਾਈਵਾਲ ਅਤੇ ਕਈ ਹੋਰ ਉਦਯੋਗ, ਗ਼ੈਰ-ਮੁਨਾਫ਼ਾ ਅਤੇ ਸੰਸਥਾਗਤ ਭਾਈਵਾਲ ਮੁੱਖ ਮੰਤਰਾਲਿਆਂ ਨਾਲ ਕੰਮ ਕਰਦਿਆਂ ਮੁਹਾਰਤਾਂ ਬਾਰੇ ਪ੍ਰੋਗਰਾਮਾਂ ਨੂੰ ਲਾਗੂ ਕਰ ਰਹੇ ਹਨ ਤੇ ਕਿੱਤਾ-ਮੁੱਖੀ ਸਿਖਲਾਈ ਨੂੰ ਦੇਸ਼ ਦੇ ਹਰ ਹਿੱਸੇ ਵਿਚ ਲੈ ਗਏ ਹਨ। "ਕੰਮ ਕਰਦਿਆਂ ਹੋਇਆਂ ਸਿੱਖਣਾ" ਦੇ ਨੇਮਾਂ 'ਤੇ ਵਿਕਸਤ ਅਜਿਹੇ ਕੁਝ ਪ੍ਰੋਗਰਾਮਾਂ ਦਾ ਵੱਡਾ ਅਸਰ ਪਿਆ ਹੈ। ਪਰ ਤਕਨਾਲੋਜੀ ਸੰਬੰਧੀ ਤਰੱਕੀ ਅਤੇ ਤੇਜ਼ੀ ਨਾਲ ਬਦਲ ਰਹੇ ਉਦਯੋਗਾਂ ਨੂੰ ਦੇਖਦਿਆਂ ਇਹ ਲਾਜ਼ਮੀ ਹੋ ਜਾਂਦਾ ਹੈ ਕਿ ਸਿਖਲਾਈ ਕੇਂਦਰ ਉਦਯੋਗਾਂ ਤੇ ਕੰਮ ਵਾਲੀਆਂ ਥਾਵਾਂ ਦੇ ਨੇੜੇ ਹੋਣ।

● ***ਤਕਨਾਲੋਜੀ :*** ਸਾਡੇ ਸਾਹਮਣੇ ਮੁੱਖ ਚੁਨੌਤੀਆਂ ਵਿਚੋਂ ਇਕ ਸਿਖਲਾਈ ਮਾਹਿਰਾਂ ਦੀ ਘਾਟ ਹੈ। 2022 ਵਿਚ 300 ਮਿਲੀਅਨ ਲੋਕਾਂ ਨੂੰ ਸਿਖਲਾਈ ਦੇਣ ਦੇ ਅਨੁਮਾਨ ਮੁਤਾਬਕ ਦੇਸ਼ ਨੂੰ ਘੱਟ ਤੋਂ ਘੱਟ ਦਸ ਮਿਲੀਅਨ ਸਿਖਲਾਈ ਕਰਤਾਵਾਂ ਦੀ ਲੋੜ ਹੋਵੇਗੀ ਜੋ ਕਿ ਹਰ ਪੱਖ ਵਿਚ ਮਾਹਿਰ ਹੋਣ। ਝਾਰਖੰਡ, ਉੱਤਰ-ਪੂਰਬ ਅਤੇ ਜੰਮੂ-ਕਸ਼ਮੀਰ ਜਿਹੇ ਮੁਸ਼ਕਿਲ ਇਲਾਕਿਆਂ ਵਿਚ ਯੋਗਤਾ ਪ੍ਰਾਪਤ ਸਿਖਲਾਈ ਕਰਤਾਵਾਂ ਦਾ ਮਿਲ ਸਕਣਾ ਮੁਸ਼ਕਿਲ ਹੈ। ਤਕਨਾਲੋਜੀ ਇੰਟਰਫੇਸ ਇਕ ਅਤਿਅੰਤ ਲਾਜ਼ਮੀ ਅੰਗ ਹੈ ਪਰ ਚੁਨੌਤੀ ਇਸ ਨੂੰ ਤੇਜ਼ੀ ਨਾਲ ਟੀ ਵੀ ਈ ਟੀ ਅਮਲਾਂ ਮੁਤਾਬਕ ਢਾਲਣ ਦੀ ਹੈ।

## ਅੱਗੇ ਦਾ ਰਾਹ

ਇਕ ਅਨੁਮਾਨ ਮੁਤਾਬਕ 2022 ਤਕ 500 ਮਿਲੀਅਨ ਲੋਕ ਇੰਟਰਨੈੱਟ ਨਾਲ ਜੁੜ ਜਾਣਗੇ। ਦਿਲਚਸਪੀ ਵਾਲੀ ਗੱਲ ਹੈ ਕਿ ਦਿਹਾਤੀ ਇਲਾਕਿਆਂ ਵਿਚ ਅਜਿਹੇ ਵਰਤੋਂਕਾਰਾਂ ਦੀ ਗਿਣਤੀ 2013 ਵਿਚ 29 ਪ੍ਰਤਿਸ਼ਤ ਤੋਂ ਅਗਲੇ 3 ਸਾਲਾਂ ਦੌਰਾਨ 50 ਪ੍ਰਤਿਸ਼ਤ ਤਕ ਪਹੁੰਚ ਜਾਣ ਦੀ ਸੰਭਾਵਨਾ ਹੈ। ਔਰਤ ਵਰਤੋਂਕਾਰਾਂ ਦੀ ਗਿਣਤੀ 2013 ਵਿਚ 20 ਪ੍ਰਤਿਸ਼ਤ ਤੋਂ 2018 ਵਿਚ 35 ਪ੍ਰਤਿਸ਼ਤ ਹੋ ਜਾਣ ਦੀ ਆਸ ਹੈ। ਇਸ ਦਾ ਭਾਵ ਨਾ ਸਿਰਫ਼ ਮਨੋਰੰਜਨ ਸਗੋਂ 'ਵਿਦਿਅਕ ਮਨੋਰੰਜਨ' ਤਕ ਵਧੇਰੇ ਪਹੁੰਚ ਹੈ। ਮੁਹਾਰਤ ਹਾਸਲ ਭਾਰਤ 'ਡਿਜ਼ੀਟਲ ਇੰਡੀਆ' ਅਤੇ 'ਮੇਕ ਇਨ ਇੰਡੀਆ' ਦੋਹਾਂ ਦੇ ਹੱਥ ਫੜ ਕੇ ਅੱਗੇ ਤੁਰੇਗਾ। ਸੰਭਾਵੀ ਸਿਖਾਂਦਰੂਆਂ ਦੀਆਂ ਲੋੜਾਂ ਮੁਤਾਬਕ ਹੀ ਸਿਖਲਾਈ ਦੇ ਆਨਲਾਈਨ ਅਤੇ ਮੋਬਾਇਲ ਮੰਚਾਂ ਵਿਚ ਵਾਧਾ ਹੋਵੇਗਾ। ਇਥੇ ਸਵਾਲ ਉੱਭਰਦਾ ਹੈ ਕਿ ਕੀ ਸਿਰਫ਼ ਇਕ ਥਾਂ ਸਥਿਤ ਬੁਨਿਆਦੀ ਢਾਂਚੇ ਦੀ ਵਰਤੋਂ ਨਾਲ ਹੀ ਮੁਹਾਰਤ ਜਾਂ ਸਿਖਲਾਈ ਦਿਤੀ ਜਾ ਸਕਦੀ ਹੈ? ਸ਼ਾਇਦ ਨਹੀਂ। ਭਾਵੇਂ ਇਸ ਗੱਚ ਵਿਚ ਸੱਚਾਈ ਹੈ ਕਿ ਸਾਰੇ ਖੇਤਰਾਂ ਦੇ ਕਿੱਤਾ-ਮੁਖੀ ਪ੍ਰੋਗਰਾਮ ਲਈ ਅਮਲੀ ਸਿਖਲਾਈ ਦੀ ਕਾਫ਼ੀ ਲੋੜ ਹੋਵੇਗੀ ਪਰ ਨਾਲ ਦੀ ਨਾਲ ਨਵੀਂ ਤਰ੍ਹਾਂ ਦੇ ਆਧੁਨਿਕ ਆਨਲਾਈਨ ਸਿਖਲਾਈ ਮਾਡਿਯੂਲ ਵੀ ਕਾਇਮ ਕਰਨੇ ਪੈਣਗੇ, ਜਿਥੇ ਵਰਤੋਂਕਾਰ ਸਥਾਨ ਤੋਂ ਸੁਤੰਤਰ ਹੋ ਕੇ 24 ਘੰਟੇ 7 ਦਿਨ ਆਪਣੀ ਪਹੁੰਚ ਬਣਾ ਸਕੇਗਾ ਅਤੇ ਇਥੇ ਹੀ ਟੀ ਵੀ ਈ ਟੀ ਵਿਚ ਮਿਸ਼ਰਤ ਸਿਖਲਾਈ ਦੀ ਧਾਰਨਾ ਆਪਣਾ ਨਿਵੇਕਲਾ ਰੂਪ ਲਵੇਗੀ।

ਟੀ ਵੀ ਈ ਟੀ ਵਿਚਲੀ ਮਿਸ਼ਰਤ ਸਿਖਲਾਈ ਦੀ ਧਾਰਨਾ ਸਰੀਰਕ ਰੂਪ ਵਿਚ ਆਹਮੋ-ਸਾਹਮਣੇ ਸਿਖਲਾਈ ਦੇਣ ਦੇ ਅਮਲ ਨੂੰ ਤਕਨਾਲੋਜੀ ਆਧਾਰੀ ਹਦਾਇਤ ਨਾਲ ਸੰਗਠਿਤ ਕਰੇਗੀ। ਇਸ ਤੋਂ ਇਲਾਵਾ ਸਿਖਲਾਈ ਕੇਂਦਰ ਵੱਖ-ਵੱਖ ਤਰ੍ਹਾਂ ਦੇ ਆਮ ਜਨਤਕ ਸਥਾਨਾਂ ਜਿਵੇਂ ਰੇਲਵੇ ਸਟੇਸ਼ਨਾਂ, ਮੈਟਰੋ ਸਟੇਸ਼ਨਾਂ, ਮਾਲ ਅਤੇ ਮੋਬਾਇਲ ਕੇਂਦਰ ਚਲਾ ਕੇ ਪ੍ਰੋਗਰਾਮ ਨੂੰ ਵੱਡਾ ਹੁਲਾਰਾ ਦੇ ਸਕਦੇ ਹਨ। ਬਰਾਜ਼ੀਲ ਵਿਚ ਐੱਸ ਈ ਐੱਨ ਏ ਆਈ ਵਲੋਂ ਮੁਹਾਰਤ ਟਰੱਕਾਂ ਦੀ ਸ਼ਾਨਦਾਰ ਮਿਸਾਲ ਸਾਹਮਣੇ ਹੈ, ਜੋ ਮੁਹਾਰਤਾਂ ਨੂੰ ਦੇਸ਼ ਦੇ ਦਿਹਾਤੀ ਅਤੇ ਦੂਰ-ਦੁਰਾਡੇ ਦੇ ਮੁਸ਼ਕਿਲ ਇਲਾਕਿਆਂ ਤਕ ਲੈ ਗਏ ਹਨ। ਇਸ ਵਿਚ ਨਵੀਆਂ ਤਕਨਾਲੋਜੀਆਂ ਦੀ ਵਰਤੋਂ ਹੋਵੇਗੀ, ਜੋ ਕਿ ਆਨ-ਲਾਈਨ ਅਤੇ ਆਫ਼ਲਾਈਨ ਦੋਹਾਂ ਢੰਗਾਂ ਨਾਲ ਡਿਜ਼ੀਟਲ ਸਰੋਤਾਂ ਤਕ ਪਹੁੰਚ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੋਣਗੀਆਂ।

ਮਿਸ਼ਰਤ ਸਿਖਲਾਈ ਮਾਡਲ, ਮੁਹਾਰਤ ਦੇ ਮਾਡਲ ਦੀ ਵਧੇਰੇ ਘੋਖ ਕਰਨ ਲਈ ਵੀ ਰਾਹ ਖੋਲ੍ਹੇਗਾ। ਇਹ ਖ਼ਾਸ ਕਰਕੇ ਰੁਜ਼ਗਾਰ ਦੇਣ ਵਾਲਿਆਂ ਅਤੇ ਮੁਹੱਈਆਕਾਰਾਂ ਸਮੇਤ ਅਦਾਰਿਆਂ ਨੂੰ ਮੁਹਾਰਤਾਂ ਨੂੰ ਉਤਪਾਦਨ ਨਹੀਂ, ਨਤੀਜਿਆਂ ਦੇ ਪੱਖ ਤੋਂ ਦੇਖਣ ਲਈ ਪ੍ਰੇਰਿਤ ਕਰੇਗਾ। ਇਸ ਤੋਂ ਇਲਾਵਾ, ਨਿੱਜੀ ਖੇਤਰ ਹੋਵੇ ਜਾਂ ਸਰਕਾਰੀ, ਸਭ ਨੂੰ ਪ੍ਰਭਾਵ ਦਾ ਜਾਇਜ਼ਾ, ਨਿਵੇਸ਼ ਦੇ ਸਮਾਜਿਕ ਵਸੂਲੀ ਵਰਗੇ ਸੰਦਾਂ ਰਾਹੀਂ ਹੀ ਲੈਣਾ ਹੋਵੇਗਾ। ਸੰਜਿਤਾ ਦਾ ਮਾਮਲਾ ਦੇਖੋ, ਉਸ ਨੂੰ ਮੁਹਾਰਤਾਂ ਨਾਲ ਭਰਪੂਰ ਕੀਤੇ ਜਾਣ ਨਾਲ ਨਾ ਕੇਵਲ ਉਸ ਦੀ ਆਰਥਿਕ ਸਥਿਤੀ ਵਿਚ ਸੁਧਾਰ ਆਇਆ, ਸਗੋਂ ਉਸ ਦੇ ਪੂਰੇ ਪਰਿਵਾਰ, ਸਮੁਦਾਇ ਅਤੇ ਪਿੰਡ ਦੀ ਵੀ ਹਾਲਤ ਸੁਧਰੀ।

## ਸਿੱਟਾ

ਮੁਹਾਰਤਾਂ ਨਾਲ ਭਰਪੂਰ ਭਾਰਤ ਉਦਯੋਗ ਦੀਆਂ ਮਨੁੱਖੀ ਸ਼ਕਤੀ ਲੋੜਾਂ ਅਤੇ ਮੁਹਾਰਤਾਂ ਦੇ ਟੀਚੇ ਹਾਸਲ ਕਰਨ ਲਈ ਲੋੜੀਂਦੇ ਬੁਨਿਆਦੀ ਢਾਂਚੇ ਦੇ ਸਹੀ ਜਾਇਜ਼ੇ ਦੇ ਪ੍ਰਸੰਗ ਵਿਚ ਵੱਡੇ ਹੌਸਲੇ ਵਾਲਾ ਕਾਰਜ ਹੈ। ਮੁਹਾਰਤ ਬਾਰੇ ਖੇਤਰ ਵਿਚ ਕਈ ਨਵੇਂ ਖਿਡਾਰੀਆਂ ਦੇ ਉਤਰਨ ਨਾਲ ਪੂਰਾ ਕੇਂਦਰ ਤਿੰਨ ਨੁਕਤਿਆਂ 'ਤੇ ਹੋਣਾ ਚਾਹੀਦਾ ਹੈ, ਨਿਵੇਸ਼, ਨਵੀਨਤਾ ਅਤੇ ਸੰਸਥਾਵਾਂ ਤਾਂ ਕਿ ਸਿਖਲਾਈ, ਜਾਇਜ਼ੇ ਅਤੇ ਨੌਕਰੀਆਂ ਦੇ ਮਿਆਰ ਵਿਚ ਵਾਧਾ ਹੋਵੇ। ਕਈ ਉਦਯੋਗਿਕ ਅਗਵਾਈ ਵਾਲੇ ਸਫ਼ਲ ਸਿਖਲਾਈ ਮਾਡਲ ਉੱਭਰੇ ਹਨ, ਜਿਸ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਸਿਖਲਾਈ ਹੁਨਰ 'ਤੇ ਆਧਾਰਤ ਹੈ ਅਤੇ ਇਹ ਸਿਖਾਂਦਰੂਆਂ ਦੀ ਕਾਰਜ ਹੱਥੀਂ ਲੈਣ ਤੇ ਨਿਬੇੜਨ ਦੀ ਯੋਗਤਾ ਵਿਚ ਵਾਧਾ ਕਰਦੀ ਹੈ। ਤਕਨਾਲੋਜੀ ਨੇ ਪ੍ਰੋਗਰਾਮਾਂ ਵਿਚ ਆਪਣੀ ਬਣਦੀ ਅਨਿੱਖੜਵੀਂ ਭੂਮਿਕਾ ਨਿਭਾਈ ਹੈ। ਅੰਤ ਵਿਚ ਮੁਹਾਰਤ ਰਾਹੀਂ ਨੌਜਵਾਨ ਤਬਕੇ ਨੂੰ ਸਮਾਜਿਕ ਰੂਪ ਵਿਚ ਰੂਪਾਂਤਰਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਵਿਅਕਤੀਆਂ ਲਈ, ਜੋ ਸਕੂਲੀ ਪੜ੍ਹਾਈ ਵਿਚਾਲੇ ਛੱਡ ਗਏ ਅਤੇ ਕਿਰਤ ਸ਼ਕਤੀ ਵਿਚ ਸ਼ਾਮਿਲ ਹੋਣਾ ਚਾਹੁੰਦੇ ਹਨ, ਮੁਹਾਰਤ ਸਿਖਲਾਈ, ਸ਼ਖ਼ਸ਼ੀਅਤ ਸੁਧਾਰ ਅਤੇ ਅਨੁਭਵ ਦਾ ਮਹੱਤਵਪੂਰਨ ਪੁਲ ਬਣਦੀ ਹੈ, ਜਿਸ ਰਾਹੀਂ ਉਹ ਚੰਗਾ ਰੁਜ਼ਗਾਰ ਹਾਸਲ ਕਰ ਸਕਦੇ ਹਨ।

*(ਲੇਖਿਕਾ ਨੀਤੀ ਅਤੇ ਸੰਚਾਰ ਗਰੁੱਪ ਅਤੇ ਕਾਰਪੋਰੇਟ ਇੰਗੇਜਮੈਂਟ, ਆਈ ਐੱਲ ਐਂਡ ਐਫ ਸੀ ਸਿੱਖਿਆ ਅਤੇ ਤਕਨਾਲੋਜੀ ਸੇਵਾਵਾਂ ਲਿਮਟਿਡ 'ਚ ਗਰੁੱਪ ਹੈੱਡ ਹੈ।)*

*e-mail :poojagianchandani@gmail.com*

# ਮਿਸ਼ਰਤ ਗਿਆਨ ਪ੍ਰਣਾਲੀ ਰਾਹੀਂ ਭਾਰਤ ਨੂੰ ਹੁਨਰਮੰਦ ਬਣਾਉਣਾ

ਐੱਮ ਸਾਇਰਾਮ ਤੇ ਸ਼ਰਨਿਆ ਰਮੇਸ਼

## ਭਾਰਤ 'ਚ ਹੁਨਰਮੰਦੀ ਦਾ ਮਾਹੌਲ

ਅਕਾਂਖਿਆ ਅਤੇ ਆਰਥਿਕਤਾ ਦੋਹਾਂ ਪੱਖਾਂ ਤੋਂ ਇਕ ਪਰਿਵਰਤਨ ਵਿਚੋਂ ਲੰਘ ਰਹੇ ਭਾਰਤ ਵਿਚ ਮਨੁੱਖੀ ਸਰੋਤਾਂ ਦੀ ਸਿਖਲਾਈ ਦੇ ਖੇਤਰ ਵਿਚ ਮੂਲ-ਚੂਲ ਪਰਿਵਰਤਨ ਲਿਆਏ ਜਾਣ ਦੀ ਲੋੜ ਹੈ। ਭਾਰਤ ਵਿਚ ਮੁਹਾਰਤ ਵੰਗਾਰਾਂ ਦੀ ਵੱਖਰਤਾ ਦੇ ਪ੍ਰਸੰਗ ਵਿਚ ਇਹ ਪਰਿਵਰਤਨ ਹੋਰ ਵਧੇਰੇ ਮਹੱਤਵਪੂਰਨ ਹੋ ਜਾਂਦਾ ਹੈ।

ਭਾਰਤ ਵਿਚ ਮੁਹਾਰਤ ਪੱਖੀ ਲੋੜਾਂ ਨਾਲ ਨਜਿੱਠਣ ਲਈ ਇਕਸਾਰਤਾ ਵਾਲੀ ਨੀਤੀ ਅਪਣਾਏ ਜਾਣ ਦੀ ਲੋੜ ਹੈ, ਜਿਥੇ ਕਿ ਲਾਭ ਅਤੇ ਸਮੁੱਚੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਲੋੜੀਂਦੇ ਉਪਾਅ ਅਤੇ ਢੰਗ-ਤਰੀਕੇ ਹੋਣ ਅਤੇ ਸਮੁੱਚਤਾ ਵਾਲੀ ਨੀਤੀ ਸਰਗਰਮ ਰਹੇ। ਇਸ ਤਰ੍ਹਾਂ ਦੀ ਨੀਤੀ ਨਾਲ ਹੀ ਮੁਹਾਰਤ ਨੂੰ ਇਕ ਪ੍ਰਣਾਲੀ ਅਤੇ ਇਕ ਮਸ਼ਕ ਵਜੋਂ ਦੇਖੇ ਜਾਣ ਦੇ ਮੱਦੇ-ਨਜ਼ਰ ਨਵੀਨਤਾ ਨੂੰ ਅਪਨਾਏ ਜਾਣ ਦਾ ਰਾਹ ਖੁੱਲ੍ਹੇਗਾ।

ਭਾਰਤ ਵਿਚ ਮੁਹਾਰਤ ਪੱਖੀ ਪਹਿਲਕਦਮੀਆਂ ਮੁਹਾਰਤ ਵਿਕਾਸ ਤੇ ਉੱਦਮ ਮੰਤਰਾਲਾ (ਐੱਮ ਐੱਸ ਡੀ ਈ) ਵਲੋਂ ਕੀਤੀਆਂ ਜਾਂਦੀਆਂ ਹਨ। ਮੁਹਾਰਤ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਪਾਉਣ ਲਈ ਵੱਖ-ਵੱਖ ਪਹਿਲਕਦਮੀਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਪਹਿਲਾਂ ਹੀ ਮੁਹਾਰਤਾਂ ਬਾਰੇ ਰਾਸ਼ਟਰੀ ਨੀਤੀ ਉਪਰ ਖਰੜਾ ਪੇਸ਼ ਕਰ ਦਿਤਾ ਗਿਆ ਹੈ, ਜਿਸ ਵਿਚ ਦਸ ਨੁਕਤੇ ਦਰਸਾਏ ਗਏ ਹਨ :

• ਟੀਚਾ • ਸਮਰੱਥਾ • ਮਿਆਰ • ਊਰਜਾ • ਮੋਬੀਲਾਈਜੇਸ਼ਨ ਐਂਡ ਐਂਗੇਜਮੈਂਟ • ਅੰਤਰਰਾਸ਼ਟਰੀ ਭਾਈਵਾਲੀਆਂ • ਪਾਸਾਰ ਤੇ ਪ੍ਰਚਾਰ • ਸੂਚਨਾ ਅਤੇ ਸੰਚਾਰ ਤਕਨਾਲੋਜੀ ਨਾਲ ਭਰਪੂਰ ਕਰਨਾ • ਸਿਖਲਾਈਕਰਤਾ ਤਿਆਰ ਕਰਨੇ • ਸਮੁੱਚਤਾ ਦੀ ਨੀਤੀ।

ਉਪਰੋਕਤ ਸਾਰੇ ਨੁਕਤੇ ਭਾਰਤ ਵਿਚ ਮੁਹਾਰਤ ਦੀ ਸਥਿਤੀ ਬਿਹਤਰ ਕਰਨ ਲਈ ਕਾਰਗਰ ਸਾਬਤ ਹੋ ਸਕਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਮਹੱਤਤਾ ਵਾਲਾ ਨੁਕਤਾ ਸੂਚਨਾ ਤੇ ਸੰਚਾਰ ਤਕਨਾਲੋਜੀ ਨਾਲ ਭਰਪੂਰ ਕੀਤੇ ਜਾਣ ਦਾ ਹੈ। ਨੀਤੀ ਬਾਰੇ ਖਰੜੇ ਵਿਚ ਕਿਹਾ ਗਿਆ ਹੈ, "ਸਰਕਾਰ ਨਵੀਨਤਾ ਵਾਲੇ ਉਤਪਾਦਾਂ ਦੇ ਨਮੂਨਿਆਂ ਅਤੇ ਹੱਲਾਂ ਦੀ ਹਮਾਇਤ ਕਰੇਗੀ, ਜਿਨ੍ਹਾਂ ਨਾਲ ਕਿ ਮੁਹਾਰਤ ਪ੍ਰਣਾਲੀ ਵਿਚ ਅਹਿਮ ਖੱਪਿਆਂ ਨੂੰ ਅਸਰਦਾਰ ਢੰਗ ਨਾਲ ਪੂਰਿਆ ਜਾ ਸਕੇ।" ਇਸ ਵਿਚ ਅੱਗੇ ਕਿਹਾ ਗਿਆ ਹੈ ਕਿ, "ਮੁਹਾਰਤ ਵਿਕਾਸ ਉਪਰ ਈ-ਕਨਟੈਂਟ ਲਈ ਇਕ ਖੁੱਲ੍ਹਾ ਮੰਚ ਕਾਇਮ ਕੀਤਾ ਜਾਏਗਾ, ਜਿਸ ਵਿਚ ਮਿਆਰੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਲਈ ਵੀ ਇਕ ਸਿਲਸਿਲਾ ਕਾਇਮ ਕੀਤਾ ਜਾਵੇਗਾ। ਇਸ ਮੰਚ ਵਲੋਂ ਮਾਨਕੀਕ੍ਰਿਤ ਸਿਖਲਾਈ ਪਾਠਕ੍ਰਮ ਅਤੇ ਸਮੱਗਰੀ ਉਪਲਬਧ ਕਰਾਈ ਜਾਵੇਗੀ, ਜਿਸ ਨੂੰ ਸਿਖਲਾਈ ਕਰਤਾਵਾਂ, ਸਿਖਲਾਈ ਸੰਸਥਾਵਾਂ ਵਲੋਂ ਮੁਹਾਰਤ ਸਿਖਲਾਈ ਲਈ ਵਰਤਿਆ ਜਾ ਸਕੇਗਾ। ਇਸ ਕੰਮ ਨਾਲ ਜੁੜੀਆਂ ਸਾਰੀਆਂ ਧਿਰਾਂ ਨੂੰ ਵੱਡੇ ਪੱਧਰ 'ਤੇ ਖੁੱਲ੍ਹੇ ਆਨਲਾਈਨ ਕੋਰਸ (ਐੱਮ ਓ ਓ ਸੀ) ਅਤੇ ਆਨਲਾਈਨ ਜਮਾਤਾਂ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਭਾਰਤ ਦੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਇਹ ਸੇਵਾਵਾਂ ਪੂਰੀ ਤਰ੍ਹਾਂ ਨਹੀਂ ਪਹੁੰਚ ਸਕੀਆਂ, ਵਿਚ ਉੱਚ ਮਿਆਰੀ ਕਿੱਤਾ-ਮੁਖੀ ਸਿਖਲਾਈ ਲਈ ਮਿਸ਼ਰਤ ਸਿਖਲਾਈ ਮਾਹੌਲ ਤਿਆਰ ਕੀਤੇ ਜਾਣ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਉਪਰੋਕਤ ਨੁਕਤਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਨੂੰ ਸਿਖਲਾਈ ਦੇ ਨਵੇਂ ਨਮੂਨਿਆਂ ਦੀ ਫੌਰੀ ਤੌਰ ਤੇ ਭਾਲ ਕਰਨੀ ਚਾਹੀਦੀ ਹੈ। ਇਥੇ ਭਾਵ ਮੌਜੂਦਾ ਸਿਖਲਾਈ ਪ੍ਰਣਾਲੀ ਨੂੰ ਹਟਾਏ ਜਾਣ ਤੋਂ ਨਹੀਂ ਹੈ; ਸਗੋਂ ਉਸ ਨੂੰ ਵਧੇਰੇ ਅਸਰਦਾਰ ਬਣਾਉਣ ਲਈ ਅਤੇ ਨਿਮਨ ਪੱਧਰ 'ਤੇ ਪ੍ਰਭਾਵ ਪਹੁੰਚਾਉਣ ਲਈ ਸਹਾਇਕ ਤਕਨਾਲੋਜੀਆਂ/ਪ੍ਰਣਾਲੀਆਂ ਦੀ ਵਰਤੋਂ ਤੋਂ ਹੈ, ਜਿਨ੍ਹਾਂ ਵਿਚੋਂ ਇਕ ਪ੍ਰਣਾਲੀ ਮਿਸ਼ਰਤ ਸਿਖਲਾਈ ਹੈ।

## ਮਿਸ਼ਰਤ ਸਿਖਲਾਈ ਕੀ ਹੈ

ਇਹ ਧਾਰਕਾਂ ਲਈ ਪਹਿਲਾਂ ਤੋਂ ਤੈਅ ਸ਼ਬਦਾਵਲੀਆਂ ਨੂੰ ਦਿਮਾਗ ਵਿਚ ਲਿਆਉਂਦੀ ਹੈ ਜਿਨ੍ਹਾਂ ਵਿਚੋਂ ਪਹਿਲੀ ਸੋਚ ਹੈ ਕਿ ਮਿਸ਼ਰਤ ਸਿਖਲਾਈ ਅਜਿਹਾ ਉੱਦਮ ਹੈ ਜਿਸ ਨੂੰ ਇੰਟਰਨੈੱਟ ਰਾਹੀਂ ਚਲਾਇਆ ਜਾਂਦਾ ਹੈ ਅਤੇ ਜਿਥੇ ਕਿ ਸਿਖਲਾਈਕਰਤਾ/ਅਧਿਆਪਕ ਬੇਲੋੜਾ ਹੋ ਜਾਂਦਾ ਹੈ। ਪਰ ਅਸਲ ਵਿਚ ਮਿਸ਼ਰਤ ਸਿਖਲਾਈ ਸੂਚਨਾ ਅਤੇ ਸੰਚਾਰ ਤਕਨਾਲੋਜੀ, ਆਹਮੋ-ਸਾਹਮਣੇ ਬੈਠ ਕੇ ਲਈ ਸਿੱਖਿਆ ਅਤੇ ਸਾਂਝੀ ਸਿੱਖਿਆ ਦਾ ਸੁਮੇਲ ਹੈ। ਪੂਰੀ ਦੁਨੀਆਂ ਦੇ ਰਾਸ਼ਟਰ ਵਿਦਿਅਕ ਅਤੇ ਮੁਹਾਰਤ ਪੱਖੀ ਪਹਿਲਕਦਮੀਆਂ ਵਿਚ ਮਿਸ਼ਰਤ ਸਿਖਲਾਈ ਨੂੰ ਸੰਚਾਲਤ ਕਰ ਰਹੇ ਹਨ, ਜਿਸ ਦੇ ਕਈ ਵਾਧੇ ਹਨ, ਜਿਵੇਂ ਕਿ :-

• ਇਕੋ ਸਮੇਂ ਲੱਖਾਂ ਵਿਦਿਆਰਥੀਆਂ ਤਕ ਪਹੁੰਚਣ ਦੀ ਸਮਰੱਥਾ। • ਮਿਸ਼ਰਤ ਸਿੱਖਿਆ ਸਾਂਝੀ ਸਿੱਖਿਆ ਨੂੰ ਅੱਗੇ ਵਧਾਉਂਦੀ ਹੈ। • ਮਿਸ਼ਰਤ ਸਿੱਖਿਆ ਤਕਨਾਲੋਜੀ ਦੀ ਸਹੀ ਤੇ ਸਟੀਕ ਵਰਤੋਂ ਕਰਦੀ ਹੈ।

ਲੋੜ ਇਸ ਗੱਲ ਦੀ ਹੈ ਕਿ ਮਿਸ਼ਰਤ ਜਾਣਕਾਰੀ ਦੀ ਅੱਗੋਂ ਹੋਰ ਘੋਖ ਕਰਦਿਆਂ ਭਾਰਤ ਵਿਚ ਇਸ ਨੂੰ ਲਾਗੂ ਕੀਤੇ ਜਾਣ ਦੇ ਪੱਖੋਂ ਵਿਚਾਰ ਕੀਤਾ ਜਾਵੇ।

## ਭਾਰਤ 'ਚ ਮਿਸ਼ਰਤ ਜਾਣਕਾਰੀ ਪ੍ਰਣਾਲੀ ਨੂੰ ਲਾਗੂ ਕਰਨ ਦੇ ਚਾਰ ਪੜਾਅ

ਰਵਾਇਤੀ ਰਣਨੀਤੀਆਂ ਦੇ ਗਿੱਝੇ ਦੇਸ਼ ਭਾਰਤ ਵਿਚ ਮਿਸ਼ਰਤ ਸਿਖਲਾਈ ਪ੍ਰਣਾਲੀ ਲਾਗੂ

### ਭਾਰਤ ਵਿਚ ਮੁਹਾਰਤ ਵੰਗਾਰਾਂ

- ਮੁਹਾਰਤ ਹਾਸਲ ਕਰਨ ਦੀ ਲੋੜ ਵਾਲੇ ਮਨੁੱਖਾਂ ਦੀ ਵੱਡੀ ਗਿਣਤੀ : ਰਾਸ਼ਟਰੀ ਮੁਹਾਰਤ ਵਿਕਾਸ ਕਾਰਪੋਰੇਸ਼ਨ (ਐੱਨ ਐੱਸ ਡੀ ਸੀ) ਮੁਤਾਬਕ 2022 ਵਿਚ 22 ਮੁੱਖ ਖੇਤਰਾਂ ਵਿਚ 11.92 ਕਰੋੜ ਮੁਹਾਰਤ ਹਾਸਲ ਮਨੁੱਖੀ ਸ਼ਕਤੀ ਦੀ ਲੋੜ ਹੋਵੇਗੀ।
- ਉੱਚ ਪੱਧਰੀ ਮੁਹਾਰਤ ਸਿਲਸਿਲਿਆਂ ਦੀ ਲੋੜ।
- ਮੁਹਾਰਤ ਪ੍ਰਣਾਲੀਆਂ ਦੀ ਵੰਨ-ਸੁਵੰਨਤਾ ਦੀ ਲੋੜ ਜੋ ਕਿ ਇਨ੍ਹਾਂ ਵੱਖ-ਵੱਖ ਇਲਾਕਿਆਂ ਵਿਚ ਉਦਯੋਗਿਕ ਲੋੜਾਂ ਤੇ ਅੱਗੋਂ ਮੁਹਾਰਤ ਲਈ ਇਲਾਕਾ ਆਧਾਰਤ ਰਣਨੀਤੀਆਂ ਦੀ ਲੋੜ ਕਾਰਨ ਹੈ।
- ਵੱਖ-ਵੱਖ ਵਿੱਦਿਅਕ ਪੱਧਰਾਂ ਵਾਲੇ ਵਿਅਕਤੀਆਂ ਵਲੋਂ ਮੁਹਾਰਤ ਹਾਸਲ ਕਰਨ ਦੀ ਇੱਛਾ ਕਾਰਨ ਮੁਹਾਰਤ ਪਹਿਲਕਦਮੀਆਂ ਵੀ ਵੰਨ-ਸੁਵੰਨਤਾ ਦੇ ਸੁਭਾਅ ਵਾਲੀਆਂ ਹੋਣਗੀਆਂ।
- ਉਚੇਰੀ ਸਿੱਖਿਆ ਅਤੇ ਕਿੱਤਾ-ਮੁਖੀ ਸਿਖਲਾਈ ਬਾਰੇ ਦ੍ਰਿਸ਼ਟੀਕੋਣ।
- ਮੰਗ ਅਤੇ ਪੂਰਤੀ ਦਰਮਿਆਨ ਅਸੰਤੁਲਨ ਦੂਰ ਕਰਨ ਦਾ ਜਾਇਜ਼ਾ ਲੈਣ ਵਾਲੀ ਸੰਗਠਿਤ ਕਿਰਤ ਪ੍ਰਬੰਧਨ ਸੂਚਨਾ ਪ੍ਰਣਾਲੀ ਦੀ ਕਮੀ।

ਕਰਨ ਲਈ ਕੇਂਦਰਿਤ ਰਣਨੀਤੀਆਂ ਦੀ ਲੋੜ ਹੈ, ਜੋ ਕਿ ਮੌਜੂਦਾ ਢਾਂਚੇ ਦੀ ਵਰਤੋਂ ਕਰਦਿਆਂ ਨਵੀਆਂ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਜੋੜ ਕੇ ਨਵੀਂ ਕ੍ਰਾਂਤੀ ਲਿਆ ਦੇਣ। ਸਪੱਸ਼ਟ ਤੌਰ ਤੇ ਸਮਝ ਲੈਣਾ ਹੋਵੇਗਾ ਕਿ ਕੋਈ ਵੀ ਤਕਨਾਲੋਜੀ ਇਕੱਲੇ ਤੌਰ ਤੇ ਕਾਰਗਰ ਨਹੀਂ ਹੋ ਸਕਦੀ, ਸਗੋਂ ਮੁਹਾਰਤ ਦੀ ਰਣਨੀਤੀ ਤਹਿਤ ਸਭ ਇਕੱਠਿਆਂ ਮਿਲ ਕੇ ਉਸਾਰੂ ਮਾਹੌਲ ਸਿਰਜ ਸਕਦੀਆਂ ਹਨ।

### ਪਹਿਲੀ ਰਣਨੀਤੀ – ਨਤੀਗਤ ਢਾਂਚਾ

ਨੀਤੀਗਤ ਢਾਂਚੇ ਤਹਿਤ ਇਹ ਸਪੱਸ਼ਟ ਕੀਤਾ ਜਾਵੇਗਾ ਕਿ ਕਿਵੇਂ ਅਤੇ ਕਿੱਥੇ ਮਿਸ਼ਰਤ ਸਿੱਖਿਆ ਪ੍ਰਣਾਲੀ ਨੂੰ ਮੌਜੂਦਾ ਸਿਲਸਿਲੇ ਨਾਲ ਜੋੜਿਆ ਜਾਵੇਗਾ। ਅੱਜ ਭਾਰਤ ਦੀ ਮੁਹਾਰਤ ਬਾਰੇ ਪ੍ਰਣਾਲੀ ਵਿਚ ਵੱਡੇ ਪੱਧਰ ਦੇ ਪਰਿਵਰਤਨ ਚਲ ਰਹੇ ਹਨ। ਵੱਖ-ਵੱਖ ਮੁਹਾਰਤ ਕੌਂਸਲਾਂ (ਐੱਸ ਐੱਸ ਸੀਜ਼) ਦੇ ਮੁਤਾਬਕ ਆਪਣੇ ਕਿੱਤਾ-ਮੁਖੀ ਮਾਪਦੰਡ ਵਿਕਸਤ ਕਰ ਰਹੀਆਂ ਹਨ। ਇਸ ਸਮੁੱਚੇ ਢਾਂਚੇ ਵਿਚ ਮਿਸ਼ਰਤ ਸਿਖਲਾਈ ਢੰਗ ਨੂੰ ਖਪਾ ਦੇਣਾ ਬਹੁਤ ਮਹੱਤਵਪੂਰਨ ਨਤੀਜੇ ਦੇਵੇਗਾ। ਸਿਖਲਾਈ ਉਪਲਬਧ ਕਰਾਉਣ ਵਾਲਿਆਂ ਲਈ ਵੀ ਆਪਣੇ ਪਾਠਕ੍ਰਮ ਅਤੇ ਕੋਰਸਾਂ ਨੂੰ ਮਿਸ਼ਰਤ ਸਿਖਲਾਈ ਪ੍ਰਣਾਲੀ ਮੁਤਾਬਕ ਢਾਲਣਾ ਸੌਖਾ ਹੋਵੇਗਾ।

ਸੱਚ ਹੈ ਕਿ ਨੀਤੀ ਪੱਧਰ 'ਤੇ ਪੂਰਨ ਸਰਗਰਮੀ ਵਾਲੇ ਰਵੱਈਏ ਰਾਹੀਂ ਪੂਰੇ ਵਿਸ਼ਵ ਵਿਚ ਮਿਸ਼ਰਤ ਜਾਣਕਾਰੀ ਸਿਲਸਿਲੇ ਨੇ ਉਸਾਰੂ ਨਤੀਜੇ ਦਿਤੇ ਹਨ। ਅਜਿਹੇ ਮਾਹੌਲ ਵਿਚ ਜਿਥੇ ਕਿ ਕਿਸੇ ਨਵੇਂ ਸੰਕਲਪ ਨੂੰ ਅੱਗੇ ਤੋਰੇ ਜਾਣ ਦੀ ਲੋੜ ਹੈ, ਸਰਕਾਰ ਨੂੰ ਪਹਿਲ ਕਰਨੀ ਹੋਵੇਗੀ। ਸਰਬੋਤਮ ਮਿਸਾਲ ਬਰਤਾਨੀਆ ਦੀ ਹੈ ਜਿਸ ਨੇ ਅਗਲੇਰੀ ਵਿੱਦਿਆ ਸਿਖਲਾਈ ਤਕਨਾਲੋਜੀ ਕਾਰਜਕਾਰੀ ਸੰਗਠਨ (ਫੈਲਟੇਜ) ਦਾ ਸ਼ਕਤੀਕਰਨ ਕੀਤਾ ਤੇ ਜਿਸ ਨੇ ਅੱਗੋਂ ਅਗਲੇਰੇ ਵਿਦਿਅਕ ਦ੍ਰਿਸ਼ ਵਿਚ ਤਕਨਾਲੋਜੀ ਦੀ ਵਰਤੋਂ ਲਈ ਸਪੱਸ਼ਟ ਸਿਫ਼ਾਰਸ਼ਾਂ ਘੜੀਆਂ। ਇਹ ਅਗਲੇਰੀ ਵਿੱਦਿਆ ਸਿਖਲਾਈ ਤਕਨਾਲੋਜੀ ਕਾਰਜਕਾਰੀ ਸੰਗਠਨ ਦੀਆਂ ਸਿਫ਼ਾਰਸ਼ਾਂ ਦੇ ਪ੍ਰਤਿਕਰਮ ਵਿਚ ਵਪਾਰਕ ਨਵੀਨਤਾ ਅਤੇ ਮੁਹਾਰਤ ਬਾਰੇ ਵਿਭਾਗ (ਬੀ ਆਈ ਐੱਸ) ਨੇ ਇਕ-ਇਕ ਨੁਕਤੇ ਨੂੰ ਪ੍ਰਤਿਕਰਮ ਦਿੰਦਿਆਂ ਅੱਗੇ ਵਧਣ ਲਈ ਸਪੱਸ਼ਟ ਸੇਧਾਂ ਘੜੀਆਂ।

ਸਾਡੇ ਦੇਸ਼ ਦੇ ਪ੍ਰਸੰਗ ਵਿਚ ਮਿਸ਼ਰਤ ਸਿਖਲਾਈ ਲਈ ਸੇਧਾਂ ਘੜਨ ਦੇ ਨਾਲ-ਨਾਲ ਸਾਨੂੰ ਜਾਇਜ਼ਾ ਅਮਲ ਨੂੰ ਵਧੇਰੇ ਤੀਖਣ ਕਰਨ ਦੀ ਵੀ ਲੋੜ ਹੈ। ਮੁਹਾਰਤ ਬਾਰੇ ਰਾਸ਼ਟਰੀ ਨੀਤੀ ਦੇ ਖਰੜੇ ਵਿਚ ਜਾਇਜ਼ਾ ਅਮਲ ਬਾਰੇ ਇਹ ਕਿਹਾ ਗਿਆ ਹੈ, "ਸੁਤੰਤਰ ਜਾਇਜ਼ੇ ਅਤੇ ਤਸਦੀਕੀਕਰਨ ਲਈ ਇਕ ਢਾਂਚਾ ਹੋਵੇਗਾ, ਜੋ ਕਿ ਸਹੂਲਤ ਵਧਾਉਣ ਅਤੇ ਸਮਰੱਥਾ ਦਾ ਪੱਧਰ ਚੁੱਕਣ ਲਈ ਈ-ਜਾਇਜ਼ੇ ਦੀ ਵੀ ਮਦਦ ਲਵੇਗਾ।"

ਇਨ੍ਹਾਂ ਸਭ ਧਾਰਨਾਵਾਂ ਨੂੰ ਸੰਗਠਿਤ ਕਰਕੇ ਮਿਸ਼ਰਤ ਸਿਖਲਾਈ ਅਤੇ ਜਾਇਜ਼ੇ ਲਈ ਨੀਤੀ ਸੇਧਾਂ ਬਣਾਉਣੀਆਂ ਚਾਹੀਦੀਆਂ ਹਨ।

### ਦੂਜੀ ਰਣਨੀਤੀ – ਪਹਿਲਾਂ ਤੋਂ ਮੌਜੂਦ ਬੁਨਿਆਦੀ ਢਾਂਚੇ ਦੀ ਵਰਤੋਂ

ਮਿਸ਼ਰਤ ਜਾਣਕਾਰੀ ਸਿਲਸਿਲੇ ਨੂੰ ਨਿਮਨ ਪੱਧਰ ਤਕ ਲੈ ਜਾਣ ਦਾ ਇਹ ਭਾਵ ਨਹੀਂ ਕਿ ਸਾਡੇ ਸੰਭਵ ਅਸਥਾਨਾਂ 'ਤੇ ਬੁਨਿਆਦੀ ਢਾਂਚਾ ਕਾਇਮ ਕੀਤਾ ਜਾਵੇ। ਭਾਰਤ ਵਿਚ ਬਹੁ-ਪੱਧਰੀ ਬੁਨਿਆਦੀ ਢਾਂਚੇ ਵੱਖ-ਵੱਖ ਉਦੇਸ਼ਾਂ ਲਈ ਉਸਾਰੇ ਗਏ ਹਨ, ਜਿਨ੍ਹਾਂ ਦੀ ਪੂਰਨ ਤੌਰ ਤੇ ਵਰਤੋਂ ਨਹੀਂ ਹੁੰਦੀ। ਅਜਿਹੇ ਸਾਧਨਾਂ ਦੀ ਵਰਤੋਂ ਰਾਹੀਂ ਅਜਿਹੇ ਸਿਲਸਿਲੇ ਦਾ ਪ੍ਰਸਾਰ ਕੀਤਾ ਜਾ ਸਕਦਾ ਹੈ, ਜੋ ਮਿਸ਼ਰਤ ਸਿਖਲਾਈ ਵਾਲੀ ਮੁਹਾਰਤ ਨਾਲ ਜੁੜੀਆਂ ਲੋੜਾਂ ਦੀ ਪੂਰਤੀ ਵਿਚ ਸਹਾਇਕ ਹੋਵੇ। ਪਹਿਲਾਂ ਤੋਂ ਮੌਜੂਦ ਤੇ ਘੱਟ ਵਰਤੋਂ ਵਿਚ ਆ ਰਹੇ ਅਜਿਹੇ ਢਾਂਚੇ ਦੀ ਵਰਤੋਂ ਦੇ ਦੋ ਫ਼ਾਇਦੇ ਹੋਣਗੇ, ਪਹਿਲਾ ਖੇਤਰੀ ਪਹੁੰਚ ਹਾਸਲ ਕੀਤੀ ਜਾ ਸਕੇਗੀ ਅਤੇ ਦੂਜਾ ਮੌਜੂਦਾ ਘੱਟ ਵਰਤੋਂ ਸਰੋਤਾਂ ਦੀ ਪੂਰਨ ਵਰਤੋਂ ਕੀਤੀ ਜਾ ਸਕੇਗੀ।

### ਤੀਜੀ ਰਣਨੀਤੀ – ਹੁਨਰਮੰਦ ਅਤੇ ਯੋਗਤਾ ਹਾਸਲ ਸਿਖਲਾਈ-ਕਰਤਾ ਤਿਆਰ ਕਰਨੇ

ਭਾਰਤ ਦੇ ਮੁਹਾਰਤ ਖੇਤਰ ਦੀ ਅਜੋਕੀ ਸਥਿਤੀ ਦੇ ਮੱਦੇ-ਨਜ਼ਰ ਅਜਿਹੀ ਸਮਰੱਥਾ ਉਸਾਰਨ ਦੀ ਲੋੜ ਹੈ, ਜੋ ਕਿ ਯੋਗ ਸਿਖਲਾਈ-ਕਰਤਾ ਤਿਆਰ ਕਰੇ।

ਮੁਹਾਰਤ ਸਿਲਸਿਲੇ ਨੂੰ ਮਿਸ਼ਰਤ ਸਿਖਲਾਈ ਨਾਲ ਵਿਕਸਤ ਕਰਨ ਲਈ ਸਿਖਲਾਈ-ਕਰਤਾਵਾਂ ਦਾ ਅਜਿਹਾ ਭੰਡਾਰ ਤਿਆਰ ਕਰਨਾ ਹੋਵੇਗਾ ਜੋ ਆਪਣੇ ਕਾਰਜ ਦੀ ਮਹੱਤਤਾ ਦੀ ਪ੍ਰਸ਼ੰਸਾ ਕਰਦੇ ਹੋਣ। ਮਿਸ਼ਰਤ ਸਿਖਲਾਈ ਵਾਲੇ ਮਾਹੌਲ ਵਿਚ ਸਿਖਲਾਈ-ਕਰਤਾ ਮਹਿਜ਼ ਰਾਹ ਸੁਖਾਲਾ ਕਰਨ ਵਾਲੇ ਵਡੇਰੇ ਦੀ ਭੂਮਿਕਾ ਨਿਭਾਉਂਦਾ ਹੈ, ਜੋ ਸਿਖਾਂਦਰੂ ਨੂੰ ਸਵੈ-ਭਰੋਸੇ ਰਾਹੀਂ ਵੱਖ-ਵੱਖ ਪੱਖਾਂ ਦੀ ਖ਼ੁਦ ਖੋਜ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ ਨਾ ਕਿ ਰਵਾਇਤੀ ਪ੍ਰਣਾਲੀ ਵਾਂਗ ਆਪਣੀ ਤਾਨਾਸ਼ਾਹੀ ਤੇ ਅਨੁਭਵ ਦਾ ਵਿਖਾਵਾ ਕਰਦਾ ਹੈ। ਸਿਖਲਾਈ-ਕਰਤਾਵਾਂ ਦੀ ਪੂਰਤੀ ਲਈ ਨਵੀਨ ਸਰੋਤਾਂ ਵਾਲੇ ਖੇਤਰਾਂ ਵੱਲ ਵੇਖਿਆ ਜਾਣਾ ਬਹੁਤ ਜ਼ਰੂਰੀ ਹੈ ਅਤੇ ਇਸ ਖੇਤਰ ਵਿਚ ਕੇਂਦਰਿਤ ਜਤਨ ਹੋਣੇ ਚਾਹੀਦੇ ਹਨ।

### ਚੌਥੀ ਰਣਨੀਤੀ – ਸਹੀ ਥਾਂ ਪੂੰਜੀਕਾਰੀ

ਕਿਸੇ ਵੀ ਵੱਡੇ ਪੱਧਰ ਦੀ ਪਹਿਲਕਦਮੀ ਲਈ ਨਿਵੇਸ਼ ਦੇ ਸਪੱਸ਼ਟ ਰਸਤੇ ਉਲੀਕੇ ਹੋਣੇ ਚਾਹੀਦੇ ਹਨ ਤਾਂ ਕਿ ਉਸ ਨੂੰ ਤੇਜ਼ੀ ਨਾਲ ਹੁਲਾਰਾ ਮਿਲੇ। ਮਿਸ਼ਰਤ ਸਿਖਲਾਈ ਪ੍ਰਣਾਲੀ

*ਬਾਕੀ ਸਫ਼ਾ 18 ਉੱਤੇ*

# ਹੁਨਰ ਦਾ ਵਿਕਾਸ ਅਤੇ ਕਿੱਤਾਮੁਖੀ ਪੜ੍ਹਾਈ

ਸਵਾਤੀ ਮਜ਼ੂਮਦਾਰ

ਵਰਤਮਾਨ ਵਿਚ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ ਵਿਕਸਤ ਹੋ ਰਹੀ ਆਰਥਿਕਤਾ ਹੈ। ਭਾਰਤ ਜਨ-ਸੰਖਿਆ ਦੇ ਲਾਭ ਪੱਖੋਂ ਵੀ ਅਮੀਰ ਹੈ। ਭਾਰਤ ਦੇ ਵਿਕਸਤ ਦੇਸ਼ ਬਣਨ ਲਈ ਸਾਨੂੰ ਹੁਨਰਮੰਦ ਮਨੁੱਖੀ ਸ਼ਕਤੀ ਦੀ ਲੋੜ ਹੈ ਅਤੇ ਇਸ ਤੋਂ ਵੀ ਵੱਧ ਸਾਡੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣਾ ਹੋਰ ਮਹੱਤਵਪੂਰਨ ਹੈ। ਪਰ, ਮੌਜੂਦਾ ਸਮੇਂ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਵੱਖ-ਵੱਖ ਉਦਯੋਗਾਂ ਲਈ ਭਾਰਤ ਕੋਲ ਹੁਨਰਮੰਦ ਤੇ ਸਿੱਖਿਅਤ ਮਨੁੱਖੀ ਸ਼ਕਤੀ ਦੀ ਕਮੀ ਹੈ। ਮਿਸਾਲ ਦੇ ਤੌਰ ਤੇ ਕੋਰੀਆ ਦੀ 93 ਪ੍ਰਤਿਸ਼ਤ ਮਨੁੱਖੀ ਸ਼ਕਤੀ ਹੁਨਰਮੰਦ ਹੈ ਪਰ ਭਾਰਤ ਵਿਚ ਸਿਰਫ਼ 10 ਪ੍ਰਤਿਸ਼ਤ ਦੇ ਲਗਭਗ ਹੀ ਕਿਸੇ ਇਕ ਜਾਂ ਦੂਸਰੇ ਲਾਭਕਾਰੀ ਕਿੱਤੇ ਵਿਚ ਹੁਨਰਮੰਦ ਤੇ ਸਿਖਲਾਈ ਪ੍ਰਾਪਤ ਹਨ। ਭਾਰਤ ਸਰਕਾਰ ਨੇ ਇਸ ਨੂੰ ਮਹਿਸੂਸ ਕਰਦਿਆਂ ਇਕ ਨਵੇਂ ਮੰਤਰਾਲੇ ਦੀ ਸਥਾਪਨਾ ਕਰਕੇ, ਸਕਿੱਲ ਇੰਡੀਆ ਨਾਮ ਦੀ ਵਿਆਪਕ ਪਹਿਲਕਦਮੀ ਅਰੰਭ ਕੀਤੀ ਹੈ, ਜਿਸ ਵਿਚ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਵਰਗੀਆਂ ਏਜੰਸੀਆਂ ਵੀ ਸ਼ਾਮਿਲ ਹਨ। ਸਾਡੇ ਮਾਣਯੋਗ ਪ੍ਰਧਾਨ ਮੰਤਰੀ ਦੇ 'ਮੇਕ ਇਨ ਇੰਡੀਆ' ਦੇ ਨਾਅਰੇ ਨੇ ਪਿਛਲੇ ਸਾਲ ਹੁਨਰ ਦੇ ਵਿਕਾਸ ਨੂੰ ਵੱਡਾ ਹੁਲਾਰਾ ਦਿਤਾ ਹੈ। ਸਰਕਾਰ ਦਾ ਟੀਚਾ 2022 ਈ. ਤਕ 150 ਮਿਲੀਅਨ ਤੋਂ ਵੱਧ ਵਿਅਕਤੀਆਂ ਨੂੰ ਹੁਨਰਮੰਦ ਬਣਾਉਣ ਦਾ ਹੈ, ਜਿਸ ਦਾ ਮਤਲਬ ਹੈ ਅਗਲੇ ਦਸ ਸਾਲਾਂ ਦੌਰਾਨ ਹਰੇਕ ਸਾਲ 45000 ਨੌਜਵਾਨਾਂ ਨੂੰ ਹੁਨਰਮੰਦ ਕੀਤਾ ਜਾਵੇਗਾ (ਸਰੋਤ ਐੱਨ ਐੱਸ ਡੀ ਸੀ ਵੈੱਬਸਾਈਟ)। ਇਹ ਅਤਿ ਲਾਭਕਾਰੀ ਟੀਚਾ ਤਾਂ ਹੀ ਹਾਸਲ ਕੀਤਾ ਜਾ ਸਕਦਾ ਹੈ ਜੇ ਉਦਯੋਗ, ਸਿੱਖਿਆ ਖੇਤਰ ਅਤੇ ਸਰਕਾਰ ਇਕੱਠੇ ਹੋ ਕੇ ਇਕ ਸੁਨਹਿਰੀ ਤਿਕੋਣ ਬਣਾਉਣ। ਉਦਯੋਗ ਖੇਤਰ ਦੀਆਂ ਵੱਖ-ਵੱਖ ਲੋੜਾਂ ਅਤੇ ਹੁਨਰ ਦੇ ਖੱਪਿਆਂ ਨੂੰ ਸਮਝਣ ਲਈ ਐੱਨ ਐੱਸ ਡੀ ਸੀ ਇਕ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਇਸ ਵਲੋਂ ਵੱਖ-ਵੱਖ ਖੇਤਰਾਂ ਦੀਆਂ ਹੁਨਰ ਸਭਾਵਾਂ ਸਥਾਪਤ ਕੀਤੀਆਂ ਗਈਆਂ ਹਨ ਜਿਸ ਵਿਚ ਉਦਯੋਗ ਜਗਤ ਦੇ ਮਾਹਿਰ ਅਤੇ ਦੂਜੀਆਂ ਧਿਰਾਂ ਸ਼ਾਮਿਲ ਹਨ।

ਮੈਨੂੰ ਮਹਾਰਾਸ਼ਟਰ ਸਰਕਾਰ ਵਲੋਂ ਸਥਾਪਤ ਅਜਿਹੀ ਇਕ ਗਿਆਰ੍ਹਾਂ ਮੈਂਬਰੀ ਕਮੇਟੀ ਦੀ ਅਗਵਾਈ ਕਰਨ ਦਾ ਮਾਣ ਹਾਸਲ ਹੋਇਆ। ਇਹ ਕਮੇਟੀ ਹੁਨਰ ਦੇ ਵਿਕਾਸ ਅਤੇ ਕਿੱਤਾਮੁਖੀ ਸਿੱਖਿਆ ਨਾਲ ਸੰਬੰਧਿਤ ਵੱਖ-ਵੱਖ ਮੁੱਦਿਆਂ ਅਤੇ ਚੁਨੌਤੀਆਂ ਦੀ ਘੋਖ ਕਰਕੇ, ਇਸ ਸੰਬੰਧੀ ਰਾਜ ਵਿਚ ਇਕ ਨੀਤੀ ਬਣਾਉਣ ਲਈ ਸਥਾਪਤ ਕੀਤੀ ਗਈ ਸੀ।

ਚਾਰ ਸਾਲਾਂ ਤੋਂ ਵੱਧ ਦੀ ਖੋਜ-ਪੜਤਾਲ ਦੌਰਾਨ ਅਸੀਂ ਇਸ ਖੇਤਰ ਨਾਲ ਸੰਬੰਧਿਤ ਹਜ਼ਾਰਾਂ ਵਿਦਿਆਰਥੀਆਂ ਅਤੇ ਸੈਂਕੜੇ ਤੋਂ ਵੱਧ ਅਧਿਆਪਕਾਂ/ ਸਿੱਖਿਅਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਜਿਹੜੇ ਕੁਝ ਅਹਿਮ ਮੁੱਦੇ ਸਾਡੇ ਧਿਆਨ ਵਿਚ ਆਏ, ਉਹ ਹੇਠਾਂ ਦਿਤੇ ਜਾ ਰਹੇ ਹਨ :

- ਕਿੱਤਾਮੁਖੀ ਕੋਰਸ ਸਮੇਂ-ਸਮੇਂ ਹੁੰਦੇ ਹਨ। ਕਿੱਤਾਮੁਖੀ ਸਿੱਖਿਆ 'ਚ ਸਰਟੀਫਿਕੇਟ ਤੋਂ ਡਿਪਲੋਮਾ ਅਤੇ ਡਿਗਰੀ ਕੋਰਸਾਂ ਲਈ ਉਤੋਂ ਹੇਠਾਂ ਵੱਲ ਨੂੰ ਸਪੱਸ਼ਟਤਾ ਦੀ ਘਾਟ ਹੈ। ਸਿੱਟੇ ਵਜੋਂ, ਜਿਨ੍ਹਾਂ ਮਾਪਿਆਂ ਨੂੰ ਲਗਦਾ ਹੈ ਕਿ ਉਨ੍ਹਾਂ ਦੇ ਬੱਚੇ ਵਿਚ ਕੋਈ ਜਮਾਂਦਰੂ ਹੁਨਰ ਹੈ, ਉਹ ਉਸ ਨੂੰ ਕਿੱਤਾਮੁਖੀ ਪੇਸ਼ਾ ਅਪਨਾਉਣ ਲਈ ਉਤਸ਼ਾਹਿਤ ਨਹੀਂ ਕਰਦੇ। ਇਸ ਪ੍ਰਕਾਰ ਕਿੱਤਾਮੁਖੀ ਕੋਰਸ 'ਚੋਣ' ਵਜੋਂ ਨਹੀਂ ਕੀਤੇ ਜਾਂਦੇ, ਹੁਨਰਮੰਦ ਮਨੁੱਖੀ ਸ਼ਕਤੀ ਦੀ ਮੰਗ ਹੋਣ ਦੇ ਬਾਵਜੂਦ ਇਸ ਪਾਸੇ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਸੀਮਤ ਹੁੰਦੀ ਹੈ।

- ਸਮਾਜਿਕ ਪ੍ਰਵਾਨਤਾ – ਕਿੱਤਾਮੁਖੀ ਅਤੇ ਹੁਨਰ ਵਿਕਾਸ ਕੋਰਸਾਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਅਜਿਹੇ ਵਿਦਿਆਰਥੀਆਂ ਦੀ ਬਾਕੀ ਕੋਰਸਾਂ ਦੇ ਮੁਕਾਬਲੇ ਸਮਾਜ ਵਿਚ ਮਾਨਤਾ ਇੰਨੀ ਨਹੀਂ ਹੁੰਦੀ। ਅਧਿਐਨ ਦੌਰਾਨ ਇਹ ਪਤਾ ਲੱਗਾ ਕਿ ਅਜਿਹੇ ਬਹੁਤੇ ਵਿਦਿਆਰਥੀਆਂ ਕੋਲ ਪ੍ਰਾਪਤ ਹੁਨਰ ਦੇ ਖੇਤਰ 'ਚ ਅੰਡਰ-ਗ੍ਰੈਜੂਏਟ ਕੋਰਸ ਕਰਨ ਦੀ ਚੋਣ ਹੀ ਨਹੀਂ ਹੈ। ਡਿਗਰੀ ਮਿਲਣ ਦਾ ਵਿਕਲਪ ਨਾ ਹੋਣ ਕਾਰਨ ਜ਼ਿਆਦਾਤਰ ਵਿਦਿਆਰਥੀ ਪੜ੍ਹਾਈ ਛੱਡ ਕੇ ਉਤਸ਼ਾਹਹੀਣ ਹੋ ਜਾਂਦੇ ਹਨ।

- ਚੰਗੇ ਬੁਨਿਆਦੀ ਢਾਂਚੇ ਦੀ ਕਮੀ ਅਤੇ ਕੋਰਸਾਂ ਦੀ ਮਾੜੀ ਗੁਣਵੱਤਾ– ਜ਼ਿਆਦਾਤਰ ਹੁਨਰ ਵਿਕਾਸ ਕੇਂਦਰਾਂ ਅਤੇ ਸੰਸਥਾਵਾਂ ਵਿਚ ਬੁਨਿਆਦੀ ਢਾਂਚੇ ਦਾ ਬੁਰਾ ਹਾਲ ਹੈ ਅਤੇ ਇਸ ਨੂੰ ਸੁਧਾਰਿਆ ਵੀ ਨਹੀਂ ਜਾ ਰਿਹਾ। ਇਸ ਕਰਕੇ ਉਦਯੋਗ ਜਗਤ ਜੋ ਚਾਹੁੰਦਾ ਹੈ ਅਤੇ ਸਿਖਲਾਈ ਲਈ ਵਰਤੀ ਜਾ ਰਹੀ ਮਸ਼ੀਨਰੀ ਵਿਚਕਾਰ ਪਾੜਾ ਵਧਦਾ ਜਾ ਰਿਹਾ ਹੈ।

- ਮਾੜੇ ਸਿੱਖਿਅਕ – ਹੁਨਰ ਦੀ ਸਿਖਲਾਈ ਦੇਣ ਵਾਲੇ ਸਿੱਖਿਅਕਾਂ ਦਾ ਆਪਣਾ ਪੱਧਰ ਵੀ ਉਦਯੋਗਾਂ ਦੀ ਲੋੜ ਦੇ ਹਾਣ ਦਾ ਨਹੀਂ, ਜਿਸ ਕਰਕੇ ਸਿਖਲਾਈ ਦਾ ਪੱਧਰ ਵੀ ਵਧੀਆ ਨਹੀਂ ਹੁੰਦਾ। ਜਿਸ ਕਰਕੇ ਇਨ੍ਹਾਂ ਕੋਰਸਾਂ ਨੂੰ ਮੁਕੰਮਲ ਕਰਨ ਵਾਲੇ ਵਿਦਿਆਰਥੀਆਂ ਨੂੰ ਉਦਯੋਗਾਂ ਵਿਚ ਤੁਰੰਤ ਰੁਜ਼ਗਾਰ ਨਹੀਂ ਮਿਲਦਾ।

- ਉਦਯੋਗਾਂ ਵਲੋਂ ਪਹਿਲਕਦਮੀਆਂ ਦੀ ਕਮੀ – ਉਦਯੋਗ, ਖ਼ਾਸ ਕਰਕੇ ਛੋਟੇ ਅਤੇ ਦਰਮਿਆਨੇ ਉਦਯੋਗ ਕਿੱਤਾਮੁਖੀ ਸਰਟੀਫਿਕੇਟ ਕੋਰਸਾਂ ਜਾਂ ਰਸਮੀ ਸਿਖਲਾਈ 'ਤੇ ਜ਼ੋਰ ਨਹੀਂ ਦਿੰਦੇ ਕਿਉਂਕਿ ਇਸ ਨਾਲ ਕਈ ਵਾਰ ਮਨੁੱਖੀ

ਸ਼ਕਤੀ ਦੀ ਲਾਗਤ ਵਧ ਜਾਂਦੀ ਹੈ। ਕਈ ਵਾਰ ਇਹ ਵੇਖਿਆ ਗਿਆ ਹੈ ਕਿ ਅਜਿਹੇ ਛੋਟੇ ਤੇ ਦਰਮਿਆਨੇ ਉਦਯੋਗ ਅਸਿੱਖਿਅਤ ਜਾਂ ਅਰਧ-ਸਿੱਖਿਅਤ ਕਾਮੇ ਨੂੰ ਰੱਖਣ ਦੀ ਤਰਜੀਹ ਦਿੰਦੇ ਹਨ ਜੋ ਸਸਤੇ ਪੈਂਦੇ ਹਨ - ਬਨਿਸਬਤ ਰਸਮੀ ਤੌਰ ਤੇ ਸਿੱਖਿਅਤ ਜਾਂ ਹੁਨਰਮੰਦ ਕਾਮੇ ਦੇ।

- ਮਿਆਰੀਕਰਨ ਕੀ ਕਮੀ - ਬਹੁਤ ਸਾਰੇ ਮੰਤਰਾਲੇ ਹੁਨਰ ਦੇ ਕੋਰਸ ਪੇਸ਼ ਕਰ ਰਹੇ ਹਨ ਜੋ ਵਿਦਿਆਰਥੀਆਂ ਨੂੰ ਦੁਚਿੱਤੀ ਵਿਚ ਪਾ ਦਿੰਦੇ ਹਨ। ਸਿੱਟੇ ਵਜੋਂ ਮਿਆਰੀਕਰਨ ਦੀ ਕਮੀ ਆਉਂਦੀ ਹੈ। ਇਹ ਨੋਟ ਕੀਤਾ ਗਿਆ ਹੈ ਕਿ ਇਸ ਖੇਤਰ ਦਾ ਪਸਾਰ ਅਤੇ ਵੱਖ-ਵੱਖ ਪਹਿਲਕਦਮੀਆਂ, ਇਨ੍ਹਾਂ ਮੁੱਦਿਆਂ ਨੂੰ ਧਿਆਨ ਗੋਚਰੇ ਕਰਨ ਤੋਂ ਬਿਨਾਂ ਹੀ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ। ਹੋਰ, ਇਸ ਖੇਤਰ ਦੇ ਤੌਖਲਿਆਂ ਦੇ ਹੱਲ ਲਈ ਕੋਈ ਵਿਆਪਕ ਮਾਡਲ ਵੀ ਮੌਜੂਦ ਨਹੀਂ ਹੈ।

## ਸਿਫ਼ਾਰਸ਼ਾਂ

- ਕਿੱਤਾਮੁਖੀ ਸਿੱਖਿਆ ਖੇਤਰ ਵਿਚ ਸਰਟੀਫਿਕੇਟ-ਡਿਪਲੋਮਾ-ਡਿਗਰੀ ਕੋਰਸਾਂ ਲਈ ਉਤੋਂ ਹੇਠਾਂ ਨੂੰ ਪ੍ਰਣਾਲੀ ਵਿਕਸਤ ਕਰਨਾ। ਸਕੂਲ ਪੱਧਰ ਤੋਂ ਲੈ ਕੇ ਪੋਸਟ ਗ੍ਰੈਜੂਏਟ ਪੱਧਰ ਤਕ ਮੌਕੇ ਪ੍ਰਦਾਨ ਕਰਨਾ। ਹੁਨਰ ਵਿਕਾਸ ਵਿਸ਼ਵਵਿਦਿਆਲਾ ਸਥਾਪਤ ਕਰਨਾ ਜੋ ਐਡਵਾਂਸ ਹੁਨਰ ਦੇਣ ਵਾਲੇ ਵਿਸ਼ੇਸ਼ ਡਿਗਰੀ ਪ੍ਰੋਗਰਾਮ ਪੇਸ਼ ਕਰੇ। ਕਿਉਂਕਿ ਜ਼ਿਆਦਾਤਰ ਵਿਦਿਆਰਥੀ ਉਚੇਰੀ ਸਿੱਖਿਆ ਲੈਣਾ ਚਾਹੁੰਦੇ ਹਨ, ਅਜਿਹਾ ਵਿਸ਼ਵਵਿਦਿਆਲਾ ਜ਼ਿਆਦਾ ਤੋਂ ਜ਼ਿਆਦਾ ਵਿਦਿਆਰਥੀਆਂ ਦੀ ਕਿੱਤਾਮੁਖੀ ਧਾਰਾ ਵਿਚ ਆਉਣ ਲਈ ਮਦਦ ਕਰੇਗਾ।
- ਵਿਦਿਆਰਥੀਆਂ ਨੂੰ ਖ਼ਾਸ ਕਰਕੇ +2 ਤੋਂ ਬਾਅਦ ਦੇਰੀ ਦੀ ਗਤੀਸ਼ੀਲਤਾ ਪ੍ਰਦਾਨ ਕਰਕੇ ਬਰਾਬਰੀ ਦੇਣਾ ਤਾਂ ਕਿ ਉਹ ਅੰਡਰ-ਗ੍ਰੈਜੂਏਟ ਪ੍ਰੋਗਰਾਮ ਵਿਚ ਦਾਖ਼ਲਾ ਲੈ ਸਕਣ।
- ਕਿੱਤਾਮੁਖੀ ਸਿਖਲਾਈ ਦੇ ਹਰੇਕ ਪੱਖ ਵਿਚ ਉਦਯੋਗਾਂ ਦੀ ਭੂਮਿਕਾ ਨੂੰ ਵਧਾਉਣਾ - ਇਸ ਦੇ ਲਈ ਸਿਖਲਾਈ, ਸ਼ਾਸਨ ਲਈ ਆਧੁਨਿਕ ਮਸ਼ੀਨਰੀ ਦਿਤੀ ਜਾਵੇ, ਉਦਯੋਗਾਂ ਤੋਂ ਸਿੱਖਿਅਕ ਮੁਹੱਈਆ ਕਰਾਉਣੇ ਅਤੇ ਹਰੇਕ ਪੜਾਅ 'ਤੇ ਸਮੀਖਿਆ ਕਰਨੀ ਤਾਂ ਕਿ ਗੁਣਵੱਤਾ ਯਕੀਨੀ ਬਣਾਈ ਜਾ ਸਕੇ।
- ਉਦਯੋਗ ਜਗਤ ਨੂੰ ਰਸਮੀ ਕਿੱਤਾਮੁਖੀ ਸਿਖਲਾਈ ਅਤੇ ਪ੍ਰਮਾਣੀਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ - ਨੌਕਰੀ 'ਤੇ ਰੱਖਣ ਅਤੇ ਪੇਸ਼ੇ ਵਿਚ ਤਰੱਕੀ ਦੇਣ ਸਮੇਂ।
- ਕਿੱਤਾਮੁਖੀ ਕੋਰਸ ਕਰਵਾਉਣ ਵਾਲੀਆਂ ਵੱਖ-ਵੱਖ ਏਜੰਸੀਆਂ ਲਈ ਮਿਆਰੀ ਪਾਠਕ੍ਰਮ ਅਤੇ ਸਮੀਖਿਆ ਢਾਂਚੇ ਦਾ ਨਿਰਮਾਣ।
- ਕਿੱਤਾਮੁਖੀ ਸਿਖਲਾਈ ਦੇਣ ਵਾਲੇ ਅਧਿਆਪਕਾਂ ਅਤੇ ਸਿਖਿਅਕਾਂ ਲਈ ਰਸਮੀ ਸਿਖਲਾਈ ਪ੍ਰੋਗਰਾਮ ਚਲਾਉਣੇ ਤਾਂ ਕਿ ਉਹ ਇਸ ਅਧਿਆਪਨ ਕਲਾ ਨੂੰ ਸਮਝ ਸਕਣ।

ਉਪਰੋਕਤ ਸਿਫ਼ਾਰਸ਼ਾਂ ਯਕੀਨੀ ਬਣਾਉਣਗੀਆਂ ਕਿ ਮਾਪੇ ਆਪਣੇ ਬੱਚਿਆਂ ਨੂੰ ਕਿੱਤਾਮੁਖੀ ਪ੍ਰਣਾਲੀ ਵਿਚ ਜਾਣ ਲਈ ਉਤਸ਼ਾਹਿਤ ਕਰਨਗੇ। ਇਨ੍ਹਾਂ ਨਾਲ ਅਜਿਹੇ ਵਿਦਿਆਰਥੀਆਂ ਨੂੰ ਸਮਾਜਿਕ ਮਾਨਤਾ ਵੀ ਪ੍ਰਾਪਤ ਹੋਵੇਗੀ। ਉਦਯੋਗ ਜਗਤ ਨੂੰ ਤਿਆਰ ਮਨੁੱਖੀ ਸ਼ਕਤੀ ਮਿਲੇਗੀ ਅਤੇ ਹੁਨਰ ਦੇ ਮਿਆਰ ਵਿਚ ਸੁਧਾਰ ਆਵੇਗਾ।

ਐੱਨ ਐੱਸ ਡੀ ਸੀ ਵਲੋਂ ਇਸ ਦਿਸ਼ਾ ਵਿਚ ਪਹਿਲਾਂ ਹੀ ਬਹੁਤ ਸਾਰੇ ਕਦਮ ਚੁੱਕੇ ਗਏ ਹਨ ਅਤੇ ਇਨ੍ਹਾਂ ਮੁੱਦਿਆਂ ਦਾ ਵੱਖ-ਵੱਖ ਪਹਿਲਕਦਮੀਆਂ ਦੁਆਰਾ ਹੱਲ ਕੀਤਾ ਜਾ ਰਿਹਾ ਹੈ। ਹੁਨਰਮੰਦੀ ਲਈ ਹਰੇਕ ਰਾਜ ਆਪਣੇ ਤੌਰ ਤੇ ਇਨ੍ਹਾਂ ਮਸਲਿਆਂ ਦਾ ਹੱਲ ਕਰ ਰਿਹਾ ਹੈ।

ਮੇਰੇ ਆਪਣੇ ਵਿਚਾਰ ਵਿਚ, ਉਪਰੋਕਤ ਸਿਫ਼ਾਰਸ਼ਾਂ ਨੂੰ ਅਮਲ ਵਿਚ ਲਿਆਉਣ ਤੋਂ ਇਲਾਵਾ, ਵਰਤਮਾਨ ਸਿੱਖਿਆ ਪ੍ਰਣਾਲੀ ਨੂੰ ਕਿੱਤਾਮੁਖੀ ਬਣਾਉਣਾ ਲਾਜ਼ਮੀ ਹੈ। ਮੌਜੂਦਾ ਪੇਸ਼ਾਵਰ ਪ੍ਰੋਗਰਾਮਾਂ ਨੂੰ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਪਾਠਕ੍ਰਮ ਵਿਕਸਤ ਕਰਕੇ, ਹੁਨਰ ਸਿਖਲਾਈ ਲਈ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਕੇ, ਪ੍ਰਾਠਕ੍ਰਮ ਵਿਕਸਤ ਕਰਨ ਵਿਚ ਉਦਯੋਗ ਜਗਤ ਨੂੰ ਸ਼ਾਮਿਲ ਕਰਕੇ ਅਤੇ ਇਕ ਅਜਿਹਾ ਮਾਡਲ ਬਣਾ ਕੇ ਜਿਥੇ ਵਿਦਿਆਰਥੀ ਹੁਨਰ ਪ੍ਰਾਪਤੀ ਦੇ ਨਾਲ-ਨਾਲ ਡਿਗਰੀ ਵੀ ਪ੍ਰਾਪਤ ਕਰ ਸਕਣ, ਇਹ ਪਹੁੰਚ ਅਪਣਾ ਕੇ ਮੌਜੂਦਾ ਪੇਸ਼ਾਵਰ ਪ੍ਰੋਗਰਾਮਾਂ ਦਾ 'ਕਿੱਤਾਮੁਖੀਕਰਨ' ਕੀਤਾ ਜਾ ਸਕਦਾ ਹੈ।

*(ਲੇਖਕ ਸਿੰਬੌਸਿਸ ਓਪਨ ਸਿੱਖਿਆ ਸੋਸਾਇਟੀ ਵਿਚ ਮੁੱਖ ਨਿਰਦੇਸ਼ਕ ਅਤੇ ਸਿੰਬੌਸਿਸ ਦੂਰ ਸਿੱਖਿਆ ਕੇਂਦਰ, ਪੁਨੇ ਵਿਚ ਨਿਰਦੇਸ਼ਕ ਹੈ।)*

*e-mail :eatodirector@scdl.net*

***ਸਫ਼ਾ 16 ਦੀ ਬਾਕੀ***

ਵਿਚ ਨਿਵੇਸ਼ ਫ਼ੈਸਲਿਆਂ ਸਮੇਂ ਇਕੋ-ਇਕ ਵਾਕ ਸਾਹਮਣੇ ਹੋਣਾ ਚਾਹੀਦਾ ਹੈ - "ਉਨ੍ਹਾਂ ਹਲਕਿਆਂ ਵਿਚ ਹੀ ਨਿਵੇਸ਼ ਕੀਤਾ ਜਾਵੇ ਜਿਥੇ ਕਿ ਇਸ ਦਾ ਕਾਫ਼ੀ ਪ੍ਰਭਾਵ ਪਵੇ।"

ਅਜਿਹਾ ਉਨ੍ਹਾਂ ਰਾਸ਼ਟਰਾਂ ਨਾਲ ਲਗਾਤਾਰਤਾ ਵਾਲੀ ਭਾਈਵਾਲੀ ਰਾਹੀਂ ਹਾਸਲ ਕੀਤਾ ਜਾ ਸਕਦਾ ਹੈ, ਜਿਨ੍ਹਾਂ ਕੋਲ ਮਿਸ਼ਰਤ ਸਿਖਲਾਈ ਨੂੰ ਲਾਗੂ ਕਰਨ ਦਾ ਅਨੁਭਵ ਹੋਵੇ।

## ਪਿੱਛਲ-ਝਾਤ

ਇਹ ਸਹੀ ਸਮਾਂ ਹੈ ਕਿ ਮੁਹਾਰਤ ਸਿਖਲਾਈ ਵਿਚ ਨਵੀਨਤਾ ਨਾਲ ਭਰਪੂਰ ਢੰਗ-ਤਰੀਕਿਆਂ 'ਤੇ ਜ਼ੋਰ ਦਿਤਾ ਜਾਵੇ। ਭਾਰਤ ਲਈ ਸਾਰੇ ਪੱਧਰਾਂ ਅਤੇ ਖੇਤਰਾਂ ਵਿਚ ਮੁਹਾਰਤ ਨਾਲ ਭਰਪੂਰ ਮਨੁੱਖੀ ਵਸੀਲਿਆਂ ਰਾਹੀਂ ਅੱਗੇ ਵਧਣਾ ਅਤਿਅੰਤ ਜ਼ਰੂਰੀ ਹੈ। ਇਸ ਨੂੰ ਦਰਪੇਸ਼ ਮੁਹਾਰਤ ਵੰਗਾਰਦੀ ਵੱਖਰਤਾ ਇਸ ਨੂੰ ਰਵਾਇਤੀ ਧਾਰਨਾਵਾਂ ਨਾਲ ਤਜਰਬੇ ਕਰਨ ਅਤੇ ਮੁਹਾਰਤ ਦੇ ਖੇਤਰ ਵਿਚ ਵਧੇਰੇ ਨਵੀਨਤਾ ਵਾਲੀਆਂ ਧਾਰਨਾਵਾਂ ਵਿਕਸਤ ਕਰਨ ਲਈ ਜ਼ੋਰ ਪਾਉਂਦੀ ਹੈ। ਵੱਡੇ ਟੀਚਿਆਂ ਅਤੇ 'ਭਾਰਤ ਵਿਚ ਨਿਰਮਾਣ' ਅਜਿਹੀਆਂ ਸਰਕਾਰੀ ਸਕੀਮਾਂ ਨਾਲ ਸਰਕਾਰ ਨੂੰ ਮੁਹਾਰਤ ਦੇ ਖੇਤਰ ਨੂੰ ਨਵੇਂ ਵਿਆਪਕ ਦ੍ਰਿਸ਼ਟੀਕੋਣ ਨਾਲ ਦੇਖਣਾ ਹੋਵੇਗਾ। ਮਿਸ਼ਰਤ ਸਿਖਲਾਈ ਪ੍ਰਣਾਲੀ ਪੂਰਕ ਮੁਹਾਰਤ ਸਿਖਲਾਈ ਪ੍ਰਣਾਲੀਆਂ ਵਿਚੋਂ ਇਕ ਹੈ। ਉਪਰ ਲਿਖੀਆਂ ਰਣਨੀਤੀਆਂ ਨੂੰ ਵੀ ਨਿਰਖਣ-ਪਰਖਣ ਦੀ ਲੋੜ ਹੈ ਅਤੇ ਇਨ੍ਹਾਂ ਦੇ ਵੇਰਵਾਗਤ, ਪੜਾਅਵਾਰ ਅਤੇ ਵਿਧੀ-ਪੂਰਬਕ ਵਿਕਾਸ ਨਾਲ ਮਿਸ਼ਰਤ ਸਿਖਲਾਈ ਦਾ ਰਾਹ ਪੱਧਰਾ ਹੋਵੇਗਾ। ਕਿਸੇ ਵੀ ਨਵੀਨ ਪ੍ਰਣਾਲੀ ਨੂੰ ਲਾਗੂ ਕਰਨ ਲੱਗਿਆਂ ਵੰਗਾਰਾਂ ਦਰਪੇਸ਼ ਹੁੰਦੀਆਂ ਹਨ, ਜਿਨ੍ਹਾਂ ਦੇ ਹੱਲ ਲਈ ਗ਼ੈਰ-ਰਵਾਇਤੀ ਅਤੇ ਸਿਰੜ ਵਾਲੇ ਹੱਲਾਂ ਦੀ ਲੋੜ ਹੁੰਦੀ ਹੈ। ਆਸ ਹੈ ਭਾਰਤ ਵਿਚ ਮੁਹਾਰਤ ਦਾ ਖੇਤਰ ਆਉਂਦੇ ਸਮੇਂ ਵਿਚ ਵੱਡੀਆਂ ਪੁਲਾਂਘਾਂ ਪੁੱਟਦਾ ਨਜ਼ਰ ਆਵੇਗਾ।

*(ਲੇਖਕ ਕ੍ਰਮਵਾਰ (1)ਸਿੱਖਿਆ ਤੇ ਹੁਨਰ ਵਿਕਾਸ ਪ੍ਰਕਿਰਿਆਵਾਂ (ਆਈ ਐੱਮ ਏ ਸੀ ਐੱਸ) ਦਾ ਮੁਖੀ ਤੇ ਮਨੁੱਖੀ ਸਰੋਤ ਅਤੇ ਪ੍ਰਚਲਨ ਵਿਕਾਸ ਖੇਤਰ 'ਚ ਮਾਹਰ ਹੈ, (2)ਆਈ ਐੱਮ ਏ ਸੀ ਐੱਸ ਵਿਚ ਸਿੱਖਿਆ ਅਤੇ ਹੁਨਰ ਵਿਕਾਸ ਪ੍ਰਕਿਰਿਆਵਾਂ ਵਿਚ ਸਲਾਹਕਾਰ ਹੈ।।)*

*e-mail :sairam.m@imacs.in*

# ਮੁਹਾਰਤ ਵਿਕਾਸ ਭਾਰਤ ਦੀ ਤਰੱਕੀ ਲਈ ਅਤਿ ਮਹੱਤਵਪੂਰਨ ਹੈ

ਐੱਸ ਐੱਸ ਮੰਥਾ

ਭਾਰਤ ਦਾ ਅਸੰਗਠਿਤ ਖੇਤਰ ਕੁਝ ਮਾਹਿਰ ਵਿਦਾਵਨਾਂ ਵਲੋਂ 90 ਪ੍ਰਤਿਸ਼ਤ ਤੋਂ ਵੀ ਵੱਧ ਦੱਸਿਆ ਜਾਂਦਾ ਹੈ ਜੋ ਕਿ ਆਰਥਿਕਤਾ ਲਈ ਇਕੋ ਸਮੇਂ ਦਾਤ ਵੀ ਹੈ ਅਤੇ ਸਰਾਪ ਵੀ। ਵਰਦਾਨ ਇਸ ਲਈ ਕਿ ਇਹ ਮੁਥਾਜ ਤਬਕੇ ਅਤੇ ਸਭ ਸਹੂਲਤਾਂ ਨਾਲ ਭਰਪੂਰ ਵਸੋਂ ਦਰਮਿਆਨ ਵੱਡੇ ਖੱਪੇ ਦੀ ਮੌਜੂਦਗੀ ਦੌਰਾਨ ਜਨਤਾ ਦੀਆਂ ਤਾਂਘਾਂ-ਉਮੰਗਾਂ ਦੀ ਪੂਰਤੀ ਦਾ ਸਾਧਨ ਬਣਦਾ ਹੈ ਅਤੇ ਸਰਾਪ ਇਸ ਲਈ ਕਿ ਇਹ ਸੰਗਠਿਤ ਖੇਤਰ 'ਤੇ ਮਾਰੂ ਵਾਰ ਕਰਦਾ ਹੈ।

ਕੀ ਸਾਡੇ ਕੋਲ ਵਸੋਂ ਦੀ ਲੋੜ ਪੂਰੀ ਕਰਨ ਲਈ ਚੋਖੇ ਰੁਜ਼ਗਾਰ ਦੇ ਮੌਕੇ ਹਨ? ਰਿਪੋਰਟਾਂ ਦਸਦੀਆਂ ਹਨ ਕਿ ਤਿਆਰ ਕੀਤੇ ਜਾ ਰਹੇ ਲੋਕਾਂ ਦਾ 80 ਪ੍ਰਤਿਸ਼ਤ ਹਿੱਸਾ ਰੁਜ਼ਗਾਰ ਦੇ ਕਾਬਲ ਨਹੀਂ ਹੈ। ਅਕਾਦਮਿਕ ਅਤੇ ਵਿਦਿਅਕ ਪ੍ਰਸ਼ਾਸਕਾਂ ਨੂੰ ਵਿਦਿਅਕ ਪੈਰਾਡਾਈਮ ਨੂੰ ਨਵੇਂ ਸਿਰਿਉਂ ਵੇਖਣ ਦੀ ਲੋੜ ਹੈ ਤਾਂ ਕਿ ਰੁਜ਼ਗਾਰ ਅਤੇ ਰੁਜ਼ਗਾਰ ਯੋਗਤਾ ਨੂੰ ਜੋੜ ਕੇ ਅੱਗੇ ਵਧਿਆ ਜਾਵੇ। ਇਸ ਮਾਮਲੇ ਵਿਚ ਸਾਨੂੰ ਬੜਾ ਸੋਚ-ਸਮਝ ਕੇ ਅਗੇ ਵਧਣ ਦੀ ਲੋੜ ਹੈ ਕਿਉਂਕਿ ਅਗਲੇ ਦਸ ਸਾਲਾਂ ਦੌਰਾਨ 50 ਪ੍ਰਤਿਸ਼ਤ ਵਸੋਂ ਨੌਜਵਾਨ ਵਰਗ ਦੀ ਹੋਣ ਵਾਲੀ ਹੈ, ਜੋ ਕਿ ਕਿਸੇ ਰਾਸ਼ਟਰ ਨੂੰ ਅੱਗੇ ਵਧਾਉਣ ਵਿਚ ਮੋਹਰੀ ਭੂਮਿਕਾ ਨਿਭਾ ਸਕਦੀ ਹੈ।

ਵਿਦਿਆ ਤੇ ਕੁਸ਼ਲਤਾ ਦੀ ਘਾਟ ਹੀ ਉਹ ਰੋਗ ਹੈ ਜਿਸ ਨੂੰ ਮੌਜੂਦਾ ਪ੍ਰਣਾਲੀ ਤੋਂ ਮੁਕਤ ਕਰਨ ਦੀ ਲੋੜ ਹੈ ਅਤੇ ਇਹ ਜਿੰਨਾ ਜਲਦੀ ਹੋਵੇਗਾ ਉਨਾ ਹੀ ਚੰਗਾ ਹੋਵੇਗਾ। ਸਿੱਖਿਆ ਇਕ ਸੁਤੰਤਰਤਾ ਦੇ ਮਾਰਗ ਵਾਲੇ ਜੀਵਨ ਲਈ ਰਾਹ ਖੋਲ੍ਹਦੀ ਹੈ ਪਰ ਕੁਸ਼ਲਤਾ ਇਸ ਨੂੰ ਅਮਲੀਕਰਨ ਰਾਹੀਂ ਵਧੇਰੇ ਮਹੱਤਵਪੂਰਨ ਬਣਾਉਂਦੀ ਹੈ।

ਸਾਨੂੰ ਵੱਖ-ਵੱਖ ਖੇਤਰਾਂ ਵਿਚ ਰੁਜ਼ਗਾਰ ਦੇ ਮੌਕਿਆਂ ਦਾ ਖਾਕਾ ਤਿਆਰ ਕਰਨ ਦੀ ਲੋੜ ਹੈ ਅਤੇ ਇਨ੍ਹਾਂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਚੇਤੰਨ ਜਤਨ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਆਰਥਿਕਤਾ ਸੁਧਰਦੀ ਹੈ ਅਤੇ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਵਿਚ ਸੁਧਾਰ ਦਰਜ ਹੁੰਦਾ ਹੈ, ਜਿਸ ਨਾਲ ਅੱਗੋਂ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਹੁੰਦੇ ਹਨ।

**ਭਾਰਤ ਨੂੰ ਦੁਨੀਆਂ ਦੀ 'ਮੁਹਾਰਤ ਰਾਜਧਾਨੀ' ਵਜੋਂ ਥਾਪਿਆ ਜਾ ਸਕਦਾ ਹੈ, ਜਿਸ ਲਈ ਸਿੱਖਿਆ ਦੇ ਨਾਲ-ਨਾਲ ਕੁਸ਼ਲਤਾ ਅਤੇ ਸਿਖਲਾਈ ਨੂੰ ਸੰਗਠਿਤ ਕਰ ਕੇ ਅੰਤਰਰਾਸ਼ਟਰੀ ਮਾਪਦੰਡਾਂ ਮੁਤਾਬਕ ਉਤਪਾਦਿਕਤਾ ਦੀਆਂ ਮੰਗਾਂ ਨੂੰ ਪੂਰਾ ਕਰਨ ਵਾਲੀ ਮੁਹਾਰਤ ਨਾਲ ਭਰਪੂਰ ਉਤਪਾਦਕ ਕਾਰਜ ਸ਼ਕਤੀ ਤਿਆਰ ਕਰਨ ਦੀ ਲੋੜ ਹੋਵੇਗੀ। ਇਹ ਕਾਰਜ ਸ਼ਕਤੀ 'ਭਾਰਤ ਵਿਚ ਨਿਰਮਾਣ' ਮੁਹਿੰਮ ਨੂੰ ਹੁਲਾਰਾ ਦੇ ਸਕੇਗੀ, ਜਿਸ ਨਾਲ ਕਿ ਉੱਦਮਤਾ ਤੇ ਨਵੇਂ ਉੱਦਮਾਂ ਨੂੰ ਉਤਸ਼ਾਹ ਮਿਲੇਗਾ ਅਤੇ ਨਵੀਆਂ ਰੁਜ਼ਗਾਰ ਮੰਡੀਆਂ ਉਸਰਨਗੀਆਂ।**

ਇੰਟਰਨੈੱਟ ਆਫ਼ ਥਿੰਗਾਸ (ਆਈ ਓ ਟੀ) 'ਤੇ ਕੇਂਦਰਿਤ ਨਵੀਆਂ ਤਕਨਾਲੋਜੀਆਂ ਰਾਹੀਂ ਭਾਰਤ ਦਾ ਡਿਜ਼ੀਟਲ ਰੂਪਾਂਤਰਨ ਅਰਥਚਾਰੇ ਵਿਚ ਨਵੀਂ ਰੂਹ ਫੂਕੇਗਾ ਅਤੇ ਵਿਕਾਸ ਵਿਚ ਜ਼ੋਰਦਾਰ ਤੇਜ਼ੀ ਆਵੇਗੀ।

ਕਿੱਤਾਮੁਖੀ ਸਿੱਖਿਆ ਅਤੇ ਸਿਖਲਾਈ (ਵੀ ਈ ਟੀ) ਰਾਸ਼ਟਰ ਦੀ ਵਿਦਿਅਕ ਪਹਿਲਕਦਮੀ ਦਾ ਮਹੱਤਵਪੂਰਨ ਤੱਤ ਹੈ, ਜਿਸ ਵਿਚ ਮਹੱਤਵਪੂਰਨ ਨੁਕਤਿਆਂ ਦੀ ਅਲੋਚਨਾਤਮਕ ਦ੍ਰਿਸ਼ਟੀਕੋਣ ਨਾਲ ਨਿਰਖ-ਪਰਖ ਕੀਤੀ ਜਾਵੇ ਤਾਂ ਕਿ ਸਿਖਲਾਈ ਵਧੇਰੇ ਲਚਕੀਲੀ, ਸਮੇਂ ਅਨੁਕੂਲ, ਪ੍ਰਸੰਗਕ, ਸਮੁੱਚਤਾ ਵਾਲੀ ਅਤੇ ਸਿਰਜਣਾਤਮਕ ਹੋਵੇ।

ਭਾਰਤ ਦੀ 1.267 ਅਰਬ ਤੋਂ ਵੱਧ ਦੀ ਵਸੋਂ ਹੈ, ਜਿਸ ਵਿਚੋਂ 474.1 ਮਿਲੀਅਨ ਦੀ ਕਾਰਜ ਸ਼ਕਤੀ ਹੈ। 2011-12 ਦੇ ਐੱਨ ਐੱਸ ਐੱਸ ਓ ਦੇ ਸਰਵੇਖਣ ਅਨੁਸਾਰ ਇਸ ਵਿਚੋਂ 336.9 ਮਿਲੀਅਨ ਦਿਹਾਤੀ ਅਤੇ 137.2 ਮਿਲੀਅਨ ਸ਼ਹਿਰੀ ਕਾਮੇ ਹਨ। 2010 ਦੇ ਰੁਜ਼ਗਾਰ ਰਜਿਸਟਰ ਵਿਚ 40.17 ਮਿਲੀਅਨ ਬੇਰੁਜ਼ਗਾਰ ਦਰਜ ਹਨ। ਅੰਦਾਜ਼ਨ 1.5 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਧ ਰਹੀ ਵਸੋਂ ਅਤੇ 8.8 ਪ੍ਰਤਿਸ਼ਤ ਬੇਰੁਜ਼ਗਾਰੀ ਦਰ ਨਾਲ ਸਭ ਨੂੰ ਢੁਕਵਾਂ ਰੁਜ਼ਗਾਰ ਉਪਲਬਧ ਕਰਾਉਣਾ ਬਹੁਤ ਔਖਾ ਟੀਚਾ ਹੈ। ਅੰਕੜਿਆਂ ਮੁਤਾਬਕ 35 ਪ੍ਰਤਿਸ਼ਤ ਭਾਰਤੀ 15 ਸਾਲਾਂ ਤੋਂ ਵੱਧ ਉਮਰ ਦੇ ਹਨ ਅਤੇ 50 ਪ੍ਰਤਿਸ਼ਤ ਦੇ ਲਗਭਗ ਲੋਕ 25 ਸਾਲਾਂ ਦੀ ਉਮਰ ਤੋਂ ਥੱਲੇ ਹਨ। ਭਾਰਤ ਦੀ ਮੱਧ ਦੀ ਉਮਰ 24 ਸਾਲ ਹੈ, ਜੋ ਕਿ ਇਸ ਨੂੰ ਦੁਨੀਆਂ ਦਾ ਸਭ ਤੋਂ ਵੱਧ ਨੌਜਵਾਨਾਂ ਦੀ ਵਸੋਂ ਵਾਲਾ ਦੇਸ਼ ਬਣਾਉਂਦੀ ਹੈ।

ਵਿਦਿਅਕ ਰਿਪੋਰਟ ਦੇ ਸਾਲਾਨਾ ਅੰਕੜਿਆਂ (ਏ ਐੱਸ ਈ ਆਰ) 2013 ਮੁਤਾਬਕ ਪਹਿਲੀ ਤੋਂ ਬਾਰ੍ਹਵੀਂ ਜਮਾਤ ਤਕ ਦੇਸ਼ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਦੇ ਵੱਖ-ਵੱਖ ਸਕੂਲਾਂ ਵਿਚ 229 ਮਿਲੀਅਨ ਬੱਚਿਆਂ ਨੇ ਨਾਂ ਦਾਖ਼ਲ ਕਰਵਾਏ ਗਏ। ਇਕ ਅਨੁਮਾਨ ਅਨੁਸਾਰ 430 ਮਿਲੀਅਨ ਬੱਚੇ ਅਜਿਹੇ ਹਨ ਜੋ ਕਿ 18 ਸਾਲਾਂ ਤੋਂ ਘੱਟ ਉਮਰ ਦੇ ਹਨ। ਵਿਚਾਲੇ ਹੀ ਪੜ੍ਹਾਈ ਛੱਡ ਕੇ ਚਲੇ ਜਾਣ ਦਾ ਕਾਰਨ ਆਰਥਿਕ ਤੰਗੀ ਅਤੇ ਆਮ ਦਿਲਚਸਪੀ ਦੀ ਘਾਟ ਹੈ। ਇਹ ਬੱਚੇ ਪੜ੍ਹਾਈ ਛੱਡ ਕੇ ਆਪਣੇ ਮਾਪਿਆਂ ਦੇ ਕਿੱਤਿਆਂ

ਵਿਚ ਹੱਥ ਵੰਡਾਉਂਦੇ ਹਨ।

ਸੈਕੰਡਰੀ ਪੱਧਰ ਦੀ ਸਿੱਖਿਆ ਵਿਚ 2010 ਦੌਰਾਨ ਵਿਦਿਆਰਥੀਆਂ ਦਾ ਦਾਖ਼ਲਾ ਪ੍ਰਤਿਸ਼ਤ 63.21 ਸੀ। 2013-14 ਵਿਚ 164.175 ਲੱਖ ਵਿਦਿਆਰਥੀ ਦਸਵੀਂ ਦੇ ਬੋਰਡ ਦੇ ਇਮਤਿਹਾਨਾਂ ਵਿਚ ਬੈਠੇ, ਜਿਨ੍ਹਾਂ ਵਿਚੋਂ 128.33 ਲੱਖ ਪਾਸ ਹੋਏ ਜਦ ਕਿ 36.42 ਲੱਖ ਯਾਨਿ ਕਿ 34 ਪ੍ਰਤਿਸ਼ਤ ਫੇਲ੍ਹ ਹੋਏ ਅਤੇ ਸ਼ਾਇਦ ਪੜ੍ਹਾਈ ਛੱਡ ਗਏ। 2013-14 ਵਿਚ 119.234 ਲੱਖ ਵਿਦਿਆਰਥੀ ਬਾਰ੍ਹਵੀਂ ਦੇ ਬੋਰਡ ਦੇ ਇਮਤਿਹਾਨ ਵਿਚ ਬੈਠੇ, 95 ਲੱਖ ਵਿਦਿਆਰਥੀ ਪਾਸ ਹੋਏ ਅਤੇ 24.23 ਲੱਖ ਵਿਦਿਆਰਥੀ ਫੇਲ੍ਹ ਹੋਏ ਅਤੇ ਵੱਡੀ ਸੰਭਾਵਨਾ ਹੈ ਕਿ ਪੜ੍ਹਾਈ ਛੱਡ ਗਏ ਹੋਣਗੇ।

ਸੰਖੇਪ ਵਿਚ ਭਾਰਤ ਦੀ 60 ਪ੍ਰਤਿਸ਼ਤ ਕਾਰਜ ਸ਼ਕਤੀ ਸਵੈ-ਰੁਜ਼ਗਾਰ ਨਾਲ ਜੁੜੀ ਹੋਈ ਹੈ ਜਿਨ੍ਹਾਂ ਵਿਚੋਂ ਕਈ ਬਹੁਤ ਗਰੀਬ ਹਨ। 30 ਪ੍ਰਤਿਸ਼ਤ ਕਿਰਤੀ ਕੱਚੇ ਹਨ ਸਿਰਫ਼ 10 ਪ੍ਰਤਿਸ਼ਤ ਹੀ ਪੱਕੇ ਕਿਰਤੀ ਹਨ, ਜਿਨ੍ਹਾਂ ਵਿਚੋਂ 2/5 ਹਿੱਸਾ ਸਰਕਾਰੀ ਖੇਤਰ ਵਿਚ ਕੰਮ ਕਰਦਾ ਹੈ। 90 ਪ੍ਰਤਿਸ਼ਤ ਤੋਂ ਵੱਧ ਕਿਰਤ ਸ਼ਕਤੀ ਅਸੰਗਠਿਤ ਖੇਤਰ ਵਿਚ ਕੰਮ ਕਰਦੀ ਹੈ, ਜੋ ਕਿ ਸਮਾਜਿਕ ਸੁੱਰਖਿਆ ਅਤੇ ਸੰਗਠਿਤ ਖੇਤਰ ਦੇ ਹੋਰ ਫ਼ਾਇਦਿਆਂ ਤੋਂ ਵਾਂਝੀ ਹੈ।

ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਅਤੇ ਉਤਪਾਦਕਤਾ ਦਾ ਪੱਧਰ ਬਹੁਤ ਨੀਵਾਂ ਹੈ। ਜਪਾਨ ਦੀ ਪ੍ਰਤਿ ਵਿਅਕਤੀ ਆਮਦਨ 30 ਹਜ਼ਾਰ ਡਾਲਰ, ਸ੍ਰੀਲੰਕਾ ਦੀ 879 ਡਾਲਰ ਹੈ, ਜਦ ਕਿ ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਸਿਰਫ਼ 433 ਡਾਲਰ ਹੈ। ਮੌਜੂਦਾ ਸਮੇਂ ਵਿਚ ਭਾਰਤ ਦੀ ਪ੍ਰਤਿ ਵਿਅਕਤੀ ਆਮਦਨ ਵਿਕਸਤ ਦੇਸ਼ਾਂ ਦੀ ਪ੍ਰਤਿ ਵਿਅਕਤੀ ਆਮਦਨ ਦਾ 7.5 ਪ੍ਰਤਿਸ਼ਤ ਹੈ। ਮਾਹਿਰ ਵਿਸ਼ਲੇਸ਼ਕਾਂ ਮੁਤਾਬਕ ਇਸਨੂੰ ਅੱਧੀ ਸਦੀ ਦੌਰਾਨ 80 ਪ੍ਰਤਿਸ਼ਤ ਤਕ ਵਧਾਉਣ ਦੀ ਲੋੜ ਹੈ।

## ਮੁਹਾਰਤਾਂ 'ਚ ਘਾਟ ਦੇ ਗੁੱਝੇ ਅਸਰ

ਐਸਪਾਇਰਿੰਗ ਮਾਈਂਡਸ ਵਲੋਂ ਕਰਾਏ ਗਏ ਗਰੈਜੂਏਟ ਵਿਦਿਆਰਥੀਆਂ ਦੇ ਦੇਸ਼ ਵਿਆਪੀ ਸਰਵੇਖਣ ਵਿਚ ਜ਼ਾਹਿਰ ਹੋਇਆ ਕਿ ਭਾਰਤ ਹਰ ਸਾਲ 50 ਲੱਖ ਗਰੈਜੂਏਟ ਪੈਦਾ ਕਰਦਾ ਹੈ। ਪਰ ਅਸੀਂ ਅਮਲੀ ਰੂਪ ਵਿਚ ਕੰਮ ਕਰ ਸਕਣ ਅਤੇ ਬਾਜ਼ਾਰ ਵਿਚ ਖਪ ਸਕਣ ਵਾਲੀ ਮੁਹਾਰਤ ਨਾਲ ਭਰਪੂਰ ਕਾਰਜ ਸ਼ਕਤੀ ਪੈਦਾ ਨਹੀਂ ਕਰ ਸਕਦੇ। ਸਫੇਦ ਕਾਲਰ ਵਾਲੀਆਂ ਨੌਕਰੀਆਂ ਦੀ ਵੱਡੀ ਮੰਗ ਰਹਿੰਦੀ ਹੈ, ਜੋ ਕਿ ਬਾਜ਼ਾਰ ਵਿਚ ਉਨੀਆਂ ਉਪਲਬਧ ਨਹੀਂ ਹੁੰਦੀਆਂ। ਮੰਗ ਅਤੇ ਪੂਰਤੀ ਦਰਮਿਆਨ ਇਸ ਖੱਪੇ ਕਾਰਨ ਹੀ ਘੱਟ ਰੁਜ਼ਗਾਰ ਦੀ ਸਥਿਤੀ ਬਣਦੀ ਹੈ। ਨੌਕਰੀਆਂ ਪੈਦਾ ਹੋਣ ਅਤੇ ਕਾਰਜ ਸ਼ਕਤੀ ਦੀ ਵਿਕਾਸ ਦਰ ਵਿਚ ਫਰਕ ਹੋਣ ਕਾਰਨ ਬੇਰੁਜ਼ਗਾਰੀ ਦੀ ਸਥਿਤੀ ਬਣਦੀ ਹੈ। ਇਸ ਤੋਂ ਪਹਿਲਾਂ ਕਿ ਇਹ ਸਥਿਤੀ ਵੱਡੇ ਪੱਧਰ ਦੇ ਅਸੰਤੋਖ ਨੂੰ ਜਨਮ ਦੇਵੇ, ਇਸ ਮੁੱਦੇ ਨਾਲ ਫੌਰੀ ਅਤੇ ਅਸਰਦਾਰ ਢੰਗ ਨਾਲ ਨਜਿੱਠਣਾ ਹੋਵੇਗਾ।

## ਰਾਹ ਦੀਆਂ ਰੁਕਾਵਟਾਂ

ਮਿਆਰੀ ਕਿੱਤਾਮੁਖੀ ਮੁਹਾਰਤਾਂ ਦੀ ਘਾਟ ਜੋ ਕਿ ਉਤਪਾਦਿਕਤਾ ਨੂੰ ਵਧਾਉਂਦੀਆਂ ਹਨ ਅਤੇ ਭਾਰਤੀ ਮਾਪਿਆਂ ਅਤੇ ਵਿਦਿਆਰਥੀਆਂ ਦਾ ਕਾਰਜ ਸਥਾਨ ਮੁਹਾਰਤ ਦੀ ਥਾਂ ਸਿਰਫ਼ ਡਿਗਰੀ ਹਾਸਲ ਕਰਨ ਦੇ ਰੁਝਾਨ ਜਿਹੀਆਂ ਗੰਭੀਰ ਰੁਕਾਵਟਾਂ ਦਰਪੇਸ਼ ਹਨ। ਸੇਵਾ ਖੇਤਰ ਦੀ ਆਰਥਿਕਤਾ ਵਿਚ ਬਹੁਤ ਵਧੇਰੇ ਸ਼ਮੂਲੀਅਤ ਅਤੇ ਮੁਢਲੇ ਅਤੇ ਮਧ ਦੇ ਰੁਜ਼ਗਾਰ ਖੇਤਰਾਂ ਦਾ ਇਕ ਲਗਾਤਾਰ ਵਿਕਾਸ ਬਣਾਈ ਰੱਖਣ ਵਿਚ ਅਸਮਰਥਤਾ ਮੁਸ਼ਕਿਲਾਂ ਵਿਚ ਹੋਰ ਵਾਧਾ ਕਰਦੀ ਹੈ।

## ਮੌਕੇ

ਮੌਜੂਦਾ ਸਮੇਂ ਵਿਚ ਕਾਲਜਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਬਿਹਤਰ ਰੁਜ਼ਗਾਰ ਯੋਗਤਾ ਲਈ ਉਨ੍ਹਾਂ ਨੂੰ ਮੁਹਾਰਤ ਨਾਲ ਭਰਪੂਰ ਕਰਨ ਦੀ ਲੋੜ ਹੈ। ਉਂਝ ਇਹ 100 ਵਿਚੋਂ 20 ਪ੍ਰਤਿਸ਼ਤ ਹਿੱਸਾ ਹੀ ਹੈ ਅਤੇ ਵੱਡਾ ਹਿੱਸਾ ਜੋ ਪੜ੍ਹਾਈ ਛੱਡ ਜਾਂਦਾ ਹੈ, ਦੀ ਵੀ ਕੁਸ਼ਲਤਾ ਸਿਖਲਾਈ ਜ਼ਰੂਰੀ ਹੈ ਤਾਂ ਕਿ ਉਹ ਰੁਜ਼ਗਾਰ ਹਾਸਲ ਕਰ ਸਕਣ। ਕਾਰਜ ਸਥਾਨ ਵਿਖੇ ਮੁਹਾਰਤ ਦਾ ਪੱਧਰ ਉੱਚਾ ਚੁੱਕਣਾ ਇਕ ਵੱਡੇ ਫ਼ਾਇਦੇ ਵਾਲੀ ਗੱਲ ਹੈ। ਵਧੇਰੇ ਵਿਕਾਸਸ਼ੀਲ ਦੇਸ਼ਾਂ ਵਿਚ ਵੱਡੀ ਬਜ਼ੁਰਗ ਵਸੋਂ ਇਕ ਵੱਡਾ ਮੌਕਾ ਉਪਲਬਧ ਕਰਾ ਸਕਦੀ ਹੈ। ਇਕ ਹਾਲੀਆ ਖ਼ਬਰ ਮੁਤਾਬਕ ਆਉਂਦੇ ਸਾਲਾਂ ਵਿਚ ਇਸ ਖੇਤਰ ਵਿਚ ਜਪਾਨ ਦੀ ਆਬਾਦੀ 8 ਮਿਲੀਅਨ, ਅਮਰੀਕਾ ਦੀ 17 ਮਿਲੀਅਨ ਹੋ ਜਾਵੇਗੀ ਜੋ ਕਿ ਪੂਰੇ ਯੂਰਪ ਦੀ ਮੂਲ ਵਸੋਂ ਦਾ 4 ਪ੍ਰਤਿਸ਼ਤ ਹੈ। ਸਾਡੇ ਵਲੋਂ ਇਸ ਦਾ ਲਾਹਾ ਨਾ ਲੈਣ ਤੇ ਇਹ ਮੌਕਾ ਚੀਨ ਅਤੇ ਸ੍ਰੀਲੰਕਾ ਲਈ ਲਾਹੇਵੰਦ ਹੋ ਜਾਵੇਗਾ।

## ਉਪਾਅ

ਸਿੱਖਿਆ ਵਿਚ ਮੁਹਾਰਤ ਨੂੰ ਮੁੱਖ-ਧਾਰਾ ਵਜੋਂ ਸ਼ਾਮਿਲ ਕਰਨਾ ਇਕ ਤਰੀਕਾ ਹੈ। ਰਸਮੀ ਤੌਰ ਤੇ ਕਿੱਤਾਮੁਖੀ ਸਿੱਖਿਆ ਪ੍ਰਣਾਲੀ ਵਿਚ ਬਹੁ-ਨੁਕਾਤੀ ਦਾਖ਼ਲਾ ਅਤੇ ਬਾਹਰ ਨਿਕਲਣ ਦੀ ਸਹੂਲਤ ਅਤੇ ਅਜਿਹੀਆਂ ਰੁਜ਼ਗਾਰ ਮੰਡੀਆਂ ਜੋ ਕੇਵਲ ਮੁਹਾਰਤ ਨੂੰ ਤਸਦੀਕ ਕਰਨ, ਸਾਫ਼ਟ ਸਕਿਲਸ ਅਤੇ ਪਹਿਲਾਂ ਦੀ ਹਾਸਲ ਕੁਸ਼ਲਤਾ ਨੂੰ ਪ੍ਰਵਾਨਗੀ ਦੇਣ ਜਿਹੇ ਵਿਕਾਸ ਵੀ ਲਾਭਦਾਇਕ ਸਿੱਧ ਹੋ ਸਕਦੇ ਹਨ। ਬੇਰੁਜ਼ਗਾਰੀ ਨਾਲ ਨਜਿੱਠਣ ਅਤੇ 'ਭਾਰਤ ਵਿਚ ਨਿਰਮਾਣ' ਦਾ ਟੀਚਾ ਹਾਸਲ ਕਰਨ ਲਈ ਬਾਜ਼ਾਰ ਤੇ ਰੁਜ਼ਗਾਰ ਦੇ ਮੌਕੇ ਵਧਾਉਣਾ ਵੱਡਾ ਟੀਚਾ ਹੈ ਜੋ ਹਾਸਲ ਕੀਤਾ ਜਾਣਾ ਹੈ।

## ਅੱਗੇ ਲਈ ਰਾਹ

ਮੁਹਾਰਤਾਂ ਬਾਰੇ ਰਾਸ਼ਟਰੀ ਕੁਸ਼ਲਤਾ ਯੂਨੀਵਰਸਿਟੀ (ਐਨ ਐਸ ਯੂ) ਕਾਇਮ ਕਰਨਾ, ਜਿਸ ਦੇ ਸਪੱਸ਼ਟ ਤੌਰ ਤੇ ਉਲੀਕੇ ਟੀਚਿਆਂ ਵਿਚ ਕੇਂਦਰੀ ਸਰਕਾਰ ਦੀਆਂ ਸਾਰੀਆਂ ਕੁਸ਼ਲਤਾ ਪਹਿਲ-ਕਦਮੀਆਂ ਨੂੰ ਰਾਜਾਂ ਨਾਲ ਜੋੜਦਿਆਂ ਇਕ ਸੰਗਠਿਤ ਲੜੀ ਬਣਾਉਣ ਦੀ ਲੋੜ ਹੋਵੇਗੀ, ਜਿਸ ਵਿਚ ਯਕੀਨਨ ਨਿਵੇਸ਼ ਤੋਂ ਲਾਭ ਵਸੂਲੀ ਦਾ ਖ਼ਿਆਲ ਰਖਿਆ ਜਾਵੇਗਾ।

ਰੱਖਿਆ, ਰੇਲਵੇ, ਬੁਨਿਆਦੀ ਢਾਂਚੇ ਅਤੇ ਖੇਤੀ ਜਿਹੇ ਵੱਖ-ਵੱਖ ਖੇਤਰਾਂ ਵਿਚ ਵੱਡੇ ਪੱਧਰ 'ਤੇ ਨਵੇਂ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ 'ਭਾਰਤ ਵਿਚ ਨਿਰਮਾਣ' ਬਾਰੇ ਮੁੱਖ ਕੇਂਦਰ ਕਾਇਮ ਕੀਤਾ ਜਾਣਾ ਇਕ ਹੋਰ ਅਜਿਹੀ ਪਹਿਲਕਦਮੀ ਹੈ ਜਿਸ ਨਾਲ ਰੁਜ਼ਗਾਰ ਦੇ ਵੱਡੇ ਮੌਕੇ ਬਣਨਗੇ ਅਤੇ ਨਵੀਆਂ ਕੁਸ਼ਲਤਾ ਲੋੜਾਂ ਪੈਦਾ ਹੋਣਗੀਆਂ।

## ਕੁਸ਼ਲਤਾ ਲਈ ਮਾਪਦੰਡਾਂ ਅਤੇ ਨੀਤੀਆਂ

ਮੁਹਾਰਤਾਂ ਦੀ ਸਫ਼ਲਤਾ ਆਰਥਿਕ ਵਿਕਾਸ ਦੇ ਆਮ ਪੱਧਰ, ਵਿਦੇਸ਼ੀ ਸਿੱਧਾ ਪੂੰਜੀ ਨਿਵੇਸ਼ (ਐਫ ਡੀ ਆਈ) ਦੇ ਪੱਧਰ, ਮਹੱਤਵਪੂਰਨ ਉਤਪਾਦਾਂ ਦੀ ਬਰਾਮਦ, ਕੁਸ਼ਲਤਾ ਅਸੰਗਤੀਆਂ ਅਤੇ ਉਤਪਾਦਿਕਤਾ ਦੀਆਂ ਵਿਕਾਸ ਦਰਾਂ ਜਿਹੇ ਤੱਤਾਂ 'ਤੇ ਨਿਰਭਰ ਕਰਦੀ ਹੈ। ਕੁਸ਼ਲਤਾ ਅਸੰਗਤੀਆਂ ਦਾ ਅਨੁਮਾਨ ਲਾਉਣਾ ਔਖਾ ਕੰਮ ਹੈ ਅਤੇ

ਮਾਪਦੰਡ ਤੈਅ ਕਰਨਾ ਅਤਿ ਜ਼ਰੂਰੀ ਹੈ।

ਰਾਸ਼ਟਰੀ ਕੁਸ਼ਲਤਾ ਯੂਨੀਵਰਸਿਟੀ (ਐੱਨ ਐੱਸ ਯੂ) ਕੁਸ਼ਲਤਾ ਵਿਕਾਸ ਅਤੇ ਸਿੱਖਿਆ ਲਈ ਐੱਨ ਐੱਸ ਕਿਊ ਐੱਫ਼ ਤਹਿਤ ਨੀਤੀ/ਸੇਧਾਂ ਅਤੇ ਮਾਪਦੰਡ ਤੈਅ ਕਰੇਗੀ, ਦੇਸ਼ ਵਿਚੋਂ ਵਿਦਿਆਰਥੀਆਂ ਨੂੰ ਦਾਖ਼ਲ ਕਰੇਗੀ, ਕੁਸ਼ਲਤਾ ਅਤੇ ਸਿਖਲਾਈ ਦੇਵੇਗੀ, ਵੱਖ-ਵੱਖ ਪੱਧਰਾਂ 'ਤੇ ਸਰਟੀਫਿਕੇਟ, ਡਿਪਲੋਮੇ ਤੇ ਡਿਗਰੀਆਂ ਪ੍ਰਦਾਨ ਕਰੇਗੀ, ਉਪ-ਕੇਂਦਰ ਸਥਾਪਿਤ ਕਰੇਗੀ, ਮੌਜੂਦਾ ਕਾਲਿਜ/ਆਈ ਟੀ ਆਈ/ ਪਾਲੀਟੈਕਨਿਕ ਨੂੰ ਕੁਸ਼ਲਤਾ ਪ੍ਰੋਗਰਾਮ ਚਲਾਉਣ ਦੀ ਆਗਿਆ ਦੇਵੇਗੀ, ਡਲਿਵਰੀ ਦੇ ਸਾਰੇ ਮਾਡਲਾਂ ਅਤੇ ਸਾਰੀਆਂ ਭਾਸ਼ਾਵਾਂ ਵਿਚ ਕੁਸ਼ਲਤਾ ਸੰਬੰਧਿਤ ਲਿਖਿਤ ਸਮੱਗਰੀ ਅਤੇ ਸਿੱਖਿਆ ਸਾਹਿਤ ਤਿਆਰ ਕਰੇਗੀ, ਹੋਰ ਢੁਕਵੀਆਂ ਸੰਸਥਾਵਾਂ ਨਾਲ ਸੰਪਰਕ ਰੱਖੇਗੀ, ਉੱਦਮੀ ਕੇਂਦਰ ਕਾਇਮ ਕਰੇਗੀ, ਸੀ ਐੱਸ ਆਰ ਪਹਿਲ ਕਦਮੀਆਂ ਲਈ ਮੌਕੇ ਬਣਾਵੇਗੀ, ਕੁਸ਼ਲਤਾ ਖੱਪਿਆਂ ਨੂੰ ਪੂਰੇਗੀ, ਕੁਸ਼ਲਤਾ ਸੰਬੰਧਿਤ ਖੋਜ-ਕਾਰਜ ਕਰਾਵੇਗੀ, ਸਥਾਨਕ ਅਤੇ ਵਿਦੇਸ਼ੀ ਭਾਈਵਾਲੀ ਕਾਇਮ ਕਰੇਗੀ, ਕੁਸ਼ਲਤਾ ਸਿਖਲਾਈ ਕਰਤਾ ਪੈਦਾ ਕਰੇਗੀ ਅਤੇ ਸਿਖਲਾਈ ਕਰਤਾ ਅਤੇ ਸਿਖਾਂਦਰੂ ਅਮਲ ਨੂੰ ਪ੍ਰਵਾਨਗੀਆਂ ਦੇਵੇਗੀ। ਨਵੇਂ ਰੁਜ਼ਗਾਰ ਕਾਇਮ ਕਰਨ ਲਈ ਐੱਨ ਐੱਸ ਐੱਮ ਈ ਖੇਤਰ ਨਾਲ ਆਪਣੇ-ਆਪ ਨੂੰ ਜੋੜੇਗੀ, 'ਭਾਰਤ ਵਿਚ ਨਿਰਮਾਣ' ਮੁਹਿੰਮ ਨੂੰ ਲਾਗੂ ਕਰੇਗੀ। ਅਗਲੇ ਦਸ ਸਾਲਾਂ ਲਈ ਕੁਸ਼ਲਤਾ ਖਾਕਾ ਤਿਆਰ ਕਰੇਗੀ, ਸਮੁਦਾਇਕ ਕਾਲਿਜ ਕਾਇਮ ਕਰੇਗੀ, ਕਾਰਜ ਸੰਗਠਿਤ ਸਿਖਲਾਈ ਮਾਡਲਾਂ ਨੂੰ ਉਤਸ਼ਾਹਿਤ ਕਰੇਗੀ, ਕੁਸ਼ਲਤਾ ਸੰਗਠਿਤ ਵਜ਼ੀਫ਼ੇ ਕਾਇਮ ਕਰੇਗੀ ਅਤੇ ਇਨ੍ਹਾਂ ਸਭਨਾਂ ਗੱਲਾਂ ਨੂੰ ਇਕ ਮੁਕੰਮਲ ਈ-ਗਵਰਨੈਂਸ ਪ੍ਰਣਾਲੀ ਰਾਹੀਂ ਚਲਾਵੇਗੀ। ਆਟੋ-ਮੋਬਾਇਲ, ਸੂਚਨਾ ਤਕਨਾਲੋਜੀ, ਸੰਚਾਰ, ਨੀਮ-ਡਾਕਟਰੀ ਨਿਰਮਾਣ, ਉਸਾਰੀ, ਪ੍ਰਚੂਨ, ਸਿਹਤ-ਸੰਭਾਲ, ਸੈਰ-ਸਪਾਟਾ ਆਦਿ ਖੇਤਰਾਂ ਦਾ ਵਿਸ਼ੇਸ਼ ਤੌਰ ਤੇ ਲਾਹਾ ਲਿਆ ਜਾ ਸਕਦਾ ਹੈ।

## ਭਾਰਤ ਵਿਚ ਨਿਰਮਾਣ ਅਤੇ ਮੁਹਾਰਤ

ਦੇਸ਼ ਦੀਆਂ ਮੋਢੀ ਸੰਸਥਾਵਾਂ ਵਿਚ ਖੋਜ ਅਤੇ ਵਿਕਾਸ ਲਈ ਵੱਡੀਆਂ ਰਕਮਾਂ ਖ਼ਰਚੀਆਂ ਜਾ ਰਹੀਆਂ ਹਨ। ਇਹ ਭਾਵੇਂ ਗਿਆਨ ਦੇ ਭੰਡਾਰ ਵਿਚ ਵਾਧਾ ਕਰਦੀਆਂ ਹਨ ਪਰ ਕੀ ਇਹ ਰੁਜ਼ਗਾਰ ਕਾਇਮ ਕਰਨ ਵਿਚ ਵੀ ਮਦਦਗਾਰ ਹਨ ਅਤੇ ਕੀ ਇਸ ਪੂਰੀ ਪ੍ਰਣਾਲੀ ਨੂੰ ਮੁੜ ਘੋਖੇ ਜਾਣ ਦੀ ਲੋੜ ਨਹੀਂ ਹੈ?

ਹਰ ਸਾਲ ਹਜ਼ਾਰਾਂ ਪੀ ਐੱਚ ਡੀ ਖੋਜ ਕਰਤਾਵਾਂ ਦੀ ਲੋੜ ਹੈ ਪਰ ਉਨ੍ਹਾਂ ਦੀ ਖੋਜ ਅਜਿਹੀ ਹੋਵੇ ਜੋ ਉਦਯੋਗ ਵਿਚ ਯੋਗਦਾਨ ਪਾਵੇ। ਸੀ ਐੱਸ ਆਈ ਆਰ, ਡੀ ਆਰ ਡੀ ਓ ਪ੍ਰਯੋਗਸ਼ਾਲਾਵਾਂ ਅਤੇ ਆਈ ਆਈ ਟੀਜ਼ ਨੂੰ ਅਜਿਹੇ ਢੰਗ ਨਾਲ ਕੰਮ ਕਰਨ ਦੀ ਸਪੱਸ਼ਟ ਹਦਾਇਤ ਹੋਣੀ ਚਾਹੀਦੀ ਹੈ, ਜਿਸ ਨਾਲ ਰੁਜ਼ਗਾਰ ਦੇ ਮੌਕੇ ਬਣਨ। ਉਕਤ ਹਰ ਸੰਸਥਾ ਵਿਚ ਆਈ ਪੀ ਆਰ - ਪੇਟੈਂਟ - ਉੱਦਮੀ ਸੈੱਲ ਕਾਇਮ ਕੀਤੇ ਜਾਣ, ਜਿਸ ਨਾਲ ਖੋਜ ਦੀਆਂ ਸੰਭਾਵਨਾਵਾਂ ਵਧਣ ਦੇ ਨਾਲ-ਨਾਲ ਰਾਸ਼ਟਰੀ ਏਜੰਡੇ ਨਾਲ ਵੀ ਜੁੜਿਆ ਜਾ ਸਕੇਗਾ। ਤੇਲ ਖੋਜ, ਖਾਨਾਂ ਦੀ ਪੁਟਾਈ, ਖੇਤੀ, ਬਿਜਲੀ, ਪਾਣੀ ਦੇ ਵਸੀਲਿਆਂ ਅਤੇ ਬੁਨਿਆਦੀ ਢਾਂਚੇ ਜਿਹੇ ਤਕਨਾਲੋਜੀ ਨਾਲ ਸੰਬੰਧਿਤ ਖੇਤਰਾਂ ਨੂੰ ਉੱਚ ਤਰਜੀਹ ਦਿੰਦਿਆਂ ਵੱਧ ਤੋਂ ਵੱਧ ਫ਼ੰਡ ਦਿਤੇ ਜਾਣੇ ਚਾਹੀਦੇ ਹਨ।

ਵਾਤਾਵਰਨ ਅਤੇ ਜਲਵਾਯੂ ਤਬਦੀਲੀ ਲਈ ਲਗਾਤਾਰਤਾ ਵਾਲੇ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਊਰਜਾ, ਜੈਵ-ਵਿਗਿਆਨ, ਜੈਵ-ਇੰਜੀਨੀਅਰਿੰਗ ਅਤੇ ਜਿਨੈਟਿਕਸ ਵਿਚ ਨਵੀਨ ਕਾਢਾਂ ਰਾਹੀਂ ਸੁਰੱਖਿਆ ਤਰਜੀਹ ਦਾ ਅਗਲਾ ਪੱਧਰ ਹੋਣਾ ਚਾਹੀਦਾ ਹੈ। ਨਵੀਂ ਸਰਕਾਰ ਵਲੋਂ 100 ਮਾਡਲ ਸ਼ਹਿਰ ਉਸਾਰੇ ਜਾਣ ਨਾਲ ਬੁਨਿਆਦੀ ਢਾਂਚੇ ਦੇ ਖੇਤਰ ਵਿਚ ਵਿਕਾਸ ਵਿਚ ਤੇਜ਼ੀ ਆਵੇਗੀ ਅਤੇ ਬਾਜ਼ਾਰ ਵਿਚ ਨਵੇਂ ਰੁਜ਼ਗਾਰ ਪੈਦਾ ਹੋਣਗੇ, ਜਿਸ ਨਾਲ ਅੱਗੋਂ ਕੁਸ਼ਲਤਾ ਬਾਜ਼ਾਰ ਨੂੰ ਹੁਲਾਰਾ ਮਿਲੇਗਾ।

ਰੱਖਿਆ ਸੰਬੰਧਿਤ ਸਾਜ਼ੋ-ਸਾਮਾਨ, ਨਿਰਮਾਣ ਪ੍ਰਤਿ ਸਿਲਸਿਲੇਬਧ ਰਵੱਈਆ/ਕੰਬੈਟ-ਰਿਕਵਰੀ ਵਹੀਕਲ, ਅਨਮੈਂਡ ਏਰੀਅਲ ਵਹੀਕਲ, ਸਨੋ-ਮੋਬਾਇਲ, ਬੁਲੇਟ-ਪਰੂਫ਼ ਜੈਕਟ, ਸਵੈ-ਚਾਲਤ ਹਥਿਆਰ ਪ੍ਰਣਾਲੀ ਆਦਿ ਨੂੰ ਆਪਣੇ ਹੀ ਦੇਸ਼ ਵਿਚ ਈ ਐੱਮ ਈ ਸਕੂਲਾਂ, ਡੀ ਆਰ ਡੀ ਓ ਪ੍ਰਯੋਗਸ਼ਾਲਾਵਾਂ ਅਤੇ ਹੋਰ ਮੋਢੀ ਅਦਾਰਿਆਂ ਅਤੇ ਚੋਣਵੇਂ ਉਦਯੋਗਾਂ ਰਾਹੀਂ ਤਿਆਰ ਕਰਨਾ ਅਤੇ ਉਨ੍ਹਾਂ ਦੇ ਦਰਾਮਦੀ ਵਿਕਲਪ ਲੱਭਣੇ, ਅੱਗੇ ਵਧਣ ਦਾ ਇਕ ਹੋਰ ਰਸਤਾ ਹੈ। ਰਾਸ਼ਟਰੀ ਕੁਸ਼ਲਤਾ ਯੂਨੀਵਰਸਿਟੀ ਦੇ ਹਰ ਰਾਜ ਵਿਚ ਉਪ-ਕੇਂਦਰ ਅਤੇ ਚੋਣਵੇਂ ਉਦਯੋਗ ਸਾਡੀਆਂ ਤਰਜੀਹਾਂ ਮੁਤਾਬਿਕ ਉਪ-ਪ੍ਰਣਾਲੀਆਂ ਤਿਆਰ ਕਰ ਸਕਦੇ ਹਨ ਅਤੇ ਐੱਨ ਐੱਸ ਯੂ ਇਕ ਸੰਗਠਿਤ ਕਰਤਾ ਦੀ ਭੂਮਿਕਾ ਅਦਾ ਕਰ ਸਕਦਾ ਹੈ। ਐੱਨ ਐੱਸ ਯੂ ਤਕਨਾਲੋਜੀ ਵਿਕਾਸ ਪੇਸ਼ੀਨਗੋਈ, ਨਵੀਨਤਾ ਅਤੇ ਦੇਸੀ ਤਕਨਾਲੋਜੀ ਦੀ ਮਜ਼ਬੂਤੀ, ਵਿਸ਼ੇਸ਼ ਖੇਤਰਾਂ ਵਿਚ ਖੋਜ ਕਰਾਉਣ ਲਈ ਸੀ ਐੱਸ ਯੂ, ਐੱਮ ਆਈ ਟੀ ਅਤੇ ਸਟੈਨਫੋਰਡ, ਇੰਪੀਰੀਅਲ ਕਾਲਜ, ਹਮਬੋਲਟ ਯੂਨੀਵਰਸਿਟੀ ਆਦਿ ਦੀ ਮਦਦ ਨਾਲ ਅਧਿਐਨ ਕੇਂਦਰ ਬਣਾ ਸਕਦਾ ਹੈ।

ਦੇਸ਼ ਦੇ ਚੋਣਵੇਂ ਸ਼ਹਿਰਾਂ ਵਿਚ ਐੱਨ ਐੱਸ ਯੂ ਵਲੋਂ ਵਿਸ਼ੇਸ਼ ਖੋਜ ਕੇਂਦਰ ਖੋਲ੍ਹੇ ਜਾਣ ਜੋ ਕਿ ਸਵੈ-ਨਿਰਭਰਤਾ ਵਾਲੀ ਖੋਜ ਨੂੰ ਹੁਲਾਰਾ ਦੇਣਗੇ, ਵਧੇਰੇ ਉਤਪਾਦਨ ਅਤੇ ਅਮਲੀ ਸੁਧਾਰਾਂ ਲਈ ਸੁਝਾਅ ਦੇਣਗੇ, ਜਿਸ ਵਜੋਂ ਰੁਜ਼ਗਾਰ ਦੇ ਸਾਰੇ ਖੇਤਰਾਂ ਵਿਚ ਨਵੇਂ ਮੌਕੇ ਪੈਦਾ ਹੋਣਗੇ।

ਇਹ ਪੂਰਾ ਅਮਲ ਵੱਡੀਆਂ ਸੰਭਾਵਨਾਵਾਂ ਰੱਖਦਾ ਹੈ, ਜੋ ਕਿ ਨਾ ਸਿਰਫ਼ ਵਿਦੇਸ਼ੀ ਕਰੰਸੀ ਦੀ ਵੱਡੀ ਬੱਚਤ ਕਰੇਗਾ ਸਗੋਂ ਸਥਾਨਕ ਸਮਰੱਥਾਵਾਂ ਵਿਚ ਨਵੇਂ ਭਰੋਸੇ ਅਤੇ ਸਵੈ-ਨਿਰਭਰਤਾ ਨਾਲ ਭਰਪੂਰ ਹੋਣ ਦੇ ਨਾਲ-ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗਾ ਅਤੇ ਨਵੀਆਂ ਕੁਸ਼ਲਤਾ ਪਹਿਲ-ਕਦਮੀਆਂ ਉਪਜਾਏਗਾ। ਇੰਝ ਅਸੀਂ ਪੂਰੀ ਦੁਨੀਆਂ ਦੇ ਏਕੇ ਅਤੇ ਭਲਾਈ ਲਈ ਕੰਮ ਕਰ ਸਕਾਂਗੇ ਅਤੇ ਇਕ ਸਵੈ-ਭਰੋਸੇ ਨਾਲ ਭਰਪੂਰ, ਨਵੇਂ ਉੱਭਰ ਰਹੇ ਤਾਕਤਵਰ ਰਾਸ਼ਟਰ ਵਜੋਂ ਸਾਹਮਣੇ ਆਵਾਂਗੇ।

ਸਮਾਨਤਾ ਦੀ ਵਿਚਾਰਧਾਰਾ ਵਾਲੇ ਸਮਾਜ ਵਜੋਂ, ਜਿਥੇ ਕਿ ਸਮਾਜਿਕ ਸੁਧਾਰਾਂ, ਮੁਥਾਜ ਤਬਕੇ ਲਈ ਆਰਥਿਕ ਵਿਕਾਸ ਅਤੇ ਭਾਰਤੀਆਂ ਦੀ ਸਭਿਆਚਾਰਕ ਵੰਨ-ਸੁਵੰਨਤਾ ਦੀ ਰਾਖੀ ਵੱਡੀ ਤਰਜੀਹ ਹੈ, ਨਾਲ ਸਭ ਦਾ ਲਾਭ ਹੋਣ ਦੀ ਸੰਭਾਵਨਾ ਹੈ। ਇਹ ਸਹੀ ਅਰਥਾਂ ਵਿਚ ਉਦੋਂ ਸੰਭਵ ਹੈ ਜਦ ਦੇਸ਼ ਦਾ ਹਰ ਬੱਚਾ ਪੜ੍ਹਿਆ-ਲਿਖਿਆ ਹੋਵੇ ਅਤੇ ਜਿਸ ਬਦਲੇ ਉਹ ਇਕ ਢੁਕਵਾਂ ਰੁਜ਼ਗਾਰ ਹਾਸਲ ਕਰ ਸਕੇ। ਰਾਸ਼ਟਰੀ ਕੁਸ਼ਲਤਾ ਮਿਸ਼ਨ ਅਜਿਹਾ ਹੋਣ ਵਿਚ ਅਮਲੀ ਰੂਪ ਵਿਚ ਮਦਦਗਾਰ ਹੋਵੇਗਾ।

ਸਾਨੂੰ ਇਹ ਵੀ ਸਮਝਣਾ ਹੋਵੇਗਾ ਕਿ ਸਾਡੇ ਨੌਜਵਾਨ ਜਿਸ ਆਰਥਿਕ ਤੰਗੀ ਵਾਲੀਆਂ ਸਥਿਤੀਆਂ

*ਬਾਕੀ ਸਫ਼ਾ 25 ਉੱਤੇ*

# ਹੁਨਰ ਵਿਕਾਸ : ਸਰੋਤਾਂ ਤੇ ਸਮਰੱਥਾਵਾਂ ਦਾ ਪੂੰਜੀਕਰਨ

ਮਨੋਜ ਜੋਸ਼ੀ, ਅਰੁਨ ਭਦੌੜੀਆ, ਸ਼ੈਲਜ਼ਾ ਦੀਕਸ਼ਤ

ਜਾਣ-ਪਛਾਣ

ਆਰਥਿਕ ਵਿਕਾਸ ਦੀ ਸਹਾਇਤਾ ਨਾਲ ਆਰਥਿਕ ਤਰੱਕੀ ਦੇ ਸੰਦਰਭ ਵਿਚ ਇਹ ਜ਼ਰੂਰੀ ਹੈ ਕਿ ਹੁਨਰ ਵਿਕਾਸ ਨੂੰ ਭਾਰਤ ਵਰਗੇ ਦੇਸ਼ ਅੰਦਰ ਉੱਚ ਪਹਿਲ ਦਿਤੀ ਜਾਵੇ, ਜਿਥੇ ਜਵਾਨੀ ਦੀ ਤਾਕਤ ਠਾਠਾਂ ਮਾਰ ਰਹੀ ਹੈ। ਇਹ ਚੰਗੀ ਤਰ੍ਹਾਂ ਸਮਝਿਆ ਗਿਆ ਹੈ ਕਿ ਆਰਥਿਕ ਤਰੱਕੀ ਦੋ ਤਰੀਕਿਆਂ ਨਾਲ ਹਾਸਲ ਕੀਤੀ ਜਾ ਸਕਦੀ ਹੈ - ਪਹਿਲਾ ਤਰੀਕਾ ਹੈ, ਵਰਤਮਾਨ ਪ੍ਰਣਾਲੀ ਅੰਦਰ ਹੀ ਕੁਸ਼ਲਤਾ ਵਿਚ ਵਾਧਾ ਕਰਨਾ, ਜੋ ਆਰਥਿਕਤਾ ਦੀ ਮਦਦ ਕਰਦਾ ਹੈ ਅਤੇ ਵਿਕਾਸ ਦਾ ਲਾਹਾ ਲੈਂਦਾ ਹੈ। ਦੂਜਾ ਤਰੀਕਾ ਹੈ ਇਕ ਨਵਾਂ ਢਾਂਚਾ ਨਿਰਮਿਤ ਕਰਨਾ, ਜਿਸ ਨਾਲ ਸਵੈ-ਰੁਜ਼ਗਾਰ ਵਾਲੇ ਨੌਜਵਾਨਾਂ ਅਤੇ ਉੱਦਮੀਆਂ ਨੂੰ ਉਤਪਾਦਕ ਹੁਨਰ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਇਕ ਨਿਵੇਕਲੀ ਆਰਥਿਕ ਪ੍ਰਣਾਲੀ ਪ੍ਰਦਾਨ ਕਰਨੀ, ਜੋ ਆਰਥਿਕ ਤਰੱਕੀ ਨੂੰ ਗਤੀਸ਼ੀਲ ਕਰਦੀ ਹੈ। ਜਿਵੇਂ ਕਿ ਅੱਗੇ ਢਾਂਚੇ ਵਿਚ ਚਰਚਾ ਕੀਤੀ ਗਈ ਹੈ, ਦੋਨਾਂ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਹਨ, ਪਰ ਪ੍ਰਸਤਾਵਿਤ ਨੀਤੀ ਪਰਚੇ ਵਿਚ ਹੁਨਰ ਦਾ ਵਿਕਾਸ ਚਰਚੇ ਦੇ ਕੇਂਦਰ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਤਾਂ ਵੀ, ਆਰਥਿਕ ਤਰੱਕੀ, ਵਿਕਾਸ ਦਾ ਵਿਚਾਰ, ਜਿਸ ਦਾ ਨਤੀਜਾ ਆਰਥਿਕ ਖ਼ੁਸ਼ਹਾਲੀ ਦੇ ਰੂਪ ਵਿਚ ਨਿਕਲਦਾ ਹੈ, ਨੂੰ ਵਰਤਮਾਨ ਅਤੇ ਵਧਾਏ ਹੋਏ ਹੁਨਰ ਸਮੂਹਾਂ ਅਤੇ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਵਿਚੋਂ ਆਪਣਾ ਰਸਤਾ ਤਲਾਸ਼ਣਾ ਪਵੇਗਾ।

## ਸੰਸਥਾਗਤ ਕੋਸ਼ਿਸ਼ਾਂ ਤੇ ਸਿੱਖੇ ਗਏ ਸਬਕ

ਪਿਛਲੇ ਸਾਲਾਂ ਵਿਚ ਭਾਰਤ ਸਰਕਾਰ ਵੱਡੇ ਨਿਵੇਸ਼ ਕਰਨ ਲਈ ਉਤਸੁਕ ਰਹੀ ਹੈ ਤਾਂ ਕਿ ਵੱਡੀ ਪੱਧਰ 'ਤੇ ਗਰੀਬੀ ਘੱਟ ਕਰਕੇ ਅਤੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਜ਼ਾਮਨੀ ਐਕਟ, ਰਾਸ਼ਟਰੀ ਪੇਂਡੂ ਆਜੀਵਕਾ ਮਿਸ਼ਨ ਅਤੇ ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ ਵਰਗੀਆਂ ਪਾਤਰਤਾ ਵਾਲੀਆਂ ਯੋਜਨਾਵਾਂ ਰਾਹੀਂ ਸਮੁੱਚਿਤ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ। 'ਮੇਕ ਇਨ ਇੰਡੀਆ' ਪਹਿਲਕਦਮੀ ਦਾ ਮੰਤਵ ਵੀ ਸੰਪੂਰਨ ਖ਼ੁਸ਼ਹਾਲੀ ਤੇ ਵਿਕਾਸ ਦੇ ਟੀਚੇ ਨੂੰ ਹਾਸਲ ਕਰਨਾ ਹੈ। ਅਸਲ ਵਿਚ ਅਜਿਹੀਆਂ ਪਹਿਲਕਦਮੀਆਂ ਨਾਲ ਇਕ ਬੰਨੇ ਸਰੋਤਾਂ ਦੀ ਉੱਚ ਵਰਤੋਂ ਹੁੰਦੀ ਹੈ ਅਤੇ ਨਵੇਂ ਸਰੋਤ ਪਛਾਣੇ ਜਾਂਦੇ ਹਨ, ਦੂਜੇ ਪਾਸੇ ਲੋੜ ਆਧਾਰਤ ਖੋਜ ਅਤੇ ਨਵੀਨਤਾ ਰਾਹੀਂ ਨਵੇਂ ਸਰੋਤ ਬਣਾਏ ਵੀ ਜਾਂਦੇ ਹਨ।

ਹੁਨਰਮੰਦ ਭਾਰਤ ਦੀ ਪਹਿਲਕਦਮੀ ਇਸ ਦਿਸ਼ਾ ਵੱਲ ਠੋਸ ਕਦਮ ਹੈ। ਜਦੋਂ ਆਮ ਲੋਕਾਂ ਦੀ ਰੋਜ਼ੀ-ਰੋਟੀ ਸੁਰੱਖਿਆ ਦੀ ਗੱਲ ਆਉਂਦੀ ਹੈ ਤਾਂ ਜੋ ਪਹਿਲਾ ਗੁਣ ਚਰਚਾ ਵਿਚ ਆਉਂਦਾ ਹੈ, ਉਹ ਹੈ ਹੁਨਰ ਆਧਾਰਤ ਸਿਖਲਾਈ। ਆਜੀਵਕਾ ਸੂਚੀ ਵਿਚ ਹੁਨਰ, ਉਪਲਬਧਤਾ ਅਤੇ ਸਫ਼ਲ ਉੱਦਮਾਂ ਲਈ ਪਹੁੰਚ ਰਸਤਿਆਂ 'ਤੇ ਵਿਚਾਰ ਕੀਤਾ ਜਾਂਦਾ ਹੈ। ਹੋਰ, ਹੁਨਰ ਦਾ ਵਿਕਾਸ ਆਪਣੇ ਆਪ ਕਦੇ-ਕਦਾਈਂ ਹੀ ਹੁੰਦਾ ਹੈ, ਇਸ ਨੂੰ ਮੌਕਿਆਂ ਦਾ ਫ਼ਾਇਦਾ ਲੈਣ ਲਈ ਅਨੰਤ ਕਾਰਜ ਰਾਹੀਂ ਸਿੰਜਣਾ ਪੈਂਦਾ ਹੈ। ਸਮਕਾਲੀ ਸਿੱਖਿਆ ਅਤੇ ਨੀਤੀ ਘੜਨ ਬਾਰੇ ਆਉਣ ਵਾਲੀ ਚਰਚਾ ਵਿਚ, ਜ਼ਿਆਦਾ ਜ਼ੋਰ ਉੱਦਮਤਾ ਦੇ ਹੁਨਰ 'ਤੇ ਦਿਤਾ ਗਿਆ ਹੈ। ਉੱਦਮ ਪੂੰਜੀਪਤੀ ਅਤੇ ਦੂਜੇ ਨਿਵੇਸ਼ਕ ਵਪਾਰ ਅਤੇ ਹੁਨਰ ਦੇ ਪੱਲਰਨ ਲਈ ਅਣਦੇਖੇ ਮੌਕਿਆਂ ਦਾ ਫ਼ਾਇਦਾ ਲੈਣ ਲਈ ਨਵੀਂ ਸ਼ੁਰੂਆਤ ਵੱਲ ਵੇਖ ਰਹੇ ਹਨ। ਹਾਲੇ ਵੀ, ਸਮਰੱਥਾਵਾਂ ਦਾ ਨਤੀਜਾ, ਸਫ਼ਲ ਉੱਦਮ ਅਤੇ ਰੁਜ਼ਗਾਰ ਯੋਗ ਸਰੋਤਾਂ ਦੇ ਨਿਰਮਾਣ ਵਿਚ ਘੱਟ ਹੀ ਪ੍ਰਾਪਤ ਹੋ ਰਿਹਾ ਹੈ। ਸਮਾਜਿਕ ਲਾਚਾਰੀ ਅਤੇ ਸੰਬੰਧਿਤ ਸਮਾਜਿਕ ਮੁੱਦੇ ਆਰਥਿਕ ਖ਼ੁਸ਼ਹਾਲੀ, ਵਿਕਾਸ ਅਤੇ ਤਰੱਕੀ ਦੇ ਟੀਚੇ ਪੂਰੇ ਕਰਨ ਦੇ ਰਸਤੇ ਦੀਆਂ ਰੁਕਾਵਟਾਂ ਹਨ।

## ਆਰਥਿਕ ਤਰੱਕੀ ਪ੍ਰਤਿ ਹੁਨਰ ਦੇ ਵਿਕਾਸ ਦੀ ਭੂਮਿਕਾ

ਹੁਨਰ ਵਿਕਾਸ ਨੂੰ ਮੁਹਾਰਤ ਵਜੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ, ਜੋ ਸਿਖਲਾਈ ਜਾਂ ਤਜ਼ਰਬੇ ਨਾਲ ਹਾਸਲ ਕੀਤੀ ਜਾ ਸਕਦੀ ਹੈ। ਦੁਨੀਆਂ ਦੇ ਨੇਤਾਵਾਂ ਵਲੋਂ ਉਨ੍ਹਾਂ ਦੀਆਂ ਰਾਸ਼ਟਰੀ ਨੀਤੀਆਂ ਰਾਹੀਂ ਹੁਨਰ ਵਿਕਾਸ ਦੀ ਭੂਮਿਕਾ ਅਤੇ ਪ੍ਰਭਾਵ ਨੂੰ ਤਸਲੀਮ ਕੀਤਾ ਗਿਆ ਹੈ। ਇਸ ਨਾਲ ਵਿਅਕਤੀਆਂ ਦੀ ਬਣਦੀ ਬਾਜ਼ਾਰ ਮੰਗ ਅਤੇ ਨਵੀਨਤਾ ਤੇ ਉੱਦਮੀ ਸਰਗਰਮੀਆਂ ਪ੍ਰਤਿ ਅਨੁਕੂਲਣ ਦੀ ਸਮਰੱਥਾ ਮਜ਼ਬੂਤ ਹੁੰਦੀ ਹੈ। ਹੁਨਰ ਵਿਕਾਸ ਦੇ ਮੁੱਖ ਕਾਰਕਾਂ ਤੋਂ ਇਲਾਵਾ, ਮੁਕਾਬਲੇਬਾਜ਼ੀ ਦੇ ਸੰਦਰਭ ਵਿਚ, ਬਦਲ ਰਹੀਆਂ ਆਰਥਿਕਤਾਵਾਂ ਦੀਆਂ ਨਵੀਆਂ ਮੰਗਾਂ ਪੂਰੀਆਂ ਕਰਨ ਲਈ ਮੌਕਿਆਂ ਅਤੇ ਚੁਨੌਤੀਆਂ ਦਾ ਹੱਲ ਬੜਾ ਜ਼ਰੂਰੀ ਹੈ।

ਦੇਸ਼ ਦੀ ਭਵਿੱਖੀ ਖ਼ੁਸ਼ਹਾਲੀ ਆਖਰ ਨੂੰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਿੰਨੇ ਵਿਅਕਤੀ ਰੁਜ਼ਗਾਰ ਯਾਫ਼ਤਾ ਹਨ ਅਤੇ ਕੰਮ 'ਤੇ ਉਨ੍ਹਾਂ ਦੀ ਉਤਪਾਦਕਤਾ ਕਿੰਨੀ ਹੈ। ਇਹ ਇਕ ਗਤੀਸ਼ੀਲ ਦ੍ਰਿਸ਼ ਹੈ ਜਿਥੇ ਸਭ ਤੋਂ ਵੱਧ ਸਫ਼ਲ ਜਾਂ ਤਰੱਕੀਯਾਫ਼ਤਾ ਦੇਸ਼ ਉਹ ਹੋਣਗੇ ਜੋ ਵੀ ਯੂ ਸੀ ਏ (ਉਤਾਰ-ਚੜ੍ਹਾਅ, ਅਨਿਸ਼ਚਿਤਤਾ, ਜਟਿਲਤਾ, ਅਸਪੱਸ਼ਟਤਾ) ਦਾ ਸਾਹਮਣਾ ਕਰ ਸਕਣਗੇ (ਅਬੀਦੀ ਤੇ ਜੋਸ਼ੀ, 2015)। ਇਸ ਕਰਕੇ ਹੁਨਰ ਵਿਕਾਸ ਨੂੰ ਸਮੁੱਚਿਤ ਵਿਕਾਸ, ਰੁਜ਼ਗਾਰ ਅਤੇ ਵਿਕਾਸ ਮੁਖੀ ਸਰਕਾਰੀ ਦਖ਼ਲਾਂ ਨਾਲ ਜੋੜਿਆ ਜਾ ਸਕਦਾ ਹੈ।

## ਭਾਰਤ ਨਾਲ ਮੌਜੂਦਾ ਮੁਕਾਬਲੇਬਾਜ਼ੀ ਦਾ ਲਾਭ

ਬੋਸਟਨ ਸਲਾਹਕਾਰ ਸਮੂਹ ਵਲੋਂ ਕਰਵਾਈ ਖੋਜ-ਪੜਤਾਲ ਵਿਚ ਇਹ ਪ੍ਰਗਟਾਵਾ ਕੀਤਾ ਗਿਆ ਹੈ ਕਿ ਦੁਨੀਆਂ ਨੂੰ 2020 ਤਕ 47 ਮਿਲੀਅਨ ਕੰਮ ਕਰਨ ਵਾਲੇ ਲੋਕਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ, ਭਾਰਤ ਵਿਕਾਸ ਦੇ ਰਾਹ 'ਤੇ ਹੈ ਅਤੇ ਇਸ ਦਾ ਸੰਭਾਵਿਤ ਜਨ-ਸੰਖਿਆ ਲਾਭ ਸਾਰੀ ਦੁਨੀਆਂ ਵਿਚ ਸੁਰਖੀਆਂ ਬਟੋਰ ਰਿਹਾ ਹੈ। ਅੱਜ ਇਹ ਦੁਨੀਆਂ ਦਾ ਸਭ ਤੋਂ ਮੋਹਰੀ ਨੌਜਵਾਨ ਦੇਸ਼ ਹੈ, ਜਿਸ ਦੀ ਕੰਮ ਕਰਨ ਵਾਲੀ ਵਸੋਂ ਦਾ 62 ਪ੍ਰਤਿਸ਼ਤ ਤੋਂ ਵੱਧ 15–59 ਸਾਲਾਂ ਦੀ ਉਮਰ ਦਾ ਹੈ ਅਤੇ 54 ਪ੍ਰਤਿਸ਼ਤ ਤੋਂ ਵੱਧ ਵਸੋਂ 25 ਸਾਲ ਤੋਂ ਘੱਟ ਉਮਰ ਦੀ ਹੈ। 2022 ਤਕ, ਭਾਰਤ ਕੋਲ ਕੰਮ ਕਰਨ ਵਾਲੇ 56 ਮਿਲੀਅਨ ਵਾਧੂ ਲੋਕ ਹੋਣਗੇ। ਅੱਜ ਵੀ, ਲਗਭਗ 12 ਮਿਲੀਅਨ ਨੌਜਵਾਨ ਹਰੇਕ ਸਾਲ ਕਿਰਤ ਸ਼ਕਤੀ ਵਿਚ ਸ਼ਾਮਿਲ ਹੁੰਦੇ ਹਨ, ਜੇ ਉਹ ਢੁਕਵੇਂ ਤਰੀਕੇ ਨਾਲ ਹੁਨਰਮੰਦ ਅਤੇ ਸਿੱਖਿਅਤ ਹੋਣ ਤਾਂ ਵੱਡੇ ਮਨੁੱਖੀ ਸਰੋਤ ਭੰਡਾਰ ਬਣ ਸਕਦੇ ਹਨ, ਜੋ ਨਾ ਕੇਵਲ ਉੱਭਰ ਰਹੇ ਭਾਰਤੀ ਬਾਜ਼ਾਰ ਦੀ ਸੇਵਾ ਕਰਨ ਦੇ ਸਮਰੱਥ ਹੋਣਗੇ; ਸਗੋਂ ਵਿਸ਼ਵ ਆਰਥਿਕਤਾ ਦਾ ਵੀ ਢਿੱਡ ਭਰ ਸਕਦੇ ਹਨ (ਯੋਜਨਾ ਆਯੋਗ ਨੀਤੀ ਦਸਤਾਵੇਜ਼, ਬਾਰ੍ਹਵੀਂ ਪੰਜ ਸਾਲਾ ਯੋਜਨਾ)। ਦੂਜੇ ਬਹੁਤ ਸਾਰੇ ਏਸ਼ੀਆਈ ਦੇਸ਼ਾਂ ਵਾਂਗ ਭਾਰਤ ਵੀ ਪੰਜ ਮਜ਼ਦੂਰ ਬਾਜ਼ਾਰ ਦੇ ਬਦਲਾਵਾਂ ਵਿਚੋਂ ਗੁਜ਼ਰ ਰਿਹਾ ਹੈ : ਖੇਤ ਤੋਂ ਗ਼ੈਰ-ਖੇਤ, ਪਿੰਡ ਤੋਂ ਸ਼ਹਿਰ, ਅਸੰਗਠਿਤ ਤੋਂ ਸੰਗਠਿਤ, ਸਵੈ-ਰੁਜ਼ਗਾਰ ਤੋਂ ਸਨਮਾਨਜਨਕ ਤਨਖ਼ਾਹ ਰੁਜ਼ਗਾਰ ਅਤੇ ਸਕੂਲ ਤੋਂ ਕੰਮ। ਲੰਮੇ ਸਮੇਂ ਤਕ ਸਰਾਪ ਸਮਝੀ ਜਾਂਦੀ ਭਾਰਤ ਦੀ ਜਨ-ਸੰਖਿਆ ਹੁਣ ਜਨ-ਸੰਖਿਅਕ ਲਾਭ ਦੇ ਤੌਰ ਤੇ ਵੇਖੀ ਜਾ ਰਹੀ ਹੈ। ਪਰ ਜਨ-ਸੰਖਿਅਕ ਲਾਭ ਦਾ ਮਤਲਬ ਸਿਰਫ਼ ਲੋਕ ਹੀ ਨਹੀਂ ਹਨ; ਇਸ ਦਾ ਮਤਲਬ ਹੈ ਹੁਨਰਮੰਦ, ਸਿੱਖਿਅਤ ਅਤੇ ਰੁਜ਼ਗਾਰ ਯਾਫ਼ਤਾ ਲੋਕ। ਘੱਟ ਮਜ਼ਦੂਰੀ ਲਾਗਤ ਅਤੇ ਅਮੀਰ ਪ੍ਰਤਿਭਾ ਭੰਡਾਰ ਵਿਸ਼ੇਸ਼ ਫ਼ਾਇਦੇ ਹਨ ਜੋ ਭਾਰਤ ਕੋਲ ਮੌਜੂਦ ਹਨ, ਜੋ ਸਪੱਸ਼ਟ ਤੌਰ ਤੇ ਇਸ ਦੀ ਵਿਸ਼ਵ ਮੁਕਾਬਲੇਬਾਜ਼ੀ ਨੂੰ ਜਾਣਕਾਰੀ ਆਧਾਰਤ ਸਮਾਜ ਵਜੋਂ ਸ਼ਕਤੀ ਦਿੰਦੇ ਹਨ।

## ਹੁਨਰ ਦੇ ਖੱਪੇ ਨੂੰ ਪੂਰਨਾ – ਭਾਰਤ ਵਿਚ ਹੁਨਰ ਸਿਖਲਾਈ ਲਈ ਮੌਕੇ

ਜਦ ਕਿ ਵਿਸ਼ਵ ਦੀ ਜਨ-ਸੰਖਿਆ ਤੇਜ਼ੀ ਨਾਲ ਉਮਰਦਰਾਜ ਹੋ ਰਹੀ ਹੈ, ਭਾਰਤ ਆਪਣੀ ਜਵਾਨ ਜਨ-ਸੰਖਿਆ ਦੇ ਚਲਦਿਆਂ ਰਣਨੀਤਕ ਤੌਰ ਤੇ ਫ਼ਾਇਦੇ ਵਿਚ ਹੈ। ਪਰ ਭਾਰਤ ਦੀ ਲਗਭਗ ਤਿੰਨ ਚੌਥਾਈ ਵਸੋਂ ਗ਼ੈਰ-ਹੁਨਰਮੰਦ ਹੈ। ਵਿਸ਼ਵ ਆਰਥਿਕ ਫੋਰਮ ਦੀ ਵਿਸ਼ਵ ਪ੍ਰਤਿਭਾ ਜ਼ੋਖਮ ਰਿਪੋਰਟ (ਡਬਲਯੂ ਈ ਐੱਫ, 2011) ਸਾਵਧਾਨ ਕਰਦੀ ਹੈ ਕਿ ਭਾਰਤ ਅਤੇ ਬ੍ਰਾਜ਼ੀਲ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਨਿਮਨ ਰੁਜ਼ਗਾਰ ਯੋਗਤਾ ਕਾਰਨ ਵਿਆਪਕ ਤੌਰ ਤੇ ਹੁਨਰ ਦੇ ਖੱਪਿਆਂ ਦਾ ਸਾਹਮਣਾ ਕਰਨਾ ਪਵੇਗਾ। ਉਦਯੋਗਾਂ ਲਈ ਲੋੜੀਂਦੇ ਹੁਨਰ ਅਤੇ ਸਿੱਖਿਆ ਪ੍ਰਣਾਲੀ ਵਲੋਂ ਪ੍ਰਦਾਨ ਕੀਤੇ ਜਾ ਰਹੇ ਹੁਨਰ ਵਿਚ ਵੱਡਾ ਖੱਪਾ ਹੈ। ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, 2022 ਤਕ 500 ਮਿਲੀਅਨ ਹੁਨਰਮੰਦ ਮਨੁੱਖੀ ਸ਼ਕਤੀ ਦਾ ਟੀਚਾ ਹਾਸਲ ਕਰਨਾ ਟੇਢੀ ਖੀਰ ਹੈ।

## ਮੌਕਿਆਂ ਦੀ ਵਰਤੋਂ ਅਤੇ ਆਰਥਿਕ ਵਿਕਾਸ ਵਿਚ ਖੱਪੇ

1. ਘੱਟ ਵਿਕਸਤ ਦੇਸ਼ਾਂ (ਐੱਲ ਡੀ ਸੀ) ਵਿਚ ਜੀਵਕਾ ਪ੍ਰਣਾਲੀਆਂ ਦੀਆਂ ਢਾਂਚਾਗਤ ਕਮਜ਼ੋਰੀਆਂ ਜਿਵੇਂ ਕਿ ਸਰੋਤਾਂ ਦੀ ਅਸਮਾਨ ਵੰਡ, ਜ਼ਮੀਨ ਦੀ ਉੱਪ ਵੰਡ, ਮਾੜੀ ਸੰਪਰਕ ਸਹੂਲਤ, ਜਾਗਰੂਕਤਾ ਤੇ ਸਿੱਖਿਆ ਦਾ ਨੀਵਾਂ ਪੱਧਰ, ਵਿਕਾਸ ਪ੍ਰਕਿਰਿਆਵਾਂ ਪ੍ਰਤਿ ਪਿਛਾਂਹ ਖਿੱਚੂ ਅਤੇ ਅੜਿੱਕਾ ਪਾਊ ਪਹੁੰਚ ਨਾਲ ਗਰੀਬ, ਨਾ-ਰਹਿਣਯੋਗ, ਆਰਥਿਕ ਤੌਰ ਤੇ ਕਮਜ਼ੋਰ ਅਤੇ ਅਸਥਾਈ ਆਵਾਸ ਹੋਂਦ ਵਿਚ ਆਏ।

2. ਉਤਪਾਦਨ ਦੀ ਸੁਧਰੀ ਤਕਨੀਕ 'ਤੇ ਧਿਆਨ ਦੇ ਕੇ ਚਰਚਾ ਹੇਠ ਲਿਆਉਣ, ਖੇਤੀ-ਵਾਤਾਵਰਣਿਕ ਫ਼ਸਲਾਂ ਦੀ ਵਿਭਿੰਨਤਾ ਦੀ ਉਪਜ ਨੂੰ ਸਥਿਰ ਕਰਨ ਲਈ ਪ੍ਰੋਸੈਸਿੰਗ, ਕੁਦਰਤੀ ਸਾਧਨਾਂ ਦਾ ਪ੍ਰਬੰਧਨ, ਆਰਥਿਕ ਅਤੇ ਰਾਜਨੀਤਕ ਵੰਡ ਪ੍ਰਣਾਲੀਆਂ ਵਿਚਲੇ ਖੱਪਿਆਂ ਨੂੰ ਪੂਰਨ, ਲਾਗਤ ਪ੍ਰਭਾਵੀ ਅਤੇ ਵਪਾਰ ਮੁਖੀ ਕਦਮਾਂ ਦੀ ਫੌਰੀ ਤੌਰ ਤੇ ਜ਼ਰੂਰਤ ਹੈ (ਉਦਾਹਰਣ ਵਜੋਂ ਮਿੱਟੀ ਅਤੇ ਪਾਣੀ ਦੀ ਸੰਭਾਲ)।

3. ਸਵੈ-ਨਿਰਭਰ ਪ੍ਰਣਾਲੀ ਦੇ ਉਦੇਸ਼ ਦੀ ਪ੍ਰਾਪਤੀ ਲਈ ਆਮਦਨ ਪੈਦਾ ਕਰਨ ਵਾਲੀਆਂ ਬਦਲਵੀਆਂ ਸਰਗਰਮੀਆਂ ਪੈਦਾ ਕਰਨ ਦੀ ਸੰਚਾਲਨ ਪਹੁੰਚ (ਮਿਸਾਲ ਦੇ ਲਈ ਛੋਟੇ ਉੱਦਮਾਂ ਨੂੰ ਵਿਕਸਤ ਕਰਨ ਲਈ ਸਰਗਰਮੀਆਂ)।

4. ਮੁਕਾਬਲੇ ਦੀਆਂ ਰਣਨੀਤੀਆਂ ਨੂੰ ਮਜ਼ਬੂਤ ਕਰਨ ਦੀ ਲੋੜ ਜੋ ਆਰਥਿਕ, ਵਾਤਾਵਰਣਿਕ, ਵਿਸ਼ਵੀ ਅਤੇ ਬੇਸ਼ੱਕ ਸਥਾਨਕ ਤੌਰ ਤੇ ਸਥਾਈ ਹਨ (ਮਿਸਾਲ ਦੇ ਲਈ ਮੌਸਮੀ ਤੌਰ ਤੇ ਢੁਕਵਾਂ ਗ਼ੈਰ-ਖੇਤੀ ਰੁਜ਼ਗਾਰ)।

5. ਕੰਮ ਦੀ ਥਾਂ 'ਤੇ ਸੂਚੀ ਪ੍ਰਬੰਧਨ ਅਤੇ ਅਮਲ ਕਰਨ ਦੀ ਸਮਰੱਥਾ ਵਿਚ ਸੁਧਾਰ ਤਾਂ ਕਿ ਸੰਕਟ ਦਾ ਸਾਹਮਣਾ ਕਰਨ ਲਈ ਵਾਧੂ ਭੰਡਾਰ ਦੀ ਉਪਲਬਧਤਾ ਵਿਚ ਵਾਧਾ ਕੀਤਾ ਜਾ ਸਕੇ।

6. ਆਮ ਜਾਇਦਾਦ ਅਤੇ ਅਸਬਾਬ ਪ੍ਰਬੰਧਨ ਵਿਚ ਭਾਈਚਾਰਕ ਭਾਗੀਦਾਰੀ ਨਾਲ ਸੁਧਾਰ।

## ਮੰਗ ਦੇ ਹਿਸਾਬ ਨਾਲ ਪੂਰਤੀ ਕਰਨ ਵਿਚ ਸਮੱਸਿਆਵਾਂ

ਨਪਿਆ-ਤੁਲਿਆ ਰੁਜ਼ਗਾਰ ਕੰਮ 'ਤੇ ਰੱਖੇ ਜਾਣ ਵਾਲੇ ਕਾਮਿਆਂ ਦੀ ਉਪਲਬਧਤਾ ਨੂੰ ਪੂਰੇ ਤੌਰ ਤੇ ਪ੍ਰਦਰਸ਼ਿਤ ਨਹੀਂ ਕਰਦਾ, ਇਸੇ ਤਰ੍ਹਾਂ ਹੀ ਨਪੀਆਂ-ਤੁਲੀਆਂ ਖਾਲੀ ਥਾਵਾਂ ਦਾ ਪੱਧਰ ਨੌਕਰੀ ਦੀ ਉਪਲਬਧਤਾ ਨੂੰ ਪੂਰੇ ਤੌਰ ਤੇ ਨਹੀਂ ਦਿਖਾਉਂਦਾ (ਡਾਇਮੰਡ, 2011)। ਰੁਜ਼ਗਾਰ ਅਤੇ ਉਤਪਾਦਕਤਾ ਵਿਧੀਆਂ ਅਹਿਮ ਬੇਮੇਲ ਦਾ ਪ੍ਰਗਟਾਵਾ ਕਰਦੀਆਂ ਹਨ। ਭਾਰਤ ਵਿਚ 93 ਪ੍ਰਤਿਸ਼ਤ ਮਨੁੱਖੀ ਸ਼ਕਤੀ ਅਸੰਗਠਿਤ ਰੁਜ਼ਗਾਰ ਤਹਿਤ ਹੈ, ਜੋ ਉਪ-ਮੈਮਾਨੇ ਦੇ ਉੱਦਮਾਂ ਅਤੇ ਸੰਪੂਰਨ ਨਿਮਨ ਉਤਪਾਦਕਤਾ ਦੇ ਸ਼ਿਕਾਰ ਹੁੰਦੇ ਹਨ। 58 ਪ੍ਰਤਿਸ਼ਤ ਕਿਰਤ ਸ਼ਕਤੀ ਖੇਤੀਬਾੜੀ ਰੁਜ਼ਗਾਰ ਹੇਠ ਹੈ, ਜੋ ਕੁੱਲ ਘਰੇਲੂ ਉਤਪਾਦ ਵਿਚ ਸਿਰਫ਼ 15 ਪ੍ਰਤਿਸ਼ਤ ਹਿੱਸਾ ਪਾਉਂਦੀ ਹੈ। ਸਿਰਫ਼ 12 ਪ੍ਰਤਿਸ਼ਤ ਕਿਰਤ ਸ਼ਕਤੀ ਨਿਰਮਾਣ ਖੇਤਰ ਵਿਚ ਰੁਜ਼ਗਾਰ ਯਾਫ਼ਤਾ ਹੈ, ਜਦ ਕਿ ਚੀਨ ਵਿਚ ਇਹ ਸੰਖਿਆ 50 ਪ੍ਰਤਿਸ਼ਤ ਹੈ। ਨਿਮਨ ਹੁਨਰਮੰਦ ਸੰਗਠਿਤ ਨਿਰਮਾਣ ਇਕ ਮੱਧ ਪਰਤ ਪੈਦਾ ਕਰ ਦੇਵੇਗਾ, ਜੋ ਮੁਸ਼ਕਿਲ ਖੇਤੀ ਤੋਂ ਗ਼ੈਰ-ਖੇਤੀ ਬਦਲਾਅ ਨੂੰ ਸੰਭਵ ਕਰੇਗਾ। ਭਾਰਤ ਦੀ ਅੱਧੀ ਤੋਂ ਵੱਧ ਮਜ਼ਦੂਰ ਸ਼ਕਤੀ ਸਵੈ-ਰੁਜ਼ਗਾਰ ਤਹਿਤ ਹੈ, ਜੋ ਬਦਕਿਸਮਤੀ ਨੂੰ ਉੱਦਮੀ ਊਰਜਾ ਦਾ ਸੰਕੇਤ ਨਹੀਂ ਦਿੰਦੀ ਕਿਉਂਕਿ ਜ਼ਿਆਦਾਤਰ ਸਵੈ-ਰੁਜ਼ਗਾਰ ਵਿਅਕਤੀ ਕੰਮ ਕਰ ਰਹੇ ਗਰੀਬ

ਹਨ (ਮੈਕਿੰਜ਼ੇ, 2014)।

ਜ਼ਿਆਦਾਤਰ ਲੋਕ ਆਮਦ 'ਤੇ ਧਿਆਨ ਕੇਂਦਰਿਤ ਕਰਦੇ ਹਨ – ਅਗਲੇ 20 ਸਾਲਾਂ ਤਕ ਹਰ ਮਹੀਨੇ ਮਜ਼ਦੂਰ ਸ਼ਕਤੀ ਵਿਚ ਸ਼ਾਮਿਲ ਹੋਣ ਵਾਲੇ ਇਕ ਮਿਲੀਅਨ ਨੌਜਵਾਨ – ਪਰ ਇਕ ਵੱਡਾ ਮੌਕਾ ਭੰਡਾਰ ਦਾ ਹੈ। 200 ਮਿਲੀਅਨ ਮਜ਼ਦੂਰਾਂ ਨੂੰ ਮੁੜ ਤਰਾਸ਼ਣਾ ਜੋ ਪਹਿਲਾਂ ਹੀ ਮਜ਼ਦੂਰ ਸ਼ਕਤੀ ਵਿਚ ਹਨ ਪਰ ਖੇਤਾਂ ਅਤੇ ਦੂਜੀਆਂ ਥਾਵਾਂ 'ਤੇ ਨਿਮਨ ਉਤਪਾਦਕਤਾ ਵਿਚ ਫਸੇ ਹੋਏ ਹਨ। 2011 ਵਿਚ, ਭਾਰਤ ਸਰਕਾਰ ਵਲੋਂ ਚਲਾਏ ਜਾ ਰਹੇ ਰੁਜ਼ਗਾਰ ਕੇਂਦਰਾਂ ਵਲੋਂ ਸਿਰਫ਼ 300,000 ਲੋਕਾਂ ਨੂੰ ਹੀ ਨੌਕਰੀ ਦਿਤੀ ਗਈ, ਜਦ ਕਿ 40 ਮਿਲੀਅਨ ਤੋਂ ਵੱਧ ਵਿਅਕਤੀ ਇਨ੍ਹਾਂ ਕੇਂਦਰਾਂ ਕੋਲ ਪੰਜੀਕ੍ਰਿਤ ਹਨ (ਮੈਕਿੰਜ਼ੇ, 2014)।


## ਸਿੱਖਿਅਤ ਅਤੇ ਹੁਨਰਮੰਦ ਕਾਮਿਆਂ ਦਾ ਸਮੂਹ ਬਣਾਉਣ ਵਿਚ ਮੁਸ਼ਕਿਲਾਂ

ਬਿਹਤਰ ਸਿੱਖਿਆ ਨਿਜ਼ਾਮ ਲਈ ਵਸੀਹ ਸਿਧਾਂਤਾਂ ਲਈ ਨਿਯਮਨ ਦੀ ਬਿਹਤਰ ਗੁਣਵੱਤਾ, ਹੱਲਾਸ਼ੇਰੀ ਦਾ ਹੋਣਾ ਜ਼ਰੂਰੀ ਹੈ, ਜੋ ਅਜਿਹੇ ਵਾਤਾਵਰਨ ਦੀ ਪੈਦਾਇਸ਼ ਹੋਣ ਜਿਸ ਵਿਚ ਸਿੱਖਿਅਤ ਅਤੇ ਹੁਨਰਮੰਦ ਕਾਮਿਆਂ ਦੀ ਤਿਆਰੀ ਭਵਿੱਖ ਦੀਆਂ ਲੋੜਾਂ ਮੁਤਾਬਕ ਹੋਵੇ। ਸਿੱਖਿਆ ਪ੍ਰਣਾਲੀ ਸਾਹਮਣੇ ਮੁੱਖ ਚੁਨੌਤੀਆਂ ਸਿੱਖਿਆ ਦੇ ਵੱਖ-ਵੱਖ ਪੜਾਵਾਂ 'ਤੇ ਸਕੂਲ ਛੱਡਣ ਦੇ ਮਾਮਲੇ ਹਨ। ਸਕੂਲਾਂ ਵਿਚ ਦਾਖ਼ਲ ਹੋਣ ਵਾਲੇ ਲਗਭਗ 35 ਪ੍ਰਤਿਸ਼ਤ ਵਿਦਿਆਰਥੀ ਦਸਵੀਂ ਤਕ ਨਹੀਂ ਪਹੁੰਚਦੇ। 10ਵੀਂ ਦਾ ਇਮਤਿਹਾਨ ਦੇਣ ਵਾਲੇ 26 ਮਿਲੀਅਨ ਵਿਦਿਆਰਥੀਆਂ ਵਿਚੋਂ 10 ਮਿਲੀਅਨ ਸਫ਼ਲ ਨਹੀਂ ਹੁੰਦੇ। 12ਵੀਂ ਦਾ ਇਮਤਿਹਾਨ ਦੇਣ ਵਾਲੇ 16 ਮਿਲੀਅਨ ਬੱਚਿਆਂ ਵਿਚੋਂ 8 ਮਿਲੀਅਨ 12ਵੀਂ ਪਾਸ ਨਹੀਂ ਕਰਦੇ। 12ਵੀਂ ਪਾਸ ਕਰਨ ਵਾਲੇ 8 ਮਿਲੀਅਨ ਬੱਚਿਆਂ ਵਿਚੋਂ ਸਿਰਫ਼ 5 ਮਿਲੀਅਨ ਹੀ ਕਾਲਜ ਤਕ ਪਹੁੰਚਦੇ ਹਨ। ਸਿੱਖਿਅਤ ਅਤੇ ਹੁਨਰਮੰਦ ਕਾਮਿਆਂ, ਪੇਸ਼ਾਵਰਾਂ ਦਾ ਇਕ ਵੱਡਾ ਸਮੂਹ ਤਿਆਰ ਕਰਨ ਲਈ ਸਿੱਖਿਆ ਦੇ ਹੇਠਲੇ ਪੱਧਰ 'ਤੇ ਜਮਾਤ ਪੂਰੀ ਕਰਨ ਦੀ ਦਰ ਵਿਚ ਵੱਡੇ ਸੁਧਾਰ ਦੀ ਲੋੜ ਹੈ (ਸੱਭਰਵਾਲ, 2013)।

ਸਕੂਲ ਜਲਦੀ ਛੱਡਣ ਵਾਲਿਆਂ ਵਿਚ ਗਰੀਬਾਂ ਅਤੇ ਕਮਜ਼ੋਰ ਬੱਚਿਆਂ ਦਾ ਅਨੁਪਾਤ ਕਾਫ਼ੀ ਜ਼ਿਆਦਾ ਹੈ, ਜੋ ਤੀਜੇ ਦਰਜੇ ਦੀ ਸਿੱਖਿਆ ਭਰਤੀਆਂ ਅਤੇ ਪ੍ਰਾਪਤੀਆਂ ਨੂੰ ਮੁੱਢੋਂ ਨਾ-ਬਰਾਬਰੀ ਵਾਲਾ ਬਣਾ ਦਿੰਦੀ ਹੈ। ਸਿਹਤ, ਸਿੱਖਿਆ ਅਤੇ ਸਮਾਜ ਦੀਆਂ ਬੁਨਿਆਦੀ ਜ਼ਰੂਰਤਾਂ ਪ੍ਰਤਿ ਸੁਰੱਖਿਆ ਰਾਹੀਂ ਇੱਛਤ ਹੁਨਰ ਦਾ ਨਿਰਮਾਣ ਕਰਨ ਦੀ ਲੋੜ ਹੈ। ਹੋਰ, ਨਤੀਜਤਨ ਪ੍ਰਾਪਤ ਜੀਵਕਾ ਵੱਖ-ਵੱਖ ਪੱਖਾਂ 'ਤੇ ਆਧਾਰਤ ਹੈ, ਜਿਵੇਂ :-

- ਵਪਾਰਕ ਮੌਕਿਆਂ ਅਤੇ ਵਿਕਾਸ ਦੀ ਸੁਰੱਖਿਆ।
- ਆਰਥਿਕ ਸੁਰੱਖਿਆ (ਆਮਦਨ, ਹੁਨਰ, ਸਮਾਂ)।
- ਪੌਸ਼ਟਿਕਤਾ ਸੰਬੰਧੀ ਸੁਰੱਖਿਆ (ਬਸੇਰਾ, ਮਾਂ ਅਤੇ ਬੱਚੇ ਦੀ ਸਿਹਤ ਸੰਭਾਲ, ਜਿਸ ਵਿਚ ਪਾਣੀ ਅਤੇ ਸਾਫ਼-ਸਫ਼ਾਈ ਸ਼ਾਮਿਲ ਹੈ)।
- ਵਾਤਾਵਰਨ ਜਾਗਰੂਕਤਾ ਸੁਰੱਖਿਆ।
- ਸਿੱਖਿਆ ਭਾਗੀਦਾਰੀ ਸੁਰੱਖਿਆ।
- ਭਾਈਚਾਰਕ ਭਾਗੀਦਾਰੀ (ਲਿੰਗ, ਨਸਲੀ ਸਮੂਹ, ਧਾਰਮਿਕ ਸੰਬੰਧ)।
- ਰਹਿਣ ਦੇ ਸਥਾਨ ਦੀ ਸੁਰੱਖਿਆ।
- ਅੰਨ ਸੁਰੱਖਿਆ।
- ਸਿਹਤ ਸੁਰੱਖਿਆ।

ਚਿੱਤਰ-1: ਹੁਨਰਮੰਦ ਭਾਰਤ ਪਹਿਲਕਦਮੀਆਂ ਲਈ ਢਾਂਚਾ




*ਸਰੋਤ : ਲੇਖਕ ਜੋਸ਼ੀ, ਦੀਕਸ਼ਿਤ, ਭਦੌਰੀਆ*

- ਰਾਜਨੀਤਕ ਅਤੇ ਕਾਨੂੰਨੀ ਸੁਰੱਖਿਆ।

## ਮਨੁੱਖੀ ਪੂੰਜੀ ਅਤੇ ਹੁਨਰ ਦੇ ਸੁਮੇਲ ਨਾਲ ਆਰਥਿਕ ਵਿਕਾਸ ਨੂੰ ਹੁਲਾਰਾ ਕਿਵੇਂ ਮਿਲਦਾ ਹੈ

ਖੱਪਿਆਂ ਨੂੰ ਪੂਰਨ ਲਈ ਇੱਛਤ ਹੁਨਰ ਸਮੂਹ :

- ਬਿਲਕੁਲ ਹੇਠਲੇ ਪੱਧਰ ਦੀ ਜ਼ਿੰਦਗੀ ਜਿਉਣ ਵਾਲੇ ਲੋਕਾਂ ਲਈ ਹੁਨਰ ਸਮੂਹਾਂ ਦੀ ਲੋੜ ਹੈ। ਮੌਜੂਦਾ ਸਮੇਂ ਤਕ ਢੁਕਵਾਂ ਹੁਨਰ ਭੰਡਾਰ ਪੈਦਾ ਕਰਨ ਦੀ ਅਸਫ਼ਲਤਾ ਪਿੱਛੇ ਮੁੱਖ ਕਾਰਨ ਪਹੁੰਚ ਅਤੇ ਅਨੁਕੂਲਣ ਅਹਿਮ ਕਾਰਨ ਹਨ।
- ਨੌਜਵਾਨਾਂ ਅੰਦਰ ਮੌਕੇ ਨੂੰ ਪਛਾਣ ਕੇ ਇਸ ਦਾ ਪੂਰਾ ਲਾਹਾ ਲੈਣ ਲਈ ਧਾਰਨਾ ਆਧਾਰਤ ਯੋਗਤਾ ਦੀ ਲੋੜ ਹੈ।
- ਨੌਜਵਾਨਾਂ ਅਤੇ ਕਿਸੇ ਵੀ ਪ੍ਰਕਾਰ ਦੇ ਕੰਮ ਵਿਚ ਸ਼ਾਮਿਲ ਵਿਅਕਤੀਆਂ ਲਈ ਮੁਢਲੇ ਹੁਨਰ ਦਾ ਹੋਣਾ ਜ਼ਰੂਰੀ ਹੈ।

ਵਿਕਾਸ ਅਤੇ ਰੱਖ-ਰਖਾਅ ਦੀ ਪ੍ਰਕਿਰਿਆ ਵਿਚ ਸੁਧਾਰ ਅਤੇ ਹੁਨਰ ਦੀ ਵਰਤੋਂ ਨੂੰ ਨੀਤੀ ਸਮੂਹ ਦੇ ਪ੍ਰਮੁੱਖ ਭਾਗ ਵਜੋਂ ਲਗਾਤਾਰ ਸਵੀਕਾਰਿਆ ਜਾ ਰਿਹਾ ਹੈ, ਜੋ ਲੰਮੇ ਸਮੇਂ ਦੇ ਸਥਿਰ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਲਈ ਜ਼ਰੂਰੀ ਹੈ, ਜੋ ਆਮਦਨ ਅਤੇ ਮੌਕਿਆਂ ਦੀ ਬਰਾਬਰ ਵੰਡ ਵਿਚ ਯੋਗਦਾਨ ਪਾਉਂਦਾ ਹੈ। ਹਾਲ ਹੀ ਵਿਚ ਜਾਰੀ ਕੀਤੀ ਓ ਈ ਸੀ ਡੀ ਹੁਨਰ ਰਣਨੀਤੀ (ਓ ਈ ਸੀ ਡੀ, 2012ਬੀ), ਸਰਕਾਰ ਵਲੋਂ ਪ੍ਰਸੰਗਿਕ ਹੁਨਰ ਦੇ ਵਿਕਾਸ, ਉਨ੍ਹਾਂ ਨੂੰ ਸਰਗਰਮ ਕਰਨ ਅਤੇ ਇਨ੍ਹਾਂ ਦੀ ਵਰਤੋਂ ਕਰਨ ਲਈ ਤਿੰਨ ਮੁੱਖ ਖੇਤਰਾਂ ਦੀ ਪਛਾਣ ਕਰਦੀ ਹੈ।

## ਹੁਨਰ ਦੇ ਵਿਕਾਸ ਲਈ ਢਾਂਚਾ

ਜਿਵੇਂ ਕਿ ਪਰਚੇ ਦੇ ਸ਼ੁਰੂ ਵਿਚ ਆਖਿਆ ਗਿਆ ਹੈ ਕਿ ਆਰਥਿਕ ਤਰੱਕੀ ਦੋ ਤਰੀਕਿਆਂ ਨਾਲ ਹਾਸਲ ਕੀਤੀ ਜਾ ਸਕਦੀ ਹੈ। ਪਹਿਲਾ, ਵਰਤਮਾਨ ਪ੍ਰਣਾਲੀਆਂ ਵਿਚ ਕੁਸ਼ਲਤਾ ਦਾ ਵਾਧਾ ਕਰਕੇ, ਜੋ ਆਰਥਿਕਤਾ ਦਾ ਮਦਦਗਾਰ ਅਤੇ ਵਿਕਾਸ ਦਾ ਲਾਹਾ ਲੈਣ ਵਾਲਾ ਤਰੀਕਾ ਹੈ, ਪਰ ਇਸ ਦੀ ਸੰਭਾਵਨਾ ਦਾ ਦਾਇਰਾ ਸੀਮਤ ਹੈ। ਦੂਜਾ ਤਰੀਕਾ ਹੈ ਇਕ ਨਵੇਂ ਢਾਂਚੇ ਦਾ ਨਿਰਮਾਣ

ਕਰਨਾ, ਜੋ ਸਵੈ-ਰੁਜ਼ਗਾਰ ਵਾਲੇ ਵਾਤਾਵਰਨ ਦਾ ਸਹਾਇਕ ਹੈ ਜਾਂ ਉੱਦਮੀਆਂ ਨੂੰ ਉਹ ਹੁਨਰ ਪ੍ਰਦਾਨ ਕਰਨਾ ਜੋ ਉਤਪਾਦਕਤਾ ਵਾਲਾ ਹੋਵੇ, ਜੋ ਆਰਥਿਕ ਤਰੱਕੀ ਨੂੰ ਸਿੱਧੇ ਤੌਰ ਤੇ ਵਧਾਉਂਦੇ ਹਨ। ਇਨ੍ਹਾਂ ਦਾ ਦਾਇਰਾ ਬਹੁਤ ਵਿਸ਼ਾਲ ਹੈ।

ਲੇਖਕ ਹੁਨਰ ਦੇ ਵਿਕਾਸ ਦੁਆਰਾ ਮੌਕਿਆਂ ਤੋਂ ਫ਼ਾਇਦਾ ਲੈਣ ਲਈ ਦਰੁਸਤ ਢਾਂਚੇ ਦਾ ਪ੍ਰਸਤਾਵ ਪੇਸ਼ ਕਰਦਾ ਹੈ।

***ਰਸਤਾ-1:*** ਵਰਤਮਾਨ ਆਰਥਿਕ ਪ੍ਰਣਾਲੀ ਵਿਚ ਕਿਰਤ ਸ਼ਕਤੀ ਨੂੰ ਹੁਨਰ ਪ੍ਰਦਾਨ ਕਰਕੇ ਅਤੇ ਉਨ੍ਹਾਂ ਦੀ ਕੁਸ਼ਲਤਾ ਵਿਚ ਵਾਧਾ ਕਰਕੇ ਵਿਕਾਸ ਦਾ ਲਾਭ ਲੈਣਾ। ਇਥੇ, ਉਹ ਹੁਨਰ ਸਮੂਹ ਪ੍ਰਦਾਨ ਕਰਨ ਦੀ ਲੋੜ ਹੈ, ਜੋ ਮੌਜੂਦਾ ਉਦਯੋਗਾਂ ਨੂੰ ਲੋੜੀਂਦੇ ਹਨ ਪਰ ਜੋ ਖੜੋਤ 'ਤੇ ਪਹੁੰਚਣ ਵਾਲੇ ਹਨ, ਜਿਨ੍ਹਾਂ ਦਾ ਦਾਇਰਾ ਸੀਮਤ ਹੈ। ਪਰ, ਇਸ ਰਸਤੇ ਦਾ ਵੀ ਫ਼ਾਇਦਾ ਲਿਆ ਜਾ ਸਕਦਾ ਹੈ ਕਿਉਂਕਿ ਅਸੀਂ ਸਮਝਦੇ ਹਾਂ ਕਿ ਅਜਿਹੇ ਮੌਕੇ ਹਨ, ਜਿਨ੍ਹਾਂ ਦਾ ਆਸ਼ਰਿਤਾਂ ਦੀ ਰੁਜ਼ਗਾਰ ਯੋਗਤਾ ਦੀ ਕਮੀ ਕਰਕੇ ਫ਼ਾਇਦਾ ਨਹੀਂ ਲਿਆ ਜਾ ਸਕਿਆ। ਇਹ ਸਪੱਸ਼ਟ ਹੈ ਕਿ ਬਹੁਤ ਵੱਡਾ ਪਾੜਾ ਹੈ, ਜੋ ਲੋੜੀਂਦੇ ਹੁਨਰ ਤੋਂ ਸੱਖਣੇ ਆਸ਼ਰਿਤਾਂ ਨੂੰ ਰੁਜ਼ਗਾਰ ਲਈ ਰੱਦ ਕਰ ਦਿੰਦਾ ਹੈ। ਪੁਰਾਣੀ ਅਤੇ ਨਵੀਂ ਆਰਥਿਕਤਾ ਵਿਚ ਰਵਾਇਤੀ ਉਦਯੋਗ ਦੁਨੀਆਂ ਭਰ ਵਿਚ ਹਨ, ਜਿਥੇ ਅਸੀਂ ਰੁਜ਼ਗਾਰ ਯੋਗਤਾ ਅਤੇ ਮੌਜੂਦਾ ਮੌਕਿਆਂ ਦਰਮਿਆਨ ਹੁਨਰ ਦੀ ਕਮੀ ਕਰਕੇ ਖੱਪੇ ਲੱਭ ਸਕਦੇ ਹਾਂ।

***ਰਸਤਾ-2 :*** ਜਿਵੇਂ ਕਿ ਅਗਲੇ ਵੀਹ ਸਾਲਾਂ ਲਈ ਕਲਪਨਾ ਕੀਤੀ ਗਈ ਹੈ, ਨਵੀਂ ਅਤੇ ਪੁਰਾਣੀ ਆਰਥਿਕਤਾ ਵਿਚ ਨਵੇਂ ਮੌਕੇ ਪੈਦਾ ਕਰਕੇ ਉੱਦਮੀ ਢਾਂਚਾ ਖੜ੍ਹਾ ਕਰਨ ਦਾ ਵੱਧ ਲਾਭ ਹੈ। ਇਕ ਉੱਦਮੀ ਵਾਤਾਵਰਨ ਪ੍ਰਣਾਲੀ ਦਾ ਨਿਰਮਾਣ ਕਰਨ ਦੀ ਅਣਕਹੀ ਇੱਛਾ ਹੈ, ਜਿਸ ਦਾ ਦਾਇਰਾ ਅਨੰਤ ਹੈ। ਪਰ, ਇਸ ਦੇ ਵੀ ਅੱਗੇ ਦੋ ਉਪ-ਰਸਤੇ ਹਨ।

***ਰਸਤਾ-2, ਭਾਗ (ੳ) :*** ਮੌਜੂਦਾ ਅਣਵਰਤੇ ਮੌਕੇ ਜ਼ਰੂਰ ਹੋਣਗੇ, ਜਿਨ੍ਹਾਂ ਦਾ ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਵਧਾ ਕੇ, ਉਨ੍ਹਾਂ ਨੂੰ ਵਾਧੂ ਹੁਨਰ ਸਮੂਹ ਨਾਲ ਭਰਪੂਰ ਕਰਕੇ, ਫ਼ਾਇਦਾ ਲੈਣ ਦੀ ਲੋੜ ਹੈ। ਇਸ ਲਈ ਸਮਰੱਥਾ ਵਿਚ ਵਾਧਾ ਕਰਨਾ ਹੋਵੇਗਾ।

***ਰਸਤਾ-2, ਭਾਗ (ਅ) :*** ਇਸ ਤਹਿਤ ਉੱਦਮੀਆਂ ਦੁਆਰਾ ਨਵੀਂ ਆਰਥਿਕਤਾ ਵਿਚ ਨਵੇਂ ਮੌਕੇ ਪੈਦਾ ਕਰਨ 'ਤੇ ਜ਼ੋਰ ਦਿਤਾ ਗਿਆ ਹੈ, ਜੋ ਆਰਥਿਕ ਤਰੱਕੀ ਨੂੰ ਤੇਜ਼ ਕਰਨ ਲਈ ਹਮੇਸ਼ਾ ਸਮਰੱਥਾ ਦੇ ਵਾਧੇ ਦੀ ਖੋਜ ਵਿਚ ਰਹਿੰਦੇ ਹਨ। ਇਸ ਲਈ ਸਰੋਤ ਅਤੇ ਸਮਰੱਥਾ, ਦੋਵਾਂ ਦੇ ਸੁਮੇਲ ਅਤੇ ਹੁਨਰ ਦਾ ਵਿਕਾਸ ਪ੍ਰਦਾਨ ਕਰਨ ਦੀ ਲੋੜ ਹੈ, ਜੋ ਆਸ਼ਰਿਤਾਂ ਨੂੰ ਪੇਸ਼ ਕੀਤੇ ਜਾ ਰਹੇ ਨਵੇਂ ਮੌਕਿਆਂ ਦਾ ਲਾਭ ਲੈਣ ਲਈ ਸਿੱਖਿਅਤ ਕਰਦਾ ਹੈ ਅਤੇ ਉਨ੍ਹਾਂ ਨੂੰ ਨਵੀਆਂ ਚੁਣੌਤੀਆਂ ਲਈ ਵੀ ਤਿਆਰ ਕਰਦਾ ਹੈ। ਦੋਨੋਂ ਰਸਤੇ ਮੌਕਿਆਂ ਦੇ ਹਾਣ ਦੇ ਹੋਣੇ ਚਾਹੀਦੇ ਹਨ, ਜੋ ਜਾਂ ਤਾਂ ਨਵੇਂ ਹੋਣ, ਅਤੇ ਜਾਂ ਮੌਜੂਦਾ ਲੋੜੀਂਦੇ ਹੁਨਰ ਦੇ ਮੁਤਾਬਕ ਹੋਣ ਜੋ ਰੁਜ਼ਗਾਰ ਯੋਗਤਾ ਵਿਚ ਮਦਦ ਕਰਦੇ ਹਨ। ਇਸ ਨਾਲ ਬਦਲੇ ਵਿਚ ਉਤਪਾਦਕਤਾ, ਰੁਜ਼ਗਾਰ ਯੋਗਤਾ ਅਤੇ ਉੱਦਮਤਾ ਵਿਚ ਵਾਧਾ ਹੋਵੇਗਾ। ਇਸ ਸਾਰੀ ਪ੍ਰਕਿਰਿਆ ਵਿਚ ਪ੍ਰਮੁੱਖ ਆਸ਼ਰਿਤਾਂ ਦੀ ਭਾਗੀਦਾਰੀ ਹੋਵੇਗੀ, ਜੋ ਅਗਾਂਹਵਧੂ ਅਤੇ ਵਿਕਸਤ ਭਾਰਤ ਦਾ ਮਾਰਗ ਪੱਧਰਾ ਕਰੇਗੀ।

*(ਲੇਖਕ ਐਮਿਟੀ ਬਿਜਨਸ ਸਕੂਲ, ਐਮਿਟੀ ਯੂਨੀਵਰਸਿਟੀ, ਲਖਨਊ ਕੈਂਪਸ, ਉੱਤਰ ਪ੍ਰਦੇਸ਼ ਵਿਚ ਨੀਤੀ, ਉੱਦਮ ਅਤੇ ਨਵੀਨ ਖੋਜਾਂ ਦੇ ਪ੍ਰੋਫੈਸਰ ਹਨ।)*

*e-mail :drarunbhadauria@gmail.com*

*:shailjadixit1@gmail.com*

***ਸਫ਼ਾ 21 ਦੀ ਬਾਕੀ***

ਵਿਚੋਂ ਆਉਂਦੇ ਹਨ, ਉਨ੍ਹਾਂ ਲਈ ਰੁਜ਼ਗਾਰ ਵਾਸਤੇ ਕੁਸ਼ਲਤਾ ਹਾਸਲ ਕਰਨਾ ਬਹੁਤਾ ਮਹਿੰਗਾ ਨਹੀਂ ਹੋਣਾ ਚਾਹੀਦਾ ਅਤੇ ਵਿਦਿਆ ਜਾਰੀ ਰੱਖਣ ਲਈ ਆਰਥਿਕ ਮਦਦ ਦੀ ਇਕ ਪ੍ਰਣਾਲੀ ਵਿਕਸਤ ਹੋਣੀ ਚਾਹੀਦੀ ਹੈ। ਜਿਵੇਂ ਕਿ ਤਕਨੀਕੀ ਸਿੱਖਿਆ ਦੇ ਮੌਜੂਦਾ 11500 ਅਦਾਰਿਆਂ ਵਿਚੋਂ ਅਸੀਂ ਜੇ 5000 ਨੂੰ ਵੀ ਸਮੁਦਾਇਕ ਕਾਲਜ ਸਕੀਮ ਤਹਿਤ ਵੀ ਈ ਟੀ ਪ੍ਰੋਗਰਾਮ ਚਲਾਉਣ ਲਈ ਚੁਣ ਲਈਏ ਤਾਂ ਵੱਡੇ ਫ਼ਾਇਦੇ ਸਾਹਮਣੇ ਆਉਣਗੇ।

ਕਿੱਤਾਮੁਖੀ ਸਿੱਖਿਆ ਦੀ ਵਕਾਲਤ ਕਰਦਾ ਇਕ ਨਵਾਂ ਵਿਭਾਗ ਸਕੂਲਾਂ ਵਿਚ ਸ਼ਾਮਿਲ ਕੀਤੇ ਜਾਣ ਨਾਲ ਜੀ ਈ ਆਰ ਵਿਚ ਵੱਡਾ ਵਾਧਾ ਹੋਵੇਗਾ ਅਤੇ ਕਾਲਜਾਂ ਵਿਚ ਵੀ ਕਿੱਤਾਮੁਖੀ ਸਿੱਖਿਆ ਦੀ ਜਾਣਕਾਰੀ ਰੱਖਦੇ ਬੱਚੇ ਪਹੁੰਚਣਗੇ। ਜਿਵੇਂ ਕਿ ਜੇ 100 ਬੱਚਿਆਂ ਨੂੰ ਸਮਰੱਥਾ ਆਧਾਰੀ ਕੁਸ਼ਲਤਾਵਾਂ ਵਿਚ ਸਿੱਖਿਅਤ ਕੀਤਾ ਜਾਵੇ, ਇਕ ਬੈਚ ਵਿਚ 50 ਵਿਦਿਆਰਥੀ ਲਏ ਜਾਣ, ਇਕ ਸਾਲ ਜਿਨ੍ਹਾਂ ਨੂੰ 48 ਹਫ਼ਤਿਆਂ ਲਈ ਰੋਜ਼ਾਨਾ ਤਿੰਨ ਘੰਟੇ ਦੀ ਔਸਤ ਨਾਲ ਹਫ਼ਤੇ ਵਿਚ ਤਿੰਨ ਦਿਨ ਸਿਖਲਾਈ ਦਿਤੀ ਜਾਵੇ ਤਾਂ 5 ਲੱਖ ਵਿਦਿਆਰਥੀ ਸਿੱਖਿਅਤ ਹੋਣਗੇ ਅਤੇ ਜੀ ਈ ਆਰ ਵਿਚ 5 ਅੰਕਾਂ ਦਾ ਵਾਧਾ ਹੋਵੇਗਾ। ਜੇ ਅਜਿਹੇ ਹਰ ਵਿਦਿਆਰਥੀ ਨੂੰ ਖੁਰਾਕ ਅਤੇ ਸਫ਼ਰ ਭੱਤੇ ਵਜੋਂ 50 ਰੁਪਏ ਰੋਜ਼ਾਨਾ ਦਿਤੇ ਜਾਣ ਤਾਂ ਸਾਨੂੰ ਸਲਾਨਾ 720 ਕਰੋੜ ਰੁਪਏ ਦੀ ਲੋੜ ਹੋਵੇਗੀ। ਸਿਖਲਾਈ ਲਈ ਸਾਲਾਨਾ 150 ਕਰੋੜ ਰੁਪਏ ਦੀ ਰਕਮ ਲਾਈਏ ਤਾਂ ਸਕੀਮ ਦੀ ਕੁੱਲ ਲਾਗਤ 870 ਕਰੋੜ ਰੁਪਏ ਬਣਦੀ ਹੈ, ਜੋ ਕਿ ਰੁਜ਼ਗਾਰ ਦੀਆਂ ਵੱਡੀਆਂ ਸੰਭਾਵਨਾਵਾਂ ਵੇਖਦਿਆਂ ਬਹੁਤ ਜ਼ਿਆਦਾ ਨਹੀਂ।

**ਸਾਨੂੰ ਆਪਣੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਅਤੇ ਟੀਚੇ ਹਾਸਲ ਕਰਨ ਵਿਚ ਲਾਉਣਾ ਚਾਹੀਦਾ ਹੈ ਅਤੇ ਵੱਖਵਾਦੀ ਤਾਕਤਾਂ ਤੋਂ ਉਨ੍ਹਾਂ ਨੂੰ ਬਚਾਉਣਾ ਚਾਹੀਦਾ ਹੈ ਤਾਂ ਕਿ ਉਹ ਅਜਿਹੀ ਜ਼ੋਰਦਾਰ ਤਾਕਤ ਬਣ ਕੇ ਉੱਭਰਨ ਜੋ ਆਰਥਿਕਤਾ ਨੂੰ ਨਵੀਆਂ ਉੱਚਾਈਆਂ 'ਤੇ ਲੈ ਜਾਵੇ।**

ਸਾਨੂੰ ਅੰਕੜਿਆਂ ਦੇ ਜੰਜਾਲ ਰਾਹੀਂ ਵਿਕਾਸ ਦਿਖਾਉਣ ਦੀ ਉਡੀਕ ਨਹੀਂ ਕਰਨੀ ਚਾਹੀਦੀ ਸਗੋਂ ਆਓ ਅਜਿਹਾ ਸਾਧਨ ਜਾਂ ਮਾਰਗ ਬਣਾਈਏ ਜੋ ਕਿ ਵਧੇਰੇ ਗਤੀਸ਼ੀਲ, ਸੁਰੱਖਿਅਤ ਅਤੇ ਆਧੁਨਿਕਤਾ ਦੇ ਹਾਣ ਦਾ ਹੋਵੇ, ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਅਸੀਂ ਮੌਜੂਦਾ ਪ੍ਰਣਾਲੀਆਂ ਨੂੰ ਮਜ਼ਬੂਤ ਕਰੀਏ ਅਤੇ ਨਵੀਆਂ ਪ੍ਰਣਾਲੀਆਂ ਲਈ ਦੇਸੀ ਨਵੀਨਤਾ ਵਾਲੇ ਪ੍ਰਯੋਗ ਕਰੀਏ। ਕੁਸ਼ਲਤਾ ਅਤੇ ਮੁਹਾਰਤ ਦੀ ਸਿਖਲਾਈ ਯਕੀਨਨ ਅਜਿਹੀ ਹੀ ਪਹਿਲਕਦਮੀ ਹੈ, ਜੋ ਕਿ ਤੇਜ਼ੀ ਨਾਲ ਵਿਕਸਤ ਹੋ ਰਹੇ ਇਸ ਦੇਸ਼ ਵਿਚ ਵਾਪਰਨੀ ਜ਼ਰੂਰੀ ਹੈ।

*(ਲੇਖਕ ਤਕਨੀਕੀ ਸਿੱਖਿਆ ਦੀ ਸਰਬ ਭਾਰਤੀ ਕੌਂਸਿਲ (ਏ ਆਈ ਸੀ ਟੀ ਈ), ਮਨੁੱਖੀ ਸਰੋਤ ਵਿਕਾਸ ਮੰਤਰਾਲਾ ਦਾ ਚੇਅਰਮੈਨ ਹੈ।)*

*e-mail :ssmantha@vjti.org.in*

# ਹੁਨਰ ਦੁਆਰਾ ਮਨੁੱਖੀ ਪੂੰਜੀ ਦਾ ਨਿਰਮਾਣ

ਸਚਿਨ ਅਧਿਕਾਰੀ

ਅਧਿਐਨ ਵਿਚ ਪ੍ਰਗਟਾਵਾ ਹੋ ਰਿਹਾ ਹੈ ਕਿ ਭਾਰਤ ਦੁਨੀਆਂ ਭਰ ਵਿਚ ਸਭ ਤੋਂ ਤੇਜ਼ੀ ਨਾਲ ਵਿਕਸਤ ਹੋ ਰਹੀ ਆਰਥਿਕਤਾ ਹੈ, ਜੋ ਕੰਮ ਕਰਨ ਦੀ ਉਮਰ ਵਾਲੀ 64 ਪ੍ਰਤਿਸ਼ਤ ਜਨਸੰਖਿਆ ਨਾਲ ਸਭ ਤੋਂ ਜਵਾਨ ਦੇਸ਼ ਹੋਵੇਗਾ। ਪ੍ਰਤਿਭਾਸ਼ਾਲੀ ਅਤੇ ਰੁਜ਼ਗਾਰ ਯੋਗ ਕਾਮਾ ਸ਼ਕਤੀ ਦੀ ਮਦਦ ਨਾਲ ਭਾਰਤ ਦੀ ਜਨਸੰਖਿਆ ਰੁਜ਼ਗਾਰ ਯੋਗਤਾ 2020 ਤਕ ਸੋਨੇ ਦੀ ਖਾਨ ਹੋਵੇਗੀ। ਮੌਜੂਦਾ ਤੇਜ਼ ਰਫ਼ਤਾਰ ਵਿਕਾਸ ਅਤੇ ਭਾਰਤ ਵਿਚਲੇ ਗਤੀਸ਼ੀਲ ਨਿਵੇਸ਼ ਵਾਤਾਵਰਨ ਨੂੰ ਧਿਆਨ ਵਿਚ ਰੱਖਦਿਆਂ, ਉੱਚ ਪੱਧਰ ਵਾਲੀ ਤਕਨੀਕ ਅਤੇ ਸਹਿਜ ਹੁਨਰ ਵਾਲੇ ਸਰੋਤਾਂ ਦੀ ਮੰਗ ਵਿਚ ਵਾਧਾ ਹੋਣਾ ਤਹਿ ਹੈ। ਇਕ ਅਨੁਮਾਨ ਮੁਤਾਬਕ 2015 ਤਕ ਭਾਰਤ ਨੂੰ ਸੂਚਨਾ ਤਕਨੀਕ ਅਤੇ ਇਸ 'ਤੇ ਆਧਾਰਤ ਸੇਵਾ ਖੇਤਰਾਂ ਵਿਚ 2.3 ਮਿਲੀਅਨ ਕਰਮਚਾਰੀਆਂ ਦੀ ਲੋੜ ਪਵੇਗੀ। ਮਾੜੀ ਕਿਸਮਤ ਨੂੰ, ਪਿਛਲੇ 15 ਸਾਲਾਂ ਦੌਰਾਨ ਭਾਰਤ ਨੇ ਸਿਰਫ਼ 1.6 ਮਿਲੀਅਨ ਪੇਸ਼ੇਵਰ ਪੈਦਾ ਕੀਤੇ ਹਨ, ਜਿਸ ਦਾ ਮਤਲਬ ਹੈ ਇਸ ਦੇ ਸਾਹਮਣੇ ਅਗਲੇ ਦੋ ਸਾਲਾਂ ਵਿਚ 0.8 ਮਿਲੀਅਨ ਹੋਰ ਪੇਸ਼ੇਵਰ ਪੈਦਾ ਕਰਨ ਦੀ ਟੇਢੀ ਚੁਨੌਤੀ ਹੈ। ਵਿਸ਼ਵ ਆਰਥਿਕ ਮੰਚ ਵਲੋਂ ਇਸ਼ਾਰਾ ਕੀਤਾ ਗਿਆ ਹੈ ਕਿ ਭਾਰਤ ਦੀ ਕੁੱਲ ਵਸੋਂ ਦੇ ਸਿਰਫ਼ 25 ਪ੍ਰਤਿਸ਼ਤ ਪੇਸ਼ੇਵਰਾਂ ਨੂੰ ਹੀ ਸੰਗਠਿਤ ਖੇਤਰ ਵਲੋਂ ਰੁਜ਼ਗਾਰ ਦੇ ਯੋਗ ਸਮਝਿਆ ਗਿਆ ਹੈ। ਅਸੰਗਠਿਤ ਖੇਤਰ ਕਿਸੇ ਵੀ ਬਾਕਾਇਦਾ ਹੁਨਰ ਵਿਕਾਸ ਅਤੇ ਹੁਨਰ ਹਾਸਲ ਕਰਨ ਜਾਂ ਇਸ ਵਿਚ ਸੁਧਾਰ ਕਰਨ ਦੀ ਸਿਖਲਾਈ ਪ੍ਰਣਾਲੀ ਤੋਂ ਵਿਹੂਣਾ ਹੈ।

ਸਾਲ 2015 ਵਿਚ ਅੰਦਾਜ਼ਨ 5 ਮਿਲੀਅਨ ਗ੍ਰੈਜੂਏਟ ਪਾਸ ਹੋਣਗੇ, ਜਿਨ੍ਹਾਂ ਵਿਚੋਂ ਸਿਰਫ਼ 34 ਪ੍ਰਤਿਸ਼ਤ ਨੂੰ ਹੀ ਰੁਜ਼ਗਾਰ ਮਿਲੇਗਾ ਕਿਉਂਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਕਿਸੇ ਵੀ ਉਦਯੋਗ ਵਿਚ ਭੂਮਿਕਾ ਨਿਭਾਉਣ ਲਈ ਜ਼ਰੂਰੀ ਹੁਨਰ ਤੋਂ ਵਿਰਵੇ ਹਨ।

**ਮਾਲਕ ਉਨ੍ਹਾਂ ਉਮੀਦਵਾਰਾਂ ਦੀ ਭਾਲ ਵਿਚ ਹਨ, ਜਿਨ੍ਹਾਂ ਕੋਲ ਵਿਕਸਤ ਖੇਤਰ ਵਿਸ਼ੇਸ਼ ਅਤੇ ਸਹਿਜ ਹੁਨਰ ਹੋਵੇ। ਜਿਸ ਤੋਂ ਸਿੱਟਾ ਨਿਕਲਦਾ ਹੈ ਕਿ ਸਿਰਫ਼ ਸਿਖਲਾਈ ਹੀ ਰੁਜ਼ਗਾਰ ਯੋਗਤਾ ਦੇ ਸੰਕਟ ਨੂੰ ਹੱਲ ਕਰਨ ਦੀ ਕੁੰਜੀ ਹੈ। ਇਕ ਵਿਸ਼ਵਵਿਦਿਆਲੇ ਦੀ ਡਿਗਰੀ ਹੀ ਕਿਸੇ ਨਾਮੀ ਸੰਸਥਾ ਵਿਚ ਨੌਕਰੀ ਦੀ ਜ਼ਾਮਨੀ ਨਹੀਂ ਹੈ।**

ਜ਼ਿਆਦਾਤਰ ਨੌਜਵਾਨ ਉਮੀਦਵਾਰ ਜਦੋਂ ਨੌਕਰੀ ਲਈ ਅਰਜ਼ੀ ਦਿੰਦੇ ਹਨ ਤਾਂ ਉਨ੍ਹਾਂ ਕੋਲ ਇਕੋ ਜਿਹਾ ਹੁਨਰ ਹੁੰਦਾ ਹੈ, ਪਰ ਉਨ੍ਹਾਂ ਵਿਚੋਂ ਕੁਝ ਕੁ ਹੀ ਚੁਣੇ ਜਾਂਦੇ ਹਨ। ਭਾਵੇਂ ਕਿ ਤਕਨੀਕੀ ਹੁਨਰ ਦੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਸਿੱਖਿਆ ਅਤੇ ਸਾਖਿਆਤਕਾਰ ਵਿਚ ਚੰਗੀ ਕਾਰਗੁਜ਼ਾਰੀ ਦੇ ਸਕਦਾ ਹੈ, ਪਰ ਇਹ ਉਮੀਦਵਾਰ ਦਾ ਰੁਜ਼ਗਾਰ ਯੋਗਤਾ ਦਾ ਹੁਨਰ ਹੀ ਹੈ, ਜੋ ਅਖ਼ੀਰ ਨੂੰ ਨੌਕਰੀ ਮਿਲਣ ਅਤੇ ਬਣਾਈ ਰੱਖਣ ਵਿਚ ਸਹਾਈ ਹੁੰਦਾ ਹੈ। ਅਜਿਹਾ ਇਸ ਲਈ, ਕਿਉਂਕਿ ਅਸੀਂ ਇਕ ਅਜਿਹੇ ਸਮਾਜ ਵਿਚ ਬਦਲ ਚੁੱਕੇ ਹਾਂ ਜਿਥੇ ਤਕਨੀਕੀ ਜਾਣਕਾਰੀ ਅਹਿਮ ਹੈ, ਪਰ ਸਹਿਜ ਹੁਨਰ, ਜੋ ਨਿਰਧਾਰਤ ਕਰਦਾ ਹੈ ਕਿ ਕੋਈ ਕਿੰਨੇ ਪ੍ਰਭਾਵੀ ਤਰੀਕੇ ਨਾਲ ਗੱਲਬਾਤ ਕਰ ਸਕਦਾ ਹੈ, ਟੀਮ ਦਾ ਮੈਂਬਰ ਬਣ ਸਕਦਾ ਹੈ ਅਤੇ ਕਾਰਪੋਰੇਟ ਵਾਤਾਵਰਨ ਵਿਚ ਕੰਮ ਕਰਨ ਦਾ ਵਿਸ਼ਵਾਸ ਹਾਸਲ ਕਰ ਸਕਦਾ ਹੈ – ਇਹ ਜ਼ਿਆਦਾ ਮਹੱਤਵਪੂਰਨ ਹੈ। ਇਥੇ ਹੀ ਤਬਦੀਲੀਕਾਰਕ ਸਿਖਲਾਈ ਤਕਨੀਕੀ ਗਿਆਨ ਅਤੇ ਪਰਸਪਰ ਅਤੇ ਪ੍ਰਬੰਧਕੀ ਹੁਨਰਾਂ ਨੂੰ ਏਕੀਕ੍ਰਿਤ ਕਰਨ ਵਿਚ ਮਦਦ ਕਰ ਸਕਦੀ ਹੈ, ਜੋ ਵਿਦਿਆਰਥੀਆਂ ਨੂੰ ਕਾਰਪੋਰੇਟ ਦੁਨੀਆਂ ਦੀਆਂ ਵਧ ਰਹੀਆਂ ਚੁਨੌਤੀਆਂ ਨਾਲ ਸਿੱਝਣ ਦੇ ਕਾਬਲ ਬਣਾ ਸਕਦੀ ਹੈ।

ਨੈਸਕੌਮ (ਨੈਸ਼ਨਲ ਐਸੋਸੀਏਸ਼ਨ ਆਫ਼ ਸਾਫਟਵੇਅਰ ਕੰਪਨੀਜ਼) ਦੇ ਮੁਤਾਬਕ ਹਰੇਕ ਸਾਲ 3 ਮਿਲੀਅਨ ਤੋਂ ਵੱਧ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਨੌਜਵਾਨ ਭਾਰਤ ਦੀ ਕਿਰਤ ਸ਼ਕਤੀ ਵਿਚ ਰਲ ਜਾਂਦੇ ਹਨ ਪਰ ਕੇਵਲ 25 ਪ੍ਰਤਿਸ਼ਤ ਤਕਨੀਕੀ ਗ੍ਰੈਜੂਏਟ ਅਤੇ 10–15 ਪ੍ਰਤਿਸ਼ਤ ਦੂਜੇ ਗ੍ਰੈਜੂਏਟਾਂ ਨੂੰ ਉਦਯੋਗਾਂ ਵਲੋਂ ਰੁਜ਼ਗਾਰ ਦੇ ਕਾਬਲ ਸਮਝਿਆ ਜਾਂਦਾ ਹੈ। ਨਾ ਸਿਰਫ਼ ਮੌਜੂਦਾ ਸਿੱਖਿਆ ਪ੍ਰਣਾਲੀ ਨੌਜਵਾਨਾਂ ਨੂੰ ਰੁਜ਼ਗਾਰ ਯੋਗਤਾ ਹੁਨਰ ਦੀ ਸਿਖਲਾਈ ਦੇਣ ਤੋਂ ਅਸਮਰੱਥ, ਹੈ ਸਗੋਂ ਭਾਰਤ ਦੀ ਮਜ਼ਦੂਰ ਸ਼ਕਤੀ ਦਾ ਇਕ ਵੱਡਾ ਹਿੱਸਾ ਵੇਲਾ ਵਿਹਾਅ ਚੁੱਕੇ ਹੁਨਰ ਦਾ ਮਾਲਕ ਹੈ। ਆਸ ਮੁਤਾਬਕ ਆਰਥਿਕ ਤਰੱਕੀ ਦੇ ਹਿਸਾਬ ਨਾਲ ਇਹ ਚੁਨੌਤੀ ਹੋਰ ਵੀ ਵਡੇਰੀ ਹੁੰਦੀ ਜਾਵੇਗੀ ਕਿਉਂਕਿ ਰੁਜ਼ਗਾਰ ਦੇ 75 ਪ੍ਰਤਿਸ਼ਤ ਤੋਂ ਵੱਧ ਮੌਕੇ ਹੁਨਰ ਆਧਾਰਤ ਹੋਣ ਦੀ ਆਸ ਹੈ। ਇਸੇ ਕਰਕੇ ਸਰਕਾਰ ਵਲੋਂ ਸਿਖਲਾਈ ਦੇ ਨਾਲ–ਨਾਲ ਕਿੱਤਾ–ਮੁੱਖੀ ਸਿੱਖਿਆ ਪ੍ਰਦਾਨ ਕਰਕੇ ਲੋਕਾਂ ਦੇ ਹੁਨਰ ਵਿਚ ਸੁਧਾਰ ਕਰਨ 'ਤੇ ਵੀ ਵਧੇਰੇ ਜ਼ੋਰ ਦਿਤਾ ਜਾ ਰਿਹਾ ਹੈ।

ਮਨੁੱਖੀ ਸਰੋਤ ਵੀ ਅਗਵਾਈ ਕਰਨ ਅਤੇ ਫ਼ੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਵਿਚ ਸ਼ਾਮਿਲ ਹੋਣਗੇ, ਮਾਲਕ ਜਾਣਦੇ ਹਨ ਕਿ ਇਕੱਲੇ ਪੇਸ਼ੇਵਰ ਅਤੇ ਤਕਨਾਲੋਜੀ ਹੁਨਰ, ਸੰਸਥਾਗਤ ਟੀਚਿਆਂ

ਅਤੇ ਉਦੇਸ਼ਾਂ ਨੂੰ ਹਾਸਲ ਕਰਨ ਵਿਚ ਸਹਾਈ ਨਹੀਂ ਹੋਣਗੇ। ਉਨ੍ਹਾਂ ਨੂੰ ਸੰਸਥਾ ਅੰਦਰ ਆਪਣੇ ਗਾਹਕਾਂ ਅਤੇ ਦੂਜੀਆਂ ਧਿਰਾਂ ਨਾਲ ਪ੍ਰਭਾਵੀ ਸੰਵਾਦ ਰਚਾਉਣਾ ਹੋਵੇਗਾ, ਇਸ ਕਰਕੇ ਅਜਿਹਾ ਵਿਅਕਤੀ ਜੋ ਅਜਿਹੇ ਰੁਜ਼ਗਾਰ ਯੋਗਤਾ ਹੁਨਰਾਂ ਦਾ ਮਾਲਕ ਹੈ, ਦੇ ਚੁਣੇ ਜਾਣ ਦੀ ਜ਼ਿਆਦਾ ਉਮੀਦ ਹੈ।

ਲਗਾਤਾਰ ਚਰਚਾ ਚੱਲ ਰਹੀ ਹੈ ਕਿ ਕੀ ਬਾਹਰੀ ਸਿਖਲਾਈ ਦੁਆਰਾ ਕਿਸੇ ਵਿਅਕਤੀ ਨੂੰ ਰੁਜ਼ਗਾਰ ਯੋਗਤਾ ਜਾਂ ਸਹਿਜ ਹੁਨਰ ਦਾ ਆਤਮਸਾਤ ਕਰਵਾਉਣਾ ਸੰਭਵ ਹੈ? ਖ਼ਾਸ ਕਰਕੇ ਇਸ ਤੱਥ ਦੇ ਚਲਦਿਆਂ ਕਿ ਕੋਈ ਵਿਅਕਤੀ ਸਾਰੀ ਜ਼ਿੰਦਗੀ ਇਨ੍ਹਾਂ ਲੱਛਣਾਂ ਨਾਲ ਜੀਵਿਆ ਹੋਵੇ। ਇਹ ਸੱਚ ਹੈ ਕਿ ਕਿਸੇ ਵਿਅਕਤੀ ਦੇ ਮੁੱਢਲੇ ਵਿਅਕਤਿਤਵ ਦੇ ਲੱਛਣ ਬਦਲਣੇ ਔਖੇ ਹਨ ਪਰ ਸਾਨੂੰ ਸਮਝਣਾ ਪਵੇਗਾ ਕਿ ਸਿਖਲਾਈ ਦੇ ਪ੍ਰਭਾਵੀ ਗੁਰ ਹਰੇਕ ਵਿਅਕਤੀ ਅੰਦਰਲੇ ਲੱਛਣਾਂ ਨੂੰ ਮਜ਼ਬੂਤ ਕਰਨ ਵਿਚ ਮਦਦਗਾਰ ਹੋ ਸਕਦੇ ਹਨ।

ਅਸਲ ਵਿਚ, ਸਹਿਜ ਹੁਨਰ ਜਾਂ ਰੁਜ਼ਗਾਰ ਯੋਗਤਾ ਹੁਨਰ ਬਾਰੇ ਸਿਖਲਾਈ ਭਾਰਤ ਵਰਗੇ ਦੇਸ਼ ਵਿਚ ਹੋਰ ਵੀ ਪ੍ਰਸੰਗਿਕ ਹੋ ਸਕਦੀ ਹੈ ਜਿਥੇ ਸਿੱਖਿਆ ਪ੍ਰਣਾਲੀ ਵਿਅਕਤਿਤਵ ਦੇ ਵਿਕਾਸ ਵੱਲ ਜ਼ਿਆਦਾ ਧਿਆਨ ਨਹੀਂ ਦਿੰਦੀ। ਕਾਰਪੋਰੇਟ ਜਗਤ ਨੂੰ ਨਵੇਂ ਦਾਖ਼ਲ ਹੋਣ ਵਾਲੇ ਵਿਅਕਤੀਆਂ ਕੋਲੋਂ ਵਿਚਾਰ, ਸੁਝਾਅ ਅਤੇ ਸਿਫ਼ਾਰਸ਼ਾਂ ਪ੍ਰਾਪਤ ਕਰਨ ਸਮੇਂ ਖੁੱਲ੍ਹੇ ਮਨ ਨਾਲ ਸੋਚਣਾ ਪਵੇਗਾ ਤਾਂ ਕਿ ਨਵੇਂ ਕਰਮਚਾਰੀ ਆਪਣੇ ਵਿਚਾਰ ਆਪਣੀ ਟੀਮ ਨਾਲ ਸਾਂਝੇ ਕਰ ਸਕਣ। ਨਾਲ ਦੀ ਨਾਲ, ਜੋ ਅਹਿਮ ਹੈ, ਉਹ ਹੈ ਵਿਦਿਆਰਥੀ ਦੀ ਕਾਰਪੋਰੇਟ ਵਾਤਾਵਰਨ, ਪ੍ਰਕਿਰਿਆਵਾਂ ਸਿੱਖਣ, ਲੋਕਾਂ ਦੇ ਵਤੀਰੇ ਨੂੰ ਸਮਝਣ ਅਤੇ ਹਾਂ-ਪੱਖੀ ਯੋਗਦਾਨ ਕਰਤਾ ਵਜੋਂ ਉਸ ਦੀ ਯੋਗਤਾ।

ਕੁੱਝ ਲੱਛਣ ਜੋ ਸੰਸਥਾਵਾਂ ਸੰਭਾਵਿਤ ਉਮੀਦਵਾਰਾਂ ਵਿਚ ਤਲਾਸ਼ ਕਰਦੀਆਂ ਹਨ, ਉਨ੍ਹਾਂ ਵਿਚ ਪਰਸਪਰ ਹੁਨਰ, ਸੰਵਾਦ ਦਾ ਹੁਨਰ ਅਤੇ ਵਤੀਰੇ ਦੇ ਲੱਛਣ ਜਿਵੇਂ ਸੁਭਾਅ, ਪ੍ਰੇਰਨਾ, ਸਮਾਂ ਪ੍ਰਬੰਧਨ, ਅਗਵਾਈ ਦਾ ਹੁਨਰ ਅਤੇ ਸਮਾਜਿਕ ਮਾਣ-ਸਨਮਾਨ ਸ਼ਾਮਿਲ ਹਨ। ਰੁਜ਼ਗਾਰ ਯੋਗ ਹੋਣ ਲਈ ਵਿਦਿਆਰਥੀਆਂ ਨੂੰ ਸਿਖਲਾਈ ਵਿਚ ਭਾਗ ਲੈਣਾ ਚਾਹੀਦਾ ਹੈ, ਜੋ ਉਨ੍ਹਾਂ ਦੀ ਰਸਮੀ ਸਿੱਖਿਆ ਦੇ ਨਾਲ-ਨਾਲ ਉਨ੍ਹਾਂ ਅੰਦਰ ਰੁਜ਼ਗਾਰ ਯੋਗਤਾ ਦਾ ਹੁਨਰ ਵਿਕਸਤ ਕਰਨ ਵਿਚ ਮਦਦ ਕਰਦੀ ਹੈ ਤਾਂ ਕਿ ਜਦੋਂ ਉਹ ਸਿੱਖਿਆ ਸੰਸਥਾਵਾਂ ਤੋਂ ਪਾਸ ਹੋ ਕੇ ਜਾਣ ਤਾਂ ਪੇਸ਼ੇਵਰ ਭੂਮਿਕਾ ਲਈ ਤਿਆਰ-ਬਰ-ਤਿਆਰ ਹੋਣ।

**'ਤਬਦੀਲੀ ਕਾਰਕ ਸਿਖਲਾਈ' ਇਸ ਪਾੜੇ ਨੂੰ ਪੂਰਨ ਵਿਚ ਮਦਦਗਾਰ ਹੋ ਸਕਦੀ ਹੈ ਅਤੇ ਸੰਸਥਾਵਾਂ ਨੂੰ ਕਾਰਪੋਰੇਟ ਜਗਤ ਦੀਆਂ ਵਧ ਰਹੀਆਂ ਚੁਣੌਤੀਆਂ ਦੇ ਹਾਣ ਦਾ ਹੋਣ ਲਈ ਤਿਆਰ ਕਰ ਸਕਦੀ ਹੈ। ਅਜਿਹੀ ਸਿਖਲਾਈ ਦੀ ਪਹੁੰਚ 360 ਡਿਗਰੀ ਵਾਲੀ ਹੁੰਦੀ ਹੈ, ਜਿਸ ਦਾ ਮੰਤਵ ਸਿਖਿਆਰਥੀਆਂ ਨੂੰ ਅੰਦਰੋਂ ਵਿਕਸਤ ਕਰ ਕੇ ਉਨ੍ਹਾਂ ਨੂੰ ਰੁਜ਼ਗਾਰ ਯੋਗਤਾ ਹੁਨਰ ਨਾਲ ਭਰਪੂਰ ਕਰਨਾ ਹੈ। ਸਹਿਜ ਹੁਨਰ ਵਿਕਾਸ ਸਿਖਲਾਈ ਦਾ ਇਕ ਸਭ ਤੋਂ ਅਹਿਮ ਪੱਖ ਇਹ ਹੈ ਕਿ ਇਹ ਕਿਸੇ ਵਿਅਕਤੀ ਨੂੰ ਹੋਰ ਬਿਹਤਰ ਬਣਨ ਵਿਚ ਮਦਦ ਕਰ ਸਕਦੀ ਹੈ, ਜੋ ਉਸ ਦੀ ਜ਼ਿੰਦਗੀ ਦੇ ਸਾਰੇ ਪਹਿਲੂਆਂ ਵਿਚ ਰੂਪਮਾਨ ਹੁੰਦਾ ਹੈ, ਭਾਵੇਂ ਇਹ ਪੱਖ ਪੇਸ਼ੇਵਰ, ਨਿੱਜੀ ਜਾਂ ਸਮਾਜਿਕ ਹੋਵੇ, ਜੋ ਉਸ ਦੀ ਤਰੱਕੀ ਅਤੇ ਸਫ਼ਲਤਾ ਵੱਲ ਲੈ ਕੇ ਜਾਂਦਾ ਹੈ।**

ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਿ ਪੇਸ਼ੇਵਰ ਸਿਖਲਾਈ ਜਾਂ ਕੋਈ ਵੀ ਹੁਨਰ ਪਹਿਲਕਦਮੀ ਸਿੱਖਿਆ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੀ, ਹਾਲ ਹੀ ਵਿਚ ਜਾਰੀ ਕੀਤੀ ਏ ਐੱਸ ਈ ਆਰ ਰਿਪੋਰਟ ਵਿਚ ਸਪੱਸ਼ਟ ਤੌਰ ਤੇ ਦਰਸਾਇਆ ਗਿਆ ਹੈ ਕਿ ਕਿਵੇਂ ਸਾਡੀ ਮੁਢਲੀ ਸਿੱਖਿਆ ਪ੍ਰਣਾਲੀ ਸਕੂਲੀ ਸਿੱਖਿਆ ਦੀ ਗੁਣਵੱਤਾ ਦੇ ਸੁਧਾਰ ਵਿਚ ਅਸਫ਼ਲ ਰਹੀ ਹੈ, ਜੋ ਪੇਂਡੂ ਖੇਤਰ ਅਤੇ ਸਰਕਾਰੀ ਸਕੂਲਾਂ ਵਿਚ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਸਕੂਲੀ ਬੱਚੇ ਸਾਡੀ ਭਵਿੱਖ ਦੀ ਕਿਰਤ ਸ਼ਕਤੀ ਹੋਣਗੇ ਅਤੇ ਜੇ ਸਕੂਲ ਛੱਡਣ ਵਾਲਿਆਂ ਦੀ ਗਿਣਤੀ ਇੰਨੀ ਵੱਡੀ ਹੋ ਸਕਦੀ ਹੈ ਤਾਂ ਸਾਨੂੰ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਸਾਨੂੰ ਅਜਿਹੀ ਸਿੱਖਿਆ ਪ੍ਰਣਾਲੀ ਦੀ ਲੋੜ ਹੈ ਜੋ ਹੁਨਰ ਨਾਲ ਜੁੜੀ ਹੋਵੇ ਜੋ ਵਿਦਿਆਰਥੀਆਂ ਨੂੰ ਸਕੂਲ ਵਿਚੋਂ ਪਾਸ ਹੋਣ ਸਮੇਂ ਰੁਜ਼ਗਾਰ ਦੇ ਲਾਇਕ ਅਤੇ ਹੁਨਰਮੰਦ ਬਣਾ ਦੇਵੇ। ਇਸੇ ਹੀ ਸਮੇਂ, ਸਿਖਾਉਣ ਵਾਲਿਆਂ/ਅਧਿਆਪਕਾਂ ਦੀ ਗੁਣਵੱਤਾ ਅਤੇ ਅਨੁਪਾਤ ਵੀ ਬਰਾਬਰ ਦਾ ਹੋਣਾ ਚਾਹੀਦਾ ਹੈ, ਜੋ ਆਪਣੇ ਉਮੀਦਵਾਰਾਂ ਵਿਚ ਦਿਲਚਸਪੀ ਅਤੇ ਗਿਆਨ ਦੀ ਚਿਣਗ ਬਾਲ ਸਕਣ।

ਵਿਸ਼ਵੀਕਰਨ ਅਤੇ ਵਪਾਰਕ ਉਦਾਰੀਕਰਨ ਨਾਲ ਭਾਰਤ ਦੇ ਮਜ਼ਦੂਰ ਬਾਜ਼ਾਰ ਵਿਚ ਬਦਲਾਵਾਂ ਦੀ ਲੜੀ ਅਰੰਭ ਹੋਈ ਹੈ। ਇਸ ਦੇ ਸਿੱਧੇ ਨਤੀਜੇ ਤਕਨਾਲੋਜੀ ਦੀ ਆਮਦ, ਆਰਥਿਕ ਸੁਧਾਰ ਅਤੇ ਇਨ੍ਹਾਂ ਦੇ ਹੁਨਰ ਆਧਾਰਤ ਕਿਰਤ-ਸ਼ਕਤੀ ਦੇ ਵਿਕਾਸ 'ਤੇ ਅਸਰ, ਅਸੰਗਠਿਤ ਖੇਤਰ ਵਿਚ ਛੋਟੇ ਉੱਦਮੀਆਂ ਲਈ ਵੀ ਨਵੇਂ ਮੌਕਿਆਂ ਦੇ ਰਸਤੇ ਖੁੱਲ੍ਹਣ ਦੇ ਰੂਪ ਵਿਚ ਨਿਕਲੇ ਹਨ। ਹੁਨਰ ਮਨੁੱਖੀ ਪੂੰਜੀ ਵਿਚ ਸੁਧਾਰ ਕਰਨ ਦਾ ਇਕ ਤਰੀਕਾ ਹੈ, ਜੋ ਕਾਮਿਆਂ, ਖ਼ਾਸ ਕਰਕੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦੇ ਘੱਟ ਪੜ੍ਹੇ-ਲਿਖੇ ਕਾਮਿਆਂ ਲਈ ਆਮਦਨ ਸੁਰੱਖਿਆ ਯਕੀਨੀ ਬਣਾਉਂਦਾ ਹੈ। ਇਸ ਪ੍ਰਕਾਰ ਇਹ ਵੱਡੀ ਕਿਰਤ-ਸ਼ਕਤੀ ਨੂੰ ਸਮਰੱਥ ਕਰਨ ਦੀ ਕੁੰਜੀ ਹੈ, ਜੋ ਸਿੱਧੇ ਅਤੇ ਅਸਿੱਧੇ ਰੂਪ ਵਿਚ ਬਾਜ਼ਾਰ ਨੂੰ ਹੁਲਾਰਾ ਦੇ ਸਕਦੀ ਹੈ।

ਸ਼ਬਦ 'ਅਸੰਗਠਿਤ ਆਰਥਿਕਤਾ' ਕਾਮਿਆਂ ਅਤੇ ਆਰਥਿਕ ਇਕਾਈਆਂ ਦੀਆਂ ਉਨ੍ਹਾਂ ਸਾਰੀਆਂ ਸਰਗਰਮੀਆਂ ਲਈ ਵਰਤਿਆ ਜਾਂਦਾ ਹੈ, ਜੋ ਕਾਨੂੰਨੀ ਜਾਂ ਅਸਲੀਅਤ ਵਿਚ ਰਸਮੀ ਪ੍ਰਬੰਧ ਦੇ ਪੂਰੀ ਤਰ੍ਹਾਂ ਜਾਂ ਅੰਸ਼ਿਕ ਦਾਇਰੇ ਹੇਠ ਨਹੀਂ ਆਉਂਦੀਆਂ। ਵਿਕਾਸਸ਼ੀਲ ਦੇਸ਼ਾਂ ਅੰਦਰ, ਅਸੰਗਠਿਤ ਮਜ਼ਦੂਰ ਸ਼ਕਤੀ ਮੁੱਖ ਤੌਰ ਤੇ ਸਵੈ-ਰੁਜ਼ਗਾਰ ਵਾਲੇ ਲੋਕਾਂ ਦੀ ਹੁੰਦੀ ਹੈ, ਜੋ ਘਰਾਂ ਅਤੇ ਸੜਕਾਂ 'ਤੇ ਕੰਮ ਕਰਦੇ ਹਨ। ਉਨ੍ਹਾਂ ਕੋਲ ਅਧਿਕਾਰਤ ਅਤੇ ਪੱਕੀ ਵਪਾਰ ਕਰਨ ਦੀ ਜਗ੍ਹਾ ਨਹੀਂ ਹੁੰਦੀ। ਮਾਹਿਰ ਇਸ ਗੱਲ 'ਤੇ ਸਹਿਮਤ ਹਨ ਕਿ ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਵਿਚ ਰਸਮੀ ਆਰਥਿਕਤਾ ਨੇੜ ਭਵਿੱਖ ਲਈ ਅਹਿਮ ਆਰਥਿਕ ਸ਼ਕਤੀ ਹੋਵੇਗੀ।

ਮੌਜੂਦਾ ਪੀੜ੍ਹੀ ਤਕਨਾਲੋਜੀ ਦੇ ਯੁਗ ਵਿਚ ਜਨਮੀ ਹੈ ਅਤੇ ਜੇ ਇੰਟਰਨੈੱਟ ਅਤੇ ਮੋਬਾਈਲ ਸਿੱਖਿਆ ਨੂੰ ਸਿੱਖਣ ਦੇ ਉਪਕਰਨਾਂ ਵਜੋਂ ਵਰਤਿਆ ਜਾਵੇ ਤਾਂ ਇਨ੍ਹਾਂ ਦਾ ਹੁੰਗਾਰਾ ਹੋਰ ਵਧੀਆ

ਹੋਵੇਗਾ। ਇਨ੍ਹਾਂ ਤਕਨੀਕਾਂ ਦੀ ਉੱਚ ਤਬਦੀਲੀ, ਛੋਟਾ ਅਕਾਰ ਅਤੇ ਲਾਗਤ ਘੱਟ ਹੈ ਅਤੇ ਇਹ ਇਕੋ ਵਾਰੀ ਵੱਡੀ ਗਿਣਤੀ ਤਕ ਪਹੁੰਚ ਸਕਦੇ ਹਨ। ਜੇ ਨਿੱਜੀ ਮੋਬਾਈਲ ਉਪਕਰਨਾਂ ਰਾਹੀਂ ਸਿੱਖਿਆ ਸੰਭਵ ਬਣਾਉਣ ਲਈ ਮੋਬਾਈਲ ਐਪਲੀਕੇਸ਼ਨਾਂ ਬਣਾ ਦਿਤੀਆਂ ਜਾਣ ਤਾਂ ਇਹ ਵਿਸ਼ਵ ਭਰ ਵਿਚ ਕਰੋੜਾਂ ਨੌਜਵਾਨਾਂ ਨੂੰ ਸਿੱਖਿਅਤ ਕਰਨ ਦਾ ਸਭ ਤੋਂ ਸੌਖਾ ਅਤੇ ਸਸਤਾ ਤਰੀਕਾ ਹੋਵੇਗਾ।

ਅਸੰਗਠਿਤ ਖੇਤਰ ਵਿਚ ਉੱਦਮਾਂ ਬਾਰੇ ਰਾਸ਼ਟਰੀ ਆਯੋਗ (ਐੱਨ ਸੀ ਈ ਯੂ ਐੱਸ) ਜੋ ਸਰਕਾਰ ਦੀ ਸਲਾਹਕਾਰ ਸਭਾ ਹੈ, ਦਾ 2004 ਵਿਚ ਗਠਨ ਕੀਤਾ ਗਿਆ ਸੀ ਤਾਂ ਕਿ ਇਸ ਖੇਤਰ ਵਿਚ ਸਥਾਈ ਅਧਾਰ 'ਤੇ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ਉਤਪਾਦਕਤਾ ਵਿਚ ਸੁਧਾਰ ਕੀਤਾ ਜਾ ਸਕੇ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ। ਭਾਰਤ ਵਿਚ ਮੌਜੂਦਾ ਸਮੇਂ 59 ਮਿਲੀਅਨ ਉੱਦਮ ਹਨ, ਜੋ 127 ਮਿਲੀਅਨ ਲੋਕਾਂ ਨੂੰ ਰੁਜ਼ਗਾਰ ਦੇ ਰਹੇ ਹਨ। ਇਨ੍ਹਾਂ ਵਿਚੋਂ 17 ਮਿਲੀਅਨ ਨਵੇਂ ਉੱਦਮ 2005 ਤੋਂ ਬਾਅਦ ਹੋਂਦ ਵਿਚ ਆਏ ਹਨ।

ਕਿਰਤ ਸ਼ਕਤੀ ਦੇ ਅਸੰਗਠਿਤ ਹਿੱਸੇ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ : ਸੀਮਤ ਪੇਸ਼ੇਵਰ ਹੁਨਰ, ਘੱਟ ਆਮਦਨ, ਘੱਟ ਉਤਪਾਦਕਤਾ ਅਤੇ ਘੱਟ ਪੂੰਜੀ ਨਿਵੇਸ਼। ਸਿੱਖਿਆ ਅਤੇ ਸਿਖਲਾਈ ਰਾਹੀਂ ਨਵੀਂ ਬਾਜ਼ਾਰੀਕਰਨ ਯੋਗ ਨੌਕਰੀ ਦੇ ਹੁਨਰ ਵਿਕਸਤ ਕਰਕੇ, ਉਤਪਾਦਕਤਾ ਅਤੇ ਰੁਜ਼ਗਾਰ ਦੇ ਮੌਕੇ ਵਧਾ ਕੇ ਅਸੰਗਠਿਤ ਆਰਥਿਕਤਾ ਅਤੇ ਕਾਮਿਆਂ ਦੀ ਰਸਮੀ ਖੇਤਰ ਦੀ ਰੁਜ਼ਗਾਰ ਯੋਗਤਾ ਵਿਚੋਂ ਗਰੀਬੀ ਦੇ ਮੌਸਮੀ ਚੱਕਰ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ, ਇਸ ਸਮੂਹ ਨੂੰ ਸਿਖਲਾਈ ਯਾਫ਼ਤਾ ਕਰਨਾ ਮਹੱਤਵਪੂਰਨ ਹੈ ਤਾਂ ਕਿ ਉਨ੍ਹਾਂ ਦੀ ਉਤਪਾਦਕਤਾ ਵਿਚ ਵਾਧਾ ਕਰਕੇ ਦੇਸ਼ ਨੂੰ ਉੱਤੇ ਚੁੱਕਿਆ ਜਾ ਸਕੇ।

ਅਸੰਗਠਿਤ ਆਰਥਿਕਤਾ ਦੀ ਉਤਪਾਦਕਤਾ ਵਧਾਉਣ ਲਈ ਇਕ ਸਮੂਹਿਕ ਪਹੁੰਚ ਦੀ ਲੋੜ ਹੈ, ਜਿਸ ਵਿਚ ਅਸੰਗਠਿਤ ਕਾਮਿਆਂ ਦੇ ਸਿੱਖਿਆ ਅਤੇ ਹੁਨਰ ਦੇ ਪੱਧਰ ਨੂੰ ਉੱਚਾ ਚੁੱਕਣ ਦੀ ਲੋੜ ਹੈ। ਪਰ, ਸਿਰਫ਼ ਕਿਰਤ ਸ਼ਕਤੀ ਯੋਜਨਾਵਾਂ ਵਿਚ ਨਿਵੇਸ਼ ਕਰਨ ਨਾਲ ਹੀ ਉਤਪਾਦਕਤਾ ਵਿਚ ਵਾਧਾ ਨਹੀਂ ਹੋਵੇਗਾ। ਅਜਿਹਾ ਨਹੀਂ ਕਿ ਮੌਜੂਦਾ ਵਸੋਂ ਨੂੰ ਕੋਈ ਸਿੱਖਿਆ ਅਤੇ ਸਿਖਲਾਈ ਨਹੀਂ ਮਿਲ ਰਹੀ, ਪਰ ਗਲਤੀ ਇਹ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੇ ਧਿਆਨ ਦਾ ਕੇਂਦਰ ਸਿਰਫ਼ ਤਕਨਾਲੋਜੀ ਹੁਨਰ ਹਨ, ਜਿਸ ਵਿਚੋਂ ਸਹਿਜ ਹੁਨਰ ਨਦਾਰਦ ਹੈ। ਉਦਯੋਗਾਂ ਵਿਚ ਪ੍ਰਭਾਵੀ ਸੰਚਾਰ, ਸੁਚਾਰੂ ਢੰਗ ਨਾਲ ਇੰਤਜ਼ਾਮ ਕਰਨ ਅਤੇ ਆਉਣ ਵਾਲੀਆਂ ਮੁਸ਼ਕਿਲਾਂ ਦੇ ਅਗਾਊਂ ਹੱਲ ਦੀ ਇੱਛਾ ਅਤੇ ਲੋੜ ਦੇ ਹੁਨਰ ਦੀ ਜ਼ਰੂਰਤ ਹੁੰਦੀ ਹੈ, ਜੋ ਕਿਸੇ ਵੀ ਕਾਮੇ ਨੂੰ ਅਣਮੁੱਲਾ ਬਣਾਉਂਦੀ ਹੈ। ਮਾਲਕਾਂ ਨੂੰ ਅਕਸਰ ਇਹ ਹੁਨਰ ਸੰਭਾਵਿਤ ਕਾਮਿਆਂ ਵਿਚ ਨਜ਼ਰ ਨਹੀਂ ਆਉਂਦੇ।

ਵੱਖ-ਵੱਖ ਤਰ੍ਹਾਂ ਦੀ ਅਤੇ ਵਿਆਪਕ ਕਿਰਤ ਸ਼ਕਤੀ ਅੰਦਰ ਨਵੇਂ ਹੁਨਰ ਦਾ ਸੰਚਾਰ ਕਰਨਾ ਮਹੱਤਵਪੂਰਨ ਹੈ ਕਿਉਂਕਿ ਇਹ ਨਿਰਧਾਰਤ ਕਰਦਾ ਹੈ ਕਿ ਉਤਪਾਦਕਤਾ ਵਿਚ ਤਰੱਕੀ, ਰੁਜ਼ਗਾਰ ਦੇ ਵਿਕਾਸ ਵਿਚ ਕਿਵੇਂ ਬਦਲ ਸਕਦੀ ਹੈ ਅਤੇ ਕਿਨ੍ਹਾਂ ਵਾਸਤੇ। ਅਸੰਗਠਿਤ ਆਰਥਿਕਤਾ ਵਿਚ ਮਨੁੱਖੀ ਪੂੰਜੀ ਵਿਕਸਤ ਕਰਨ ਲਈ ਉੱਚ ਪ੍ਰਭਾਵੀ, ਬਾਜ਼ਾਰ ਮੁਖੀ ਸਿੱਖਿਆ ਅਤੇ ਸਿਖਲਾਈ ਯੋਜਨਾਵਾਂ ਦੀ ਲੋੜ ਹੈ।

ਮਾਲਕਾਂ ਨੂੰ ਆਪਣੀਆਂ ਲੋੜਾਂ ਸਪੱਸ਼ਟ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਨ੍ਹਾਂ ਦੀ ਮਜ਼ਦੂਰਾਂ ਦੀ ਮੰਗ ਨੂੰ ਨਵੀਂ ਸਿੱਖਿਅਤ ਕਿਰਤ ਸ਼ਕਤੀ ਦੇ ਮੁਤਾਬਕ ਪੂਰਿਆਂ ਕੀਤਾ ਜਾ ਸਕੇ। ਮੁਫ਼ਤ ਸਿੱਖਿਆ ਅਤੇ ਸਿਖਲਾਈ ਯੋਜਨਾਵਾਂ ਵਿਚ ਸਕੂਲੀ ਸਿੱਖਿਆ, ਕੰਮ ਵਾਲੀ ਥਾਂ 'ਤੇ ਸਿਖਲਾਈ, ਗ਼ੈਰ-ਸਰਕਾਰੀ ਅਤੇ ਲਾਭ ਵਾਲੇ ਸਿਖਲਾਈ ਕੇਂਦਰਾਂ ਵਿਚ ਸਿੱਖਿਆ ਸ਼ਾਮਿਲ ਹੈ।

ਅਸੰਗਠਿਤ ਆਰਥਿਕਤਾ ਵਾਲੇ ਕਾਮਿਆਂ ਦੇ ਹੁਨਰ ਦੇ ਪੱਧਰ ਵਿਚ ਵਾਧਾ ਆਰਥਿਕ ਤਰੱਕੀ ਅਤੇ ਪੂੰਜੀ ਨਿਰਮਾਣ ਵਿਚ ਯੋਗਦਾਨ ਪਾਵੇਗਾ। ਪਰ, ਕੇਵਲ ਕਿਰਤ ਸ਼ਕਤੀ ਯੋਜਨਾਵਾਂ ਵਿਚ ਨਿਵੇਸ਼ ਕਰਨ ਨਾਲ ਹੀ ਉਤਪਾਦਕਤਾ ਵਿਚ ਵਾਧਾ ਨਹੀਂ ਹੁੰਦਾ। ਹੁਨਰ ਦੇ ਵਿਕਾਸ ਦੇ ਅਸੰਗਠਿਤ ਕਾਮਿਆਂ ਦੀ ਉਤਪਾਦਕਤਾ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਆਰਥਿਕ ਵਾਤਾਵਰਨ ਦੇ ਦੂਜੇ ਬਦਲਾਵਾਂ ਤੋਂ ਵੱਖਰਿਆਂ ਕਰਕੇ ਨਹੀਂ ਵੇਖਿਆ ਜਾ ਸਕਦਾ।

ਰਾਸ਼ਟਰੀ ਹੁਨਰ ਵਿਕਾਸ ਏਜੰਸੀ ਵੱਖ-ਵੱਖ ਮੰਤਰਾਲਿਆਂ, ਰਾਜ ਸਰਕਾਰਾਂ ਅਤੇ ਉਦਯੋਗਾਂ ਦੀਆਂ ਅਸੰਗਠਿਤ ਸਿਖਲਾਈ ਕੋਸ਼ਿਸ਼ਾਂ ਵਿਚਾਲੇ ਤਾਲਮੇਲ ਬਿਠਾਉਣ ਲਈ ਬਹੁਤ ਸਾਰੀਆਂ ਸੰਸਥਾਵਾਂ ਨਾਲ ਭਾਈਵਾਲੀ ਕਰ ਰਹੀ ਹੈ। ਹੁਨਰਮੰਦੀ ਅਤੇ ਨੌਕਰੀ ਦੇਣ ਦੇ ਟੀਚੇ, ਕੁੱਲ ਅਤੇ ਖੇਤਰ ਪੱਧਰ 'ਤੇ ਨਿਸ਼ਚਿਤ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਟੋਹ ਰੱਖਣ ਲਈ ਵਿਸ਼ਾਲ ਨਿਗਰਾਨੀ ਪ੍ਰਣਾਲੀ ਸਥਾਪਤ ਕੀਤੀ ਗਈ ਹੈ। ਹੁਨਰਮੰਦ ਭਾਰਤ ਦਾ ਟੀਚਾ ਭਾਰਤੀਆਂ ਦੀ ਪ੍ਰਤਿਭਾ ਲਈ ਮੌਕੇ, ਸਥਾਨ ਅਤੇ ਸੰਭਾਵਨਾਵਾਂ ਪੈਦਾ ਕਰਨਾ ਅਤੇ ਹੁਨਰ ਦੇ ਵਿਕਾਸ ਲਈ ਨਵੇਂ ਖੇਤਰਾਂ ਦੀ ਪਛਾਣ ਕਰਨਾ ਹੈ। ਇਸ ਦਾ ਟੀਚਾ 2020 ਤਕ 500 ਮਿਲੀਅਨ ਨੌਜਵਾਨਾਂ ਨੂੰ ਸਿਖਲਾਈ ਅਤੇ ਹੁਨਰ ਵਿਕਾਸ ਪ੍ਰਦਾਨ ਕਰਨਾ ਹੈ।

ਸਾਨੂੰ ਵਿਸ਼ਵ ਮਾਪਦੰਡਾਂ ਮੁਤਾਬਕ ਸਿਖਲਾਈ ਯੋਜਨਾਵਾਂ ਉਲੀਕਣੀਆਂ ਪੈਣਗੀਆਂ ਤਾਂ ਕਿ ਸਾਡੇ ਦੇਸ਼ ਦਾ ਨੌਜਵਾਨ ਨਾ ਸਿਰਫ਼ ਘਰੇਲੂ ਸਗੋਂ ਅਮਰੀਕਾ, ਜਾਪਾਨ, ਚੀਨ, ਯੂਰਪ ਅਤੇ ਪੱਛਮੀ ਏਸ਼ਿਆਈ ਦੇਸ਼ਾਂ ਦੀਆਂ ਮੰਗਾਂ ਵੀ ਪੂਰੀਆਂ ਕਰ ਸਕੇ।

**ਪਰ, ਅਜਿਹਾ ਨਹੀਂ ਕਿ ਸਾਡੇ ਕੋਲ ਹੁਨਰ ਵਿਕਾਸ ਦੀਆਂ ਯੋਜਨਾਵਾਂ ਨਹੀਂ। ਸਰਕਾਰ ਨੇ ਹੁਨਰ ਦੇ ਵਿਕਾਸ ਨੂੰ ਹਮੇਸ਼ਾ ਰਾਸ਼ਟਰੀ ਪਹਿਲ ਸਮਝਿਆ ਹੈ ਪਰ ਪਹਿਲਾਂ ਜ਼ੋਰ ਰਵਾਇਤੀ ਨੌਕਰੀਆਂ 'ਤੇ ਸੀ, ਜਦ ਕਿ ਹੁਨਰਮੰਦ ਭਾਰਤ ਦਾ ਕੇਂਦਰ ਬਿੰਦੂ ਸਾਰੇ ਤਰ੍ਹਾਂ ਦੇ ਰੁਜ਼ਗਾਰ ਹੋਵੇਗਾ। ਬਾਕਾਇਦਾ ਤੌਰ ਤੇ ਸਰਕਾਰ ਨੇ ਕਈ ਤਬਦੀਲੀਆਂ ਕੀਤੀਆਂ ਹਨ, ਮਿਸਾਲ ਦੇ ਲਈ, ਪਹਿਲਾਂ ਜ਼ਿੰਮੇਵਾਰੀ ਵੱਖ-ਵੱਖ ਮੰਤਰਾਲਿਆਂ ਵਿਚ ਵੰਡੀ ਹੋਈ ਸੀ ਪਰ ਹੁਣ ਇਸ ਨੂੰ ਇਕੱਠਿਆਂ ਕਰ ਦਿਤਾ ਗਿਅ ਹੈ ਤਾਂ ਕਿ ਪ੍ਰਣਾਲੀ ਹੋਰ ਜ਼ਿਆਦਾ ਕੁਸ਼ਲ ਅਤੇ ਪਾਰਦਰਸ਼ੀ ਹੋ ਸਕੇ।**

*(ਲੇਖਕ ਗਲੋਬਲ ਸਕਸੈੱਸ ਯੂਨੀਵਰਸਿਟੀ, ਜੋ ਇਕ ਵਿਸ਼ਵਵਿਦਿਆਲ ਸਿਖਲਾਈ, ਸਿੱਖਿਆ ਅਤੇ ਸ਼ਕਤੀਕਰਨ ਪ੍ਰਣਾਲੀ ਹੈ, ਦਾ ਸੰਸਥਾਪਕ ਅਤੇ ਨਿਰਦੇਸ਼ਕ ਹੈ ਅਤੇ ਵਿਜ਼ਤਾਰ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਵਿਚ ਚੀਫ਼ ਮੈਂਟਰ ਹੈ।)*

*e-mail*

*:mehjabeen.sajid@viztarinternational.com*

# ਪਛੜਿਆਂ ਦੀ ਰੁਜ਼ਗਾਰ ਯੋਗਤਾ ਵਧਾਉਣ ਲਈ ਹੁਨਰ ਦਾ ਵਿਕਾਸ

ਸੁਨੀਤਾ ਸਾਂਘੀ

ਦੇਸ਼ ਦੀ 65 ਪ੍ਰਤਿਸ਼ਤ ਜਨ-ਸੰਖਿਆ ਦੇ ਕੰਮ ਕਰਨ ਵਾਲੀ ਉਮਰ ਵਿਚ ਹੋਣ ਦਾ ਭਾਰਤ ਨੂੰ ਜਨ-ਸੰਖਿਅਕ ਲਾਭ, ਜਨ-ਸੰਖਿਆ ਬਦਲਾਅ ਦੇ ਦੌਰ ਵਿਚ ਇਕ ਹੀ ਵਾਰ ਵਾਪਰਨ ਵਾਲਾ ਵਰਤਾਰਾ ਹੁੰਦਾ ਹੈ। 2015 ਦੀ ਸੰਯੁਕਤ ਰਾਸ਼ਟਰ ਦੀ ਜਨ-ਸੰਖਿਆ ਸੰਬੰਧੀ ਹਾਲੀਆ ਰਿਪੋਰਟ ਵਿਚ ਸੰਕੇਤ ਦਿਤਾ ਗਿਆ ਹੈ ਕਿ ਸੰਨ 2020 ਤਕ ਭਾਰਤ ਵਿਚ ਔਸਤ ਉਮਰ 29 ਸਾਲ ਹੋਵੇਗੀ, ਜੋ ਅਮਰੀਕਾ ਅਤੇ ਚੀਨ ਵਿਚ 37 ਸਾਲ ਅਤੇ ਯੂਰਪ ਵਿਚ 45 ਸਾਲ ਹੋਵੇਗੀ। ਜਨ-ਸੰਖਿਆ ਦਾ ਇਹ ਲਾਭ ਭਾਰਤ ਲਈ ਦੁਨੀਆਂ ਦੀ ਮਨੁੱਖੀ ਸਰੋਤ ਫੈਕਟਰੀ ਬਣਨ ਅਤੇ ਵਿਸ਼ਵ ਦੀਆਂ ਉਮਰ ਵਿਹਾਅ ਰਹੀਆਂ ਆਰਥਿਕਤਾਵਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਇਕ ਮੌਕਾ ਹੈ। ਇਸ ਦੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਮੌਜੂਦਾ ਮਜ਼ਦੂਰ ਸ਼ਕਤੀ ਦੀ ਹੁਨਰਮੰਦੀ, ਮੁੜ-ਹੁਨਰਮੰਦੀ ਅਤੇ ਹੁਨਰ ਵਿਚ ਵਾਧਾ ਕੀਤਾ ਜਾਵੇ ਅਤੇ ਘਰੇਲੂ ਤੇ ਵਿਦੇਸ਼ੀ ਬਾਜ਼ਾਰ ਦੀਆਂ ਲੋੜਾਂ ਅਨੁਸਾਰ ਨਵੀਂ ਮਜ਼ਦੂਰ ਸ਼ਕਤੀ ਨੂੰ ਵੀ ਨਿਪੁੰਨ ਕੀਤਾ ਜਾਵੇ। ਪਰ, ਇਹ ਇਕ ਵੱਡੀ ਚੁਨੌਤੀ ਪੇਸ਼ ਕਰਦੀ ਹੈ ਕਿਉਂਕਿ ਕਿੱਤਾਮੁਖੀ ਸਿੱਖਿਆ ਲਈ ਉਤਸ਼ਾਹ ਦੀ ਕਮੀ ਹੈ; ਸਿੱਖਿਆ ਅਤੇ ਕੰਮ ਦੀ ਦੁਨੀਆਂ ਵਿਚ ਨਾ ਦੇ ਬਰਾਬਰ ਸੰਬੰਧ; ਵਧੀਆ ਸਿਖਾਉਣ ਵਾਲਿਆਂ ਦੀ ਕਮੀ ਅਤੇ ਵੱਖ-ਵੱਖ ਖੇਤਰਾਂ/ਸਮੂਹਾਂ ਵਿਚ ਵੰਨ-ਸੁਵੰਨੀਆਂ ਹੁਨਰ ਦੀਆਂ ਜ਼ਰੂਰਤਾਂ।

ਇੰਟਰਨੈਸ਼ਨ ਲੇਬਰ ਆਰਗੇਨਾਈਜ਼ੇਸ਼ਨ ਦੇ ਨੌਜਵਾਨ ਰੁਜ਼ਗਾਰ ਨੈੱਟਵਰਕ, 2001 ਵਿਚ ਚਾਰ ਖੇਤਰਾਂ ਦੀ ਪਛਾਣ ਕੀਤੀ – ਰੁਜ਼ਗਾਰ ਯੋਗਤਾ, ਸਾਰਿਆਂ ਲਈ ਬਰਾਬਰ ਦੇ ਮੌਕੇ; ਉੱਦਮਤਾ ਅਤੇ ਰੁਜ਼ਗਾਰ ਪੈਦਾ ਕਰਨਾ, ਜੋ ਨੌਜਵਾਨਾਂ ਦੇ ਰੁਜ਼ਗਾਰ ਲਈ ਪਹਿਲ ਵਾਲੇ ਖੇਤਰ ਹੋਣਗੇ। 2000 ਸੰਨ ਦੇ ਆਈ ਐੱਲ ਸੀ ਮਤੇ ਵਿਚ ਸੰਕੇਤ ਕੀਤਾ ਗਿਆ ਸੀ ਕਿ ਵਿਅਕਤੀ ਰੁਜ਼ਗਾਰ ਪ੍ਰਾਪਤੀ ਦੇ ਸਭ ਤੋਂ ਵੱਧ ਯੋਗ ਉਦੋਂ ਹੁੰਦੇ ਹਨ, ਜਦੋਂ ਉਸ ਕੋਲ ਵਸੀਹ ਦਾਇਰੇ ਵਾਲੀ ਸਿੱਖਿਆ ਅਤੇ ਸਿਖਲਾਈ ਹੋਵੇ; ਮੁਢਲੀ ਅਤੇ ਤਬਦੀਲੀ ਯੋਗ ਹੁਨਰ ਜਿਸ ਵਿਚ ਟੀਮ-ਵਰਕ, ਸਮੱਸਿਆ ਦਾ ਹੱਲ, ਆਈ ਸੀ ਟੀ, ਸਾਖਰਤਾ ਅਤੇ ਸੰਖਿਅਕੀ ਸ਼ਾਮਿਲ ਹਨ। ਇਹ ਹੁਨਰ ਰੁਜ਼ਗਾਰ ਯੋਗਤਾ ਨੂੰ ਵਧਾਉਂਦੇ ਹਨ। ਪਿਛਲੇ 7 ਸਾਲਾਂ ਦੌਰਾਨ ਨੀਤੀਗਤ, ਯੋਜਨਾ ਅਤੇ ਪ੍ਰਣਾਲੀਗਤ, ਵੱਡੇ ਪੱਧਰ ਦੇ ਦਖ਼ਲ ਅੰਜਾਮ ਦਿਤੇ ਗਏ ਹਨ ਤਾਂ ਕਿ ਸਮਾਜ ਦੇ ਸਭ ਵਰਗਾਂ ਅਤੇ ਪਛੜੇ ਵਰਗਾਂ ਲਈ ਉਜਰਤ ਰੁਜ਼ਗਾਰ ਅਤੇ ਉੱਦਮਤਾ ਲਈ ਹੁਨਰਮੰਦ ਮਨੁੱਖੀ ਸ਼ਕਤੀ ਵਿਚ ਸੁਧਾਰ ਕੀਤਾ ਜਾ ਸਕੇ।

***ਇਸ ਲੇਖ ਦਾ ਕੇਂਦਰ ਬਿੰਦੂ ਮਜ਼ਦੂਰ ਬਾਜ਼ਾਰ ਦੀਆਂ ਵਿਸ਼ੇਸ਼ਤਾਈਆਂ, ਮੁੱਖ ਨੀਤੀਗਤ ਚੁਨੌਤੀਆਂ ਅਤੇ ਪਛੜੇ ਵਰਗਾਂ ਦੇ ਹੁਨਰ ਵਿਚ ਸੁਧਾਰ ਲਈ ਨੀਤੀਗਤ ਜ਼ਰੂਰਤਾਂ ਹੋਵੇਗਾ।***

## ਪਛੜੇ ਵਰਗ, ਮਜ਼ਦੂਰ ਬਾਜ਼ਾਰ ਅਤੇ ਹੁਨਰ ਦਾ ਵਿਕਾਸ

ਮੁੱਖ ਸਵਾਲ ਇਹ ਹੈ ਕਿ ਪਛੜੇ ਹਨ ਕੌਣ? ਕੋਈ ਵਿਅਕਤੀ ਆਰਥਿਕ ਪੱਖ ਜਿਵੇਂ ਆਮਦਨ, ਗਰੀਬੀ ਅਤੇ ਸਮਾਜਿਕ ਪੱਖ ਜਿਵੇਂ ਲਿੰਗ, ਨਸਲ, ਭੂਗੋਲਿਕ ਅਲਹਿਦਗੀ ਜਿਸ ਵਿਚ ਗੁਣਵੱਤਾ ਵਾਲੀ ਸਿੱਖਿਆ, ਰੁਜ਼ਗਾਰ ਦੇ ਮੌਕੇ ਤਕ ਮਾੜੀ ਪਹੁੰਚ, ਸਕੂਲ ਛੱਡਣਾ ਅਤੇ ਅਪਾਹਜ ਵਿਅਕਤੀਆਂ ਵਰਗੇ ਦੋਵਾਂ ਪੱਖਾਂ ਤੋਂ ਪਛੜਿਆ ਹੋ ਸਕਦਾ ਹੈ। ਇਸ ਕਰਕੇ ਪਛੜਿਆਪਨ ਇਕ ਤੋਂ ਵੱਧ ਕਾਰਨਾਂ ਕਰਕੇ ਪਨਪਦਾ ਹੈ ਅਤੇ ਵਰਗ ਇਸ ਤੋਂ ਬਾਹਰੇ ਨਹੀਂ ਹਨ। ਇਹ ਵੇਖਦਿਆਂ ਕਿ ਸਿੱਖਿਆ ਅਤੇ ਸਿਖਲਾਈ ਨੌਜਵਾਨਾਂ ਦੇ ਮੁਢਲੇ ਹੁਨਰ ਵਿਚ ਵਾਧਾ ਕਰਕੇ ਉਨ੍ਹਾਂ ਨੂੰ ਸਨਮਾਨਜਨਕ ਕੰਮ ਲਈ ਤਾਕਤ ਦਿੰਦੇ ਹਨ, ਪਛੜੇ, ਸਕੂਲ ਛੱਡ ਚੁੱਕੇ ਅਤੇ ਘੱਟ ਪੜ੍ਹੇ-ਲਿਖੇ ਨੌਜਵਾਨ ਸਭ ਤੋਂ ਜ਼ਿਆਦਾ ਪਛੜੇਪਨ ਦੇ ਸ਼ਿਕਾਰ ਹੁੰਦੇ ਹਨ ਕਿਉਂਕਿ ਸਿੱਖਿਆ ਅਤੇ ਸਿਖਲਾਈ ਤੋਂ ਵਾਂਝੇ ਰਹਿਣ ਕਰਕੇ ਉਨ੍ਹਾਂ ਨੂੰ ਅੱਲੜ੍ਹ ਉਮਰੇ ਮਜ਼ਦੂਰ ਬਾਜ਼ਾਰ ਵਿਚ ਦਾਖ਼ਲ ਹੋਣਾ ਪੈਂਦਾ ਹੈ, ਜਿਥੇ ਘੱਟ ਉਜਰਤ ਅਤੇ ਮਾੜੀ ਗੁਣਵੱਤਾ ਵਾਲੀ ਨੌਕਰੀ ਹੋਣ ਕਰਕੇ ਉਹ ਅੰਤਰ-ਪੀੜ੍ਹੀ ਗਰੀਬੀ ਅਤੇ ਸਮਾਜਿਕ ਬੇਦਖ਼ਲੀ ਦੇ ਘੋਰ ਕੁਚੱਕਰ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਕਰਕੇ, ਹੁਨਰ ਵਿਕਾਸ ਦੇ ਪ੍ਰਭਾਵਾਂ ਨੂੰ ਸਮਝਣ ਲਈ ਮਜ਼ਦੂਰ ਬਾਜ਼ਾਰ ਦੇ ਦ੍ਰਿਸ਼ ਨੂੰ ਸਮਝਣਾ ਜ਼ਰੂਰੀ ਹੈ।

ਭਾਰਤ ਦਾ ਮਜ਼ਦੂਰ ਬਾਜ਼ਾਰ ਦੋਹਰੇਪਨ ਵਾਲਾ ਹੈ, ਜਿਥੇ 92.9 ਪ੍ਰਤਿਸ਼ਤ (435.66 ਮਿਲੀਅਨ) ਅਸੰਗਠਿਤ ਖੇਤਰ ਅਤੇ ਸਿਰਫ਼ 8.1 ਪ੍ਰਤਿਸ਼ਤ (38.56 ਮਿਲੀਅਨ) ਸੰਗਠਿਤ ਖੇਤਰ ਵਿਚ ਕੰਮ ਕਰਦੇ ਹਨ। ਹੋਰ, ਇਸ ਵਿਚੋਂ ਜ਼ਿਆਦਾਤਰ ਰੁਜ਼ਗਾਰ ਪੇਂਡੂ ਖੇਤਰਾਂ ਦੇ ਅਸੰਗਠਿਤ ਖੇਤਰ ਵਿਚ ਹੈ, ਜਿਥੇ 68 ਪ੍ਰਤਿਸ਼ਤ ਜਨ-ਸੰਖਿਆ ਨਿਵਾਸ ਕਰਦੀ ਹੈ। ਮਜ਼ਦੂਰ ਬਾਜ਼ਾਰ ਵਿਚ, ਖ਼ਾਸ ਕਰਕੇ ਪੇਂਡੂ ਖੇਤਰਾਂ ਵਿਚ ਔਰਤਾਂ ਦੀ ਭਾਗੀਦਾਰੀ ਵੀ ਘਟ ਰਹੀ ਹੈ, ਜਿਥੇ ਸਾਰੇ ਉਮਰ ਵਰਗਾਂ (0+) ਵਿਚ ਇਹ 22.5 ਪ੍ਰਤਿਸ਼ਤ ਦੇ ਲਗਭਗ ਹੈ। ਜੇ ਸਿੱਖਿਆ ਪੱਖੋਂ ਪਛੜੇਪਨ ਦੀ ਗੱਲ ਕਰੀਏ ਤਾਂ ਮਜ਼ਦੂਰ ਬਾਜ਼ਾਰ ਵਿਚ ਦਾਖ਼ਲ ਹੋਣ ਵਾਲੇ 30 ਪ੍ਰਤਿਸ਼ਤ ਕੋਰੇ ਅਨਪੜ੍ਹ ਅਤੇ 24 ਪ੍ਰਤਿਸ਼ਤ ਸਿਰਫ਼ ਮੁਢਲੀ ਸਿੱਖਿਆ ਪ੍ਰਾਪਤ ਹੁੰਦੇ ਹਨ। ਮੁਢਲੀ ਸਿੱਖਿਆ ਦੇ ਨਾਲ ਮਜ਼ਦੂਰ ਸ਼ਕਤੀ ਦੇ ਅਨੁਪਾਤ ਪੱਖੋਂ ਸਿਰਫ਼ 30 ਪ੍ਰਤਿਸ਼ਤ ਸੈਕੰਡਰੀ ਜਾਂ ਇਸ ਤੋਂ ਵੱਧ ਸਿੱਖਿਆ ਯਾਫ਼ਤਾ ਹੁੰਦੇ ਹਨ।

ਮਿਡਲ ਅਤੇ ਸੈਕੰਡਰੀ ਪੱਧਰ 'ਤੇ ਲੜਕੀਆਂ ਅਤੇ ਲੜਕਿਆਂ ਵਲੋਂ ਸਕੂਲ ਛੱਡ ਜਾਣਾ, ਮਾਮਲੇ ਨੂੰ ਹੋਰ ਵੀ ਜਟਿਲ ਬਣਾ ਦਿੰਦਾ ਹੈ। ਯੂ ਡੀ ਆਈ ਐੱਸ ਈ ਦੇ 2013-14 ਦੇ ਅੰਕੜਿਆਂ ਮੁਤਾਬਕ 20 ਪ੍ਰਤਿਸ਼ਤ ਪੰਜਵੀਂ ਜਮਾਤ ਪੂਰੀ ਕਰਨ ਤੋਂ ਪਹਿਲਾਂ ਅਤੇ 47.4 ਪ੍ਰਤਿਸ਼ਤ ਸੈਕੰਡਰੀ ਸਿੱਖਿਆ ਪੂਰੀ ਕਰਨ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ। ਸਿੱਖਿਆ ਦਾ ਇਹ ਨਿਮਨ ਪੱਧਰ ਹੁਨਰ ਦੇ ਨੀਵੇਂ ਪੱਧਰ ਨੂੰ ਜਨਮ ਦਿੰਦਾ ਹੈ। ਮਜ਼ਦੂਰ ਬਾਜ਼ਾਰ ਵਿਚ ਦਾਖ਼ਲ ਹੋਣ ਵਾਲੇ ਵਿਅਕਤੀਆਂ ਵਿਚੋਂ 3 ਪ੍ਰਤਿਸ਼ਤ ਨੇ ਸੰਗਠਿਤ ਅਤੇ 7 ਪ੍ਰਤਿਸ਼ਤ ਨੇ ਅਸੰਗਠਿਤ ਹੁਨਰ ਦੀ ਸਿਖਲਾਈ ਲਈ ਹੁੰਦੀ ਹੈ (ਈ ਯੂ ਐੱਸ 2011-12)। ਦੂਜੇ ਸ਼ਬਦਾਂ ਵਿਚ, 90 ਪ੍ਰਤਿਸ਼ਤ ਮਜ਼ਦੂਰਾਂ ਕੋਲ ਹੁਨਰ ਆਧਾਰਿਤ ਕਿੱਤਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦਾ ਹੁਨਰ ਨਹੀਂ ਹੁੰਦਾ। ਕੁੱਲ ਗਿਣਤੀ ਵਿਚੋਂ, ਸੰਗਠਿਤ ਸਿਖਲਾਈ ਹਾਸਲ ਕਰਨ ਵਾਲੀਆਂ ਔਰਤਾਂ (2.79 ਮਿਲੀਅਨ) ਦਾ ਅਨੁਪਾਤ ਮਰਦਾਂ (8.63 ਮਿਲੀਅਨ) ਨਾਲੋਂ ਬਹੁਤ ਘੱਟ ਹੈ। ਅਸੰਗਠਿਤ ਸਿਖਲਾਈ ਦੇ ਖੇਤਰ ਵਿਚ ਵੀ ਇਹੀ ਹਾਲਤ ਹੈ।

ਖੇਤਰੀ ਵੰਡ ਦੇ ਮਾਮਲੇ ਵਿਚ 48 ਪ੍ਰਤਿਸ਼ਤ ਖੇਤੀ ਖੇਤਰ ਵਿਚ ਕੰਮ ਕਰ ਰਹੇ ਹਨ, ਜੋ ਕੁੱਲ ਘਰੇਲੂ ਉਤਪਾਦ ਵਿਚ ਕੇਵਲ 16 ਪ੍ਰਤਿਸ਼ਤ ਹਿੱਸਾ ਪਾਉਂਦਾ ਹੈ, ਜੋ ਨਿਮਨ ਉਤਪਾਦਨ ਪੱਧਰ ਜਾਂ ਬੇਰੁਜ਼ਗਾਰੀ ਦਾ ਸੂਚਕ ਹੈ। ਖੇਤੀ ਖੇਤਰ ਵਿਚ ਲੱਗੇ ਜ਼ਿਆਦਾਤਰ ਵਿਅਕਤੀ ਸਵੈ-ਰੁਜ਼ਗਾਰ ਤਹਿਤ ਹਨ। ਨਾਲ ਹੀ, ਇਕ ਵੱਡੀ ਗਿਣਤੀ ਘੱਟ ਮਜ਼ਦੂਰੀ ਵਾਲੇ ਗ਼ੈਰ-ਨਿਰਮਾਣ, ਯਾਨਿ ਉਸਾਰੀ ਦੇ ਖੇਤਰ ਵਿਚ ਲੱਗੀ ਹੋਈ ਹੈ।

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਇਹ ਵੀ ਵੇਖਿਆ ਗਿਆ ਕਿ ਅਪਾਹਜਾਂ ਦੀ ਗਿਣਤੀ 2.68 ਕਰੋੜ ਸੀ, ਜਿਨ੍ਹਾਂ ਵਿਚੋਂ 1.57 ਕਰੋੜ ਕੰਮ ਕਰਨ ਵਾਲੀ ਉਮਰ ਦੇ ਸਨ। ਅਪਾਹਜਾਂ ਬਾਰੇ 1995 ਦਾ ਐਕਟ ਲਾਗੂ ਹੋਣ ਦੇ ਬਾਵਜੂਦ ਉਨ੍ਹਾਂ ਦੀ ਲਾਭਕਾਰੀ ਰੁਜ਼ਗਾਰ ਦੀ ਲੋੜ ਅਧੂਰੀ ਹੀ ਰਹੀ। ਪੇਂਡੂ ਖੇਤਰਾਂ ਵਿਚ ਅਪਾਹਜਾਂ ਦਾ ਅਨੁਪਾਤ ਵੱਧ ਹੈ, ਜਿਥੇ ਸਿਹਤ ਸੇਵਾਵਾਂ ਤਕ ਰਸਾਈ ਬਹੁਤ ਮਾੜੀ ਹੈ ਅਤੇ ਆਮ ਗਰੀਬੀ ਦਾ ਬੋਲਬਾਲਾ ਹੈ। ਦਿਹਾਤੀ ਅਪਾਹਜ ਵਿਅਕਤੀ ਹੁਨਰ ਅਤੇ ਮਜ਼ਦੂਰ ਬਾਜ਼ਾਰ ਨਾਲੋਂ ਕਾਫ਼ੀ ਕਟੇ ਹੋਏ ਹਨ।

ਨੌਜਵਾਨ ਬਹੁਤ ਕਮਜ਼ੋਰ ਅਤੇ ਖ਼ਤਰਨਾਕ ਸਥਿਤੀ ਵਿਚ ਪਾਏ ਗਏ ਹਨ। ਐੱਨ ਐੱਸ ਐੱਸ ਓ, ਈ ਯੂ ਐੱਸ ਦੇ 2011-12 ਦੇ ਸਰਵੇਖਣ ਮੁਤਾਬਕ ਸਾਰੇ ਉਮਰ ਵਰਗਾਂ ਦੇ ਪੁਰਸ਼ਾਂ ਅਤੇ ਇਸਤਰੀਆਂ ਦੀ ਬੇਰੁਜ਼ਗਾਰੀ ਦਰ ਕ੍ਰਮਵਾਰ 2.4 ਪ੍ਰਤਿਸ਼ਤ ਅਤੇ 3.7 ਪ੍ਰਤਿਸ਼ਤ ਸੀ, ਜਦ ਕਿ ਨੌਜਵਾਨਾਂ (15-29 ਸਾਲ) ਦੇ ਵੱਖ-ਵੱਖ ਵਰਗਾਂ ਵਿਚ ਇਹ 6.1 ਪ੍ਰਤਿਸ਼ਤ ਤੋਂ 15.6 ਪ੍ਰਤਿਸ਼ਤ ਦੇ ਦਰਮਿਆਨ ਸੀ। ਸ਼ਹਿਰੀ ਔਰਤਾਂ ਦੀ 15.6 ਪ੍ਰਤਿਸ਼ਤ ਦੀ ਬੇਰੁਜ਼ਗਾਰੀ ਦਰ ਸਭ ਨਾਲੋਂ ਵੱਧ ਸੀ। ਇਸ ਦਾ ਇਕ ਕਾਰਨ ਢੁੱਕਵੇਂ ਮੌਕਿਆਂ ਦੀ ਤਲਾਸ਼ ਜਾਂ ਸਮਾਜਿਕ ਬੰਧਨਾਂ ਕਰਕੇ ਬੇਰੁਜ਼ਗਾਰ ਰਹਿਣ ਲਈ ਪਰਿਵਾਰਕ ਸਹਾਇਤਾ ਵੀ ਹੋ ਸਕਦੀ ਹੈ। 15-29 ਸਾਲ ਦੇ ਉਮਰ ਵਰਗ ਵਿਚ ਇਹ ਸਭ ਤੋਂ ਮਾੜੀ ਸੀ, ਜਿਸ ਦਾ ਕਾਰਨ ਸ਼ਾਇਦ ਉਪਲਬਧ ਨੌਕਰੀਆਂ ਅਤੇ ਆਸਾਂ ਦਾ ਬੇਮੇਲ ਹੋਣਾ ਸੀ। ਦਿਹਾਤੀ ਖੇਤਰਾਂ ਵਿਚ ਜ਼ਿਆਦਾਤਰ ਨੌਜਵਾਨ ਖੇਤੀ ਵਿਚ ਲੱਗੇ ਹੋਏ ਹਨ। ਰਸਮੀ ਤੌਰ ਤੇ ਸਿੱਖਿਅਤ ਅਤੇ ਕਿੱਤਾ ਸਿਖਲਾਈ ਵਾਲੇ ਵਿਅਕਤੀਆਂ ਦੀ ਬੇਰੁਜ਼ਗਾਰੀ ਦਰ ਵੀ ਬਹੁਤ ਜ਼ਿਆਦਾ ਸੀ, ਜਿਸ ਦਾ ਕਾਰਨ ਸ਼ਾਇਦ ਹੁਨਰ ਦਾ ਬੇਮੇਲ ਅਤੇ ਢੁੱਕਵੀਆਂ ਨੌਕਰੀਆਂ ਦੀ ਗ਼ੈਰ-ਉਪਲਬਧਤਾ ਹੋ ਸਕਦੇ ਹਨ। ਇਹ ਵੇਖਿਆ ਗਿਆ ਕਿ ਬਿਨਾਂ ਵਰਗ ਭੇਦ ਦੇ, ਪਛੜੇ ਯੁਵਕ ਸੀਮਾਂਤੀਕਰਨ ਅਤੇ ਸਮਾਜਿਕ ਬੇਦਖ਼ਲੀ ਦੇ ਖ਼ਤਰੇ ਹੇਠ ਜ਼ਿਆਦਾ ਹਨ। ਐੱਨ ਐੱਸ ਐੱਸ ਓ ਦੇ ਉਪਲਬਧ ਅੰਕੜੇ ਦਿਖਾਉਂਦੇ ਹਨ ਕਿ 15-24 ਸਾਲਾਂ ਦੇ ਸਾਥੀ ਸੰਚਾਲਤ ਗਰੀਬੀ ਦੇ ਖ਼ਤਰੇ ਹੇਠ ਵੱਧ ਹਨ ਕਿਉਂਕਿ ਉਹ ਘੱਟ ਉਜਰਤ ਵਾਲੀਆਂ ਨੌਕਰੀਆਂ ਚੁਣ ਕੇ ਮਜ਼ਦੂਰ ਬਾਜ਼ਾਰ ਵਿਚ ਦਾਖ਼ਲ ਹੁੰਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਢੁੱਕਵਾਂ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਬਾਜ਼ਾਰ ਨੂੰ ਛੱਡ ਦਿੰਦੇ ਹਨ। ਬੇਰੁਜ਼ਗਾਰੀ ਦੀ ਇਸ ਉੱਚੀ ਪੱਧਰ ਦਾ ਕਾਰਨ ਨੌਕਰੀ ਲੱਭਣ ਵਿਚ ਅਸਫ਼ਲਤਾ, ਹੁਨਰ ਜਾਂ ਸਿਖਲਾਈ ਦੇ ਮੌਕਿਆਂ ਦੀ ਕਮੀ ਜਾਂ ਪ੍ਰਾਪਤ ਹੁਨਰ ਦੀ ਘੱਟ ਮੰਗ ਹੋ ਸਕਦੇ ਹਨ, ਜਿਸ ਨਾਲ ਹੁਨਰ ਦਾ ਮੇਚ ਨਹੀਂ ਬਣਦਾ। ਨੌਜਵਾਨਾਂ ਵਿਚ ਬੇਰੁਜ਼ਗਾਰੀ ਨਾਲ ਉਤਪਾਦਨ ਵਿਚ ਕਮੀ, ਹੁਨਰ ਨੂੰ ਖੋਰਾ, ਸਰਗਰਮੀ ਦੇ ਪੱਧਰ ਵਿਚ ਕਮੀ ਅਤੇ ਵਧੀਆਂ ਹੋਈਆਂ ਸਮਾਜਿਕ ਵੰਡੀਆਂ ਹੋ ਸਕਦੀਆਂ ਹਨ। ਪਰ, ਇਕੱਲਾ ਹੁਨਰ ਦਾ ਵਿਕਾਸ ਹੀ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਦੇ ਸਮਰੱਥ ਨਹੀਂ, ਉਨ੍ਹਾਂ ਹੁਨਰ ਵਰਗਾਂ ਲਈ ਨੌਕਰੀ ਦੇ ਮੌਕਿਆਂ ਦੀ ਵੀ ਜ਼ਰੂਰਤ ਹੈ। ਪਛੜੇ ਸਮੂਹਾਂ ਦਾ ਇਹ ਮੁੱਲੰਕਣ ਉਨ੍ਹਾਂ ਸਮੱਸਿਆਵਾਂ ਅਤੇ ਚੁਨੌਤੀਆਂ ਨੂੰ ਸਾਹਮਣੇ ਲਿਆਉਂਦਾ ਹੈ, ਜਿਨ੍ਹਾਂ ਦੇ ਹੱਲ ਨਾਲ ਹੁਨਰ ਦੇ ਵਿਕਾਸ ਰਾਹੀਂ ਰੁਜ਼ਗਾਰ ਯੋਗਤਾ ਵਿਚ ਸੁਧਾਰ ਆਵੇਗਾ।

## ਪਛੜੇ ਵਰਗਾਂ ਦੀਆਂ ਸਮੱਸਿਆਵਾਂ ਅਤੇ ਚੁਨੌਤੀਆਂ

ਆਈ ਐੱਲ ਓ ਦੀ ਜੀਵਨ ਚੱਕਰ ਪਹੁੰਚ ਇਸ਼ਾਰਾ ਕਰਦੀ ਹੈ ਕਿ ਖ਼ਤਰਿਆਂ ਅਤੇ ਖੱਪਿਆਂ ਨੂੰ ਚੜ੍ਹਦੀ ਉਮਰੇ ਠੱਲ੍ਹ ਪਾਉਣ ਦੀ ਲੋੜ ਹੈ ਤਾਂ ਕਿ ਲੋਕਾਂ ਦੀ ਸਨਮਾਨਜਨਕ ਨੌਕਰੀ ਵੱਲ ਜਾਣ ਦੀ ਪ੍ਰਕਿਰਿਆ ਸੌਖੀ ਹੋ ਸਕੇ। ਇਹ ਵੇਖਦਿਆਂ ਕਿ ਭਾਰਤ ਦੀ 70 ਪ੍ਰਤਿਸ਼ਤ ਵਸੋਂ ਹਾਲੇ ਵੀ ਪੇਂਡੂ ਖੇਤਰਾਂ ਵਿਚ ਰਹਿ ਕੇ ਪਰਿਵਾਰ ਦੀ ਖੇਤੀਬਾੜੀ ਵਿਚ ਮਦਦ ਕਰਦੀ ਹੈ, ਉਨ੍ਹਾਂ ਨੂੰ ਖੇਤੀ ਅਤੇ ਸੰਬੰਧਿਤ ਸਰਗਰਮੀਆਂ ਵਿਚ ਢੁੱਕਵੇਂ ਉਤਪਾਦ, ਵਿੱਤ ਅਤੇ ਮਜ਼ਦੂਰ ਬਾਜ਼ਾਰ ਸੰਪਰਕਾਂ ਨਾਲ ਹੁਨਰਮੰਦ ਕਰਨ ਦੀ ਲੋੜ ਹੈ। ਇਸ ਨਾਲ ਔਰਤਾਂ ਦੀ ਭਾਗੀਦਾਰੀ ਵਧੇਗੀ ਅਤੇ ਘੱਟ ਉਜਰਤ ਵਾਲੀਆਂ ਨੌਕਰੀਆਂ ਲਈ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਹਿਜਰਤ 'ਤੇ ਲਗਾਮ ਲੱਗੇਗੀ। ਸਿੱਖਿਆ ਦਾ ਘਟੀਆ ਮਿਆਰ ਅਤੇ ਹੁਨਰ ਦਾ ਨਿਮਨ ਮਿਆਰ ਸਕੂਲ ਛੱਡ ਚੁੱਕੇ ਅਤੇ ਮਜ਼ਦੂਰ ਬੱਚਿਆਂ ਨੂੰ ਅਸੰਗਠਿਤ ਖੇਤਰ ਵਿਚ ਘੱਟ ਉਜਰਤ ਵਾਲੀਆਂ ਨੌਕਰੀਆਂ ਕਰਨ ਲਈ ਮਜਬੂਰ ਕਰ ਦਿੰਦਾ ਹੈ। ਚੁਨੌਤੀ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਿੱਖਿਆ ਦੇ ਲਾਭ ਅਤੇ ਚੰਗੀ ਨੌਕਰੀ ਪ੍ਰਾਪਤ ਕਰਨ ਲਈ ਸਿਖਲਾਈ ਦੇ ਮਹੱਤਵ ਬਾਰੇ ਸਲਾਹ-ਮਸ਼ਵਰਾ ਦੇਣ ਦੀ ਹੈ।

ਅਸੰਗਠਿਤ ਖੇਤਰ ਦੀ ਹੁਨਰ ਦੀ ਲੋੜ ਪੂਰੀ ਕਰਨ ਲਈ ਬਹੁਤ ਘੱਟ ਪ੍ਰੋਗਰਾਮ ਹਨ, ਜੋ ਵੱਖ-ਵੱਖ ਭੂਗੋਲਿਕ ਥਾਵਾਂ ਵਿਚ ਫ਼ੈਲਿਆ ਹੋਇਆ ਹੈ। ਕਾਮੇ ਘੱਟ ਉਜਰਤ ਵਾਲੀਆਂ ਨੌਕਰੀਆਂ 'ਤੇ ਲੱਗ ਕੇ ਉਥੇ ਹੀ ਕੰਮ ਸਿੱਖਦੇ ਹਨ। ਚੁਨੌਤੀ, ਸ਼ਗਿਰਦੀ ਦੀ ਸਿਖਲਾਈ ਨੂੰ ਰਸਮੀ ਸਕੂਲ ਪੜ੍ਹਾਈ ਨਾਲ ਜੋੜਨ ਦੀ ਹੈ ਤਾਂ ਕਿ ਨੌਜਵਾਨ ਬੱਚਿਆਂ ਦੇ ਮਨਾਂ ਅੰਦਰ ਕੰਮ ਲਈ ਲੋੜੀਂਦਾ

ਮੁੱਢਲਾ ਹੁਨਰ ਸਿੱਖਣ ਲਈ ਸਕੂਲ ਅੰਦਰ ਬਣੇ ਰਹਿਣ ਦੀ ਭਾਵਨਾ ਬਣੀ ਰਹੇ। ਲੜਕਿਆਂ ਦੇ ਮੁਕਾਬਲੇ ਲੜਕੀਆਂ ਦੇ ਸਕੂਲ ਛੱਡਣ ਦਾ ਅਨੁਪਾਤ ਕਿਤੇ ਜ਼ਿਆਦਾ ਹੈ, ਜਿਸ ਦੇ ਕਾਰਨਾਂ ਵਿਚ ਔਰਤ ਅਧਿਆਪਕਾਂ, ਹੋਸਟਲ ਅਤੇ ਆਵਾਜਾਈ ਦੇ ਸਾਧਨਾਂ ਦੀ ਕਮੀ ਹੋ ਸਕਦੀ ਹੈ। ਹੁਨਰ ਪ੍ਰੋਗਰਾਮ ਵਪਾਰੀਆਂ ਦੇ ਪੱਖ ਵਿਚ ਹਨ, ਜੋ ਪੁਰਸ਼ਾਂ ਦੇ ਵੱਧ ਅਨੁਕੂਲ ਹਨ, ਜੋ ਲੜਕੀਆਂ ਦੀ ਬੇਦਖ਼ਲੀ ਨੂੰ ਵਧਾਉਂਦੇ ਹਨ। ਚੁਨੌਤੀ, ਅਜਿਹੀਆਂ ਸਹੂਲਤਾਂ ਲੜਕੀਆਂ ਨੂੰ ਦੇਣ ਅਤੇ ਸਮੇਂ ਤੇ ਚੰਗੀ ਭਾਗੀਦਾਰੀ ਦੇ ਸੰਦਰਭ ਵਿਚ ਲਚਕ ਵਾਲੇ ਕੋਰਸ ਜਾਰੀ ਕਰਨ ਦੀ ਹੈ।

15-24 ਸਾਲ ਦੇ ਉਮਰ ਵਰਗਾਂ ਵਿਚ ਸੰਚਾਲਤ ਸਾਖਰਤਾ ਨਾਲ ਸਿੱਝਣ ਲਈ ਲਗਾਤਾਰ ਦਖ਼ਲਾਂ ਦੀ ਲੋੜ ਹੈ। ਪਛੜੇ ਬੱਚਿਆਂ ਦੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਵਧਾਈਆਂ ਜਾ ਸਕਦੀਆਂ ਹਨ, ਜੇ ਉਨ੍ਹਾਂ ਨੂੰ ਸਕੂਲਾਂ ਵਿਚ ਰੱਖ ਕੇ ਸਾਖਰ ਬਣਾਇਆ ਜਾ ਸਕੇ। ਇਸ ਵਾਸਤੇ ਸਬਸਿਡੀਆਂ, ਸਕੂਲ ਤੋਂ ਪਹਿਲਾਂ ਦੇ ਵਿਸ਼ੇਸ਼ ਪ੍ਰੋਗਰਾਮ ਅਤੇ ਸਕੂਲਾਂ ਦੀ ਗੁਣਵੱਤਾ ਵਰਗੇ ਦਖ਼ਲਾਂ ਦੀ ਲੋੜ ਹੈ।

ਅਪਾਹਜ ਵਿਅਕੀਆਂ ਨੂੰ ਮਜ਼ਦੂਰ ਬਾਜ਼ਾਰ ਵਿਚ ਦਾਖ਼ਲ ਹੋਣ ਲਈ ਵੀ ਅਨੇਕ ਰੁਕਾਵਟਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਵੇਂ ਕਿ ਸਿੱਖਿਆ ਅਤੇ ਸਿਖਲਾਈ ਦੀ ਕਮੀ; ਵਿੱਤੀ ਸਾਧਨਾਂ ਦੀ ਕਮੀ; ਕੰਮ ਵਾਲੀ ਥਾਂ ਜਾਂ ਕਿੱਤਾ ਜਾਂ ਅਪਾਹਜ ਵਿਅਕਤੀਆਂ ਬਾਰੇ ਮਾਲਕਾਂ ਦੀਆਂ ਬਣੀਆਂ ਧਾਰਨਾਵਾਂ। ਅਪਾਹਜ ਵਿਅਕਤੀਆਂ ਦੇ ਮਾਮਲੇ ਵਿਚ ਮੁੱਖ ਪਾਤਰ ਉਹ ਆਪ, ਸਰਕਾਰ, ਮਾਲਕ ਅਤੇ ਗ਼ੈਰ ਸਰਕਾਰੀ ਸੰਗਠਨ ਹੁੰਦੇ ਹਨ, ਜਿਨ੍ਹਾਂ ਨੂੰ ਚੁਨੌਤੀਆਂ ਅਤੇ ਸੀਮਾਵਾਂ ਨਾਲ ਜੂਝਣਾ ਪੈਂਦਾ ਹੈ, ਜੋ ਭਾਰਤ ਵਿਚ ਅਪੰਗਤਾ ਵਾਲੇ ਵਿਅਕਤੀਆਂ ਦੇ ਰੁਜ਼ਗਾਰ ਵਿਚ ਰੁਕਾਵਟ ਦਾ ਕੰਮ ਕਰਦੇ ਹਨ। ਸਾਰਿਆਂ ਲਈ ਅਤੇ ਖ਼ਾਸ ਕਰਕੇ ਪਛੜੇ ਵਰਗਾਂ ਲਈ ਸਿਖਲਾਈ ਤੋਂ ਬਾਅਦ, ਉੱਦਮੀ ਸਿਖਲਾਈ ਨੂੰ ਤਕਨੀਕੀ ਸਿਖਲਾਈ ਨਾਲ ਏਕੀਕ੍ਰਿਤ ਕਰਨ 'ਤੇ ਨਿਗ੍ਹਾ ਰੱਖਣ ਦੀ ਚੁਨੌਤੀ ਤਾਂ ਕਿ ਨੌਜਵਾਨਾਂ ਨੂੰ ਸਵੈ-ਰੁਜ਼ਗਾਰ, ਉਤਪਾਦ, ਵਿੱਤ ਅਤੇ ਰੁਜ਼ਗਾਰ ਬਾਜ਼ਾਰ ਦੇ ਸੰਬੰਧ ਵਿਚ ਸਹਾਇਕ ਢਾਂਚਾ ਮੁਹੱਈਆ ਕਰਵਾਉਣ, ਮਜ਼ਦੂਰ ਬਾਜ਼ਾਰ ਦੀ ਜਾਣਕਾਰੀ ਅਤੇ ਰਾਸ਼ਟਰੀ ਸੇਵਾਵਾਂ ਵਾਸਤੇ ਤਿਆਰ ਕੀਤਾ ਜਾ ਸਕੇ।

ਇਸ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਥਾਨ, ਭੂਗੋਲ, ਲਿੰਗ, ਸਮਾਜਿਕ ਅਤੇ ਧਾਰਮਿਕ ਵਰਗਾਂ, ਘੱਟ ਸਿੱਖਿਆ ਅਤੇ ਹੁਨਰ ਦੇ ਮਿਆਰ ਦੇ ਸੰਦਰਭ ਵਿਚ ਵਰਗਾਂ ਦੀ ਭਿੰਨਤਾ ਦੇ ਚੱਲਦਿਆਂ ਹੁਨਰਮੰਦੀ ਦੀ ਚੁਨੌਤੀ ਔਖੀ ਹੈ। ਤੇਜ਼ ਆਰਥਿਕ ਵਿਕਾਸ ਅਤੇ ਬਦਲਦੀ ਤਕਨਾਲੋਜੀ ਦੇ ਚਲਦਿਆਂ ਨੌਜਵਾਨਾਂ ਨੂੰ ਚੰਗੀਆਂ ਨੌਕਰੀਆਂ ਦੀ ਭਾਲ ਲਈ ਆਪਣੀਆਂ ਸਮਰੱਥਾਵਾਂ ਵਿਚ ਵਾਧਾ ਕਰਨਾ ਹੋਵੇਗਾ। ਇਸ ਦੇ ਲਈ ਸਿੱਖਿਆ, ਸਿਖਲਾਈ ਅਤੇ ਰੁਜ਼ਗਾਰ ਦੇ ਮੌਕਿਆਂ ਤਕ ਪਹੁੰਚ ਜ਼ਰੂਰੀ ਬਣਾਉਣੀ ਹੋਵੇਗੀ; ਜਿਸ ਦਾ ਨਿਰਧਾਰਨ ਸਮਾਜਿਕ-ਆਰਥਿਕ, ਲਿੰਗ, ਭੂਗੋਲਿਕ ਸਥਾਨ, ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦੁਆਰਾ ਕੀਤਾ ਜਾਂਦਾ ਹੈ।

## ਸਿੱਖਿਆ ਅਤੇ ਹੁਨਰ ਵਿਚ ਸੁਧਾਰ ਲਈ ਦਖ਼ਲ

ਇਹ ਵੇਖਦਿਆਂ ਕਿ ਮਜ਼ਦੂਰ ਬਾਜ਼ਾਰ ਜਾਂ ਇਸ ਵਿਚ ਦਾਖ਼ਲ ਹੋਣ ਵਾਲਿਆਂ ਦੀ ਇਕ ਵੱਡੀ ਗਿਣਤੀ ਕੋਲ ਮੁਢਲੀ ਸਿੱਖਿਆ ਅਤੇ ਰੁਜ਼ਗਾਰ ਯੋਗਤਾ ਹੁਨਰ ਦੀ ਕਮੀ ਹੈ; ਲੋੜ ਇਸ ਗੱਲ ਦੀ ਹੈ ਕਿ ਸਿੱਖਿਆ ਅਤੇ ਸਿਖਲਾਈ ਲਈ ਢੁਕਵੀਆਂ ਪਹਿਲਕਦਮੀਆਂ ਕੀਤੀਆਂ ਜਾਣ। ਸਿੱਖਿਆ ਦਾ ਅਧਿਕਾਰ ਐਕਟ, 2009 ਅਤੇ ਰਾਸ਼ਟਰੀ ਸਿੱਖਿਆ ਮਾਧਿਅਮਿਕ ਅਭਿਆਨ ਵਰਗੇ ਕਦਮਾਂ ਦਾ ਉਦੇਸ਼ ਸਕੂਲ ਛੱਡਣ ਵਾਲੇ ਬੱਚਿਆਂ ਦੀ ਸੰਖਿਆ ਵਿਚ ਕਮੀ ਅਤੇ ਸੈਕੰਡਰੀ ਪੱਧਰ ਤਕ ਮੁੱਢਲੀ ਸਿੱਖਿਆ ਦਾ ਸੁਧਾਰ ਕਰਨਾ ਹੈ। ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਾ ਰਿਹਾਇਸ਼ੀ ਯੋਜਨਾ ਦਾ ਮੰਤਵ ਸਕੂਲਾਂ ਵਿਚ ਲੜਕੀਆਂ ਨੂੰ ਬਣਾਈ ਰੱਖਣਾ ਹੈ। ਆਰਥਿਕ, ਸਮਾਜਿਕ ਤੌਰ ਤੇ ਪਛੜੇ, ਘੱਟ ਗਿਣਤੀ ਅਤੇ ਅਪਾਹਜ ਵਰਗਾਂ ਲਈ ਵਜ਼ੀਫ਼ਾ ਯੋਜਨਾਵਾਂ ਦਾ ਟੀਚਾ, ਇਨ੍ਹਾਂ ਸਮੂਹਾਂ ਦੇ ਬੱਚਿਆਂ ਦੀ ਸਕੂਲ ਵਿਚ ਭਾਗੀਦਾਰੀ ਅਤੇ ਬਣਾਈ ਰੱਖਣ ਵਿਚ ਸੁਧਾਰ ਅਤੇ ਮੁਢਲੀ ਸਿੱਖਿਆ ਪੂਰੀ ਕਰਨਾ ਹੈ। ਨਾਲ ਹੀ, ਵਜ਼ੀਫ਼ਾ ਅਤੇ ਫੈਲੋਸ਼ਿਪ ਵੱਖ-ਵੱਖ ਵਰਗਾਂ ਨੂੰ ਉਚੇਰੀ ਸਿੱਖਿਆ ਹਾਸਲ ਕਰਨ ਲਈ ਦਿਤੇ ਜਾਂਦੇ ਹਨ। ਔਰਤ ਅਧਿਆਪਕਾਂ ਦੀ ਗਿਣਤੀ ਵਧਾਉਣ, ਸਮਾਜ ਦੀ ਸ਼ਮੂਲੀਅਤ ਵਿਚ ਸੁਧਾਰ ਅਤੇ ਸਵੱਛ ਭਾਰਤ ਮਿਸ਼ਨ ਤਹਿਤ ਪਖ਼ਾਨਿਆਂ ਦੀ ਉਸਾਰੀ ਆਦਿ ਦੀਆਂ ਕੋਸ਼ਿਸ਼ਾਂ ਕੁੱਝ ਅਜਿਹੇ ਕਦਮ ਹਨ, ਜਿਨ੍ਹਾਂ ਨਾਲ ਸਿੱਖਿਆ ਖੇਤਰ ਅਤੇ ਸਿਖਲਾਈ ਪ੍ਰਕਿਰਿਆ ਵਿਚ ਔਰਤਾਂ ਦੀ ਭਾਗੀਦਾਰੀ ਵਿਚ ਸੁਧਾਰ ਹੋ ਸਕਦਾ ਹੈ। ਪਰ ਕਿੱਤਿਆਂ ਦਾ ਦਾਇਰਾ ਵਸੀਹ ਕਰਨ ਅਤੇ ਲਿੰਗ 'ਤੇ ਆਧਾਰਤ ਕਿੱਤਿਆਂ ਨੂੰ ਨਿਖੇੜਨ ਤੋਂ ਰੋਕਣ ਲਈ ਸਮਾਜ ਅਤੇ ਅਧਿਆਪਕਾਂ ਨੂੰ ਜਾਗਰੂਕ ਕਰਨ ਲਈ ਬਹੁਤ ਕੁੱਝ ਹੋਰ ਕਰਨ ਦੀ ਲੋੜ ਹੈ। ਰਾਸ਼ਟਰੀ ਸਾਖਰਤਾ ਮਿਸ਼ਨ 15 ਤੋਂ 35 ਸਾਲਾਂ ਦੇ ਗ਼ੈਰ-ਸਾਖਰਾਂ ਨੂੰ ਸਮਾਂਬੱਧ ਤਰੀਕੇ ਨਾਲ ਸੰਚਾਲਕ ਸਾਖਰਤਾ ਪ੍ਰਦਾਨ ਕਰਦਾ ਹੈ।

ਹੁਨਰ ਵਿਕਾਸ ਦੇ ਖੇਤਰ ਵਿਚ ਹਾਲੇ ਤਕ ਯੋਜਨਾਵਾਂ ਰਾਜਾਂ ਵਲੋਂ ਹੀ ਚਲਾਈਆਂ ਜਾ ਰਹੀਆਂ ਹਨ। ਕਈ ਮਾਮਲਿਆਂ ਵਿਚ ਉਦਯੋਗ ਕਰਮਚਾਰੀ ਨੂੰ ਨੌਕਰੀ ਯੋਗ ਬਣਾਉਣ ਲਈ ਮੁੜ ਸਿੱਖਿਅਤ ਕਰਦੇ ਹਨ। ਲੋੜ ਮੰਗ ਮੁਖੀ ਹੁਨਰ ਵਿਕਸਤ ਕਰਨ ਦੀ ਹੈ ਜੋ ਉਦਯੋਗ ਦੀਆਂ ਲੋੜਾਂ ਪੂਰੀਆਂ ਕਰਦਾ ਹੋਵੇ। ਹੁਨਰ ਵਿਕਾਸ ਅਤੇ ਉੱਦਮਤਾ ਬਾਰੇ 2015 ਦੀ ਰਾਸ਼ਟਰੀ ਨੀਤੀ ਵਿਚ ਬਿਨਾਂ ਕਿਸੇ ਵਿਤਕਰੇ ਦੇ ਸੀਮਾਂਤ ਵਰਗਾਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ, ਹੋਰ ਪਛੜੀਆਂ ਸ਼੍ਰੇਣੀਆਂ, ਔਰਤਾਂ, ਸਕੂਲ ਛੱਡਣ ਵਾਲਿਆਂ, ਅਪਾਹਜਾਂ ਅਤੇ ਕਠਿਨ ਭੂਗੋਲਿਕ ਥਾਵਾਂ 'ਤੇ ਰਹਿਣ ਵਾਲਿਆਂ ਨੂੰ ਹੁਨਰ ਦੇ ਵਿਕਾਸ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਦੀ ਕਲਪਨਾ ਕੀਤੀ ਗਈ ਹੈ ਤਾਂ ਕਿ ਉਨ੍ਹਾਂ ਦੀ ਰੁਜ਼ਗਾਰ ਯੋਗਤਾ, ਉੱਦਮਤਾ ਅਤੇ ਰੁਜ਼ਗਾਰ ਦੇ ਸਨਮਾਨਜਨਕ ਮੌਕਿਆਂ ਤਕ ਪਹੁੰਚ ਨੂੰ ਵਧਾਇਆ ਜਾ ਸਕੇ। ਕੇਂਦਰ ਅਤੇ ਰਾਜ ਸਰਕਾਰਾਂ ਦੇ ਪੱਧਰ 'ਤੇ ਰੁਜ਼ਗਾਰ ਯੋਗਤਾ, ਸਾਰਿਆਂ ਲਈ ਬਰਾਬਰ ਮੌਕੇ, ਉੱਦਮਤਾ ਰੁਜ਼ਗਾਰ ਅਤੇ ਇਨ੍ਹਾਂ ਪਛੜੇ ਵਰਗਾਂ ਦੀ ਹੁਨਰ ਦੀ ਲੋੜ ਪੂਰੀ ਕਰਨ ਦੀਆਂ ਚੁਨੌਤੀਆਂ ਨਾਲ ਸਿੱਝਣ ਲਈ ਵੱਖ-ਵੱਖ ਪਹਿਲਕਦਮੀਆਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਨ੍ਹਾਂ ਪਹਿਲਕਦਮੀਆਂ 'ਤੇ ਝਾਤ, ਸਮਰੱਥਾ ਦਾ ਪਸਾਰ, ਨਤੀਜੇ ਦੇਣ ਦੇ ਨਵੀਨਤਮ ਤਰੀਕੇ ਤੇ ਨਿੱਜੀ ਖੇਤਰ ਦੀ ਸਰਗਰਮ ਹਿੱਸੇਦਾਰੀ ਜ਼ਰੂਰੀ ਬਣਾਉਂਦੀ ਹੈ। ਇਹ ਵੀ ਸਾਹਮਣੇ ਆਉਂਦਾ ਹੈ ਕਿ ਸਿਖਿਆਰਥੀਆਂ ਦੀ ਸੰਖਿਆ ਅਤੇ ਚੰਗੇ ਨਤੀਜੇ ਲਈ ਆਪਸ ਵਿਚ ਟਕਰਾ ਰਹੇ ਪ੍ਰੋਗਰਾਮਾਂ ਨੂੰ ਇਕ ਕਰਨ ਦੇ ਮਾਮਲੇ ਵਿਚ ਨਤੀਜੇ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ, ਨਾ ਕਿ ਪ੍ਰੋਗਰਾਮਾਂ ਦੇ ਉਤਪਾਦਨ ਦੀ। ਸਿੱਖਿਆ

ਅਤੇ ਸਿਖਲਾਈ ਵਿਚ ਵਧੇਰੇ ਨਿਵੇਸ਼ ਦਾ ਕਾਮਿਆਂ ਦੀ ਰੁਜ਼ਗਾਰ ਯੋਗਤਾ, ਉੱਦਮਾਂ ਦੀ ਉਤਪਾਦਕਤਾ ਵਿਚ ਵਾਧੇ 'ਤੇ ਅਸਰ ਪਵੇਗਾ; ਜਿਸ ਨਾਲ ਸਮੁੱਚੇ ਆਰਥਿਕ ਵਿਕਾਸ ਅਤੇ ਸਮਾਜਿਕ ਇਕਜੁੱਟਤਾ ਵੱਲ ਕਦਮ ਵਧਣਗੇ।

## ਸਕੂਲਾਂ ਵਿਚ ਰਹਿਣ ਨੂੰ ਯਕੀਨੀ ਬਣਾਉਣਾ

ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਵਿਦਿਆਰਥੀ ਸੈਕੰਡਰੀ ਪੱਧਰ ਤਕ ਚੰਗੀ ਵਿੱਦਿਆ ਹਾਸਲ ਕਰਨ। ਕੇਂਦਰ ਅਤੇ ਰਾਜ ਪੱਧਰ 'ਤੇ ਸਰਕਾਰੀ ਵਜ਼ੀਫ਼ਿਆਂ ਦੀ ਸਿੱਧੀ ਅਦਾਇਗੀ, ਹੋਸਟਲ ਸਹੂਲਤ, ਮਿਡ ਡੇ ਮੀਲ ਆਦਿ ਜਿਹੇ ਵੱਖ-ਵੱਖ ਕਾਰਜ ਵਿਦਿਆਰਥੀਆਂ ਨੂੰ ਉਤਸ਼ਾਹਿਤ ਰਹੇ ਹਨ, ਜਿਸ ਨਾਲ ਸਕੂਲਾਂ ਵਿਚ ਹਾਜ਼ਰੀ ਵਧੀ ਹੈ। ਮਾਪਿਆਂ ਨੂੰ ਵੀ ਆਮਦਨ ਸੁਰੱਖਿਆ ਵਾਸਤੇ ਮਨਰੇਗਾ, ਅੰਨ ਸੁਰੱਖਿਆ, ਅਟਲ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਆਦਿ ਸਮਾਜਿਕ ਸੁਰੱਖਿਆ ਦੇ ਕਈ ਪ੍ਰੋਤਸਾਹਨ ਦਿਤੇ ਜਾ ਰਹੇ ਹਨ। ਆਸ ਕੀਤੀ ਜਾਂਦੀ ਹੈ ਕਿ ਇਹ ਕਦਮ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਵਿਚ ਰੱਖਣ ਅਤੇ ਉਨ੍ਹਾਂ ਨੂੰ ਕਮਾਈ ਕਰਨ ਲਈ ਨਾ ਭੇਜਣ ਵਾਸਤੇ ਉਤਸ਼ਾਹਿਤ ਕਰਨਗੇ। ਲੋੜ ਇਸ ਦੇ ਅਮਲ 'ਤੇ ਨਜ਼ਰ ਰੱਖਣ ਅਤੇ ਯਕੀਨੀ ਬਣਾਉਣ ਦੀ ਹੈ ਕਿ ਬੱਚੇ ਜਮਾਤਾਂ ਵਿਚ ਜਾ ਰਹੇ ਹਨ। ਇਸ ਵਾਸਤੇ ਜ਼ਰੂਰੀ ਹੈ ਕਿ ਉਨ੍ਹਾਂ ਬੱਚਿਆਂ 'ਤੇ ਨਿਗਰਾਨੀ ਰੱਖੀ ਜਾਵੇ ਤੇ ਢੁੱਕਵੀਂ ਸਲਾਹ ਦਿਤੀ ਜਾਵੇ ਜੋ ਸਕੂਲ ਛੱਡਣ ਬਾਰੇ ਸੋਚ ਰਹੇ ਹਨ। ਜਿਹੜੇ ਬੱਚੇ ਔਖੇ ਤੇ ਦੁਰਾਡੇ ਖੇਤਰਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਮੁਢਲੀ ਸਿੱਖਿਆ ਪ੍ਰਦਾਨ ਕਰਨ ਲਈ ਜ਼ਰੂਰੀ ਹੈ ਕਿ ਦੁਰੇਡੇ ਦੀ ਸਿੱਖਿਆ ਜਾਂ ਈ-ਸਿੱਖਿਆ ਦੇ ਤਰੀਕਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ। ਨੈਸ਼ਨਲ ਇੰਸਟੀਚਿਊਟ ਫਾਰ ਓਪਨ ਸਕੂਲਿੰਗ (ਐੱਨ ਆਈ ਓ ਐੱਸ) ਇਸ ਦਿਸ਼ਾ ਵੱਲ ਇਕ ਕਦਮ ਹੈ। ਸਕੂਲ ਵਿਚ ਜਾਣ ਲਈ ਦੂਜਾ ਮੌਕਾ ਦੇਣ ਦੀ ਲੋੜ ਹੈ। ਪ੍ਰਥਮ ਵਲੋਂ ਇਸ ਦਿਸ਼ਾ ਵਿਚ ਪਹਿਲਕਦਮੀ ਕੀਤੀ ਗਈ ਹੈ। ਪ੍ਰਥਮ ਓਪਨ ਸਕੂਲ ਆਫ਼ ਐਜੂਕੇਸ਼ਨ (ਪੀ ਓ ਐੱਸ ਈ) ਪ੍ਰੋਗਰਾਮ ਉਨ੍ਹਾਂ ਲੜਕੀਆਂ ਤੇ ਔਰਤਾਂ ਦੀ ਸੈਕੰਡਰੀ ਸਿੱਖਿਆ ਪੂਰੀ ਕਰਨ ਵਿਚ ਮਦਦ ਕਰਦਾ ਹੈ ਜਿਨ੍ਹਾਂ ਨੇ ਸਕੂਲ ਜਾਣਾ ਛੱਡ ਦਿਤਾ ਹੈ। ਨਾਲ ਦੀ ਨਾਲ ਹੁਨਰ ਪ੍ਰਦਾਨ ਕਰਕੇ ਉਨ੍ਹਾਂ ਨੂੰ ਰੁਜ਼ਗਾਰ ਦੇ ਯੋਗ ਵੀ ਬਣਾਇਆ ਜਾਂਦਾ ਹੈ ਅਤੇ ਦਖ਼ਲ ਦੇ ਕੇ ਸਕੂਲ ਛੱਡਣ ਤੋਂ ਰੋਕਿਆ ਜਾਂਦਾ ਹੈ। ਅਜਿਹੀਆਂ ਕੋਸ਼ਿਸ਼ਾਂ ਵਿਚ ਵਾਧਾ ਕਰਨ ਦੀ ਲੋੜ ਹੈ।

## ਸਕੂਲਾਂ ਦੇ ਬੁਨਿਆਦੀ ਢਾਂਚੇ 'ਚ ਸੁਧਾਰ

ਸਕੂਲਾਂ ਵਿਚ ਬੱਚਿਆਂ ਦੇ ਬਣੇ ਰਹਿਣ ਦਾ ਸਵਾਲ ਢੁੱਕਵੇਂ ਸਕੂਲੀ ਬੁਨਿਆਦੀ ਢਾਂਚੇ ਦੀ ਉਪਲਬਧਤਾ ਦੇ ਨਾਲ ਸਿੱਧਾ ਜੁੜਿਆ ਹੋਇਆ ਹੈ - ਭੌਤਿਕ ਬੁਨਿਆਦੀ ਢਾਂਚਾ ਅਤੇ ਮਨੁੱਖੀ ਸਰੋਤ ਜਿਸ ਵਿਚ ਔਰਤ ਅਧਿਆਪਕਾਵਾਂ ਦੀ ਅਣਹੋਂਦ ਕਰਕੇ ਆਪਣੀਆਂ ਬੱਚੀਆਂ ਨੂੰ ਸਕੂਲ ਨਹੀਂ ਭੇਜਦੇ। ਅਧਿਆਪਕਾਂ ਦੀ ਬਹੁਤ ਵੱਡੀ ਕਮੀ ਹੈ, ਖ਼ਾਸ ਕਰਕੇ ਵੱਡੀ ਜਨ-ਸੰਖਿਆ ਵਾਲੇ ਰਾਜਾਂ ਅੰਦਰ। ਪੜ੍ਹਾਈ ਦਾ ਚੰਗਾ ਵਾਤਾਵਰਨ ਸਿਰਜਣ ਦੇ ਲਈ ਜ਼ਰੂਰੀ ਹੈ ਕਿ ਵਧੀਆ ਗੁਣਵੱਤਾ ਵਾਲੇ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ। ਭਾਰਤ ਅੰਦਰ 11 ਪ੍ਰਤਿਸ਼ਤ ਪ੍ਰਾਇਮਰੀ ਸਕੂਲ ਇਕ ਅਧਿਆਪਕ ਵਾਲੇ ਹਨ, ਜਦ ਕਿ ਅਧਿਆਪਕਾਂ ਦੀਆਂ 40 ਪ੍ਰਤਿਸ਼ਤ ਅਸਾਮੀਆਂ ਖਾਲੀ ਹਨ। ਸਾਰੇ ਖੇਤਰਾਂ ਵਿਚ ਇਕਸਾਰ ਅਧਿਆਪਕ ਤਾਇਨਾਤ ਕਰਨ ਦੀ ਵੀ ਲੋੜ ਹੈ।

## ਸਿੱਖਿਆ, ਸਿਖਲਾਈ ਨੂੰ ਕੰਮ ਦੀ ਦੁਨੀਆਂ ਨਾਲ ਜੋੜਨਾ

ਸਿੱਖਿਆ, ਸਿਖਲਾਈ ਪ੍ਰਣਾਲੀ ਅਤੇ ਕੰਮ ਦੀ ਦੁਨੀਆਂ ਦਰਮਿਆਨ ਸੰਬੰਧ ਸਥਾਪਤ ਕਰਨ ਦੀ ਲੋੜ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਗਿਆ ਹੈ। 9ਵੀਂ ਜਮਾਤ ਤੋਂ ਕਿੱਤਾਮੁਖੀ ਸਿੱਖਿਆ ਦੀ ਸ਼ੁਰੂਆਤ, ਬੱਚਿਆਂ ਨੂੰ ਸਕੂਲ ਵਿਚ ਰਹਿਣ ਅਤੇ ਕੰਮ ਵਾਸਤੇ ਬੁਨਿਆਦੀ ਹੁਨਰ ਸਿੱਖਣ ਲਈ ਉਤਸ਼ਾਹਿਤ ਕਰੇਗੀ। ਇਸ ਸਦਕਾ ਈ-ਸ਼ਾਗਿਰਦੀ ਸਿਖਲਾਈ ਨੂੰ ਰਸਮੀ ਸੂਕਲੀ ਸਿੱਖਿਆ ਨਾਲ ਜੋੜਨ ਵਿਚ ਮਦਦ ਮਿਲੇਗੀ। ਛੋਟੇ ਉੱਦਮਾਂ ਦੀ ਬਹੁਤਾਤ ਅਤੇ ਇਸ ਸੱਚਾਈ ਦੇ ਚਲਦਿਆਂ ਕਿ ਦਿਹਾਤੀ ਖੇਤਰਾਂ ਵਿਚ ਜਨ-ਸੰਖਿਆ ਦੀ ਵੱਡੀ ਮੌਜੂਦਗੀ ਹੈ, ਹਾਲ ਹੀ ਵਿਚ ਸ਼ੁਰੂ ਕੀਤੀ ਗਈ ਅਪਰੈਂਟਿਸਸ਼ਿਪ ਪ੍ਰੋਤਸਾਹਨ ਯੋਜਨਾ ਸਿੱਖਿਆ ਨੂੰ ਕੰਮ ਦੀ ਦੁਨੀਆਂ ਨਾਲ ਜੋੜਨ ਵਿਚ ਅਹਿਮ ਭੂਮਿਕ ਨਿਭਾਵੇਗੀ। ਕਿਉਂਕਿ ਦੇਸ਼ ਭਰ ਵਿਚ ਸਿਖਲਾਈ ਦੀਆਂ ਲੋੜਾਂ ਵੱਖ-ਵੱਖ ਹਨ ਅਤੇ ਸਿੱਖਣ ਦੇ ਪੱਧਰ ਵੀ ਭਿੰਨ ਹਨ, ਸੋ ਇਕ ਅਜਿਹੀ ਪ੍ਰਣਾਲੀ ਦੀ ਜ਼ਰੂਰਤ ਹੈ ਜੋ ਨਿਸ਼ਾਨਦੇਹੀ ਵਾਲੇ ਸਮੂਹ ਅਤੇ ਸਥਾਨਕ ਆਰਥਿਕਤਾ, ਦੋਵਾਂ ਦੀਆਂ ਲੋੜਾਂ ਪੂਰਤੀ ਕਰੇ। ਕਿੱਤਾਮੁਖੀ ਸਿਖਲਾਈ ਕੋਰਸਾਂ ਦੇ ਤਾਲਮੇਲ ਅਤੇ ਨਿਯਮਨ ਦੀ ਜ਼ਰੂਰਤ ਹੈ; ਜੋ ਵੱਖ-ਵੱਖ ਭੂਗੋਲਿਕ ਖੇਤਰਾਂ, ਲਿੰਗ ਅਤੇ ਆਰਥਿਕਤਾ ਵਿਭਿੰਨਤਾ ਦੀਆਂ ਲੋੜਾਂ ਤਾਂ ਪੂਰੀਆਂ ਕਰਦੇ ਹਨ, ਦੂਜੇ ਪਾਸੇ ਉਦਯੋਗਾਂ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰਦੇ ਹਨ। ਸਥਾਨਕ ਉਦਯੋਗਾਂ ਦੀ ਭੂਮਿਕਾ ਵੀ ਬਹੁਤ ਅਹਿਮ ਹੈ, ਖ਼ਾਸ ਕਰਕੇ ਉੱਤਰ-ਪੂਰਬੀ ਖੇਤਰ ਜਾਂ ਬਿਖੜੇ ਇਲਾਕਿਆਂ ਦੀ ਜਿਥੋਂ ਲੋਕ ਬਾਹਰ ਨਹੀਂ ਨਿਕਲਣਾ ਚਾਹੁੰਦੇ। 2013 ਵਿਚ ਜਾਰੀ ਕੀਤੇ ਰਾਸ਼ਟਰੀ ਹੁਨਰ ਯੋਗਤਾ ਢਾਂਚੇ ਦੇ ਪ੍ਰਣਾਲੀਗਤ ਸੁਧਾਰਾਂ ਦਾ ਮੰਤਵ ਆਮ ਅਕਾਦਮਿਕ ਸਿੱਖਿਆ ਨੂੰ ਕਿੱਤਾਮੁਖੀ ਸਿੱਖਿਆ, ਕਿੱਤਾਮੁਖੀ ਸਿਖਲਾਈ ਅਤੇ ਉਚੇਰੀ ਸਿੱਖਿਆ ਨੂੰ ਇਕ ਵਿਆਪਕ ਪ੍ਰਣਾਲੀ ਵਜੋਂ ਇਕਮਿਕ ਕਰਨਾ ਹੈ।

## ਪੂਰਵ-ਸਿੱਖਿਆ ਨੂੰ ਪਛਾਣਨਾ

ਅਸੰਗਠਿਤ ਖੇਤਰ ਲਈ ਬਹੁਤ ਹੀ ਥੋੜ੍ਹੇ ਨਿਸ਼ਾਨਦੇਹੀ ਵਾਲੇ ਦਖ਼ਲ ਹਨ। ਇਸ ਤੱਥ ਦੇ ਹੁੰਦਿਆਂ ਕਿ 84 ਪ੍ਰਤਿਸ਼ਤ ਵਿਅਕਤੀ ਅਸੰਗਠਿਤ ਖੇਤਰ ਅਤੇ ਹੋਰ ਸੰਗਠਿਤ ਖੇਤਰ ਵਿਚ, ਤਾਂ ਰਸਮੀ ਸਿਖਲਾਈ ਨੂੰ ਮੁੜ ਗਠਤ ਕਰਨ ਦੀ ਲੋੜ ਹੈ ਤਾਂ ਕਿ ਇਸ ਖੇਤਰ ਵਿਚ ਕਾਮਿਆਂ ਦੇ ਹੁਨਰ ਦੇ ਮਿਆਰ ਦਾ ਪ੍ਰਮਾਣੀਕਰਨ ਕੀਤਾ ਜਾ ਸਕੇ। ਭਾਵੇਂ ਕਿ ਉਨ੍ਹਾਂ ਕੋਲ ਪੀੜ੍ਹੀ ਦਰ ਪੀੜ੍ਹੀ ਪ੍ਰਾਪਤ ਲੋੜੀਂਦਾ ਹੁਨਰ ਹੋਵੇ ਪਰ ਕਿਸੇ ਪ੍ਰਮਾਣ ਪੱਤਰ ਦੀ ਅਣਹੋਂਦ ਵਿਚ ਉਹ ਕੋਈ ਸਨਮਾਨ-ਜਨਕ ਨੌਕਰੀ ਨਹੀਂ ਕਰ ਸਕਦੇ ਜਾਂ ਉੱਦਮ ਸ਼ੁਰੂ ਨਹੀਂ ਕਰ ਸਕਦੇ। ਬਨਾਰਸ ਦੇ ਕਾਰੀਗਰ ਤੇ ਦਸਤਕਾਰ, ਚਿਕਨਕਾਰੀ, ਧਾਤੂ ਦੇ ਛੱਤੀਸਗੜ੍ਹ ਵਿਚ ਕੰਮ ਅਤੇ ਉੱਤਰ-ਪੂਰਬ ਦੇ ਵਸਨੀਕਾਂ ਕੋਲ ਭਾਵੇਂ ਹੁਨਰ ਤਾਂ ਹਨ ਪਰ ਪ੍ਰਮਾਣ-ਪੱਤਰ ਦੀ ਘਾਟ ਕਰਕੇ ਉਨ੍ਹਾਂ ਨੂੰ ਅਸਿੱਖਿਅਤ ਗਰਦਾਨਿਆ ਜਾਂਦਾ ਹੈ। ਆਰ ਪੀ ਐੱਲ ਯੋਜਨਾ ਨੂੰ ਹੋਰ ਰਫ਼ਤਾਰ ਦੇਣ ਦੀ ਲੋੜ ਹੈ। ਘੱਟ ਗਿਣਤੀਆਂ ਦੇ ਹੁਨਰ ਵਿਕਾਸ, ਰੁਜ਼ਗਾਰ ਅਤੇ ਉੱਚ ਉਤਪਾਦਕਤਾ ਵਿਚ ਸੁਧਾਰ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੀ ਭਾਗੀਦਾਰੀ ਦੇ ਰਾਹ ਦੀਆਂ ਔਕੜਾਂ ਨੂੰ ਦੂਰ ਕੀਤਾ ਜਾਵੇ। ਵਪਾਰਕ ਸਭਾਵਾਂ, ਟ੍ਰੇਡ ਯੂਨੀਅਨਾਂ ਅਤੇ ਕਰਮਚਾਰੀ ਸੰਘਾਂ ਨੂੰ ਇਸ ਵਿਚ ਸ਼ਾਮਿਲ ਕਰਨ ਦੀ ਲੋੜ ਹੈ, ਖ਼ਾਸ ਕਰਕੇ ਜੋ ਅਸੰਗਠਿਤ

ਸਿਰਲੇਖ

ਅਨੁਬੰਧ-1

| ਕ੍ਰਮ ਸੰਖਿਆ | ਯੋਜਨਾ ਦਾ ਨਾਮ | ਯੋਜਨਾ ਦੇ ਵੇਰਵੇ/ਉਦੇਸ਼ |
|---|---|---|
| **ਸਕੂਲ ਛੱਡਣ ਵਾਲਿਆਂ ਲਈ** | | |
| 1 | ਦਸਤਕਾਰੀ ਸਿਖਲਾਈ ਯੋਜਨਾ | ਇਸ ਯੋਜਨਾ ਦੇ ਮੁੱਖ ਉਦੇਸ਼ ਹਨ :<br>● ਸਕੂਲ ਛੱਡਣ ਵਾਲਿਆਂ ਨੂੰ ਬਾਕਾਇਦਾ ਸਿਖਲਾਈ ਦੇ ਕੇ ਉਦਯੋਗਾਂ ਨੂੰ ਅਰਧ-ਸਿੱਖਿਅਤ/ਸਿੱਖਿਅਤ ਕਾਮੇ ਮੁਹੱਈਆ ਕਰਵਾਉਣੇ<br>● ਪੜ੍ਹੇ-ਲਿਖੇ ਨੌਜਵਾਨਾਂ ਨੂੰ ਉਦਯੋਗਿਕ ਰੁਜ਼ਗਾਰ ਲਈ ਢੁੱਕਵਾਂ ਹੁਨਰ ਦੇ ਕੇ ਬੇਰੁਜ਼ਗਾਰੀ ਨੂੰ ਘੱਟ ਕਰਨਾ।<br>ਇਹ ਯੋਜਨਾ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਆਈ ਟੀ ਆਈਜ਼ ਅਤੇ ਨਿੱਜੀ ਉਦਯੋਗਿਕ ਕੇਂਦਰਾਂ ਵਲੋਂ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਹਨ। |
| 2 | ਸ਼ਾਗਿਰਦੀ ਸਿਖਲਾਈ ਯੋਜਨਾ | ਸ਼ਾਗਿਰਦੀ ਸਿਖਲਾਈ ਦੇ ਉਦੇਸ਼ :<br>● ਪ੍ਰਾਠਕ੍ਰਮ ਦੇ ਹਿਸਾਬ ਨਾਲ ਉਦਯੋਗ ਵਿਚ ਸ਼ਾਗਿਰਦੀ ਸਿਖਲਾਈ ਪ੍ਰੋਗਰਾਮ, ਸਿਖਲਾਈ ਦਾ ਸਮਾਂ ਆਦਿ ਦਾ ਨਿਯਮਨ ਜਿਵੇਂ ਕਿ ਕੇਂਦਰੀ ਸ਼ਾਗਿਰਦੀ ਕੌਂਸਿਲ ਵਲੋਂ ਨਿਰਧਾਰਨ ਕੀਤਾ ਗਿਆ ਹੈ; ਅਤੇ<br>● ਉਦਯੋਗ ਦੀ ਹੁਨਰਮੰਦ ਮਨੁੱਖੀ ਸ਼ਕਤੀ ਦੀ ਲੋੜ ਪੂਰੀ ਕਰਨ ਲਈ ਅਮਲੀ ਸਿਖਲਾਈ ਦੇਣਾ ਤਾਂ ਕਿ ਮੌਜੂਦਾ ਸਹੂਲਤਾਂ ਦਾ ਪੂਰਾ ਫ਼ਾਇਦਾ ਲਿਆ ਜਾ ਸਕੇ।<br>ਸ਼ਾਗਿਰਦੀ ਪ੍ਰੋਤਸਾਹਨ ਯੋਜਨਾ (ਏ ਪੀ ਵਾਈ) ਜਾਰੀ ਕਰਨ ਦਾ ਉਦੇਸ਼ ਭਾਰਤ ਸਰਕਾਰ ਵਲੋਂ ਨਿਰਧਾਰਤ ਵਜ਼ੀਫ਼ੇ ਦਾ 50 ਪ੍ਰਤਿਸ਼ਤ, ਪਹਿਲੇ ਦੋ ਸਾਲਾਂ ਲਈ 1,00,000 ਸ਼ਾਗਿਰਦਾਂ ਨੂੰ ਸਿਖਲਾਈ ਵਾਸਤੇ ਵਰਤਣਾ, ਜਿਨ੍ਹਾਂ ਨੂੰ ਸ਼ਾਗਿਰਦੀ ਐਕਟ, 1961 ਤਹਿਤ ਆਉਂਦੇ ਸੰਸਥਾਨਾਂ ਵਲੋਂ ਰੱਖਿਆ ਜਾਂਦਾ ਹੈ। |
| 3 | ਦਸਤਕਾਰੀ/ਹੱਥ-ਖੱਡੀ ਦਾ ਹੁਨਰ ਵਿਕਾਸ/ਸੁਧਾਰ ਅਤੇ ਸਮਰੱਥਾ ਦਾ ਵਿਕਾਸ (ਟ੍ਰਾਈਫੈਡ) | ਟਾਈਫੈਡ – ਜੋ ਜਨਜਾਤੀ ਮਾਮਲਿਆਂ ਬਾਰੇ ਮੰਤਰਾਲਾ, ਭਾਰਤ ਸਰਕਾਰ ਤਹਿਤ ਰਾਸ਼ਟਰੀ ਪੱਧਰ ਦੀ ਸਹਿਕਾਰੀ ਸਭਾ ਹੈ, ਕਬਾਇਲੀ ਉਤਪਾਦਾਂ ਅਤੇ ਹੁਨਰ ਵਿਕਾਸ/ਸੁਧਾਰ ਅਤੇ ਸਮਰੱਥਾ ਵਿਕਸਤ ਕਰਨ ਦੀ ਸਿਖਲਾਈ ਜੋ ਕਬਾਇਲੀ ਦਸਤਕਾਰੀ ਕਾਰੀਗਰਾਂ ਅਤੇ ਕਬਾਇਲੀ ਲੋਕਾਂ ਨੂੰ ਦਿਤੀ ਜਾਂਦੀ ਹੈ ਅਤੇ ਜੰਗਲਾਂ ਦੇ ਉਤਪਾਦ ਇਕੱਠੇ ਕਰਨ ਵਾਲਿਆਂ ਅਤੇ ਕਬਾਇਲੀ ਦਸਤਕਾਰੀ ਕਾਰੀਗਰਾਂ ਜੋ ਹੱਥ-ਖੱਡੀ, ਦਸਤਕਾਰੀ, ਕਬਾਇਲੀ ਚਿੱਤਰਕਾਰੀ ਆਦਿ ਵਿਚ ਲੱਗੇ ਹੋਏ ਹਨ, ਦੀ ਭਲਾਈ ਵਾਸਤੇ ਕਾਰਜ ਕਰ ਰਹੀ ਹੈ। |
| **ਔਰਤਾਂ ਅਤੇ ਨੌਜਵਾਨ ਲੜਕੀਆਂ** | | |
| 4 | ਸਿਖਲਾਈ ਅਤੇ ਰੁਜ਼ਗਾਰ ਪ੍ਰੋਗਰਾਮ (ਸਟੈਪ) ਲਈ ਸਹਾਇਤਾ | ਇਸ ਯੋਜਨਾ ਦੇ ਦੋਹਰੇ ਮੰਤਵ ਹਨ :<br>● ਔਰਤਾਂ ਨੂੰ ਉਹ ਹੁਨਰ ਪ੍ਰਦਾਨ ਕਰਨਾ ਜਿਸ ਨਾਲ ਰੁਜ਼ਗਾਰ ਯੋਗਤਾ ਵਧੇ<br>● ਉਹ ਸਮਰੱਥਾਵਾਂ ਅਤੇ ਹੁਨਰ ਪ੍ਰਦਾਨ ਕਰਨੇ ਜਿਸ ਨਾਲ ਔਰਤਾਂ ਸਵੈ-ਰੁਜ਼ਗਾਰ/ਉੱਦਮੀ ਬਣਨ। |
| 5 | ਔਰਤਾਂ ਨੂੰ ਸਵੈ-ਸਹਾਇਤਾ ਸਮੂਹਾਂ ਵਿਚ ਸੰਗਠਿਤ ਕਰਨ ਲਈ ਪ੍ਰਿਆਦਰਸ਼ਨੀ ਯੋਜਨਾ | ਮੱਧ ਗੰਗਾ ਮੈਦਾਨਾਂ ਵਿਚ "ਔਰਤ ਸਸ਼ਕਤੀਕਰਨ ਅਤੇ ਰੋਜ਼ੀ-ਰੋਟੀ ਯੋਜਨਾ" ਜਿਸ ਨੂੰ ਪ੍ਰਿਆਦਰਸ਼ਨੀ ਯੋਜਨਾ ਵੀ ਆਖਿਆ ਜਾਂਦਾ ਹੈ, 7200 ਸਵੈ-ਸਹਾਇਤਾ ਸਮੂਹਾਂ ਦਾ ਨਿਰਮਾਣ ਕਰਕੇ 1,08,000 ਗਰੀਬ ਔਰਤਾਂ ਅਤੇ ਨੌਜਵਾਨ ਲੜਕੀਆਂ ਨੂੰ ਸੰਪੂਰਨ ਰੂਪ ਵਿਚ ਸਸ਼ਕਤ ਕਰਨ ਦੀ ਕਲਪਨਾ ਕਰਦੀ ਹੈ। ਸ਼ੁਰੂਆਤ ਵਿਚ ਇਹ ਯੋਜਨਾ ਛੇ ਜ਼ਿਲ੍ਹਿਆਂ ਵਿਚ ਲਾਗੂ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿਚੋਂ 6 ਜ਼ਿਲ੍ਹੇ ਉੱਤਰ ਪ੍ਰਦੇਸ਼ ਦੇ ਹਨ। |
| 6 | ਸਵਾਧਰ ਗ੍ਰਹਿ/ਥੋੜ੍ਹੇ ਸਮੇਂ ਦੇ ਨਿਵਾਸ ਲਈ ਗ੍ਰਹਿ (ਮੁੜ ਵਸੇਬੇ ਲਈ ਹੁਨਰ ਦਾ ਸੁਧਾਰ) | ਇਸ ਯੋਜਨਾ ਤਹਿਤ, ਹਰੇਕ ਜ਼ਿਲ੍ਹੇ ਅੰਦਰ 30 ਔਰਤਾਂ ਦੀ ਸਮਰੱਥਾ ਵਾਲੇ ਨਵੇਂ ਸਵਾਧਰ ਗ੍ਰਹਿ ਖੋਲ੍ਹੇ ਜਾਣਗੇ ਜਿਨ੍ਹਾਂ ਦੇ ਉਦੇਸ਼ ਹੇਠ ਲਿਖੇ ਅਨੁਸਾਰ ਹੋਣਗੇ :<br>● ਆਸਰਾ, ਅੰਨ, ਕੱਪੜਾ, ਡਾਕਟਰੀ ਇਲਾਜ ਅਤੇ ਮੁਸੀਬਤ ਮਾਰੀਆਂ ਔਰਤਾਂ ਅਤੇ ਜਿਨ੍ਹਾਂ ਕੋਲ ਕੋਈ ਸਮਾਜਿਕ ਤੇ ਆਰਥਿਕ ਸਹਾਇਤਾ ਨਹੀਂ, ਦੀ ਸਾਂਭ-ਸੰਭਾਲ ਕਰਨੀ।<br>● ਉਨ੍ਹਾਂ ਦੀ ਭਾਵਨਾਤਮਕ ਸ਼ਕਤੀ ਮੁੜ ਹਾਸਲ ਕਰਨ ਵਿਚ ਮਦਦ ਕਰਨੀ, ਜੋ ਮਾੜੀਆਂ ਘਟਨਾਵਾਂ ਵਾਪਰਨ ਕਰਕੇ ਰੁਕਾਵਟ ਵਿਚ ਆ ਜਾਂਦੀ ਹੈ।<br>● ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਨਾ ਤਾਂ ਕਿ ਉਹ ਪਰਿਵਾਰ/ਸਮਾਜ ਵਿਚ ਦੁਬਾਰਾ ਸ਼ਾਮਿਲ ਹੋਣ ਲਈ ਕਦਮ ਉਠਾ ਸਕਣ।<br>● ਉਨ੍ਹਾਂ ਦਾ ਆਰਥਿਕ ਅਤੇ ਭਾਵਨਾਤਮਕ ਤੌਰ ਤੇ ਮੁੜ-ਵਸੇਬਾ ਕਰਨਾ। |

| | | |
|---|---|---|
| 7 | ਸਬਲਾ - ਨੌਜਵਾਨ ਲੜਕੀਆਂ ਦੇ ਸਸ਼ਕਤੀਕਰਨ ਲਈ ਰਾਜੀਵ ਗਾਂਧੀ ਯੋਜਨਾ | ਇਸ ਦਾ ਉਦੇਸ਼ 11-18 ਸਾਲ ਦੇ ਉਮਰ ਵਰਗ ਦੀਆਂ ਲੜਕੀਆਂ ਵਿਚ ਪੌਸ਼ਟਿਕ ਅਤੇ ਸਿਹਤ ਸੰਬੰਧੀ ਸੁਧਾਰ ਕਰਨਾ ਅਤੇ ਉਨ੍ਹਾਂ ਨੂੰ ਜੀਵਨ, ਹੁਨਰ, ਸਿਹਤ ਅਤੇ ਪੌਸ਼ਟਿਕਤਾ ਸੰਬੰਧੀ ਭਾਰਤ ਸਰਕਾਰ ਵਲੋਂ ਨਵੰਬਰ 20120 ਵਿਚ ਜਾਰੀ ਸਬਲਾ ਯੋਜਨਾ ਤਹਿਤ ਸਿੱਖਿਆ ਦੇ ਕੇ ਸਸ਼ਕਤ ਕਰਨਾ ਹੈ। ਇਹ ਯੋਜਨਾ ਪਰਿਵਾਰ ਕਲਿਆਣ, ਸਿਹਤ ਤੇ ਸਵੱਛਤਾ, ਮੌਜੂਦਾ ਜਨ-ਸੇਵਾਵਾਂ ਆਦਿ ਦੀ ਜਾਣਕਾਰੀ ਦੇਣ ਅਤੇ ਸਕੂਲ ਛੱਡ ਚੁੱਕੀਆਂ ਲੜਕੀਆਂ ਨੂੰ ਰਸਮੀ ਜਾਂ ਗ਼ੈਰ-ਰਸਮੀ ਸਿੱਖਿਆ ਪ੍ਰਣਾਲੀ ਵਿਚ ਲਿਆਉਣ ਦਾ ਵੀ ਉਦੇਸ਼ ਰੱਖਦੀ ਹੈ। |
| 8 | ਹੁਨਰ ਵਿਚ ਤਰੱਕੀ 200 ਸਰਹੱਦੀ/ ਕਬਾਇਲੀ/ਪਛੜੇ ਜ਼ਿਲ੍ਹਿਆਂ ਵਿਚ ਔਰਤਾਂ ਲਈ ਸਿਖਲਾਈ ਪ੍ਰੋਗਰਾਮ | ਇਸ ਯੋਜਨਾ ਦਾ ਉਦੇਸ਼ ਸਰਹੱਦੀ ਜਾਂ ਕਬਾਇਲੀ ਜਾਂ ਪਛੜੇ ਜ਼ਿਲ੍ਹਿਆਂ ਵਿਚ ਰਹਿਣ ਵਾਲੀਆਂ ਔਰਤਾਂ ਦੇ ਕਿੱਤਾਮੁਖੀ ਹੁਨਰ ਨੂੰ ਵਧਾਉਣਾ ਅਤੇ ਉਨ੍ਹਾਂ ਦੀ ਸਵੈ-ਰੁਜ਼ਗਾਰ ਹਾਸਲ ਕਰਨ ਵਿਚ ਮਦਦ ਕਰਨਾ ਹੈ। ਇਹ ਯੋਜਨਾ ਔਰਤ ਭਾਗੀਦਾਰਾਂ ਨੂੰ ਮੌਜੂਦਾ ਕਿੱਤੇ ਵਿਚ ਆਮਦਨ ਵਧਾਉਣ, ਉਤਪਾਦਕਤਾ ਵਿਚ ਸੁਧਾਰ ਕਰਨ ਅਤੇ ਨਵੇਂ ਹੁਨਰ ਸਿੱਖਣ ਦੇ ਕਾਬਲ ਬਣਾਉਂਦੀ ਹੈ, ਜਿਨ੍ਹਾਂ ਦੀ ਬਾਜ਼ਾਰ ਵਿਚ ਚੰਗੀ ਮੰਗ ਹੈ। |
| **ਦਿਹਾਤੀ ਗਰੀਬ** | | |
| 9 | ਪੰਡਿਤ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲਿਆ ਯੋਜਨਾ (ਪਹਿਲਾ ਨਾਮ ਆਜੀਵਿਕਾ) | ਇਸ ਯੋਜਨਾ ਦਾ ਟੀਚਾ 10 ਲੱਖ (1 ਮਿਲੀਅਨ) ਪੇਂਡੂ ਯੁਵਕਾਂ ਨੂੰ 2017 ਤਕ ਨੌਕਰੀ ਲਈ ਸਿਖਲਾਈ ਦੇਣ ਦਾ ਹੈ।<br>ਇਸ ਯੋਜਨਾ ਤਹਿਤ ਦਿਤਾ ਜਾਣ ਵਾਲਾ ਹੁਨਰ ਅੰਤਰਰਾਸ਼ਟਰੀ ਮਾਪਦੰਡਾਂ ਵਾਲਾ ਹੋਵੇਗਾ, ਜੋ ਪ੍ਰਧਾਨ ਮੰਤਰੀ ਦੀ ਮੇਕ ਇਨ ਇੰਡੀਆ ਯੋਜਨਾ ਦਾ ਪੂਰਕ ਹੋਵੇਗਾ।<br>ਕੌਸ਼ਲਿਆ ਯੋਜਨਾ ਅਪੰਗ ਵਿਅਕਤੀਆਂ ਨੂੰ ਸਿਖਲਾਈ ਦੇਣ ਦੀ ਲੋੜ ਦਾ ਵੀ ਹੱਲ ਕਰੇਗੀ ਅਤੇ ਪੇਂਡੂ ਯੁਵਕਾਂ ਨੂੰ ਹੁਨਰ ਪ੍ਰਦਾਨ ਕਰਨ ਲਈ ਨਿੱਜੀ ਕੰਪਨੀਆਂ ਅਤੇ ਅੰਤਰਰਾਸ਼ਟਰੀ ਕੰਪਨੀਆਂ ਦਾ ਵੀ ਸਹਿਯੋਗ ਲਵੇਗੀ। |
| 10 | ਪੇਂਡੂ ਸਵੈ-ਰੁਜ਼ਗਾਰ ਅਤੇ ਸਿਖਲਾਈ ਯੋਜਨਾ (ਆਰ ਐੱਸ ਈ ਟੀ ਆਈ) | ਦੇਸ਼ ਭਰ ਵਿਚਲੇ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾਨ (ਆਰ ਐੱਸ ਈ ਟੀ ਆਈ) ਦੇਸ਼ ਦੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਅਤੇ ਘੱਟ ਰੁਜ਼ਗਾਰ ਦੀ ਸਮੱਸਿਆ ਦੇ ਹੱਲ ਲਈ ਕੰਮ ਕਰਦੇ ਹਨ। ਆਰ ਐੱਸ ਈ ਟੀ ਆਈ ਗ਼ੈਰ-ਮੁਨਾਫ਼ੇ ਵਾਲੇ ਸੰਸਥਾਨ ਹਨ, ਜਿਨ੍ਹਾਂ ਨੂੰ ਕੇਂਦਰ ਸਰਕਾਰ ਦੀ ਸਹਾਇਤਾ ਨਾਲ ਸਥਾਪਿਤ ਕੀਤਾ ਗਿਆ ਹੈ। ਇਨ੍ਹਾਂ ਸੰਸਥਾਨਾਂ ਦਾ ਉਦੇਸ਼ ਪੇਂਡੂ ਖੇਤਰਾਂ ਵਿਚ ਸਮਰੱਥਾ ਵਿਕਾਸ ਲਈ ਸਿਖਲਾਈ ਅਤੇ ਕਿੱਤਿਆਂ ਵਿਚ ਭਰਤੀ ਰਾਹੀਂ ਸਵੈ-ਰੁਜ਼ਗਾਰ ਪੈਦਾ ਕਰਨਾ ਹੈ। ਆਰ ਐੱਸ ਈ ਟੀ ਆਈ ਵਿਅਕਤਿਤਵ ਅਤੇ ਹੁਨਰ ਵਿਕਾਸ ਦੇ ਖੇਤਰਾਂ ਵਿਚ ਪੇਂਡੂ ਯੁਵਕਾਂ ਨੂੰ ਵਿਆਪਕ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰ ਰਹੇ ਹਨ। ਵਸੇਬੇ ਨੂੰ ਸੰਭਵ ਬਣਾਉਣ ਲਈ ਸਿੱਖਿਅਤ ਉਮੀਦਵਾਰਾਂ ਨੂੰ ਲਾਭਕਾਰੀ ਛੋਟੇ ਉੱਦਮ, ਵਿੱਤੀ ਸੰਸਥਾਨਾਂ ਦੀ ਮਦਦ ਜਾਂ ਇਸ ਤੋਂ ਬਗੈਰ, ਜਾਰੀ ਕਰਨ ਲਈ ਸਮਰੱਥ ਕੀਤਾ ਜਾਂਦਾ ਹੈ। |
| **ਸ਼ਹਿਰੀ ਗਰੀਬ** | | |
| 11 | ਰਾਸ਼ਟਰੀ ਸ਼ਹਿਰੀ ਉਪਜੀਵਿਕਾ ਮਿਸ਼ਨ (ਐੱਨ ਯੂ ਐੱਲ ਐੱਮ) - ਹੁਨਰ ਸਿਖਲਾਈ ਅਤੇ ਭਰਤੀ ਦੁਆਰਾ ਰੁਜ਼ਗਾਰ (ਈ ਐੱਸ ਟੀ ਐਂਡ ਪੀ) | ਉਜਰਤ ਰੁਜ਼ਗਾਰ (ਨੌਕਰੀ ਲਈ ਭਰਤੀ) ਤੇ ਉੱਦਮ ਵਿਕਸਤ ਕਰਨ ਲਈ ਹੁਨਰ ਸਿਖਲਾਈ ਦਿਤੀ ਜਾਣੀ:<br>• ਮਜ਼ਬੂਤ ਸੰਬੰਧਾਂ ਅਤੇ ਉਦਯੋਗਾਂ, ਤਕਨਾਲੋਜੀ ਵਿਸ਼ਵ ਵਿਦਿਆਲਿਆਂ, ਅਕਾਦਮਿਕ ਸੰਸਥਾਨਾਂ, ਨਿੱਜੀ ਹੁਨਰ ਸਿਖਲਾਈ ਦੇਣ ਵਾਲਿਆਂ, ਉਦਯੋਗ ਵਲੋਂ ਸਵੀਕ੍ਰਿਤ ਪ੍ਰਮਾਣੀਕਰਨ ਅਤੇ ਭਰਤੀ ਨਾਲ ਤਾਲਮੇਲ ਸਦਕਾ ਪੀ ਪੀ ਪੀ ਤਰੀਕੇ ਨਾਲ ਅਮਲ<br>• ਸ਼ਹਿਰ ਦੇ ਪੱਧਰ 'ਤੇ ਹੁਨਰ ਦੇ ਪਾੜੇ ਦੇ ਮੁੱਲੰਕਣ ਤਹਿਤ ਸਿਖਲਾਈ ਦੀਆਂ ਲੋੜਾਂ ਦੀ ਪਛਾਣ ਕਰਨਾ<br>• ਸਹਿਜ ਹੁਨਰ, ਪੇਸ਼ੇਵਰ ਤੌਰ-ਤਰੀਕੇ ਆਦਿ ਅਤੇ ਸਿਖਲਾਈ ਤੋਂ ਪਹਿਲਾਂ ਸਲਾਹ-ਮਸ਼ਵਰਾ |
| **ਘੱਟ ਗਿਣਤੀ ਨੌਜਵਾਨ** | | |
| 12 | ਮਲਟੀ ਸੈਕਟਰੋਲ ਡਿਵੈਲਪਮੈਂਟ ਪ੍ਰੋਗਰਾਮ (ਐੱਮ ਐੱਸ ਡੀ ਪੀ) | ਯੋਜਨਾ ਦਾ ਉਦੇਸ਼ ਘੱਟ ਗਿਣਤੀਆਂ ਦੀ ਸਮਾਜਿਕ-ਆਰਥਿਕ ਹਾਲਾਤ ਵਿਚ ਸੁਧਾਰ ਕਰਨਾ ਅਤੇ ਜੀਵਨ ਪੱਧਰ ਉੱਚਾ ਚੁੱਕਣ ਲਈ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਅਤੇ ਘੱਟ ਗਿਣਤੀ ਬਹੁਲਤਾ ਵਾਲੇ ਖੇਤਰਾਂ ਵਿਚ ਅਸਮਾਨਤਾਵਾਂ ਦੂਰ ਕਰਨਾ। |
| 13 | ਸਿੱਖੋ ਅਤੇ ਕਮਾਓ | • ਘੱਟ ਗਿਣਤੀਆਂ ਵਿਚ ਬੇਰੁਜ਼ਗਾਰੀ ਦਰ ਨੂੰ ਘੱਟ ਕਰਨਾ<br>• ਘੱਟ ਗਿਣਤੀਆਂ ਦੇ ਰਵਾਇਤੀ ਹੁਨਰ ਨੂੰ ਸਾਂਭਣਾ ਤੇ ਅੱਗੇ ਵਧਾਉਣਾ ਅਤੇ ਉਨ੍ਹਾਂ ਦੇ ਬਾਜ਼ਾਰ ਨਾਲ ਸੰਬੰਧ ਸਥਾਪਤ ਕਰਨੇ।<br>• ਮੌਜੂਦਾ ਕਾਮਿਆਂ ਅਤੇ ਸਕੂਲ ਛੱਡਣ ਵਾਲਿਆਂ ਦੀ ਰੁਜ਼ਗਾਰ ਯੋਗਤਾ ਵਧਾਉਣਾ ਅਤੇ ਉਨ੍ਹਾਂ ਦੀ ਭਰਤੀ ਯਕੀਨੀ ਬਣਾਉਣਾ।<br>• ਨੁੱਕਰੇ ਲੱਗੀਆਂ ਘੱਟ ਗਿਣਤੀਆਂ ਲਈ ਉਪਜੀਵਿਕਾ ਦੇ ਸਾਧਨ ਪੈਦਾ ਕਰਨੇ ਅਤੇ ਉਨ੍ਹਾਂ ਨੂੰ ਮੁੱਖ-ਧਾਰਾ |

| | |
|---|---|
| | ਵਿਚ ਲਿਆਉਣਾ।<br>● ਦੇਸ਼ ਲਈ ਸੰਭਾਵਿਤ ਮਨੁੱਖ ਸਰੋਤ ਵਿਕਸਤ ਕਰਨੇ। |
| 14 ਪਰਵਾਜ਼ | ਇਸ ਯੋਜਨਾ ਦਾ ਮੁੱਖ ਉਦੇਸ਼ ਘੱਟ ਗਿਣਤੀਆਂ ਦੇ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਨੌਜਵਾਨਾਂ ਨੂੰ ਮੁੱਖ-ਧਾਰਾ ਵਿਚ ਲਿਆ ਕੇ ਉਨ੍ਹਾਂ ਨੂੰ ਸਿੱਖਿਆ, ਹੁਨਰ ਅਤੇ ਰੁਜ਼ਗਾਰ ਨਾਲ ਸਸ਼ਕਤ ਕਰਨਾ ਹੈ। ਇਸ ਦਾ ਜ਼ੋਰ ਸਿੱਖਣ ਵਾਲਿਆਂ ਲਈ ਲੋੜੀਂਦੀ ਘੱਟ ਤੋਂ ਘੱਟ ਸਿੱਖਿਆ ਪ੍ਰਦਾਨ ਕਰਕੇ ਰੁਜ਼ਗਾਰ ਯੋਗਤਾ ਅਤੇ ਜ਼ਰੂਰੀ ਹੁਨਰ ਵਿਚ ਸੁਧਾਰ ਕਰਨਾ ਹੈ ਤਾਂ ਕਿ ਉਹ ਨਵੀਂ ਦੁਨੀਆਂ ਵਿਚ ਦਾਖ਼ਲ ਹੋ ਕੇ ਜ਼ਿੰਦਗੀ ਦੇ ਅਗਲੇ ਪੜਾਅ ਦਾ ਅਨੰਦ ਮਾਣ ਸਕਣ। |
| **ਜੰਮੂ ਅਤੇ ਕਸ਼ਮੀਰ ਦੇ ਨੌਜਵਾਨ** | |
| 15 ਹਿਮਾਇਤ | ਹਿਮਾਇਤ ਨੌਕਰੀ ਭਰਤੀ ਨਾਲ ਸੰਬੰਧਿਤ ਜੰਮੂ ਤੇ ਕਸ਼ਮੀਰ ਦੇ ਨੌਜਵਾਨਾਂ ਲਈ ਹੁਨਰ ਵਿਕਾਸ ਦੀ ਯੋਜਨਾ ਹੈ, ਜਿਸ ਦਾ ਟੀਚਾ ਅਗਲੇ 5 ਸਾਲਾਂ ਵਿਚ 1 ਲੱਖ ਨੌਜਵਾਨਾਂ ਨੂੰ ਦਾਇਰੇ ਹੇਠ ਲਿਆਉਣ ਦਾ ਹੈ। ਇਸ ਯੋਜਨਾ ਨੂੰ ਸਮਰੱਥ ਸਿਖਲਾਈ ਦਾਤਿਆਂ ਰਾਹੀਂ ਲਾਗੂ ਕੀਤਾ ਜਾਂਦਾ ਹੈ, ਜੋ ਨਿੱਜੀ ਖੇਤਰ ਅਤੇ ਗ਼ੈਰ-ਮੁਨਾਫ਼ੇ ਵਾਲੇ ਸੰਗਠਨਾਂ ਤੋਂ ਹੁੰਦੇ ਹਨ। |
| 16 ਉਡਾਨ | ਵਿਸ਼ੇਸ਼ ਉਦਯੋਗਿਕ ਪਹਿਲਕਦਮੀਆਂ, ਜਿਸ ਨੂੰ 'ਉਡਾਨ' ਆਖਿਆ ਜਾਂਦਾ ਹੈ, ਦਾ ਨਿਸ਼ਾਨਾ ਜੰਮੂ ਅਤੇ ਕਸ਼ਮੀਰ ਦੇ ਨੌਜਵਾਨ, ਖ਼ਾਸ ਕਰਕੇ ਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਹਨ, ਜੋ ਵਿਸ਼ਵ ਅਤੇ ਸਥਾਨਕ ਪੱਧਰ 'ਤੇ ਮੌਕਿਆਂ ਦੀ ਤਲਾਸ਼ ਵਿਚ ਹਨ। ਇਸ ਦਾ ਟੀਚਾ ਕਾਰਪੋਰੇਟ ਭਾਰਤ ਨੂੰ ਦੇਸ਼ ਵਿਚ ਮੌਜੂਦ ਅਮੀਰ ਪ੍ਰਤਿਭਾ ਭੰਡਾਰ ਤੋਂ ਜਾਣੂੰ ਕਰਵਾਉਣਾ ਹੈ। |
| **ਐੱਲ ਡਬਲਯੂ ਈ ਪ੍ਰਭਾਵਿਤ ਖੇਤਰ** | |
| 17 ਰੋਸ਼ਨੀ | ਵੱਖ-ਵੱਖ ਦਿਸ਼ਾ-ਨਿਰਦੇਸ਼ਾਂ ਵਾਲੀ ਰੋਸ਼ਨੀ ਨਾਮ ਦੀ ਵਿਸ਼ੇਸ਼ ਯੋਜਨਾ ਅਰੰਭ ਕੀਤੀ ਗਈ ਹੈ, ਜੋ ਖੱਬੇ-ਪੱਖੀ ਅੱਤਵਾਦ ਪ੍ਰਭਾਵਿਤ 27 ਜ਼ਿਲ੍ਹਿਆਂ 'ਤੇ ਲਾਗੂ ਹੁੰਦੀ ਹੈ। ਖ਼ਾਸ ਕਰਕੇ ਵੱਖ-ਵੱਖਕਾਲ ਖੰਡਾਂ ਵਿਚ ਇਹ ਸਿਖਲਾਈ ਪ੍ਰੋਗਰਾਮ ਮੁਹੱਈਆ ਕਰਵਾਉਂਦੀ ਹੈ। ਮੌਜੂਦਾ ਸਮੇਂ ਇਹ ਮਿਆਦ 3, 6, 9 ਅਤੇ 12 ਮਹੀਨਿਆਂ ਦੀ ਹੈ। |
| 18 ਐੱਲ ਡਬਲਯੂ ਈ ਪ੍ਰਭਾਵਿਤ 34 ਜ਼ਿਲ੍ਹਿਆਂ ਵਿਚ ਹੁਨਰ ਦਾ ਵਿਕਾਸ | ਇਸ ਸਕੀਮ ਦਾ ਉਦੇਸ਼ ਇਨ੍ਹਾਂ ਜ਼ਿਲ੍ਹਿਆਂ ਵਿਚ ਇਕ ਆਈ ਟੀ ਆਈ ਅਤੇ ਦੋ ਹੁਨਰ ਵਿਕਾਸ ਕੇਂਦਰ (ਐੱਸ ਡੀ ਸੀ) ਖੋਲ੍ਹ ਕੇ ਹੁਨਰ ਵਿਕਾਸ ਬੁਨਿਆਦੀ ਢਾਂਚੇ ਦਾ ਨਿਰਮਾਣ ਅਤੇ ਮੰਗ ਆਧਾਰਤ ਕਿੱਤਾਮੁਖੀ ਸਿਖਲਾਈ ਕੋਰਸ ਸ਼ੁਰੂ ਕਰਨ ਦਾ ਹੈ। |
| **ਉੱਤਰ-ਪੂਰਬੀ ਖੇਤਰ** | |
| 19 ਸਮਰੱਥਾ ਵਿਕਾਸ ਅਤੇ ਤਕਨੀਕੀ ਸਹਾਇਤਾ (ਸੀ ਬੀ ਟੀ ਏ) ਯੋਜਨਾ | ਉੱਤਰ-ਪੂਰਬੀ ਖੇਤਰ ਮੰਤਰਾਲੇ ਵਲੋਂ ਅਮਲ ਵਿਚ ਲਿਆਂਦੀ ਜਾ ਰਹੀ ਇਸ ਯੋਜਨਾ ਦਾ ਉਦੇਸ਼ ਹੁਨਰ ਦੇ ਵਿਕਾਸ, ਰੁਜ਼ਗਾਰ ਯੋਗਤਾ ਅਤੇ ਕੁਸ਼ਲਤਾ ਵਿਚ ਵਾਧਾ, ਨੌਜਵਾਨਾਂ ਦਰਮਿਆਨ ਸਵੈ-ਰੁਜ਼ਗਾਰ ਅਤੇ ਉੱਦਮਤਾ ਨੂੰ ਉਤਸ਼ਾਹਿਤ ਕਰਨ ਲਈ ਫ਼ੰਡ ਮੁਹੱਈਆ ਕਰਵਾਉਣਾ ਹੈ। ਸਰਕਾਰੀ ਖੇਤਰ ਲਈ ਇਹ ਯੋਜਨਾ ਦਰਮਿਆਨੀ ਪੱਧਰ ਦੇ ਅਹੁਦੇਦਾਰਾਂ ਦੀ ਜਾਣਕਾਰੀ ਅਤੇ ਹੁਨਰ ਵਿਚ ਵਾਧਾ ਕਰਕੇ ਸੁਸ਼ਾਸਨ ਵਿਚ ਵਾਧਾ ਕਰਨ ਦਾ ਇਰਾਦਾ ਰੱਖਦੀ ਹੈ। |
| 20 ਉੱਤਰ-ਪੂਰਬ ਦੇ ਰਾਜਾਂ ਅਤੇ ਸਿੱਕਮ ਵਿਚ ਹੁਨਰ ਵਿਕਾਸ ਦੇ ਬੁਨਿਆਦੀ ਢਾਂਚੇ ਵਿਚ ਵਾਧਾ | ਇਸ ਯੋਜਨਾ ਦਾ ਟੀਚਾ ਉੱਤਰ-ਪੂਰਬੀ ਰਾਜਾਂ ਅਤੇ ਸਿੱਕਮ ਵਿਚ 20 ਆਈ ਟੀ ਆਈ ਦੀ ਤਰੱਕੀ, 28 ਆਈ ਟੀ ਆਈ ਜੋ ਉੱਤਰ-ਪੂਰਬੀ ਰਾਜਾਂ ਅਤੇ ਸਿੱਕਮ ਵਿਚ ਹਨ, ਦੇ ਬੁਨਿਆਦੀ ਢਾਂਚੇ ਦੀਆਂ ਕਮੀਆਂ ਨੂੰ ਦੂਰ ਕਰਨਾ ਅਤੇ ਕੇਂਦਰੀ ਅਤੇ ਰਾਜ ਪੱਧਰਾਂ 'ਤੇ ਫ਼ੰਡਾਂ ਦੀ ਨਿਗਰਾਨੀ ਲਈ ਨਿਗਰਾਨ ਸੈੱਲ ਸਥਾਪਤ ਕਰਨਾ ਹੈ। |
| **ਅਨੁਸੂਚਿਤ ਜਾਤੀ/ਅਨੁਸੂਚਿਤ ਜਨਜਾਤੀ ਨੌਜਵਾਨ** | |
| 21 ਅਨੁਸੂਚਿਤ ਜਾਤੀ ਉੱਪ-ਯੋਜਨਾ (ਐੱਸ ਸੀ ਏ ਟੂ ਐੱਸ ਸੀ ਐੱਸ ਪੀ) ਲਈ ਵਿਸ਼ੇਸ਼ ਕੇਂਦਰੀ ਸਹਾਇਤਾ | ਇਸ ਦਾ ਮੁੱਖ ਮਨੋਰਥ ਅਨੁਸੂਚਿਤ ਜਾਤੀਆਂ ਦੇ ਆਰਥਿਕ ਵਿਕਾਸ ਲਈ ਪਰਿਵਾਰ ਮੁਖੀ ਯੋਜਨਾਵਾਂ ਨੂੰ ਬਲ ਪ੍ਰਦਾਨ ਕਰਨਾ ਹੈ, ਜੋ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਤਹਿਤ ਅਹਿਮ ਖੱਪਿਆਂ ਨੂੰ ਦੂਰ ਕਰਨ ਅਤੇ ਗਾਇਬ ਅਹਿਮ ਸੁਰਾਗਾਂ ਲਈ ਸਰੋਤ ਮੁਹੱਈਆ ਕਰਵਾਉਣੇ ਤਾਂ ਕਿ ਯੋਜਨਾਵਾਂ ਵੱਧ ਲਾਭਕਾਰੀ ਹੋ ਸਕਣ। ਕਿਉਂਕਿ ਅਨੁਸੂਚਿਤ ਜਾਤੀਆਂ ਵਾਸਤੇ ਯੋਜਨਾਵਾਂ ਸਥਾਨਕ ਕਿੱਤਾ ਵਿਧੀ ਅਤੇ ਉਪਲਬਧ ਸਥਾਨਕ ਸਰਗਰਮੀਆਂ 'ਤੇ ਨਿਰਭਰ ਹੋ ਸਕਦੀਆਂ ਹਨ, ਇਸ ਕਰਕੇ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਐੱਸ ਸੀ ਏ ਦੀ ਵਰਤੋਂ 'ਚ ਪੂਰੀ ਛੋਟ ਦਿਤੀ ਗਈ ਹੈ, ਸਿਰਫ਼ ਇਕ ਸ਼ਰਤ ਤੋਂ ਬਿਨਾਂ ਕਿ ਇਸ ਨੂੰ ਐੱਸ ਸੀ ਪੀ ਅਤੇ ਵੱਖ- |

| | |
|---|---|
| | ਵੱਖ ਕਾਰਪੋਰੇਸ਼ਨਾਂ, ਵਿੱਤੀ ਸੰਸਥਾਨਾਂ ਆਦਿ ਤੋਂ ਉਪਲਬਧ ਦੂਸਰੇ ਸਰੋਤਾਂ ਨਾਲ ਜੋੜ ਕੇ ਵਰਤਿਆ ਜਾਵੇ। |
| 22 ਰਾਸ਼ਟਰੀ ਅਨੁਸੂਚਿਤ ਜਨਜਾਤੀ ਵਿੱਤ ਅਤੇ ਵਿਕਾਸ ਕਾਰਪੋਰੇਸ਼ਨ | ਗਰਾਂਟ ਦੇ ਰੂਪ ਵਿਚ ਵਿੱਤੀ ਸਹਾਇਤਾ, ਹੁਨਰ ਅਤੇ ਉੱਦਮੀ ਵਿਕਾਸ ਸਿਖਲਾਈ ਲਈ ਯੋਗ ਅਨੁਸੂਚਿਤ ਜਨਜਾਤੀ ਉਮੀਦਵਾਰਾਂ ਨੂੰ ਲਾਗੂ ਕਰਨ ਵਾਲੀਆਂ ਏਜੰਸੀਆਂ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਕਿ ਰੁਜ਼ਗਾਰ/ਸਵੈ-ਰੁਜ਼ਗਾਰ ਦੇ ਮੌਕੇ ਪੈਦਾ ਹੋ ਸਕਣ। |
| **ਅਪਾਹਜ ਵਿਅਕਤੀ** | |
| 23 ਅਪਾਹਜਾਂ ਵਾਸਤੇ ਕਿੱਤਾ ਪੁਨਰਵਾਸ ਕੇਂਦਰ (ਵੀ ਆਰ ਸੀ) | ਅਪਾਹਜ ਵਿਅਕਤੀਆਂ ਦੇ ਕਿੱਤਾ ਮੁੜ-ਵਸੇਬੇ ਦਾ ਧਿਆਨ ਰੱਖਣਾ ਤਾਂ ਕਿ ਉਹ ਸਿਖਲਾਈ ਅਤੇ ਹੁਨਰ ਪ੍ਰਾਪਤ ਕਰਕੇ ਢੁੱਕਵਾਂ ਰੁਜ਼ਗਾਰ ਹਾਸਲ ਕਰ ਸਕਣ। ਮਕਸਦ ਉਨ੍ਹਾਂ ਨੂੰ ਆਰਥਿਕ ਮੁੱਖ-ਧਾਰਾ ਵਿਚ ਸ਼ਾਮਿਲ ਕਰਕੇ ਦੇਸ਼ ਦੇ ਉਤਪਾਦਕ ਸ਼ਹਿਰੀ ਬਣਾਉਣਾ ਹੈ। ਲਗਭਗ 20 ਵੀ ਆਰ ਸੀਜ਼ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਕੰਮ ਕਰ ਰਹੇ ਹਨ। ਅਪਾਹਜਾਂ ਦੇ ਤੇਜ਼ੀ ਨਾਲ ਮੁੜ-ਵਸੇਬੇ ਲਈ 7 ਹੁਨਰ ਵਿਕਾਸ ਕਾਰਜਸ਼ਾਲਾਵਾਂ (ਐੱਸ ਟੀ ਡਬਲਯੂ ਐੱਸ) 7 ਵੀ ਆਰ ਸੀਜ਼ ਨਾਲ ਜੋੜ ਦਿੱਤੀਆਂ ਗਈਆਂ ਹਨ। |
| 24 ਅਪੰਗਤਾ ਬਾਰੇ ਸਿਖਲਾਈ ਸੰਸਥਾਨਾਂ ਵਲੋਂ ਹੁਨਰ ਵਿਕਾਸ ਯੋਜਨਾਵਾਂ | ਅਲੀ ਯਾਵਰ ਜੰਗ ਨੈਸ਼ਨਲ ਇੰਸਟੀਚਿਊਟ, ਜੋ ਘੱਟ ਸੁਣਨ ਵਾਲੇ ਵਿਅਕਤੀਆਂ ਵਾਸਤੇ ਹੈ (ਏ ਵਾਈ ਜੇ ਐੱਨ ਆਈ ਐੱਚ ਐੱਚ), ਪੰਡਿਤ ਦੀਨਦਿਆਲ ਉਪਾਧਿਆਏ ਇੰਸਟੀਚਿਊਟ ਫਾਰ ਦਿ ਫਿਜ਼ੀਕਲੀ ਹੈਂਡੀਕੈਪਡ, ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲੀ ਹੈਂਡੀਕੈਪਡ (ਐੱਨ ਆਈ ਐੱਮ ਐੱਚ), ਨੈਸ਼ਨਲ ਇੰਸਟੀਚਿਊਟ ਆਫ਼ ਵਿਜ਼ੂਅਲੀ ਹੈਂਡੀਕੈਪਡ (ਐੱਨ ਆਈ ਵੀ ਐੱਚ), ਨੈਸ਼ਨਲ ਇੰਸਟੀਚਿਊਟ ਫਾਰ ਐਮਪਾਵਰਮੈਂਟ ਆਫ਼ ਪਰਜਸਨਜ਼ ਵਿਦ ਮਲਟੀਪਲ ਡਿਸੇਬਿਲੀਟੀਜ਼ (ਐੱਨ ਆਈ ਈ ਪੀ ਐੱਮ ਡੀ), ਨੈਸ਼ਨਲ ਇੰਸਟੀਚਿਊਟ ਫਾਰ ਦਿ ਆਰਥੋਪੈਡੀਕਲੀ ਹੈਂਡੀਕੈਪਡ (ਐੱਨ ਆਈ ਓ ਐੱਚ), ਸਵਾਮੀ ਵਿਵੇਕਾਨੰਦ ਨੈਸ਼ਨਲ ਇੰਸਟੀਚਿਊਟ ਆਫ਼ ਰਿਹੈਬਲੀਟੇਸ਼ਨ, ਟ੍ਰੇਨਿੰਗ ਐਂਡ ਰਿਸਰਚ (ਐੱਸ ਵੀ ਐੱਨ ਆਈ ਆਰ ਟੀ ਏ ਆਰ), ਨੈਸ਼ਨਲ ਇਸੰਟੀਚਿਊਟ ਆਫ਼ ਸ਼ੋਸ਼ਲ ਡਿਫੈਂਸ (ਐੱਨ ਆਈ ਐੱਸ ਡੀ) ਇਹ ਵੱਖ-ਵੱਖ ਸਿਖਲਾਈ ਪ੍ਰੋਗਰਾਮ ਅਤੇ ਡਿਗਰੀ ਕੋਰਸ ਕਰਵਾਉਂਦੇ ਹਨ। |
| **ਉੱਦਮੀ** | |
| 25 ਸਵੈ-ਰੁਜ਼ਗਾਰ ਪ੍ਰੋਗਰਾਮ | ਉੱਦਮਤਾ ਵਿਕਾਸ ਪ੍ਰੋਗਰਾਮ (ਈ ਡੀ ਪੀ) ਜੋ 3-7 ਦਿਨਾਂ ਦਾ ਹੁੰਦਾ ਹੈ, ਦੁਆਰਾ ਉੱਦਮੀਆਂ ਦੀ ਸਮਰੱਥਾ ਦਾ ਵਿਕਾਸ। ਈ ਡੀ ਪੀ ਸਿਖਲਾਈ ਆਰ ਐੱਸ ਈ ਟੀ ਆਈ ਤੇ ਨਾਮੀ ਸੰਸਥਾਵਾਂ ਰਾਹੀਂ ਪ੍ਰਦਾਨ ਕੀਤੀ ਜਾਵੇਗੀ। |
| 26 ਉੱਦਮਤਾ ਵਿਕਾਸ ਪ੍ਰੋਗਰਾਮ (ਆਈ ਐੱਮ ਸੀ/ਈ ਡੀ ਪੀ/ਈ ਐੱਸ ਡੀ ਪੀ/ਐੱਮ ਡੀ ਪੀ) ਯੋਜਨਾ | ਨੌਜਵਾਨਾਂ ਨੂੰ ਉਦਯੋਗਿਕ ਸਰਗਰਮੀਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕ ਕਰਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਉੱਦਮੀ ਵਿਕਾਸ ਪ੍ਰੋਗਰਾਮ ਲਗਾਤਾਰ ਆਯੋਜਿਤ ਕੀਤੇ ਜਾ ਰਹੇ ਹਨ, ਜੋ ਐੱਮ ਐੱਸ ਈਜ਼ ਸਥਾਪਤ ਕਰਨ ਲਈ ਲੋੜੀਂਦੇ ਹਨ। ਇਹ ਈ ਡੀ ਪੀਜ਼ ਆਮ ਤੌਰ ਤੇ ਆਈ ਟੀ ਆਈ, ਪਾਲੀਟੈਕਨਿਕ ਅਤੇ ਦੂਜੇ ਤਕਨੀਕੀ ਸੰਸਥਾਨਾਂ ਵਿਚ ਕਰਵਾਏ ਜਾਂਦੇ ਹਨ, ਜਿਥੇ ਉਨ੍ਹਾਂ ਨੂੰ ਸਵੈ-ਰੁਜ਼ਗਾਰ ਵੱਲ ਪ੍ਰੇਰਿਤ ਕਰਨ ਲਈ ਹੁਨਰ ਮੌਜੂਦ ਹੈ। |
| **ਆਮ-ਸਮਾਜਿਕ-ਆਰਥਿਕ ਪਛੜੇ ਅਤੇ ਸਿੱਖਿਆ ਪੱਖੋਂ ਪਛੜੇ** | |
| 27 ਜਨ ਸ਼ਿਕਸ਼ਣ ਸੰਸਥਾਨ (ਜੇ ਐੱਸ ਐੱਸ) ਸਵੈ-ਸੇਵੀ ਏਜੰਸੀਆਂ ਜੋ ਪ੍ਰੋੜ੍ਹ ਸਿੱਖਿਆ ਅਤੇ ਹੁਨਰ ਵਿਕਾਸ ਲਈ ਕੰਮ ਕਰ ਰਹੀਆਂ ਹਨ, ਦੀ ਸਹਾਇਤਾ ਦੇ ਅੰਗ ਵਜੋਂ | ਜਨ ਸਿਕਸ਼ਣ ਸੰਸਥਾਨ (ਜੇ ਐੱਸ ਐੱਸ) ਦੀ ਸਥਾਪਨਾ ਅਨਪੜ੍ਹਾਂ, ਨਵ-ਸਾਖਰਾਂ ਅਤੇ ਸਕੂਲ ਛੱਡਣ ਵਾਲਿਆਂ ਨੂੰ, ਹੁਨਰ ਦੀ ਪਛਾਣ ਕਰਕੇ ਕਿੱਤਾਮੁਖੀ ਸਿਖਲਾਈ ਦੇਣ ਲਈ ਕੀਤੀ ਜਾਂਦੀ ਹੈ ਤਾਂ ਕਿ ਉਨ੍ਹਾਂ ਦੇ ਸਥਾਪਨਾ ਖੇਤਰ ਵਿਚ ਬਾਜ਼ਾਰ ਹੋਵੇ।<br>ਜਨ ਸ਼ਿਕਸ਼ਣ ਸੰਸਥਾਨਾਂ ਦੇ ਕੰਮ ਦੇ ਦਾਇਰੇ ਵਿਚ ਹੇਠ ਲਿਖੇ ਅਨੁਸਾਰ ਸ਼ਾਮਿਲ ਹੋਵੇਗਾ :<br>• ਢੁੱਕਵਾਂ ਪਾਠਕ੍ਰਮ ਅਤੇ ਸਿਖਲਾਈ ਮਾਡਿਊਲ ਵਿਕਸਤ ਕਰਨਾ, ਜਿਸ ਵਿਚ ਕਿੱਤਾਮੁਖੀ ਤੱਤ, ਆਮ ਜਾਣਕਾਰੀ ਅਤੇ ਜ਼ਿੰਦਗੀ ਨੂੰ ਬਹਾਰ ਬਣਾਉਣ ਦੇ ਤੱਤ ਸ਼ਾਮਿਲ ਹੋਣ।<br>• ਜਿਥੇ ਸੰਭਵ ਹੋਵੇ, ਜੇ ਐੱਸ ਐੱਸ ਨੂੰ ਪ੍ਰੋੜ੍ਹ ਸਿੱਖਿਆ ਨਿਰਦੇਸ਼ਾਲਾ, ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਅਤੇ ਰੁਜ਼ਗਾਰ ਤੇ ਸਿਖਲਾਈ ਨਿਰਦੇਸ਼ਾਲਾ ਵਲੋਂ ਬਣਾਏ ਕੋਰਸਾਂ ਦੇ ਬਰਾਬਰ ਦੀ ਸਿਖਲਾਈ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।<br>• ਸਰੋਤ ਵਿਅਕਤੀਆਂ ਅਤੇ ਹੁਨਰਮੰਦ ਸਿਖਿਆਰਥੀਆਂ ਦੇ ਵਰਗ ਨੂੰ ਸਿਖਲਾਈ ਕਰਵਾਉਣ, ਬੁਨਿਆਦੀ ਢਾਂਚੇ ਦੀ ਉਪਲਬਧਤਾ ਅਤੇ ਸਿਖਲਾਈ ਮੁਖੀ ਸਾਮਾਨ ਲਈ ਸਿੱਖਿਆ ਪ੍ਰਦਾਨ ਕਰਨੀ।<br>• ਸਧਾਰਨ ਪਰੀਖਿਆ ਅਤੇ ਪੁਰਸਕਾਰ ਪ੍ਰਮਾਣ-ਪੱਤਰ ਦੇਣੇ।<br>• ਸਿੱਖਿਆਰਥੀਆਂ ਦੀ ਢੁੱਕਵੀਂ ਭਰਤੀ ਲਈ ਮਾਲਕਾਂ ਅਤੇ ਉਦਯੋਗਾਂ ਨਾਲ ਤਾਲਮੇਲ ਸਥਾਪਤ ਕਰਨਾ। |

ਖੇਤਰ ਵਿਚ ਸਰਗਰਮ ਹਨ।

## ਨਿਸ਼ਾਨਦੇਹੀ ਵਾਲੇ ਦਖ਼ਲਾਂ ਨਾਲ ਬਿਖੜੇ ਖੇਤਰਾਂ ਦੀਆਂ ਲੋੜਾਂ ਹੱਲ ਕਰਨੀਆਂ

ਨਿਸ਼ਾਨਦੇਹੀ ਵਾਲੇ ਦਖ਼ਲ ਜਿਵੇਂ ਉਡਾਨ, ਹਿਮਾਇਤ, ਪਰਵਾਸ, ਨਈ ਰੋਸ਼ਨੀ, ਸਟੈਪ ਅੱਪ ਆਦਿ ਨੇ ਨੌਜਵਾਨਾਂ ਦੀ ਰੁਜ਼ਗਾਰ ਯੋਗਤਾ ਨੂੰ ਪ੍ਰਭਾਵਿਤ ਕੀਤਾ ਹੈ। ਅਜਿਹੇ ਚੁਣੇ ਹੋਏ ਦਖ਼ਲਾਂ ਨੂੰ ਹੋਰ ਵਧਾਉਣ ਦੀ ਲੋੜ ਹੈ। ਸਿਖਲਾਈ ਨੂੰ ਰੁਜ਼ਗਾਰ ਅਤੇ ਆਮਦਨ ਪੈਦਾ ਕਰਨ ਦੇ ਮੌਕਿਆਂ ਨਾਲ ਜੋੜਨ ਦੀ ਜ਼ਰੂਰਤ ਹੈ ਕਿਉਂਕਿ ਇਕੱਲੀ ਸਿਖਲਾਈ ਕਾਫ਼ੀ ਨਹੀਂ। ਇਨ੍ਹਾਂ ਯੋਜਨਾਵਾਂ ਦੇ ਪਸਾਰ ਨਾਲ ਔਖੇ ਖੇਤਰਾਂ ਵਿਚ ਪਹੁੰਚ ਵਿਚ ਵਾਧਾ ਹੋਵੇਗਾ (ਐੱਲ ਡਬਲਯੂ ਈ ਪ੍ਰਭਾਵਿਤ ਪਹਾੜੀ ਅਤੇ ਅੱਤਵਾਦ ਪ੍ਰਭਾਵਿਤ ਇਲਾਕੇ)। ਇਸ ਵਿਚ ਸਿਖਲਾਈ ਦੇ ਸਾਰੇ ਮੌਕੇ ਅਤੇ ਬੁਨਿਆਦੀ ਢਾਂਚਾ ਜਿਵੇਂ ਜਨਤਕ ਮਾਲਕੀ ਵਾਲੇ ਸਿਖਲਾਈ ਸੰਸਥਾਨ, ਨਿੱਜੀ, ਗ਼ੈਰ-ਸਰਕਾਰੀ ਸੰਗਠਨ, ਸਮਾਜਿਕ ਸਭਾਵਾਂ ਆਦਿ ਦੀ ਵਰਤੋਂ ਸ਼ਾਮਿਲ ਹੋ ਸਕਦੀ ਹੈ।

## ਸਾਰੀਆਂ ਧਿਰਾਂ ਦੀ ਸਰਗਰਮ ਸ਼ਮੂਲੀਅਤ

ਹੁਨਰ ਦੀ ਚੁਨੌਤੀ ਬਹੁਤ ਵੱਡੀ ਹੈ ਅਤੇ ਇਸ ਨਾਲ ਨਜਿੱਠਣ ਲਈ ਸਾਰੀਆਂ ਧਿਰਾਂ ਖ਼ਾਸ ਕਰਕੇ ਕਰਮਚਾਰੀਆਂ ਦੀ ਸ਼ਿਰਕਤ ਦੀ ਲੋੜ ਹੈ ਤਾਂ ਕਿ ਰੁਜ਼ਗਾਰ ਯੋਗਤਾ ਦੇ ਮੁੱਦੇ ਨੂੰ ਹੱਲ ਕੀਤਾ ਜਾ ਸਕੇ। ਉਨ੍ਹਾਂ ਨੂੰ ਪਾਠਕ੍ਰਮ ਬਣਾਉਣ, ਅਮਲ ਕਰਨ ਅਤੇ ਸਿਖਲਾਈ ਯੋਜਨਾਵਾਂ ਆਦਿ ਦੀ ਨਿਗਰਾਨੀ ਵਿਚ ਸ਼ਾਮਿਲ ਕਰਨ ਦੀ ਲੋੜ ਹੈ ਭਾਵੇਂ ਕਿ ਖੇਤਰ ਹੁਨਰ ਸਭਾਵਾਂ ਦੀ ਨੁਮਾਇੰਦਗੀ ਉਦਯੋਗਾਂ ਦੇ ਸੰਗਠਨ ਕਰਦੇ ਹਨ ਜੋ ਹੁਨਰ ਵਿਕਾਸ ਦੇ ਵੱਖ-ਵੱਖ ਪੱਖਾਂ ਵਿਚ ਮਦਦ ਕਰ ਰਹੇ ਹਨ ਪਰ ਉਹ ਮੁੱਖ ਤੌਰ ਤੇ ਸੰਗਠਿਤ ਖੇਤਰ ਦੀਆਂ ਲੋੜਾਂ ਹੀ ਪੂਰੀਆਂ ਕਰ ਰਹੇ ਹਨ। ਟਰੇਡ ਯੂਨੀਅਨ ਅਤੇ ਮਾਲਕਾਂ ਦੇ ਸੰਗਠਨ, ਸਿੱਖਿਆ ਅਤੇ ਕੰਮ ਦੀ ਦੁਨੀਆਂ ਨੂੰ ਸਿਖਲਾਈ ਦੀਆਂ ਕਿਸਮਾਂ ਦੀ ਪਛਾਣ ਕਰਨ, ਸਕੂਲ ਤੇ ਉਦਯੋਗਾਂ ਦੇ ਸੰਬੰਧ ਸਥਾਪਤ ਕਰਨ (ਰਸਮੀ/ਗ਼ੈਰ-ਰਸਮੀ), ਸਿਖਲਾਈ, ਪ੍ਰਾਯੋਜਨ ਅਤੇ ਨੌਕਰੀ ਦੀ ਨਿਗਰਾਨੀ ਨਾਲ ਜੋੜਨ ਲਈ ਆਪਸ ਵਿਚ ਭਾਈਵਾਲੀ ਕਰ ਸਕਦੇ ਹਨ। ਇਹ ਵੇਖਦਿਆਂ ਕਿ ਹੁਨਰ ਮਹੱਤਵਸ਼ਾਲੀ ਨਹੀ, ਸਥਾਨਕ ਭਾਈਚਾਰਾ ਅਤੇ ਪੇਂਡੂ ਤੇ ਸ਼ਹਿਰੀ ਸਭਾਵਾਂ ਅਤੇ ਸਮਾਜਿਕ ਸਭਾਵਾਂ ਦੇ ਸੰਗਠਨਾਂ ਨੂੰ ਵੀ ਇਸ ਵਿਚ ਸ਼ਾਮਿਲ ਕਰਨ ਦੀ ਲੋੜ ਹੈ ਤਾਂ ਕਿ ਨੌਜਵਾਨਾਂ ਨੂੰ ਕਿੱਤਾਮੁਖੀ ਸਿੱਖਿਆ ਲਈ ਪ੍ਰੇਰਿਤ ਕੀਤਾ ਜਾ ਸਕੇ।

## ਦੂਜੇ ਦਖ਼ਲ

ਪਛੜੇ ਵਰਗ ਬਹੁਤ ਸਾਰੇ ਹਨ। ਕੇਂਦਰ ਅਤੇ ਰਾਜ ਪੱਧਰ 'ਤੇ ਬਹੁਤ ਸਾਰੇ ਸਰਕਾਰੀ ਵਿਭਾਗ ਹਨ, ਜੋ ਆਪਣੀ ਨਿਸ਼ਾਨਦੇਹੀ ਵਾਲੇ ਵਰਗਾਂ ਵਾਲੀਆਂ ਯੋਜਨਾਵਾਂ ਅਮਲ ਵਿਚ ਲਿਆ ਰਹੇ ਹਨ। ਇਸ ਨਾਲ ਦੁਵਿਧਾ ਪੈਦਾ ਹੁੰਦੀ ਹੈ ਅਤੇ ਸਰੋਤਾਂ ਦੀ ਵਰਤੋਂ ਤੋਂ ਜ਼ਿਆਦਾ ਨਤੀਜੇ ਨਹੀਂ ਮਿਲਦੇ। ਸਿੱਖਿਆ, ਹੁਨਰ ਵਿਕਾਸ ਅਤੇ ਨਿਸ਼ਾਨਦੇਹੀ ਵਾਲੀਆਂ ਯੋਜਨਾਵਾਂ ਚਲਾ ਰਹੇ ਮੰਤਰਾਲਿਆਂ ਦਰਮਿਆਨ ਤਾਲਮੇਲ ਦੀ ਲੋੜ ਹੈ। ਤੇਜ਼ ਰਫ਼ਤਾਰ ਨਾਲ ਹੁਨਰਮੰਦੀ ਹਾਸਲ ਕਰਨ ਲਈ ਜਨਤਕ-ਨਿੱਜੀ ਭਾਈਵਾਲੀ ਦੀ ਵਰਤੋਂ ਦੀ ਲੋੜ ਹੈ। ਪੀ ਪੀ ਪੀ ਪ੍ਰਾਇਮਰੀ ਸਿੱਖਿਆ ਪ੍ਰਣਾਲੀ ਤੋਂ ਬਾਅਦ ਸੁਧਾਰ, ਪਸਾਰ, ਸਿੱਖਿਆ ਦੇ ਨਤੀਜਿਆਂ ਵਿਚ ਸੁਧਾਰ ਅਤੇ ਕੁੱਲ ਨਿਪੁੰਨਤਾ ਵਿਚ, ਵਧੇਰੇ ਚੋਣ ਅਤੇ ਮੁਕੰਮਲ ਕਰਨ ਨਾਲ ਮਦਦ ਕਰ ਸਕਦੀ ਹੈ। ਭਾਵੇਂ ਕਿ ਸਰਕਾਰ ਸਾਰੇ ਪੱਧਰਾਂ 'ਤੇ ਸਿੱਖਿਆ ਅਤੇ ਸਿਖਲਾਈ ਵਿਚ ਵਾਧੇ ਲਈ ਨਿਵੇਸ਼ ਕਰ ਰਹੀ ਹੈ ਅਤੇ ਢੁਕਵਾਂ ਵਾਤਾਵਰਨ ਬਣਾ ਰਹੀ ਹੈ, ਉੱਦਮ ਵੀ ਕੰਮ ਵਾਲੀ ਥਾਂ 'ਤੇ ਆਪਣੇ ਕਰਮਚਾਰੀਆਂ ਨੂੰ ਸਿਖਲਾਈ ਦੇ ਸਕਦੇ ਹਨ। ਅੰਤ ਵਿਚ, ਹੁਨਰ ਦਾ ਵਿਕਾਸ ਬੇਦਖ਼ਲੀ ਤੋਂ ਪਾਰ ਪਾਉਣ ਦਾ ਇਕ ਪ੍ਰਭਾਵੀ ਤਰੀਕਾ ਹੈ, ਪਰ ਸਿੱਖਿਆ ਦੇ ਨਤੀਜਿਆਂ ਦੀ ਸਿੱਖਿਆ ਦੇ ਪੱਧਰ ਅਤੇ ਰੁਜ਼ਗਾਰ ਯੋਗਤਾ ਦੀ ਸਿਖਲਾਈ ਦੇ ਮਾਮਲੇ ਵਿਚ ਨਿਗਰਾਨੀ ਕਰਨ ਦੀ ਲੋੜ ਹੈ, ਜੋ ਨਾ ਸਿਰਫ਼ ਮਜ਼ਦੂਰ ਬਾਜ਼ਾਰ ਵਿਚ ਦਾਖ਼ਲੇ ਨੂੰ ਸੁਖਾਲਾ ਕਰੇਗਾ; ਸਗੋਂ ਸਮਾਜਿਕ ਸ਼ਮੂਲੀਅਤ ਨੂੰ ਵੀ ਅੰਜਾਮ ਦੇਵੇਗਾ।

*(ਲੇਖਿਕਾ ਨੀਤੀ ਆਯੋਗ, ਨਵੀਂ ਦਿੱਲੀ ਵਿਚ ਸਲਾਹਕਾਰ (ਪੀ.ਸੀ) ਹੈ।)*

*e-mail :sunitasanghi1960@gmail.com*

**ਯੋਜਨਾ (ਪੰਜਾਬੀ)**

**ਦਾ ਅਗਲਾ ਅੰਕ**

• **ਨਵੰਬਰ 2015 – ਇਹ ਅੰਕ ਟਰਾਂਸਪੋਰਟ ਸੈੱਕਟਰ ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**Soochna Bhawan, Room No 48-53, C.G.O. Complex,**

**Lodhi Road, New Delhi-110003.**

*email-pdjucir@gmail.com*

# ਭਾਰਤ ਵਿਚ ਕਬਾਇਲੀ ਨੌਜਵਾਨਾਂ ਦਾ ਹੁਨਰ ਵਿਕਾਸ : ਅੱਜ ਦੇ ਹਾਲਾਤ ਅਤੇ ਭਵਿੱਖੀ ਜੁਗਤਾਂ

ਰਜਿੰਦਰ ਸਿੰਘ ਗੌਤਮ, ਨਵੀਨ ਟੀ. ਅਤੇ ਸ਼ਸ਼ਾਂਕ ਸਿੰਘ

ਭਾਰਤ ਸਰਕਾਰ ਨੇ ਪਿਛਲੇ ਇਕ ਦਹਾਕੇ ਤੋਂ ਕਈ ਪਹਿਲਕਦਮੀਆਂ ਕਰ ਕੇ ਹੁਨਰ ਵਿਕਾਸ ਨੂੰ ਉੱਚ ਪਹਿਲ ਦਿਤੀ ਹੈ। ਇਕ ਅਨੁਭਵ-ਸਿੱਧ ਅਧਿਐਨ ਉਪਰ ਆਧਾਰਤ ਇਸ ਦਸਤਾਵੇਜ਼ ਵਿਚ ਤਰਕ ਦਿਤਾ ਗਿਆ ਹੈ ਕਿ ਵੱਖ-ਵੱਖ ਭਾਈਵਾਲਾਂ ਵਲੋਂ ਸਕਾਰਾਤਮਕ ਕਾਰਜਾਂ ਦੇ ਬਾਵਜੂਦ, ਹੁਨਰ ਵਿਕਾਸ ਨੀਤੀਆਂ ਅਤੇ ਸੰਸਥਾਨ, ਅਨੁਸੂਚਿਤ ਜਨਜਾਤੀਆਂ ਦੀਆਂ ਵਿਸ਼ੇਸ਼ ਅਤੇ ਵਿਭਿੰਨ ਕਿਸਮ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰ ਸਕੇ ਜੋ ਉਨ੍ਹਾਂ ਲਈ ਪਾਇਦਾਰ ਰੁਜ਼ਗਾਰ ਦਾ ਸਾਧਨ ਬਣ ਸਕਦੇ ਸਨ। ਇਸ ਵਿਚ ਕਬਾਇਲੀ ਨੌਜਵਾਨਾਂ ਦੀਆਂ ਹੁਨਰ ਵਿਕਾਸ ਲੋੜਾਂ ਦੀ ਪੂਰਤੀ ਅਤੇ ਉਨ੍ਹਾਂ ਦੀਆਂ ਉਮੀਦਾਂ ਉਪਰ ਖਰੇ ਉਤਰਨ ਲਈ ਇਕ ਬਹੁ-ਪੱਖੀ ਪਹੁੰਚ ਅਪਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਿਸ ਦਾ ਉਦੇਸ਼ ਹੈ :-

• ਮੌਜੂਦਾ ਰੁਜ਼ਗਾਰ ਪ੍ਰਣਾਲੀ ਨੂੰ ਖੇਤੀਬਾੜੀ, ਬਾਗ਼ਬਾਨੀ, ਪਸ਼ੂ-ਪਾਲਣ, ਮੱਛੀ-ਪਾਲਣ, ਗ਼ੈਰ ਖੇਤੀਬਾੜੀ ਕਿੱਤੇ, ਜੰਗਲਾਤ ਆਦਿ ਵਿਚ ਰੋਜ਼ੀ-ਰੋਟੀ ਦੇ ਸਾਧਨ ਖੋਜ ਕੇ ਵਧਾਉਣਾ। • ਪੇਂਡੂ ਗ਼ੈਰ ਖੇਤੀਬਾੜੀ ਖੇਤਰ ਤੋਂ ਬਾਹਰ ਨੌਕਰੀਆਂ ਲਈ ਮੁਹਾਰਤ ਵਿਕਾਸ ਕਰਨ ਉਪਰ ਜ਼ੋਰ ਦੇਣਾ। • ਉੱਦਮ - ਖੁਦ ਰੁਜ਼ਗਾਰੀ ਅਤੇ ਉੱਦਮੀਆਂ ਨੂੰ ਸੂਖਮ ਉੱਦਮਾਂ ਲਈ ਉਤਸ਼ਾਹਤ ਕਰਨਾ ਤਾਂ ਕਿ ਵਿਅਕਤੀਗਤ ਅਤੇ ਗਰੁੱਪ ਉੱਦਮਾਂ ਨੂੰ ਉਤਸ਼ਾਹ ਮਿਲ ਸਕੇ।

## ਮੁੱਖਬੰਧ

ਮਨੁੱਖੀ ਵਿਕਾਸ ਸੰਕੇਤਕਾਂ ਵਿਚ ਕਬਾਇਲੀ ਬਹੁਤ ਥੱਲੇ ਆਉਂਦੇ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ, ਅਨੁਸੂਚਿਤ ਜਨਾਤੀਆਂ ਦੀ ਸਾਖਰਤਾ ਦਰ 59 ਪ੍ਰਤਿਸ਼ਤ ਸੀ, ਜੋ ਪੁਰਸ਼ਾਂ ਵਿਚ 68.5 ਪ੍ਰਤਿਸ਼ਤ ਅਤੇ ਇਸਤਰੀਆਂ ਦੀ ਸਾਖਰਤਾ ਦਰ 49.4 ਪ੍ਰਤਿਸ਼ਤ ਸੀ। ਬਾਕੀ ਤਬਕਿਆਂ ਦੇ ਮੁਕਾਬਲੇ ਇਹ ਬਹੁਤ ਘੱਟ ਸੀ। ਕਬਾਇਲੀ ਤਬਕਿਆਂ ਵਿਚ ਸਕੂਲ ਵਿਚ ਵਿਚਾਲੇ ਛੱਡ ਦੇਣ ਦੀ ਦਰ ਵੀ ਬਹੁਤ ਵੱਧ ਹੈ ਅਤੇ ਉਨ੍ਹਾਂ ਦਾ ਸਿੱਖਿਆ ਦਾ ਮਿਆਰ ਵੀ ਘੱਟ ਹੈ। ਇਸ ਨਾਲ ਕਬਾਇਲੀ ਨੌਜਵਾਨਾਂ ਉਪਰ ਬਹੁਤ ਬੋਝ ਪੈਂਦਾ ਹੈ ਜੋ ਰਵਾਇਤੀ ਕਿੱਤਿਆਂ ਅਤੇ ਘੱਟ ਮੁਹਾਰਤ ਵਾਲੇ ਕਿੱਤਿਆਂ ਵਿਚ ਲੱਗ ਜਾਂਦੇ ਹਨ। ਦੇਸ਼ ਨੂੰ ਜਨ ਅੰਕਕੀ ਫ਼ਾਇਦੇ ਦਾ ਲਾਭ ਉਠਾਉਣਾ ਚਾਹੀਦਾ ਹੈ ਜੋ ਕਬਾਇਲੀ ਸਮਾਜ ਉਪਰ ਹੋਰ ਵੀ ਵਧੇਰੇ ਲਾਗੂ ਹੁੰਦਾ ਹੈ।

ਭਾਰਤ ਵਿਚ ਕਬਾਇਲੀ ਨੌਜਵਾਨ ਚੁਰਾਹੇ'ਤੇ ਖੜ੍ਹੇ ਹਨ। ਜਨਜਾਤੀ ਕਬੀਲੇ ਕੁਦਰਤੀ ਸਰੋਤਾਂ ਜਲ, ਜੰਗਲ, ਜ਼ਮੀਨ ਦੀ ਤ੍ਰਿਕੁਟੀ ਉਪਰ ਨਿਰਭਰ ਹੁੰਦੇ ਸਨ ਜੋ ਹੁਣ ਜਾਂ ਤਾਂ ਘਟ ਰਹੇ ਹਨ ਅਤੇ ਜਾਂ ਉਨ੍ਹਾਂ ਨੂੰ ਪਹੁੰਚ ਤੋਂ ਬਾਹਰ ਕੀਤਾ ਜਾ ਰਿਹਾ ਹੈ ਜਿਸ ਨਾਲ ਕਬਾਇਲੀਆਂ ਦੇ ਜੀਵਨ ਅਤੇ ਰੋਜ਼ੀ-ਰੋਟੀ ਉਪਰ ਅਸਰ ਪੈ ਰਿਹਾ ਹੈ। ਉਨ੍ਹਾਂ ਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਥੇ ਉਨ੍ਹਾਂ ਨੂੰ ਮੁੱਖਧਾਰਾ ਅਰਥਵਿਵਸਥਾ ਵਿਚ ਆ ਰਹੀਆਂ ਤਬਦੀਲੀਆਂ ਅਨੁਸਾਰ ਢਾਲਣਾ ਪੈ ਰਿਹਾ ਹੈ ਜਿਸ ਨਾਲ ਉਨ੍ਹਾਂ ਦੇ ਰਹਿਣ-ਬਹਿਣ ਦੇ ਤਰੀਕੇ ਉਪਰ ਦਬਾਉ ਅਤੇ ਬੋਝ ਪੈਂਦਾ ਹੈ। ਸਰੋਤਾਂ ਦੀ ਵਪਾਰਕ ਦੁਰਵਰਤੋਂ ਅਤੇ ਬੇਸਮਝੀ ਦੇ ਵਿਕਾਸ ਦੀ ਦਖ਼ਲ-ਅੰਦਾਜ਼ੀ ਦੀਆਂ ਮਿਲੀਆਂ-ਜੁਲੀਆਂ ਕੋਸ਼ਿਸ਼ਾਂ ਰਾਹੀਂ, ਕਬਾਇਲੀ ਵਸੋਂ ਦਾ ਸਰੋਤ ਆਧਾਰ ਅਤੇ ਸਮਾਜਿਕ ਅਤੇ ਸਭਿਆਚਾਰਕ ਵਿਰਾਸਤ ਉੱਜੜ ਰਹੀ ਹੈ।

ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਤਬਦੀਲੀਆਂ ਕਬਾਇਲੀਆਂ ਦੇ ਰਹਿਣ-ਬਹਿਣ ਉਪਰ ਅਸਰ ਪਾ ਰਹੀਆਂ ਹਨ, ਪਰ ਇਨ੍ਹਾਂ ਤਬਦੀਲੀਆਂ ਅਨੁਸਾਰ ਕਬਾਇਲੀ ਨੌਜਵਾਨਾਂ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਹੋ ਰਹੀ। ਅਰਥਵਿਵਸਥਾ ਵਿਚ ਵਧ ਰਹੇ ਮੌਕਿਆਂ ਦੇ ਚਲਦੇ ਕਬਾਇਲੀ ਨੌਜਵਾਨਾਂ ਦੀਆਂ ਇੱਛਾਵਾਂ ਵੀ ਵਧ ਰਹੀਆਂ ਹਨ ਪਰ ਵਧੇਰੇ ਕਰਕੇ ਮੁਹਾਰਤ ਦੀ ਕਮੀ ਅਤੇ ਪੂੰਜੀ ਤਕ ਪਹੁੰਚ ਉਨ੍ਹਾਂ ਦੀ ਇੱਛਾ ਪੂਰਤੀ ਦੇ ਰਸਤੇ ਵਿਚ ਚੁਨੌਤੀ ਬਣ ਕੇ ਖੜ੍ਹੀ ਹੋ ਜਾਂਦੀ ਹੈ। ਸਿੱਟੇ ਵਜੋਂ, ਸਾਡੀ ਆਬਾਦੀ ਦਾ ਇਹ ਹਿੱਸਾ ਹੋਰ ਵੀ ਹਾਸ਼ੀਏ 'ਤੇ ਜਾ ਰਿਹਾ ਹੈ।

ਵਿਵਸਾਇਕ ਸਿੱਖਿਆ ਨਾਲ ਕਬਾਇਲੀ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਨਜਿੱਠਣ ਦੀ ਆਸ ਬੱਝਦੀ ਹੈ। ਹੁਨਰ ਵਿਕਾਸ ਨੂੰ 11ਵੀਂ ਅਤੇ 12ਵੀਂ ਪੰਜ ਸਾਲਾ ਯੋਜਨਾਵਾਂ ਵਿਚ ਹੁਲਾਰਾ ਮਿਲਿਆ। 2009 ਦੀ ਰਾਸ਼ਟਰੀ ਹੁਨਰ ਵਿਕਾਸ ਨੀਤੀ ਤੋਂ ਸ਼ੁਰੂ ਹੋ ਕੇ ਹਾਲ ਹੀ ਵਿਚ ਘੋਸ਼ਣਾ ਕੀਤੀ ਰਾਸ਼ਟਰੀ ਹੁਨਰ ਵਿਕਾਸ ਅਤੇ ਉੱਦਮਕਾਰੀ ਨੀਤੀ ਤਕ ਭਾਰਤ ਸਰਕਾਰ ਦੇ ਹੁਨਰ ਵਿਕਾਸ ਦੇ ਨਜ਼ਰੀਏ ਨੂੰ ਉਤਸ਼ਾਹ ਮਿਲਿਆ ਹੈ। ਰਾਸ਼ਟਰੀ ਹੁਨਰ ਵਿਕਾਸ ਪਹਿਲਾਂ ਦਾ ਟੀਚਾ ਹੈ ਕਿ 2022 ਤਕ 50 ਕਰੋੜ ਲੋਕਾਂ ਨੂੰ ਹੁਨਰਮੰਦ ਕੀਤਾ ਜਾਵੇ। ਇਨ੍ਹਾਂ ਨੀਤੀਆਂ ਦਾ ਉਦੇਸ਼ ਹੈ ਮੁਹਾਰਤ ਪੱਖੀ ਵਾਤਾਵਰਨ ਤਿਆਰ ਕਰਨਾ, ਰੁਜ਼ਗਾਰ ਸਿਰ ਲੱਗਣ ਦੀ ਕਾਬਲੀਅਤ ਬਣਾਉਣਾ ਅਤੇ ਚੰਗਾ ਕੰਮ ਲੱਭਣ ਵਿਚ ਮਦਦ ਕਰਨਾ। ਹੁਨਰ ਵਿਕਾਸ ਪ੍ਰੋਗਰਾਮ ਨੂੰ ਅੱਗੇ ਵਧਾਉਣ ਲਈ ਰਾਸ਼ਟਰੀ ਹੁਨਰ ਵਿਕਾਸ ਕਾਰਪੋਰੇਸ਼ਨ ਅਤੇ ਰਾਸ਼ਟਰੀ ਹੁਨਰ ਵਿਕਾਸ ਅਥਾਰਿਟੀ

ਦੀ ਸਥਾਪਨਾ ਕੀਤੀ ਗਈ ਹੈ।

ਪਹਿਲਾਂ ਤੋਂ ਚਲੇ ਆ ਰਹੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਵਾਲੇ ਪ੍ਰੋਗਰਾਮਾਂ ਜਿਵੇਂ ਕਿ ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਜ਼ਾਮਨੀ ਯੋਜਨਾ, ਸਮਾਜਿਕ ਸਵੈ-ਰੁਜ਼ਗਾਰ ਜ਼ਮਾਨੀ ਯੋਜਨਾ, ਸਵਰਨਜਯੰਤੀ ਸ਼ਹਿਰੀ ਰੁਜ਼ਗਾਰ ਯੋਜਨਾ, ਸਵਰਨਜਯੰਤੀ ਗ੍ਰਾਮੀਣ ਰੁਜ਼ਗਾਰ ਯੋਜਨਾ, ਪ੍ਰਧਾਨ ਮੰਤਰੀ ਰੁਜ਼ਗਾਰ ਪੈਦਾ ਕਰਨ ਦਾ ਪ੍ਰੋਗਰਾਮ, ਰਾਸ਼ਟਰੀ ਪੇਂਡੂ ਰੋਜ਼ੀ-ਰੋਟੀ ਮਿਸ਼ਨ, ਰਾਸ਼ਟਰੀ ਸ਼ਹਿਰੀ ਰੋਜ਼ੀ-ਰੋਟੀ ਮਿਸ਼ਨ, ਜਾਗਰੂਕਤਾ ਅਤੇ ਹੁਨਰ ਵਿਕਾਸ ਪ੍ਰੋਗਰਾਮ, ਸਮੁਚਿਤ ਕੰਮਕਾਜ ਪ੍ਰਬੰਧਕੀ ਪ੍ਰੋਗਰਾਮ ਅਤੇ ਅਗਾਂਹ ਵਧਾਊ ਪ੍ਰੋਗਰਾਮਾਂ ਨੂੰ ਉਨ੍ਹਾਂ ਦੇ ਅਸਰ, ਕੁਸ਼ਲਤਾ ਅਤੇ ਪ੍ਰਭਾਵਕਤਾ ਵਧਾਉਣ ਲਈ ਹੁਨਰ ਵਿਕਾਸ ਪ੍ਰੋਗਰਾਮਾਂ ਨਾਲ ਜੋੜਿਆ ਜਾ ਰਿਹਾ ਹੈ। ਸਰਟੀਫਿਕੇਟ ਦੇਣ ਅਤੇ ਮਾਨਤਾ ਦੇਣ ਲਈ ਹੁਨਰ ਵਿਕਾਸ ਕੌਂਸਲਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ ਅਤੇ ਉਦਯੋਗਿਕ ਸੰਸਥਾਨਾਂ ਦੀ ਮਦਦ ਲਈ ਜਾ ਰਹੀ ਹੈ। ਹੁਨਰ ਵਿਕਾਸ ਪਹਿਲ ਸਕੀਮ ਨੂੰ ਰੁਜ਼ਗਾਰ ਅਨੁਕੂਲਤਾ ਮੁਹਾਰਤ ਵਿਚ ਸਰਟੀਫਿਕੇਟ ਦੇਣ ਲਈ ਸ਼ੁਰੂ ਕੀਤਾ ਗਿਆ ਹੈ। ਉੱਤਰ-ਪੂਰਬ, ਜੰਮੂ ਅਤੇ ਕਸ਼ਮੀਰ ਅਤੇ ਖੱਬੇ ਪੱਖੀ ਅੱਤਵਾਦ ਪ੍ਰਭਾਵਤ ਖੇਤਰਾਂ ਲਈ ਵਿਸ਼ੇਸ਼ ਹੁਨਰ ਵਿਕਾਸ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਉਦਯੋਗ ਵਲੋਂ ਕੀਤੀਆਂ ਜਾ ਰਹੀਆਂ ਪਹਿਲਾਂ ਨੂੰ ਜਨਤਕ-ਨਿੱਜੀ ਭਾਈਵਾਲੀ ਵਿਚ ਚਲਾਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। ਇਨ੍ਹਾਂ ਨਾਲ ਸੰਬੰਧਿਤ ਹਰ ਵਿਭਾਗ ਆਪਣੀਆਂ ਹੁਨਰ ਪਹਿਲਾਂ ਵੀ ਕਰ ਰਹੇ ਹਨ ਅਤੇ ਇਸ ਕੰਮ ਲਈ ਟੀਚੇ ਮਿਥ ਰਹੇ ਹਨ।

ਇਸ ਪਿਛੋਕੜ ਵਿਚ, ਭਾਰਤ ਸਰਕਾਰ ਦੇ ਕਬਾਇਲੀ ਮਾਮਲਿਆਂ ਬਾਰੇ ਮੰਤਰਾਲਾ ਅਤੇ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਨੇ ਮਿਲ ਕੇ 'ਕਬਾਇਲੀ ਨੌਜਵਾਨਾਂ ਦਾ ਹੁਨਰ ਵਿਕਾਸ' ਅਧਿਐਨ ਰੁਜ਼ਗਾਰ ਘੋਖ ਅਤੇ ਸਿਖਲਾਈ ਸੰਸਥਾਨ ਅਤੇ ਜ਼ਿੰਦਗੀ ਭਰ ਦੇ ਰੁਜ਼ਗਾਰ ਯੋਗਤਾ ਵਿਕਾਸ ਦੀ ਬੇਸਿਕਸ ਅਕੈਡਮੀ ਰਾਹੀਂ ਕਰਵਾਇਆ। ਇਸ ਅਧਿਐਨ ਵਿਚ ਕੇਂਦਰ ਅਤੇ ਰਾਜਾਂ ਦੀਆਂ ਸਕੀਮਾਂ ਦਾ ਕਬਾਇਲੀ ਨੌਜਵਾਨਾਂ ਦੇ ਹੁਨਰ ਵਿਕਾਸ ਵਿਚ ਯੋਗਦਾਨ, ਇਨ੍ਹਾਂ ਸਕੀਮਾਂ ਤਕ ਪਹੁੰਚ ਵਿਚ ਰੁਕਾਵਟਾਂ ਅਤੇ ਹੁਨਰ ਵਿਕਾਸ ਪ੍ਰੋਗਰਾਮਾਂ ਅਤੇ ਸਕੀਮਾਂ ਡਿਜ਼ਾਈਨ ਕਰਕੇ ਕਬਾਇਲੀ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਗਈ।

## ਤਰੀਕਾ

ਇਹ ਇਕ ਅਨੁਭਵ-ਸਿੱਧ ਕਿਸਮ ਦਾ ਅਧਿਐਨ ਸੀ ਜਿਸ ਤੋਂ ਬਾਅਦ ਮਿਦਾਰ ਅਤੇ ਉੱਤਮਤਾ ਦੇ ਪੱਖੋਂ ਕਬਾਇਲੀ ਨੌਜਵਾਨਾਂ ਦੇ ਹੁਨਰ ਵਿਕਾਸ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ ਦੀ ਡੂੰਘੀ ਜਾਂਚ ਪੜਤਾਲ ਅਤੇ ਪੜਚੋਲ ਕੀਤੀ ਗਈ। ਇਸ ਨੂੰ ਵਿਆਪਕ ਸੰਦਰਭ ਵਿਚ ਸਮਝਣ ਲਈ, ਸਮੁੱਚੇ ਦੇਸ਼ ਨੂੰ ਅਧਿਐਨ ਦਾ ਖੇਤਰ ਮੰਨਿਆ ਗਿਆ ਅਤ ਸੂਖਮ ਤੌਰ ਤੇ ਸਮਝਣ ਲਈ ਛੱਤੀਗੜ੍ਹ ਨੂੰ ਚੁਣਿਆ ਗਿਆ। ਇਸ ਅਧਿਐਨ ਨੂੰ ਤਿੰਨ ਪੜਾਵਾਂ ਵਿਚ ਕੀਤਾ ਗਿਆ - (1) ਦੇਸ਼ ਵਿਚ ਅਤੇ ਖ਼ਾਸ ਤੌਰ ਤੇ ਕਬਾਇਲੀ ਖੇਤਰਾਂ ਵਿਚ ਨੀਤੀ, ਸਕੀਮਾਂ ਅਤੇ ਪ੍ਰੋਗਰਾਮਾਂ ਦੇ ਪ੍ਰਭਾਵ ਨੂੰ ਸਮਝਣ ਲਈ ਰਾਸ਼ਟਰੀ ਪੱਧਰ ਦੀਆਂ ਸੰਬੰਧਿਤ ਧਿਰਾਂ ਨਾਲ ਸਲਾਹ ਮਸ਼ਵਰਾ ਅਤੇ ਸਾਖਿਆਤਕਾਰ (2) ਛੱਤੀਸਗੜ੍ਹ ਰਾਜ ਦੇ 6 ਜ਼ਿਲ੍ਹਿਆਂ ਦੇ 12 ਬਲਾਕਾਂ ਵਿਚ 24 ਗ੍ਰਾਮ ਪੰਚਾਇਤਾਂ/ਪਿੰਡਾਂ ਦੇ 240 ਘਰ ਪਰਿਵਾਰਾਂ ਦੇ 13 ਤੋਂ 30 ਸਾਲ ਦੀ ਉਮਰ ਦੇ 480 ਨੌਜਵਾਨ (ਪੁਰਸ਼ ਅਤੇ ਔਰਤਾਂ) ਦਾ ਸਰਵੇ ਅਤੇ ਸਾਖਿਆਤਕਾਰ (3) ਵੱਖ-ਵੱਖ ਏਜੰਸੀਆਂ, ਜਿਵੇਂ ਕਿ ਸਰਕਾਰੀ ਅਤੇ ਗ਼ੈਰ ਸਰਕਾਰੀ ਵਲੋਂ ਵਿਕਸਤ ਵੱਖ-ਵੱਖ ਹੁਨਰ ਵਿਕਾਸ ਮਾਡਲਾਂ ਦੀ ਕਬਾਇਲੀ ਨੌਜਵਾਨਾਂ ਲਈਸਾਰਥਕਤਾ ਦੀ ਪਰਖ।

## ਅਧਿਐਨ ਦੇ ਮੁੱਖ ਸਿੱਟੇ

ਸਿੱਖਿਆ ਦੀ ਨੀਵੀਂ ਪੱਧਰ - ਅਧਿਐਨ ਵਿਚ ਕਬਾਇਲੀ ਨੌਜਵਾਨਾਂ ਦੀ ਸਿੱਖਿਆ ਦਾ ਪੱਧਰ ਨੀਵਾਂ ਦਿਖਾਇਆ ਗਿਆ ਹੈ, 480 ਨੌਜਵਾਨਾਂ ਵਿਚੋਂ, ਇਕ ਚੌਥਾਈ ਤੋਂ ਥੋੜ੍ਹੇ ਜਿਹੇ ਵੱਧ (27.6 ਪ੍ਰਤਿਸ਼ਤ) ਕਬਾਇਲੀ ਨੌਜਵਾਨ ਹੀ ਹਾਈ ਸਕੂਲ ਦੀ ਸਿੱਖਿਆ ਤੋਂ ਅੱਗੇ ਵਧ ਸਕੇ ਹਨ। ਦੋ ਤਿਹਾਈ ਕਬਾਇਲੀ ਨੌਜਵਾਨਾਂ ਨੇ ਤਾਂ ਪਰਿਵਾਰਕ ਜਾਂ ਮਾਲੀ ਤੰਗੀ ਕਾਰਨ ਪੜ੍ਹਾਈ ਵਿਚਾਲੇ ਹੀ ਛੱਡ ਦਿਤੀ।

## ਗ਼ੈਰ-ਮੁਹਾਰਤੀ ਕੰਮਾਂ ਵਿਚ ਲੱਗੇ ਹੋਣ ਨਾਲ ਨੌਕਰੀਆਂ 'ਚ ਘੱਟ ਦਰਜਾ

ਕਬਾਇਲੀ ਨੌਜਵਾਨ ਮੁੱਖ ਤੌਰ ਤੇ ਰਵਾਇਤੀ ਜਾਂ ਗ਼ੈਰ ਮੁਹਾਰਤੀ ਕੰਮਾਂ ਵਿਚ ਲੱਗੇ ਹੋਏ ਹਨ। ਦੋ ਤਿਹਾਈ ਹਿੱਸਾ, ਖ਼ਾਸ ਤੌਰ ਤੇ ਔਰਤਾਂ, ਖੇਤੀਬਾੜੀ ਦੇ ਕੰਮਾਂ ਵਿਚ ਅਤੇ ਕਾਮਿਆਂ ਦੇ ਤੌਰ ਤੇ ਕੰਮ ਕਰ ਰਹੇ ਹਨ। ਲਗਭਗ 3/5 ਹਿੱਸਾ (59 ਪ੍ਰਤਿਸ਼ਤ) ਗ਼ੈਰ ਮੁਹਾਰਤ ਪ੍ਰਾਪਤ ਕਾਮਿਆਂ ਦੇ ਤੌਰ ਤੇ ਕੰਮ ਕਰ ਰਹੇ ਹਨ। ਇਹ ਆਪਣੇ ਆਪ ਵਿਚ ਸਾਬਤ ਕਰਦਾ ਹੈ ਕਿ ਉਹ ਗ਼ੈਰ ਸਿੱਖਿਅਤ, ਅਸੰਗਠਿਤ ਅਤੇ ਘੱਟ ਤੇ ਅਨਿਯਮਿਤ ਰੁਜ਼ਗਾਰ ਵਿਚ ਲੱਗੇ ਹੋਏ ਹਨ। ਲਗਭਗ ਅੱਧ (49 ਪ੍ਰਤਿਸ਼ਤ) ਰੋਜ਼ਾਨਾ ਤੌਰ ਤੇ, 20 ਪ੍ਰਤਿਸ਼ਤ ਆਰਜ਼ੀ ਤੌਰ ਤੇ ਅਤੇ 1/8 ਭਾਗ (14 ਪ੍ਰਤਿਸ਼ਤ) ਛੋਟੀ ਮਿਆਦ ਦੀ ਨੌਕਰੀ ਦੇ ਆਧਾਰ 'ਤੇ ਕੰਮ ਕਰ ਰਹੇ ਹਨ।

## ਹੁਨਰ ਸਿਖਲਾਈ ਤਕ ਘੱਟ ਪਹੁੰਚ

ਹੁਨਰ ਦੀ ਸਿਖਲਾਈ ਤਕ ਬਹੁਤ ਘੱਟ ਪਹੁੰਚ ਸੀ। 1/9 ਹਿੱਸਾ (11 ਪ੍ਰਤਿਸ਼ਤ) ਕਿਰਤੀਆਂ ਨੇ ਕਿਸੇ ਨਾ ਕਿਸੇ ਕਿਸਮ ਦੀ ਸਿਖਲਾਈ ਲਈ ਹੋਈ ਸੀ ਜਿਨ੍ਹਾਂ ਵਿਚੋਂ ਅੱਧੇ (52 ਪ੍ਰਤਿਸ਼ਤ) ਅਸੰਗਠਿਤ ਖੇਤਰ ਵਿਚੋਂ ਸਨ। ਰਸਮੀ ਤੌਰ ਤੇ ਆਈ ਟੀ ਆਈ ਸਰਟੀਫਿਕੇਟ ਪ੍ਰਾਪਤਸ਼ੁਦਾ ਹੁਨਰ ਸਿਖਲਾਈ ਲੈਣ ਵਾਲੇ ਸਿਰਫ਼ 15 ਪ੍ਰਤਿਸ਼ਤ ਸਨ।

## ਮੌਜੂਦਾ ਪੱਧਰ ਨਾਲ ਇੱਛਾਵਾਂ ਮੇਲ ਨਹੀਂ ਖਾਂਦੀਆਂ

ਜਿਥੇ ਕਬਾਇਲੀ ਨੌਜਵਾਨਾਂ ਦੀ ਮੌਜੂਦਾ ਸਥਿਤੀ ਖਰਾਬ ਹੈ, ਉਥੇ ਉਨ੍ਹਾਂ ਦੀਆਂ ਇੱਛਾਵਾਂ ਦਾ ਪੱਧਰ ਸਮਾਜਿਕ ਗਤੀਸ਼ੀਲਤਾ ਦੀ ਚਾਹ ਰਖਦਾ ਹੈ। ਅੱਧੇ (49 ਪ੍ਰਤਿਸ਼ਤ) ਨੌਜਵਾਨਾਂ ਦੀ ਇੱਛਾ ਉੱਚ ਸਿੱਖਿਅ, ਕਾਲਜ ਗ੍ਰੈਜੂਏਟ ਅਤੇ ਉਸ ਤੋਂ ਉਪਰ ਹਾਸਲ ਕਰਨ ਦੀ ਸੀ। 10 ਪ੍ਰਤਿਸ਼ਤ ਨੌਜਵਾਨ ਵਿਵਸਾਇਕ ਸਿੱਖਿਆ ਲੈਣ ਦੇ ਚਾਹਵਾਨ ਹਨ। ਇਸ ਤੋਂ ਕਬਾਇਲੀ ਨੌਜਵਾਨਾਂ ਦਾ ਝੁਕਾਅ ਦਫ਼ਤਰੀ ਨੌਕਰੀਆਂ ਵੱਲ ਲਗਦਾ ਹੈ।

ਅਧਿਐਨ ਤੋਂ ਕਬਾਇਲੀ ਨੌਜਵਾਨਾਂ ਦੀ ਪਹਿਲੀ ਪਸੰਦ ਨਿਯਮਤ/ਪੱਕੀਆਂ ਨੌਕਰੀਆਂ ਹੈ। ਲਗਭਗ ਅੱਧੇ (52 ਪ੍ਰਤਿਸ਼ਤ) ਦੀ ਪਸੰਦ ਤਨਖ਼ਾਹਸ਼ੁਦਾ ਰੁਜ਼ਗਾਰ ਹੈ ਜਦ ਕਿ ਇਕ ਚੌਥਾਈ (26 ਪ੍ਰਤਿਸ਼ਤ) ਸਵੈ-ਰੁਜ਼ਗਾਰ ਨੂੰ ਪਹਿਲ ਦਿੰਦੇ ਹਨ। ਲਗਭਗ 9/10 ਹਿੱਸਾ (89 ਪ੍ਰਤਿਸ਼ਤ) ਦੀ ਪਸੰਦ ਸਰਕਾਰੀ ਨੌਕਰੀਆਂ ਹੈ।

## ਸੇਵਾ ਖੇਤਰ ਦਾ ਹੁਨਰ-ਪਹਿਲ ਤੇ

## ਪਸੰਦੀਦਾ

ਹੁਨਰ ਸਿਖਲਾਈ ਦੀ ਪਸੰਦ ਦੇ ਆਧਾਰ 'ਤੇ, 1/6 ਪ੍ਰਤਿਸ਼ਤ ਨੇ ਕੱਪੜਾ ਉਦਯੋਗ ਨਾਲ ਸੰਬੰਧਿਤ ਕਿੱਤਿਆਂ ਦੀ ਸਿਖਲਾਈ ਲਈ, ਡਰਾਈਵਿੰਗ ਅਤੇ ਭਵਨ ਨਿਰਮਾਣ ਲਈ ਕ੍ਰਮਵਾਰ 4 ਪ੍ਰਤਿਸ਼ਤ ਅਤੇ ਸਿਹਤ, ਬਿਜਲੀ ਅਤੇ ਮਕੈਨੀਕਲ ਕਿੱਤਿਆਂ ਲਈ ਵਾਰੀ-ਵਾਰੀ 2 ਪ੍ਰਤਿਸ਼ਤ। ਸਮੁੱਚੇ ਤੌਰ ਤੇ ਲਗਭਗ 24 ਪ੍ਰਤਿਸ਼ਤ ਨੇ ਕਾਰਬਨ ਰਹਿਤ ਮੁਹਾਰਤਾਂ ਨੂੰ ਪਸੰਦ ਕੀਤਾ ਜਿਵੇਂ ਕਿ ਖੇਤੀਬਾੜੀ, ਖੇਤੀਬਾੜੀ ਨਾਲ ਸੰਬੰਧਿਤ ਸਰਗਰਮੀਆਂ ਅਤੇ ਜੰਗਲਾਤ ਅਤੇ ਐੈਨ ਟੀ ਐਫ਼ ਪੀ ਆਧਾਰਤ ਹੁਨਰ ਆਦਿ। ਨੌਜਵਾਨ ਔਰਤਾਂ ਮੁੱਖ ਤੌਰ ਤੇ ਕਾਰਬਨ ਰਹਿਤ ਹੁਨਰਾਂ ਨੂੰ, ਉਨ੍ਹਾਂ ਦੀ ਵਧੇਰੇ ਸ਼ਮੂਲੀਅਤ ਕਾਰਨ, ਵਧੇਰੇ ਪਸੰਦ ਕੀਤਾ ਹੈ। ਹੁਨਰ ਸਿਖਲਾਈ ਨੂੰ ਸਾਥਾਨਕ ਤੌਰ ਤੇ ਸਬਸਿਡੀ ਦੀ ਮਦਦ ਨਾਲ ਤਰਜੀਹ ਦੇਣਾ : ਲਗਭਗ ਅੱਧੇ (50 ਪ੍ਰਤਿਸ਼ਤ) ਆਪਣੇ ਪਿੰਡ ਜਾਂ ਸਮੂਹ ਵਿਚ ਸਿਖਲਾਈ ਲੈਣ ਨੂੰ ਤਰਜੀਹ ਦਿੰਦੇ ਹਨ ਅਤੇ ਹੋਰ ਦਸ ਵਿਚੋਂ ਤਿੰਨ ਭਾਗ (31 ਪ੍ਰਤਿਸ਼ਤ) ਆਪਣੇ ਬਲਾਕ ਵਿਚ ਹੀ। ਹੁਨਰ ਸਿਖਲਾਈ ਲਈ ਫੀਸ ਅਦਾਇਗੀ ਕਰਨ ਦੀ ਸੂਰਤ ਵਿਚ, ਪੰਜ ਵਿਚੋਂ 2 (44 ਪ੍ਰਤਿਸ਼ਤ) ਬਿਨਾਂ ਫੀਸ ਦਿਤੇ ਕੋਰਸ ਵਿਚ ਦਾਖ਼ਲਾ ਚਾਹੁੰਦੇ ਹਨ। ਲਗਭਗ ਇਕ ਤਿਹਾਈ (34 ਪ੍ਰਤਿਸ਼ਤ), 1000 ਰੁਪਏ ਤੋਂ ਵੱਧ ਫੀਸ ਦੇਣ ਲਈ ਰਾਜ਼ੀ ਨਹੀਂ ਹਨ।

## ਸਿੱਟਾ ਅਤੇ ਸਿਫ਼ਾਰਸ਼ਾਂ

ਕਬਾਇਲੀ ਨੌਜਵਾਨ ਘੱਟ ਪੜ੍ਹੇ-ਲਿਖੇ, ਗ਼ੈਰ ਮੁਹਾਰਤ ਪ੍ਰਾਪਤ ਅਤੇ ਘੱਟ ਉਜਰਤ ਵਾਲੇ ਗ਼ੈਰ ਮੁਹਾਰਤੀ/ਅਰਧ ਮੁਹਾਰਤੀ ਕਿੱਤਿਆਂ ਵਿਚ ਲੱਗੇ ਹੋਏ ਹਨ। ਪਰ ਕਬਾਇਲੀ ਨੌਜਵਾਨ ਵੀ ਵਧੇਰੇ ਚੰਗੀਆਂ ਨੌਕਰੀਆਂ ਦੀਆਂ ਸ਼ਰਤਾਂ, ਵਧੇਰੇ ਉਜਰਤ, ਕੰਮ-ਕਾਜ ਦੀਆਂ ਵਧੇਰੇ ਚੰਗੀਆਂ ਸਹੂਲਤਾਂ ਵਾਲੇ ਹੁਨਰਮੰਦ ਕਾਰਜਾਂ ਵਿਚ ਲੱਗਣ ਦੇ ਚਾਹਵਾਨ ਹਨ।

ਇਸ ਅਧਿਐਨ ਵਿਚ ਕਬਾਇਲੀ ਨੌਜਵਾਨਾਂ ਦੇ ਹੁਨਰ ਵਿਕਾਸ ਲਈ ਇਕ ਵਿਆਪਕ ਪ੍ਰੋਗਰਾਮ ਦੀ ਸਿਫ਼ਾਰਸ਼ ਕੀਤੀ ਗਈ ਹੈ :

• ਨੌਜਵਾਨਾਂ ਦੇ ਰੁਜ਼ਗਾਰ ਦੀਆਂ ਇੱਛਾਵਾਂ ਵੱਲ ਧਿਆਨ ਦੇਣਾ। • ਕਬਾਇਲੀ ਖੇਤਰਾਂ ਵਿਚ ਉੱਦਮੀ ਸਰਗਰਮੀਆ ਨੂੰ ਉਤਸ਼ਾਹਿਤ ਕਰਨਾ। • ਉਦਯੋਗਾਂ ਦੀ ਹੁਨਰਮੰਦ ਕਿਰਤੀਆਂ ਦੀ ਜਮਾਤ ਦੀ ਮੰਗ ਪੂਰਤੀ ਵੱਲ ਧਿਆਨ ਦੇਣਾ। • ਭਾਰਤ ਸਰਕਾਰ ਵਲੋਂ ਕਬਾਇਲੀ ਨੌਜਵਾਨਾਂ ਨੂੰ ਰੁਜ਼ਗਾਰ ਲਈ ਵਧੇਰੇ ਕਾਬਲ ਬਣਾਉਣ ਦੀ ਇੱਛਾ ਦਾ ਧਿਆਨ ਰਖਣਾ।

ਅਧਿਐਨ ਤੋਂ ਪਤਾ ਲਗਦਾ ਹੈ ਕਿ ਕਬਾਇਲੀ ਖੇਤਰਾਂ ਵਿਚ ਚਾਰ ਮੁੱਖ ਖੇਤਰ ਹਨ ਜਿਨ੍ਹਾਂ ਵਿਚ ਰੁਜ਼ਗਾਰ ਕਾਬਲ ਬਣਾਉਣ ਦੇ ਮੌਕੇ ਪੈਦਾ ਹੋ ਰਹੇ ਹਨ ਅਤੇ ਇਸ ਲਈ ਇਨ੍ਹਾਂ ਵਿਚ ਕਬਾਇਲੀ ਨੌਜਵਾਨਾਂ ਦੇ ਹੁਨਰ ਵਿਕਾਸ ਦੀ ਲੋੜ ਹੈ।

ਕਾਰਬਨ ਰਹਿਤ ਖੇਤਰ : ਇਹ ਕਬਾਇਲੀ ਖੇਤਰਾਂ ਵਿਚ ਪ੍ਰਮੁੱਖ ਖੇਤਰ ਹੈ ਜਿਸ ਨੂੰ ਕਬਾਇਲੀ ਵਸੋਂ ਦੀ ਵੱਡੀ ਗਿਣਤੀ ਆਪਣੀ ਰੋਜ਼ੀ-ਰੋਟੀ ਲਈ ਅਪਣਾ ਰਹੀ ਹੈ। ਇਨ੍ਹਾਂ ਖੇਤਰਾਂ ਵਿਚ ਸ਼ਾਮਿਲ ਹਨ : ਪਾਇਦਾਰ ਖੇਤੀਬਾੜੀ ਫੁੱਲ ਖੇਤੀਬਾੜੀ, ਸਜੀਵੀ ਉਤਪਾਦਨ, ਬਾਗ਼ਬਾਨੀ, ਪਸ਼ੂ ਪਾਲਣ, ਮੁੜ ਵਰਤੋਂ ਵਾਲੀ ਊਰਜਾ ਉਤਪਾਦਨ ਅਤੇ ਵਿਤਰਣ, ਕੂੜਾ-ਕਰਕਟ ਪ੍ਰਬੰਧਨ ਅਤੇ ਈਕੋ-ਟੂਰਿਜ਼ਮ। ਇਹ ਭਵਿੱਖ ਦੇ ਵਿਕਾਸ ਖੇਤਰ ਹਨ ਅਤੇ ਪਾਇਦਾਰ ਵੀ ਹਨ।

ਸਾਂਵਲੇ ਖੇਤਰ : ਇਹ ਕਬਾਇਲੀ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਾਲੇ ਦੂਸਰੇ ਸਭ ਤੋਂ ਵੱਡੇ ਖੇਤਰ ਹਨ। ਇਨ੍ਹਾਂ ਵਿਚ ਮੁੱਖ ਤੌਰ ਤੇ ਸ਼ਾਮਿਲ ਹਨ – ਗ਼ੈਰ ਖੇਤੀਬਾੜੀ ਖੇਤਰ ਜਿਵੇਂ ਕਿ ਖੇਤੀਬਾੜੀ ਸੰਬੰਧਿਤ ਸੰਦ ਬਣਾਉਣ ਦਾ ਖੇਤਰ, ਫਰਨੀਚਰ ਬਣਾਉਣਾ, ਹੱਥ-ਖੱਡੀ, ਲੱਕੜ ਨਕਾਸ਼ੀ, ਧਾਤੂ ਨਕਾਸ਼ੀ, ਭਵਨ ਉਸਾਰੀ, ਆਵਾਜਾਈ ਦੇ ਵਸੀਲੇ ਅਤੇ ਹੋਰ ਸੰਬੰਧਿਤ ਸਰਗਰਮੀਆਂ

ਸੇਵਾ ਖੇਤਰ : ਭਾਰਤੀ ਅਰਥਵਿਵਸਥਾ ਦੇ ਵਿਕਾਸ ਨਾਲ ਕਬਾਇਲੀ ਖੇਤਰਾਂ ਦਾ ਵਿਕਾਸ ਵੀ ਤੇਜ਼ੀ ਨਾਲ ਹੋ ਰਿਹਾ ਹੈ। ਸੇਵਾ ਖੇਤਰ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ – ਸਥਾਨਕ ਤੌਰ ਦੀਆਂ ਸੇਵਾਵਾਂ, ਹੋਟਲ ਅਤੇ ਰੈਸਟੋਰੈਂਟ, ਖੁਦਰਾ ਵਪਾਰ, ਟਰਾਂਸਪੋਰਟ ਸੇਵਾਵਾਂ, ਭੋਜਣ ਪ੍ਰਬੰਧ, ਸਕਰੀਨ ਪ੍ਰਿੰਟਿੰਗ, ਫੋਟੋਕਾਪੀ, ਡੀਵੀਓਗ੍ਰਾਫ਼ੀ ਆਦਿ ਅਤੇ ਦੂਸਰਾ ਜਿਥੇ ਮਰਜ਼ੀ ਜਾਓ ਸੇਵਾ ਖੇਤਰ, ਜਿਵੇਂ ਕਿ ਬਿਜਲੀ ਕਾਰੀਗਰ, ਪਾਣੀ ਦੇ ਨਲਕੇ ਠੀਕ ਕਰਨ ਵਾਲਾ ਕਾਰੀਗਰ, ਭਵਨ ਉਸਾਰੀ ਰਾਜ ਮਿਸਤਰੀ, ਲੱਕੜੀ ਦਾ ਕੰਮ ਕਰਨ ਵਾਲਾ ਮਿਸਤਰੀ, ਸੂਚਨਾ ਤਕਨਾਲੋਜੀ ਸੰਬਧਿਤ ਸੇਵਾਵਾਂ, ਦੂਰ-ਸੰਚਾਰ, ਵਿੱਤ ਸੰਬੰਧੀ ਅਤੇ ਦੂਰ ਦੀਆਂ ਸਿੱਖਿਆ ਸੇਵਾਵਾਂ ਆਦਿ ਨੂੰ ਉਨ੍ਹਾਂ ਕਬਾਇਲੀ ਖੇਤਰਾਂ ਵਿਚ ਖ਼ਾਸ ਤੌਰ ਤੇ ਅਪਣਾਇਆ ਜਾ ਸਕਦਾ ਹੈ ਜਿਥੇ ਕਬਾਇਲੀ ਸਮਾਜ ਨੇ ਸਮਾਜਿਕ-ਆਰਥਿਕ ਅਤੇ ਸਿੱਖਿਆ ਦੇ ਖੇਤਰ ਵਿਚ ਕਾਫ਼ੀ ਉੱਨਤੀ ਕਰ ਲਈ ਹੈ।

ਨੌਜਵਾਨਾਂ ਵਿਚ ਹੁਨਰ ਵਿਕਾਸ ਨੂੰ ਉਤਸ਼ਾਹਤ ਕਰਨ ਲਈ ਬਹੁ-ਪੱਖੀ ਪਹੁੰਚ ਦੀ ਲੋੜ ਹੁੰਦੀ ਹੈ। ਕਬਾਇਲੀ ਨੌਜਵਾਨਾਂ ਦੇ ਹੁਨਰ ਵਿਕਾਸ ਲਈ ਕੁੱਝ ਮਹੱਤਵਪੂਰਨ ਵਿਧੀਆਂ ਦੀ ਹੇਠ ਦਿਤੇ ਅਨੁਸਾਰ ਪ੍ਰਸਤਾਵਨਾ ਕੀਤੀ ਜਾਂਦੀ ਹੈ :

• ਕਬਾਇਲੀ ਨੌਜਵਾਨਾਂ ਵਿਚ ਮਜ਼ਦੂਰ ਮੰਡੀ ਅਤੇ ਵਿਵਸਾਇਕ ਸਿੱਖਿਆ ਬਾਰੇ ਜਾਗਰੂਕਤਾ ਪੈਦਾ ਕਰਨਾ। ਇਸ ਦੇ ਨਾਲ-ਨਾਲ, ਕਬਾਇਲੀ ਨੌਜਵਾਨਾਂ ਦੇ ਜਾਗਰੂਕਤਾ ਕੈਂਪ/ਸੰਵੇਦਨਸ਼ੀਲਤਾ ਵਰਕਸ਼ਾਪਾਂ/ਪ੍ਰਾਪਤੀਆਂ ਹਾਸਲ ਕਰਨ ਲਈ ਉਤਸ਼ਾਹਤ ਕਰਨ ਦੀ ਸਿਖਲਾਈ ਰਾਹੀਂ ਹੁਨਰ ਵਿਕਾਸ ਅਤੇ ਰੁਜ਼ਗਾਰ ਦੀ ਕਾਬਲੀਅਤ ਲਈ ਸਥਿਤੀ ਗਿਆਨ ਅਤੇ ਪੇਸ਼ਕਾਰੀ ਕਰਨਾ। ਇਹ ਪਹਿਲ ਹਾਈ ਸਕੂਲ ਦੀ ਸਿੱਖਿਆ ਦੇ ਪੱਧਰ 'ਤੇ ਹੀ ਸ਼ੁਰੂ ਹੋ ਜਾਣੀ ਚਾਹੀਦੀ ਹੈ।

• ਕਬਾਇਲੀਆਂ ਦੇ ਵੱਖ-ਵੱਖ ਖੰਡਾਂ ਅਤੇ ਰੋਜ਼ੀ-ਰੋਟੀ ਦੇ ਖੇਤਰਾਂ ਦੀਆਂ ਲੋੜਾਂ ਦੀ ਪੂਰਤੀ ਲਈ ਹੁਨਰ ਵਿਕਾਸ ਦੇ ਵੱਖ-ਵੱਖ ਮਾਡਲਾਂ ਜਿਵੇਂ ਕਿ ਪੂਰੀ ਤਰ੍ਹਾਂ ਜਾਂ ਲਗਭਗ ਅੱਧੀ ਸਬਸਿਡੀ ਆਧਾਰਤ, ਮਾਲੀ ਸਹਾਇਤਾ ਆਧਾਰਤ, ਹੋਸਟਲ ਵਿਚ ਰਹਿ ਕੇ ਕਰਨ ਵਾਲੀ ਜਾਂ ਬਾਹਰ ਦੀ ਸਿਖਲਾਈ, ਲੰਬੀ ਅਤੇ ਛੋਟੀ ਮਿਆਦ ਦੇ ਵਿਵਸਾਇਕ ਕੋਰਸ ਆਦਿ ਈਜਾਦ ਕਰਨ ਦੀ ਲੋੜ ਹੈ।

• ਪਹਿਲਾਂ ਤੋਂ ਚਲੇ ਆ ਰਹੇ ਸਰਕਾਰੀ ਆਈ ਟੀ ਆਈ ਅਤੇ ਨਿੱਜੀ ਵਿਵਸਾਇਕ ਸਿਖਲਾਈ ਸੰਸਥਾਨਾਂ, ਵਿਵਸਾਇਕ ਸਿਖਲਾਈ ਦੇਣ ਵਾਲਿਆਂ ਨਾਲ ਤਾਲਮੇਲ ਜਾਂ ਕਿ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕੇ। ਇਹ ਸਾਂਝੀਵਾਲਤਾ ਮੌਜੂਦ ਬੁਨਿਆਦੀ ਢਾਂਚੇ ਦੀ ਵਰਤੋਂ ਨਾਲ ਮਿਲ ਕੇ ਮੌਡਿਯੂਲ ਤਿਆਰ ਕਰਨ ਅਤੇ ਉਨ੍ਹਾਂ ਨੂੰ ਆਪਸੀ ਤਾਲਮੇਲ ਨਾਲ ਲਾਗੂ ਕਰਨ ਲਈ ਹੋਣੀ ਚਾਹੀਦੀ ਹੈ। ਤਕਨੀਕੀ ਸਿੱਖਿਆ ਦੇ ਨਾਲ-ਨਾਲ, ਹਲਕੀਆਂ ਅਤੇ ਜੀਵਨ ਨਾਲ ਸੰਬੰਧਿਤ ਮੁਹਾਰਤਾਂ (ਸੰਚਾਰ, ਕਾਰ-ਵਿਆਰ ਅਤੇ ਵਰਤੀਰੇ ਆਦਿ ਨਾਲ ਸੰਬੰਧਿਤ) ਮੁੱਦਿਆਂ ਦੇ ਸੁਧਾਰ ਉਪਰ ਜ਼ੋਰ

*ਬਾਕੀ ਸਫ਼ਾ 51 ਉੱਤੇ*

# ਸ਼ਿਲਪਕਲਾ ਅਤੇ ਸਿੱਖਿਆ

**ਗਾਂਧੀ ਜੀ ਵਲੋਂ ਫ਼ਰਵਰੀ 3-4, 1939 ਨੂੰ ਅਧਿਆਪਕ ਦੀ ਸਿਖਲਾਈ ਲੈਣ ਵਾਲਿਆਂ ਨਾਲ ਵਿਚਾਰ-ਵਟਾਂਦਰੇ ਦੇ ਅੰਸ਼**

(ਪਿਆਰੇ ਲਾਲ ਦੇ ਦਸਤਾਵੇਜ਼ ''ਵਾਰਧਾ ਸਕੀਮ ਦੀ ਤਿੱਖੀ ਆਲੋਚਨਾ ਵਿਚੋਂ ਕੱਢੇ ਅੰਸ਼। ਭਾਰਤ ਦੇ ਸਭ ਹਿੱਸਿਆਂ ਤੋਂ ਆਏ ਲਗਭਗ ਪਚੱਤਰ ਡੈਲੀਗੇਟ ਵਾਰਧਾ ਦੇ ਅਧਿਆਪਕ ਸਿਖਲਾਈ ਕੇਂਦਰ ਵਿਚ ਤਿੰਨ ਹਫ਼ਤੇ ਦੇ ਕੋਰਸ ਵਿਚ ਸ਼ਾਮਿਲ ਹੋਏ। ਆਪਣੇ-ਆਪਣੇ ਰਾਜ ਨੂੰ ਵਾਪਸ ਜਾਣ ਤੋਂ ਪਹਿਲਾਂ, ਉਹ ਗਾਂਧੀ ਜੀ ਨੂੰ ਮਿਲੇ)

ਬੈਠਕ ਵਿਚ ਜਾਣ ਤੋਂ ਪਹਿਲਾਂ, ਗਾਂਧੀ ਜੀ ਨੂੰ ਇਕ ਮਿੱਤਰ ਨੇ ਪੁੱਛਿਆ ਕਿ ਕੀ ਇਸ ਸਕੀਮ ਪਿੱਛੇ ਕੇਂਦਰੀ ਵਿਸ਼ਾ ਇਹ ਹੈ ਕਿ ਅਧਿਆਪਕਾਂ ਨੂੰ ਆਪਣੇ ਵਿਦਿਆਰਥੀਆਂ ਸਾਹਮਣੇ ਅਜਿਹਾ ਇਕ ਸ਼ਬਦ ਵੀ ਨਹੀਂ ਬੋਲਣਾ ਚਾਹੀਦਾ ਜਿਸ ਦਾ ਸੰਬੰਧ ਤੱਕਲੀ ਨਾਲ ਨਾ ਹੋਵੇ। ਗਾਂਧੀ ਜੀ ਨੇ ਇਸ ਸਵਾਲ ਦਾ ਜਵਾਬ ਆਮ ਸਭਾ ਵਿਚ ਦਿਤਾ, ਉਨ੍ਹਾਂ ਕਿਹਾ ਕਿ ਸਭ ਹਦਾਇਤਾਂ ਕਿਸੇ ਨਾ ਕਿਸੇ ਬੁਨਿਆਦੀ ਸ਼ਿਲਪਕਲਾ ਨਾਲ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਜਦੋਂ ਤੁਸੀਂ ਉਦਯੋਗ ਦੇ ਮਾਧਿਅਮ ਰਾਹੀਂ 7 ਤੋਂ 10 ਸਾਲ ਦੇ ਬੱਚੇ ਨੂੰ ਗਿਆਨ ਦੇਣਾ ਹੋਵੇ ਤਾਂ ਸ਼ੁਰੂ ਵਿਚ ਤੁਹਾਨੂੰ ਉਹ ਸਭ ਵਿਸ਼ੇ ਜੋ ਕਿਸੇ ਸ਼ਿਲਪਕਲਾ ਨਾਲ ਨਾ ਜੋੜੇ ਜਾ ਸਕਣ, ਅਲੱਗ ਕਰ ਦੇਣੀ ਚਾਹੀਦੇ ਹਨ। ਦਿਨ-ਬ-ਦਿਨ ਅਜਿਹਾ ਕਰਨ ਨਾਲ ਤੁਹਾਨੂੰ ਸ਼ਿਲਪਕਲਾ ਨਾਲ ਉਨ੍ਹਾਂ ਸਭ ਚੀਜ਼ਾਂ ਨੂੰ ਜੋੜਨ ਲਈ ਕਈ ਰਸਤੇ ਮਿਲ ਜਾਣਗੇ, ਜੋ ਤੁਸੀਂ ਸ਼ੁਰੂ ਵਿਚ ਅਲੱਗ ਕਰ ਦਿਤੀਆਂ ਸਨ। ਜੇ ਸ਼ੁਰੂ ਵਿਚ ਅਲੱਗ ਕਰਨ ਦੀ ਇਸ ਪ੍ਰਕਿਰਿਆ ਨੂੰ ਤੁਸੀਂ ਅਪਣਾਓਗੇ ਤਾਂ ਤੁਸੀਂ ਆਪਣੀ ਅਤੇ ਆਪਣੇ ਸ਼ਾਗਿਰਦ ਦੀ ਊਰਜਾ ਬੱਚਤ ਕਰ ਸਕੋਗੇ। ਅੱਜ ਸਾਡੇ ਕੋਲ ਕੋਈ ਕਿਤਾਬਾਂ ਵਿਚ ਲਿਖਿਆ ਪੜ੍ਹਨ ਲਈ ਨਹੀਂ ਹੈ ਅਤੇ ਸਾਡੀ ਰਹਿਨੁਮਾਈ ਕਰਨ ਲਈ ਕੋਈ ਮਿਸਾਲ ਵੀ ਨਹੀਂ ਹੈ। ਇਸ ਲਈ ਅਸੀਂ ਹੌਲੀ-ਹੌਲੀ ਅੱਗੇ ਵਧਣਾ ਹੈ। ਸਭ ਤੋਂ ਮਹੱਤਵਪੂਰਨ ਹੈ ਕਿ ਅਧਿਆਪਕ ਨੂੰ ਆਪਣਾ ਦਿਮਾਗ ਤਰੋਤਾਜ਼ਾ ਰੱਖਣਾ ਚਾਹੀਦਾ ਹੈ। ਜੇ ਤੁਹਾਡੇ ਸਾਹਮਣੇ ਕੋਈ ਅਜਿਹੀ ਚੀਜ਼ ਆਉਂਦੀ ਹੈ, ਜਿਸ ਦਾ ਸੰਬੰਧ ਤੁਸੀਂ ਸ਼ਿਲਪਕਲਾ ਨਾਲ ਨਾ ਬਿਠਾ ਸਕੋ ਤਾਂ ਤੁਹਾਨੂੰ ਕੁੜਣਾ ਨਹੀਂ ਚਾਹੀਦਾ ਅਤੇ ਨਿਰਾਸ਼ ਨਹੀਂ ਹੋਣਾ ਚਾਹੀਦਾ। ਇਸ ਨੂੰ ਉਨ੍ਹਾਂ ਵਿਸ਼ਿਆਂ ਨਾਲ ਜੋੜ ਦਿਓ, ਜਿਨ੍ਹਾਂ ਦਾ ਤੁਸੀਂ ਸੰਬੰਧ ਸਥਾਪਤ ਕਰ ਸਕੋ। ਹੋ ਸਕਦਾ ਹੈ ਕੋਈ ਦੂਸਰਾ ਅਧਿਆਪਕ ਸਹੀ ਰਸਤਾ ਖੋਜ ਲਵੇ ਅਤੇ ਦਿਖਾ ਦੇਵੇ ਕਿ ਉਸ ਦਾ ਤਾਲਮੇਲ ਕਿਸ ਤਰ੍ਹਾਂ ਬਿਠਾਇਆ ਜਾ ਸਕਦਾ ਹੈ। ਜਦੋਂ ਤੁਸੀਂ ਕਈ ਮਿਲ ਕੇ ਆਪਣੇ ਤਜਰਬੇ ਦਾ ਪੂਲ ਬਣਾ ਲਵੋਗੇ, ਤੁਹਾਡੇ ਮਾਰਗ ਦਰਸ਼ਨ ਲਈ ਤੁਹਾਡੇ ਕੋਲ ਕਿਤਾਬਾਂ ਹੋਣਗੀਆਂ ਤਾਂ ਕਿ ਉਨ੍ਹਾਂ ਦਾ ਕੰਮ, ਜੋ ਤੁਹਾਡੇ ਵਲੋਂ ਬਾਅਦ ਵਿਚ ਆਉਣਗੇ, ਆਸਾਨ ਹੋ ਜਾਵੇਗਾ।

ਸਾਡੀ ਸਿੱਖਿਆ ਵਿਚ ਕ੍ਰਾਂਤੀ ਆਉਣ ਦੀ ਲੋੜ ਹੈ। ਦਿਮਾਗ ਨੂੰ ਹੱਥ ਰਾਹੀਂ ਸਿੱਖਿਆ ਮਿਲਣੀ ਚਾਹੀਦੀ ਹੈ। ਜੇ ਮੈਂ ਇਕ ਕਵੀ ਹੁੰਦਾ, ਮੈਂ ਪੰਜ ਉਂਗਲੀਆਂ ਦੀਆਂ ਸੰਭਾਵਨਾਵਾਂ ਨਾਲ ਕਵਿਤਾਵਾਂ ਲਿਖ ਸਕਦਾ ਸੀ। ਤੁਸੀਂ ਇਹ ਕਿਉਂ ਸੋਚਦੇ ਹੋ ਕਿ ਦਿਮਾਗ ਹੀ ਸਭ ਕੁੱਝ ਹੈ ਅਤੇ ਹੱਥ ਅਤੇ ਪੈਰ ਕੁੱਝ ਵੀ ਨਹੀਂ। ਜੋ ਆਪਣੇ ਹੱਥਾਂ ਨੂੰ ਸਿੱਖਿਅਤ ਨਹੀਂ ਕਰਦੇ, ਜੋ ਸਿੱਖਿਆ ਦੀ ਆਮ ਪ੍ਰਥਾ ਅਨੁਸਾਰ ਚਲਦੇ ਹਨ, ਆਪਣੇ ਜੀਵਨ ਨੂੰ ਆਨੰਦਮਈ ਨਹੀਂ ਬਣਾ ਸਕਦੇ। ਉਨ੍ਹਾਂ ਦੀਆਂ ਸਭ ਸ਼ਕਤੀਆਂ ਨੂੰ ਸਿਖਲਾਈ ਨਹੀਂ ਮਿਲਦੀ। ਬੱਚੇ ਦਾ ਧਿਆਨ ਪੂਰੀ ਤਰ੍ਹਾਂ ਪੜ੍ਹਾਈ ਵਿਚ ਲਗਾਉਣ ਲਈ ਸਿਰਫ਼ ਕਿਤਾਬੀ ਗਿਆਨ ਹੀ ਕਾਫ਼ੀ ਨਹੀਂ ਹੈ। ਸਿਰਫ਼ ਸ਼ਬਦਾਂ ਦੀ ਪੜ੍ਹਾਈ ਨਾਲ ਦਿਮਾਗ ਥੱਕ ਜਾਂਦਾ ਹੈ ਅਤੇ ਬੱਚੇ ਦਾ ਧਿਆਨ ਇਧਰ-ਉਧਰ ਭਟਕਦਾ ਰਹਿੰਦਾ ਹੈ। ਹੱਥ ਉਹ ਕੰਮ ਕਰਦਾ ਹੈ, ਜੋ ਉਸ ਨੂੰ ਨਹੀਂ ਕਰਨਾ ਚਾਹੀਦਾ, ਅੱਖਾਂ ਉਹ ਚੀਜ਼ਾਂ ਦੇਖਣ ਲੱਗ ਪੈਂਦੀਆਂ ਹਨ, ਜੋ ਉਨ੍ਹਾਂ ਨੂੰ ਨਹੀਂ ਦੇਖਣੀਆਂ ਚਾਹੀਦੀਆਂ, ਕੰਨ ਉਹ ਸੁਣਦੇ ਹਨ ਜੋ ਉਨ੍ਹਾਂ ਨੂੰ ਨਹੀਂ ਸੁਣਨਾ ਚਾਹੀਦਾ ਅਤੇ ਉਹ ਸਭ ਕ੍ਰਮਵਾਰ ਉਹ ਨਹੀਂ ਕਰਦੇ, ਦੇਖਦੇ ਜਾਂ ਸੁਣਦੇ ਜੋ ਉਨ੍ਹਾਂ ਨੂੰ ਕਰਨਾ, ਦੇਖਣਾ ਜਾਂ ਸੁਣਨਾ ਚਾਹੀਦਾ ਹੈ। ਉਨ੍ਹਾਂ ਨੂੰ ਸਹੀ ਦੀ ਚੋਣ ਕਰਨ ਦੀ ਸਿੱਖਿਆ ਨਹੀਂ ਦਿਤੀ ਜਾਂਦੀ, ਇਸ ਲਈ ਅਕਸਰ ਉਨ੍ਹਾਂ ਨੂੰ ਸਿੱਖਿਆ ਉਨ੍ਹਾਂ ਦੇ ਵਿਨਾਸ਼ ਦਾ ਕਾਰਨ ਬਣ ਜਾਂਦੀ ਹੈ। ਇਕ ਅਜਿਹੀ ਸਿੱਖਿਆ ਜੋ ਸਾਨੂੰ ਚੰਗੇ-ਬੁਰੇ ਦਾ ਭੇਦ ਕਰਨਾ ਨਹੀਂ ਸਿਖਾਉਂਦੀ, ਇਕ ਨੂੰ ਸਮਾਅ ਲੈਣ ਅਤੇ ਦੂਸਰੇ ਨੂੰ ਛੱਡ ਦੇਣ ਦੀ ਸਮਰੱਥਾ ਨਹੀਂ ਦਿੰਦੀ, ਇਕ ਮਿਥਿਆ ਹੈ।

***ਸਵਾਲ :*** ਸ਼੍ਰੀਮਤੀ ਆਸ਼ਾ ਦੇਵੀ ਨੇ ਗਾਂਧੀ ਜੀ ਨੂੰ ਉਨ੍ਹਾਂ ਸਾਹਮਣੇ ਇਸ ਬਾਰੇ ਵਿਆਖਿਆ ਕਰਨ ਲਈ ਸਵਾਲ ਕੀਤਾ ਕਿ ਹੱਥ ਰਾਹੀਂ ਦਿਮਾਗ ਨੂੰ ਕਿਵੇਂ ਸਿਖਲਾਈ ਦਿਤੀ ਜਾ ਸਕਦੀ ਹੈ?

***ਗਾਂਧੀ ਜੀ :*** ਸਕੂਲਾਂ ਵਿਚ ਸਿੱਖਿਆ ਦੇ ਆਮ ਪਾਠਕ੍ਰਮ ਵਿਚ ਦਸਤਕਾਰੀ ਨੂੰ ਸ਼ਾਮਿਲ ਕਰਨ ਦਾ ਪੁਰਾਣਾ ਵਿਚਾਰ ਸੀ। ਇਹ ਕਿਹਾ ਜਾਵੇ ਕਿ ਸ਼ਿਲਪ ਨੂੰ ਸਿੱਖਿਆ ਤੋਂ ਬਿਲਕੁਲ ਅਲੱਗ-ਥਲੱਗ ਹੱਥ ਵਿਚ ਲੈਣਾ ਸੀ। ਮੈਨੂੰ ਇਹ ਇਕ ਘਾਤਕ ਗਲਤੀ ਦਿਖਾਈ ਦਿੰਦੀ ਸੀ, ਅਧਿਆਪਕ ਨੂੰ ਸ਼ਿਲਪ ਜ਼ਰੂਰ ਸਿਖਣਾ ਚਾਹੀਦਾ ਹੈ ਅਤੇ ਆਪਣੇ ਗਿਆਨ ਦਾ ਸ਼ਿਲਪ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਤਾਂ ਕਿ ਉਹ ਉਸ ਸਾਰੇ ਗਿਆਨ ਨੂੰ, ਉਸ ਵਿਸ਼ੇਸ਼ ਸ਼ਿਲਪ ਦੇ ਮਾਧਿਅਮ ਰਾਹੀਂ ਜਿਸ ਦੀ ਉਹ ਚੋਣ ਕਰਦਾ ਹੈ, ਆਪਣੇ ਵਿਦਿਆਰਥੀਆਂ ਨੂੰ ਦੇ ਸਕੇ।

ਸੂਤ ਕੱਤਣ ਦਾ ਉਦਾਹਰਣ ਲੈ ਲਵੋ। ਜਦੋਂ ਤਕ ਮੈਨੂੰ ਹਿਸਾਬ ਦਾ ਗਿਆਨ ਨਹੀਂ ਹੋਵੇਗਾ, ਮੈਂ ਇਹ ਨਹੀਂ ਸੋਚ ਸਕਦਾ ਕਿ ਮੈਂ ਤੱਕਲੀ ਉਪਰ ਕਿੰਨਾ ਸੂਤ ਕੱਤਿਆ ਹੈ ਜਾਂ ਇਸ ਦੇ ਕਿੰਨੇ ਪ੍ਰਮਾਣਕ ਗੋਲੇ ਬਣਨਗੇ ਜਾਂ ਉਸ ਧਾਗੇ

ਦਾ ਜੋ ਮੈਂ ਕੱਤਿਆ ਹੈ, ਉਸ ਦਾ ਮਿਆਰ ਕੀ ਹੈ। ਅਜਿਹਾ ਕਰਨ ਲਈ ਮੈਨੂੰ ਅੰਕ ਗਿਆਨ ਹੋਣਾ ਚਾਹੀਦਾ ਹੈ ਅਤੇ ਮੈਨੂੰ ਜਮ੍ਹਾਂ, ਘਟਾਅ, ਜਰਬ ਦੇਣਾ ਅਤੇ ਵੰਡਣਾ ਆਉਣਾ ਚਾਹੀਦਾ ਹੈ। ਗੁੰਝਲਦਾਰ ਸਵਾਲਾਂ ਦੇ ਹੱਲ ਲਈ ਮੈਨੂੰ ਚਿੰਨ੍ਹ ਵਰਤਣੇ ਪੈਣਗੇ ਅਤੇ ਇਸ ਤਰ੍ਹਾਂ ਅਲਜਬਰਾ ਆਉਂਦਾ ਹੈ। ਇਥੇ ਮੈਂ ਰੋਮਨ ਸ਼ਬਦਾਂ ਦੇ ਬਦਲੇ ਹਿੰਦੁਸਤਾਨੀ ਅੱਖਰਾਂ ਦੀ ਵਰਤੋਂ ਦੀ ਪੁਰਜ਼ੋਰ ਮੰਗ ਕਰਦਾ ਹਾਂ।

ਅੱਗੇ ਰੇਖਾ-ਗਣਿਤ ਲਓ। ਤੱਕਲੀ ਦੀ ਡਿਕਸ ਤੋਂ ਵਧੀਆ ਗੋਲਾਕਾਰ ਦੀ ਉਦਾਹਰਣ ਕੀ ਹੋ ਸਕਦੀ ਹੈ। ਇਸ ਤਰੀਕੇ ਮੈਂ ਯੂਕਲਿਡ ਦਾ ਨਾਮ ਲਏ ਬਗੈਰ ਵੀ ਗੋਲਾਕਾਰਾਂ ਬਾਰੇ ਸਭ ਕੁੱਝ ਪੜ੍ਹਾ ਸਕਦਾ ਹਾਂ।

ਅੱਗੇ ਤੁਸੀਂ ਇਹ ਵੀ ਪੁੱਛ ਸਕਦੇ ਹੋ ਕਿ ਮੈਂ ਆਪਣੇ ਬੱਚੇ ਨੂੰ ਕਤਾਈ ਰਾਹੀਂ ਭੂਗੋਲ ਅਤੇ ਇਤਿਹਾਸ ਕਿਸ ਤਰ੍ਹਾਂ ਪੜ੍ਹਾ ਸਕਦਾ ਹਾਂ। ਕੁਝ ਸਮਾਂ ਪਹਿਲਾਂ ਮੈਨੂੰ ਇਕ ਕਿਤਾਬ, 'ਕਪਾਹ-ਮਾਨਵ ਜਾਤੀ ਦੀ ਕਹਾਣੀ' ਮਿਲੀ। ਇਹ ਇਕ ਪ੍ਰੇਮ ਲੀਲ੍ਹਾ ਜਿਹੀ ਲੱਗੀ। ਇਹ ਕਿਤਾਬ ਪ੍ਰਾਚੀਨ ਸਮੇਂ ਦੇ ਇਤਿਹਾਸ ਤੋਂ ਸ਼ੁਰੂ ਹੋਈ ਕਿ ਕਿਵੇਂ ਅਤੇ ਕਦ ਤੋਂ ਕਪਾਹ ਦੀ ਖੇਤੀ ਸ਼ੁਰੂ ਹੋਈ, ਇਸ ਵਿਕਾਸ ਦੇ ਪੜਾਅ ਕੀ ਸਨ, ਵੱਖ-ਵੱਖ ਦੇਸ਼ਾਂ ਵਿਚ ਕਪਾਹ ਦੀ ਤਜਾਰਤ ਅਤੇ ਇਹ ਇਸੇ ਤਰ੍ਹਾਂ ਅੱਗੇ ਵਧਦੀ ਗਈ। ਜਿਵੇਂ-ਜਿਵੇਂ ਮੈਂ ਵੱਖ-ਵੱਖ ਦੇਸ਼ਾਂ ਦਾ ਜ਼ਿਕਰ ਬੱਚੇ ਸਾਹਮਣੇ ਕਰਦਾ ਹਾਂ, ਮੈਂ ਕੁਦਰਤੀ ਤੌਰ ਤੇ ਬੱਚੇ ਨੂੰ ਉਨ੍ਹਾਂ ਦੇਸ਼ਾਂ ਦੇ ਭੂਗੋਲ ਅਤੇ ਇਤਿਹਾਸ ਬਾਰੇ ਕੁਝ ਨਾ ਕੁਝ ਜ਼ਰੂਰ ਦੱਸਾਂਗਾ। ਵੱਖ-ਵੱਖ ਸਮੇਂ ਵਿਚ ਕਿਸ ਦੇ ਰਾਜ ਵਿਚ ਅਲਗ-ਅਲਗ ਤਜਾਰਤੀ ਸਮਝੌਤਿਆਂ ਉਪਰ ਦਸਤਖ਼ਤ ਹੋਏ? ਕਿਉਂ ਕਪਾਹ ਕੁਝ ਦੇਸ਼ਾਂ ਵਲੋਂ ਆਯਾਤ ਕੀਤੀ ਜਾਂਦੀ ਹੈ ਅਤੇ ਕੁਝ ਵਲੋਂ ਕੱਪੜਾ? ਕਿਉਂ ਹਰ ਦੇਸ਼ ਆਪਣੀ ਲੋੜ ਅਨੁਸਾਰ ਕਪਾਹ ਨਹੀਂ ਉਗਾ ਸਕਦਾ? ਇਸ ਤਰ੍ਹਾਂ ਅਰਥਸ਼ਾਸਤਰ ਅਤੇ ਖੇਤੀਬਾੜੀ ਦੇ ਤੱਥਾਂ ਉਪਰ ਜਾਣਾ ਪਵੇਗਾ। ਮੈਂ ਉਸ ਨੂੰ ਕਪਾਹ ਦੀਆਂ ਵੱਖ-ਵੱਖ ਕਿਸਮਾਂ, ਉਹ ਕਿਸ ਕਿਸਮ ਦੀ ਭੂਮੀ ਵਿਚ ਉਗਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਉਗਾਇਆ ਜਾਂਦਾ ਹੈ, ਉਨ੍ਹਾਂ ਨੂੰ ਕਿਥੋਂ ਹਾਸਲ ਕੀਤਾ ਜਾ ਸਕਦਾ ਹੈ, ਆਦਿ ਦੱਸਦਾ ਹਾਂ। ਇਸੇ ਤਰ੍ਹਾਂ ਤੱਕਲੀ ਉੱਪਰ ਸੂਤ ਕੱਤਣਾ ਮੈਨੂੰ ਈਸਟ ਇੰਡੀਆ ਕੰਪਨੀ ਦੇ ਸਮੁੱਚੇ ਇਤਿਹਾਸ ਵਿਚ ਲੈ ਜਾਂਦਾ ਹਾਂ। ਉਹ ਕਿਉਂ ਇਥੇ ਆਏ, ਕਿਸ ਤਰ੍ਹਾਂ ਉਨ੍ਹਾਂ ਨੇ ਸਾਡੇ ਖੱਡੀ ਕਤਾਈ ਉਦਯੋਗ ਨੂੰ ਖਤਮ ਕੀਤਾ, ਕਿਸ ਤਰ੍ਹਾਂ ਉਨ੍ਹਾਂ ਦੀ ਆਰਥਿਕ ਮਨਸ਼ਾ, ਜਿਸ ਕਾਰਨ ਉਹ ਭਾਰਤ ਵਿਚ ਆਏ ਸਨ, ਬਾਅਦ ਵਿਚ ਰਾਜਨੀਤਕ ਲਾਲਸਾ ਦਾ ਕਾਰਨ ਬਣ ਗਈ, ਇਹ ਕਿਸ ਤਰ੍ਹਾਂ ਮੁਗ਼ਲਾਂ ਅਤੇ ਮਰਾਠਿਆਂ ਦੇ ਪਤਨ ਦਾ ਕਾਰਨ ਬਣਿਆ ਅਤੇ ਅੰਗਰੇਜ਼ੀ ਹਕੂਮਤ ਸਥਾਪਤ ਹੋਣ ਦਾ ਕਾਰਨ ਬਣਿਆ ਅਤੇ ਫਿਰ ਕਿਸ ਤਰ੍ਹਾਂ ਸਾਡੇ ਸਮੇਂ ਵਿਚ ਆਮ ਜਨਤਾ ਦੀ ਜਾਗਰੂਕਤਾ ਦਾ ਕਾਰਨ ਬਣਿਆ। ਇਸ ਤਰ੍ਹਾਂ ਇਸ ਨਵੀਂ ਸਕੀਮ ਵਿਚ ਸਿੱਖਿਆ ਦੀਆਂ ਸੰਭਾਵਨਾਵਾਂ ਦੀ ਕੋਈ ਕਮੀ ਨਹੀਂ ਹੈ ਅਤੇ ਇਸ ਤਰ੍ਹਾਂ ਇਕ ਬੱਚਾ ਬਿਨਾਂ ਉਸ ਦੇ ਦਿਮਾਗ ਅਤੇ ਯਾਦਾਸ਼ਤ ਉਪਰ ਫਾਲਤੂ ਦਾ ਬੋਝ ਪਾਏ ਇਹ ਸਭ ਕੁਝ ਤੇਜ਼ੀ ਨਾਲ ਸਿੱਖ ਜਾਵੇਗਾ।

ਆਓ, ਮੈਂ ਇਸ ਵਿਚਾਰ ਨੂੰ ਹੋਰ ਵਿਸਥਾਰ ਨਾਲ ਸਮਝਾਉਂਦਾ ਹਾਂ, ਇਕ ਜੀਵ ਵਿਗਿਆਨੀ ਨੂੰ ਇਕ ਚੰਗਾ ਜੀਵ ਵਿਗਿਆਨੀ ਬਣਨ ਲਈ ਜੀਵ ਵਿਗਿਆਨ ਤੋਂ ਇਲਾਵਾ, ਹੋਰ ਕਈ ਵਿਗਿਆਨੀਆਂ ਦੀ ਸਿੱਖਿਆ ਜ਼ਰੂਰ ਲੈਣੀ ਚਾਹੀਦੀ ਹੈ, ਬੁਨਿਆਦੀ ਸਿੱਖਿਆ ਜੇਕਰ ਇਸ ਨੂੰ ਵਿਗਿਆਨ ਦੇ ਤੌਰ ਤੇ ਜਾਣਿਆ ਜਾਂਦਾ ਹੈ ਤਾਂ ਇਹ ਸਾਨੂੰ ਗਿਆਨ ਦੀਆਂ ਕਦੇ ਨਾ ਖਤਮ ਹੋਣ ਵਾਲੀਆਂ ਪ੍ਰਣਾਲੀਆਂ ਦੇ ਰਾਹ 'ਤੇ ਲੈ ਜਾਂਦੀ ਹੈ। ਤੱਕਲੀ ਦੇ ਉਦਾਹਰਣ ਨੂੰ ਅੱਗੇ ਵਧਾਈਏ ਤਾਂ ਇਕ ਅਧਿਆਪਕ ਜੋ ਆਪਣਾ ਧਿਆਨ ਸਿਰਫ਼ ਸੂਤ ਕਤਾਈ ਦੀ ਮਸ਼ੀਨੀ ਪ੍ਰਕਿਰਿਆ ਉਪਰ ਹੀ ਕੇਂਦਰਿਤ ਨਹੀਂ ਰਖਦਾ, ਜਿਸ ਦੀ ਬੇਸ਼ਕ ਉਸ ਨੂੰ ਬਹੁਤ ਕਾਬਲੀਅਤ ਹਾਸਲ ਕਰ ਲੈਣੀ ਚਾਹੀਦੀ ਹੈ, ਪਰ ਉਹ ਇਸ ਦੀ ਰੂਹ ਵਿਚ ਜਾਂਦਾ ਹੈ, ਉਹ ਤੱਕਲੀ ਅਤੇ ਉਸ ਨਾਲ ਸੰਬੰਧਿਤ ਹਰ ਮੁੱਦੇ ਉਪਰ ਧਿਆਨ ਕੇਂਦਰਿਤ ਕਰੇਗਾ। ਉਹ ਆਪਣੇ ਆਪ ਨੂੰ ਪੁੱਛੇਗਾ, ਤੱਕਲੀ ਪਿੱਤਲ ਦੀ ਡਿਸਕ ਦੀ ਕਿਉਂ ਬਣੀ ਹੋਈ ਹੈ ਅਤੇ ਇਸ ਦਾ ਸਟੀਲ ਦਾ ਤੱਕਲਾ ਕਿਉਂ ਹੈ? ਸ਼ੁਰੂ ਦੀ ਤੱਕਲੀ ਦੀ ਡਿਸਕ ਕਿਸੇ ਤਰ੍ਹਾਂ ਦੀ ਵੀ ਬਣੀ ਹੋਈ ਹੋ ਸਕਦੀ ਸੀ। ਪਹਿਲਾਂ ਦੇ ਸਮੇਂ ਦੀ ਤੱਕਲੀ ਵਿਚ ਲੱਕੜ ਦਾ ਤੱਕਲਾ ਅਤੇ ਸਲੇਟ ਜਾਂ ਮਿੱਟੀ ਦੀ ਡਿਸਕ ਸੀ। ਤੱਕਲੀ ਦਾ ਵਿਗਿਆਨਕ ਤਰੀਕੇ ਵਿਕਾਸ ਹੋਇਆ ਅਤੇ ਇਸ ਦੀ ਡਿਸਕ ਪਿੱਤਲ ਦੀ ਅਤੇ ਤੱਕਲਾ ਸਟੀਲ ਦਾ ਹੋਣ ਦਾ ਵੀ ਕਾਰਨ ਹੈ। ਉਸ ਨੂੰ ਕਾਰਨ ਜ਼ਰੂਰ ਖੋਜਣਾ ਚਾਹੀਦਾ ਹੈ। ਇਕ ਅਧਿਆਪਕ ਨੂੰ ਆਪਣੇ ਆਪ ਨੂੰ ਇਹ ਸਵਾਲ ਵੀ ਪੁੱਛਣਾ ਚਾਹੀਦਾ ਹੈ ਕਿ ਡਿਸਕ ਦਾ ਇਕ ਖ਼ਾਸ ਘੇਰਾ ਕਿਉਂ ਹੈ, ਘੱਟ ਜਾਂ ਵੱਧ ਕਿਉਂ ਨਹੀਂ? ਜਦੋਂ ਉਹ ਇਨ੍ਹਾਂ ਸਾਰੇ ਸਵਾਲਾਂ ਦਾ ਤਸੱਲੀਬਖ਼ਸ਼ ਹੱਲ ਲੱਭ ਲੈਂਦਾ ਹੈ ਅਤੇ ਉਸ ਦੇ ਹਿਸਾਬ ਕਿਤਾਬ ਵਿਚ ਜਾਂਦਾ ਹੈ ਤਾਂ ਤੁਹਾਡਾ ਵਿਦਿਆਰਥੀ ਇਕ ਚੰਗਾ ਇੰਜੀਨੀਅਰ ਬਣ ਜਾਂਦਾ ਹੈ। ਤੱਕਲੀ ਉਸ ਦੀ ਕਾਮਧੇਨੂ ਗਊ ਬਣ ਜਾਂਦੀ ਹੈ। ਇਸ ਮਾਧਿਅਮ ਰਾਹੀਂ ਸਿੱਖਿਆ ਦੇਣ ਦਾ ਕੋਈ ਅੰਤ ਨਹੀਂ ਹੈ। ਇਸ ਦੀ ਇਕੋ ਹੀ ਸੀਮਾ, ਤੁਹਾਡੀ ਊਰਜਾ ਸ਼ਕਤੀ ਅਤੇ ਵਿਸ਼ਵਾਸ ਹੈ, ਜਿਸ ਅਨੁਸਾਰ ਤੁਸੀਂ ਕੰਮ ਕਰਦੇ ਹੋ, ਤੁਸੀਂ ਤਿੰਨ ਹਫ਼ਤਿਆਂ ਤੋਂ ਇਥੇ ਹੋ। ਤੁਸੀਂ ਇਸ ਸਮੇਂ ਨੂੰ ਬਿਹਤਰ ਤਰੀਕੇ ਬਿਤਾਇਆ ਹੈ, ਜੇਕਰ ਇਸ ਨੇ ਤੁਹਾਨੂੰ ਇਸ ਸਕੀਮ ਨੂੰ ਸੰਜੀਦਗੀ ਨਾਲ ਸਮਝਣ ਵਿਚ ਮਦਦ ਕੀਤੀ ਹੈ ਤਾਂ ਕਿ ਤੁਸੀਂ ਆਪਣੇ ਆਪ ਨੂੰ ਕਹਿ ਸਕੋ "ਮੈਂ ਕਰਾਂਗਾ ਜਾਂ ਮਰਾਂਗਾ।"

ਮੈਂ ਸੂਤ ਕਤਾਈ ਦੀ ਵਿਸਤ੍ਰਿਤ ਵਿਆਖਿਆ ਇਸ ਲਈ ਕਰ ਰਿਹਾ ਹਾਂ ਕਿਉਂਕਿ ਮੈਂ ਇਸ ਬਾਰੇ ਜਾਣਦਾ ਹਾਂ। ਜੇਕਰ ਮੈਂ ਇਕ ਤਰਖਾਣ ਹੁੰਦਾ ਤਾਂ ਮੈਂ ਆਪਣੇ ਬੱਚੇ ਨੂੰ ਇਨ੍ਹਾਂ ਸਭ ਚੀਜ਼ਾਂ ਬਾਰੇ ਤਰਖਾਣਾ ਕੰਮ ਰਾਹੀਂ ਸਿਖਾਉਂਦਾ ਜਾਂ ਗੱਤੇ ਦੇ ਕੰਮ ਰਾਹੀਂ, ਜੇਕਰ ਮੈਂ ਗੱਤੇ ਦੇ ਕਾਰਖ਼ਾਨੇ ਵਿਚ ਕਿਰਤੀ ਹੁੰਦਾ।

ਸਾਨੂੰ ਮੌਲਿਕ ਸਿੱਖਿਆ ਸ਼ਾਸਤਰੀਆਂ ਦੀ ਲੋੜ ਹੈ, ਜੋ ਜਜ਼ਬੇ ਨਾਲ ਭਰੇ ਹੋਣ, ਜੋ ਹਰ ਰੋਜ਼ ਇਹ ਸੋਚ ਸਕਣ ਕਿ ਉਹ ਆਪਣੇ ਵਿਦਿਆਰਥੀਆਂ ਨੂੰ ਕੀ ਪੜ੍ਹਾਉਣ ਜਾ ਰਹੇ ਹਨ। ਅਧਿਆਪਕ ਇਹ ਸਾਰਾ ਗਿਆਨ ਵੱਡੀਆਂ-ਵੱਡੀਆਂ ਕਿਤਾਬਾਂ ਦੀ ਪੜ੍ਹਾਈ ਰਾਹੀਂ ਹਾਸਲ ਨਹੀਂ ਕਰ ਸਕਦਾ। ਉਸ ਨੂੰ ਆਪਣੀਆਂ ਦੇਣ ਅਤੇ ਸਮਝਣ ਸੋਚਣ ਦੀਆਂ ਸਾਰੀਆਂ 'ਸ਼ਕਤੀਆਂ' ਦੀ ਵਰਤੋਂ ਕਰਨੀ ਹੋਵੇਗੀ ਅਤੇ ਇਹ ਗਿਆਨ ਬੱਚਿਆਂ ਨੂੰ ਸ਼ਿਲਪ ਦੀ ਵਰਤੋਂ ਨਾਲ ਆਪਣੇ ਬੁੱਲ੍ਹਾਂ ਰਾਹੀਂ ਦੇਣਾ ਹੋਵੇਗਾ। ਇਸ ਦਾ ਅਰਥ ਹੈ ਪੜ੍ਹਾਈ ਦੇ ਤਰੀਕਿਆਂ ਵਿਚ ਇਕ ਕ੍ਰਾਂਤੀ, ਅਧਿਆਪਕ ਦੀ ਸੋਚ ਵਿਚ ਇਕ ਕ੍ਰਾਂਤੀ...।

***ਸਵਾਲ :*** ਵਿਦਿਆਰਥੀ ਅਧਿਆਪਕਾਂ ਦੀ ਸਿਖਲਾਈ ਲਈ ਕੀ ਇਹ ਚੰਗਾ ਨਹੀਂ ਹੋਵੇਗਾ ਜੇਕਰ ਪਹਿਲਾਂ ਉਨ੍ਹਾਂ ਨੂੰ ਅਲੱਗ ਤੋਂ ਸ਼ਿਲਪਕਲਾ

ਦਾ ਗਿਆਨ ਦਿਤਾ ਜਾਂਦਾ ਅਤੇ ਫਿਰ ਪੜ੍ਹਾਈ ਦੇ ਤਰੀਕਿਆਂ ਬਾਰੇ ਉਸ ਸ਼ਿਲਪਕਲਾ ਰਾਹੀਂ ਡੂੰਘਾ ਗਿਆਨ ਦਿਤਾ ਜਾਂਦਾ? ਜੋ ਅੱਜ ਹੈ, ਉਸ ਸੰਦਰਭ ਵਿਚ ਉਨ੍ਹਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ 7 ਸਾਲ ਦੀ ਉਮਰ ਦੇ ਬੱਚੇ ਸਮਝਣ ਅਤੇ ਸ਼ਿਲਪਕਲਾ ਦੇ ਮਾਧਿਅਮ ਰਾਹੀਂ ਸਭ ਕੁਝ ਮੁੜ ਤੋਂ ਸਿੱਖਣ। ਇਸ ਤਰ੍ਹਾਂ ਤਾਂ ਉਨ੍ਹਾਂ ਨੂੰ ਨਵੀਂ ਤਕਨੀਕ ਦੀ ਮੁਹਾਰਤ ਹਾਸਲ ਕਰਨ ਲਈ ਅਤੇ ਕਾਬਲ ਅਧਿਆਪਕ ਬਣਨ ਲਈ ਬਹੁਤ ਸਾਲ ਲੱਗ ਜਾਣਗੇ।

***ਗਾਂਧੀ ਜੀ :*** ਨਹੀਂ, ਉਨ੍ਹਾਂ ਨੂੰ ਕਈ ਸਾਲ ਨਹੀਂ ਲੱਗਣਗੇ। ਆਓ ਸੋਚੀਏ ਕਿ ਇਕ ਅਧਿਆਪਕ ਜਦੋਂ ਮੇਰੇ ਕੋਲ ਆਉਂਦਾ ਹੈ ਤਾਂ ਉਸ ਨੂੰ ਹਿਸਾਬ, ਇਤਿਹਾਸ ਅਤੇ ਹੋਰ ਵਿਸ਼ਿਆਂ ਦਾ ਕੰਮ-ਕਾਜੀ ਗਿਆਨ ਪ੍ਰਾਪਤ ਹੈ। ਮੈਂ ਉਸ ਨੂੰ ਗੱਤੇ ਦੇ ਡੱਬੇ ਬਣਾਉਣ ਜਾਂ ਸੂਤ ਕੱਤਣ ਲਈ ਕਹਿੰਦਾ ਹਾਂ। ਜਦੋਂ ਉਹ ਇਹ ਕਰ ਰਿਹਾ ਹੁੰਦਾ ਹੈ ਤਾਂ ਮੈਂ ਉਸ ਨੂੰ ਦੱਸਦਾ ਹਾਂ ਕਿ ਕਿਵੇਂ ਉਹ ਸ਼ਿਲਪਕਲਾ ਰਾਹੀਂ ਹਿਸਾਬ, ਇਤਿਹਾਸ ਜਾਂ ਭੂਗੋਲ ਦੀ ਸਿੱਖਿਆ ਪ੍ਰਾਪਤ ਕਰ ਸਕਦਾ ਸੀ। ਉਹ ਇਸ ਤਰ੍ਹਾਂ ਆਪਣੇ ਗਿਆਨ ਨੂੰ ਸ਼ਿਲਪਕਲਾ ਨਾਲ ਜੋੜਨਾ ਸਿੱਖ ਜਾਂਦਾ ਹੈ। ਉਸ ਨੂੰ ਅਜਿਹਾ ਕਰਨ ਲਈ ਬਹੁਤਾ ਸਮਾਂ ਨਹੀਂ ਲੱਗਣਾ ਚਾਹੀਦਾ। ਦੂਸਰਾ ਉਦਾਹਰਣ ਲਵੋ। ਇਹ ਸੋਚੋ ਕਿ ਮੈਂ 7 ਸਾਲ ਦੇ ਆਪਣੇ ਲੜਕੇ ਨਾਲ ਬੁਨਿਆਦੀ ਸਕੂਲ ਵਿਚ ਜਾਂਦਾ ਹਾਂ। ਅਸੀਂ ਦੋਵੇਂ ਸੂਤ ਕਤਾਈ ਸਿੱਖਦੇ ਹਾਂ ਅਤੇ ਮੈਂ ਆਪਣੇ ਪਹਿਲਾਂ ਤੋਂ ਪ੍ਰਾਪਤ ਗਿਆਨ ਨੂੰ ਕਤਾਈ ਨਾਲ ਜੋੜ ਲੈਂਦਾ ਹਾਂ, ਲੜਕੇ ਲਈ ਇਹ ਸਭ ਕੁਝ ਨਵਾਂ ਹੈ। 70 ਸਾਲ ਦੇ ਬਾਪ ਲਈ ਇਹ ਸਭ ਕੁਝ ਦੁਹਰਾਉਣਾ ਹੈ ਪਰ ਉਹ ਆਪਣੇ ਗਿਆਨ ਦੀ ਪ੍ਰਾਪਤੀ ਇਕ ਨਵੀਂ ਸਥਿਤੀ ਵਿਚ ਲਵੇਗਾ। ਇਸ ਪ੍ਰਕਿਰਿਆ ਨੂੰ ਕੁਝ ਹਫ਼ਤਿਆਂ ਤੋਂ ਵੱਧ ਸਮਾਂ ਨਹੀਂ ਲੱਗਣਾ ਚਾਹੀਦਾ। ਇਸ ਤਰ੍ਹਾਂ, ਜੇ ਅਧਿਆਪਕ 7 ਸਾਲ ਦੇ ਬੱਚੇ ਜਿਹੀ ਗ੍ਰਹਿਣਸ਼ੀਲਤਾ ਅਤੇ ਉਤਸੁਕਤਾ ਨਹੀਂ ਵਿਕਸਤ ਕਰਦਾ ਤਾਂ ਉਹ ਇਕ ਮਸ਼ੀਨੀ ਸੂਤ ਕਤਾਈ ਜਿਹਾ ਬਣ ਕੇ ਰਹਿ ਜਾਵੇਗਾ, ਜੋ ਉਸ ਨੂੰ ਨਵੇਂ ਤਰੀਕੇ ਵਿਚ ਨਹੀਂ ਅਪਣਾ ਸਕੇਗਾ।

***ਸਵਾਲ :*** ਬੁਨਿਆਦੀ ਸਿੱਖਿਆ ਪ੍ਰਣਾਲੀ, ਸਮਝਿਆ ਜਾਂਦਾ ਹੈ ਕਿ ਪਿੰਡਾਂ ਲਈ ਹੈ। ਕੀ ਸ਼ਹਿਰਾਂ ਵਿਚ ਰਹਿਣ ਵਾਲਿਆਂ ਲਈ ਕੋਈ ਰਸਤਾ ਨਹੀਂ ਹੈ? ਕੀ ਉਨ੍ਹਾਂ ਨੂੰ ਪੁਰਾਣੇ ਢੰਗ 'ਤੇ ਹੀ ਚਲਣਾ ਹੋਵੇਗਾ।

***ਗਾਂਧੀ ਜੀ :*** ਇਹ ਬਹੁਤ ਢੁਕਵਾਂ ਅਤੇ ਚੰਗਾ ਸਵਾਲ ਹੈ ਪਰ ਇਸ ਦਾ ਜਵਾਬ ਮੈਂ ਪਹਿਲਾਂ ਹੀ 'ਹਰੀਜਨ' ਦੇ ਕਾਲਮ ਵਿਚ ਦੇ ਦਿਤਾ ਹੈ। ਅੱਜ ਲਈ ਕਾਫ਼ੀ ਹੈ ਅਤੇ ਅੱਛਾ ਹੈ। ਪਹਿਲਾਂ ਅਸੀਂ ਇਕ ਵੱਡਾ ਟੁਕੜਾ ਹਜ਼ਮ ਕਰਨ ਲਈ ਲੈ ਚੁੱਕੇ ਹਾਂ। ਜੇ ਅਸੀਂ 7 ਲੱਖ ਪਿੰਡਾਂ ਦੀ ਸਿੱਖਿਆ ਸਮੱਸਿਆ ਸੁਲਝਾ ਸਕਦੇ ਹਾਂ, ਇਹ ਹੁਣ ਲਈ ਬਹੁਤ ਹੋਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖਿਆ ਸ਼ਾਸਤਰੀ ਸ਼ਹਿਰਾਂ ਬਾਰੇ ਵੀ ਸੋਚ ਰਹੇ ਹਨ ਪਰ ਜੇ ਅਸੀਂ ਸ਼ਹਿਰਾਂ ਦਾ ਮੁੱਦਾ ਪਿੰਡਾਂ ਦੇ ਨਾਲ ਹੀ ਲੈ ਲਵਾਂਗੇ ਤਾਂ ਅਸੀਂ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਵਿਖਰੇਵਾਂ ਕਰ ਲਵਾਂਗੇ।

***ਸਵਾਲ :*** ਮੰਨ ਲਵੋ, ਇਕ ਪਿੰਡ ਵਿਚ ਅਲੱਗ ਅਲੱਗ ਸ਼ਿਲਪ ਵਾਲੇ ਤਿੰਨ ਸਕੂਲ ਹਨ। ਇਨ੍ਹਾਂ ਵਿਚੋਂ ਕਿਸੇ ਇਕ ਵਿਚ ਸਿੱਖਿਆ ਦਾ ਵਿਸਥਾਰ ਦੂਸਰੇ ਨਾਲੋਂ ਵਧੇਰੇ ਹੋ ਸਕਦਾ ਹੈ। ਉਨ੍ਹਾਂ, ਸਕੂਲਾਂ ਵਿਚੋਂ ਕਿਸ ਵਿਚ ਬੱਚੇ ਨੂੰ ਜਾਣਾ ਚਾਹੀਦਾ ਹੈ?

***ਗਾਂਧੀ ਜੀ :*** ਅਜਿਹਾ ਹੋਣਾ ਨਹੀਂ ਚਾਹੀਦਾ। ਸਾਡੇ ਬਹੁਤੇ ਪਿੰਡ ਇੰਨੇ ਛੋਟੇ ਹਨ ਕਿ ਉਥੇ ਇਕ ਤੋਂ ਵੱਧ ਸਕੂਲ ਹੋ ਹੀ ਨਹੀਂ ਸਕਦੇ। ਪਰ ਇਕ ਵੱਡੇ ਪਿੰਡ ਵਿਚ ਇਕ ਤੋਂ ਜ਼ਿਆਦਾ ਹੋ ਕਸਦੇ ਹਨ। ਅਜਿਹੇ ਪਿੰਡ ਵਿਚ ਦੋਹਾਂ ਵਿਚ ਪੜ੍ਹਾਉਣ ਵਾਲਾ ਸ਼ਿਲਪਕਲਾ ਇਕ ਹੀ ਹੋਣਾ ਚਾਹੀਦਾ ਹੈ। ਪਰ ਮੈਂ ਕੋਈ ਲਕੀਰ ਨਹੀਂ ਖਿੱਚ ਰਿਹਾ। ਅਜਿਹੀ ਸੂਰਤ ਵਿਚ ਤਜਰਬਾ ਹੀ ਸਭ ਤੋਂ ਵਧੀਆ ਸੇਧ ਦੇਣ ਵਾਲਾ ਹੋਵੇਗਾ। ਵੱਖ-ਵੱਖ ਸ਼ਿਲਪਕਲਾਵਾਂ ਦੀ ਹਰਮਨ ਪਿਆਰੇ ਹੋ ਜਾਣ ਦੀ ਸਮਰੱਥਾ, ਉਸ ਦੀ ਬੱਚਿਆਂ ਦੀ ਸ਼ਕਤੀ ਬਾਹਰ ਕੱਢਣ ਦੀ ਕਾਬਲੀਅਤ ਬਾਰੇ ਜਾਣਨਾ ਚਾਹੀਦਾ ਹੈ। ਇਸ ਦੇ ਪਿੱਛੇ ਇਹ ਸੋਚ ਹੈ ਕਿ ਤੁਸੀਂ ਭਾਵੇਂ ਜੋ ਵੀ ਸ਼ਿਲਪਕਲਾ ਚੁਣੋ ਉਸ ਵਲੋਂ ਬੱਚੇ ਦੀਆਂ ਸਾਰੀਆਂ ਸ਼ਕਤੀਆਂ ਪੂਰੀ ਤਰ੍ਹਾਂ ਅਤੇ ਸਮਾਨ ਤਰੀਕੇ ਉਭਾਰਨੀਆਂ ਚਾਹੀਦੀਆਂ ਹਨ। ਇਹ ਪਿੰਡ ਦੀ ਸ਼ਿਲਪਕਲਾ ਹੋਣੀ ਚਾਹੀਦੀ ਹੈ ਅਤੇ ਲਾਭਕਾਰੀ ਹੋਣੀ ਚਾਹੀਦੀ ਹੈ।

***ਸਵਾਲ :*** ਕਿਸੇ ਬੱਚੇ ਨੂੰ ਸ਼ਿਲਪਕਲਾ ਦੇ ਗਿਆਨ ਉਪਰ 7 ਸਾਲ ਕਿਉਂ ਖਰਾਬ ਕਰਨੇ ਚਾਹੀਦੇ ਹਨ। ਜਦੋਂ ਉਸ ਦਾ ਅਸਲੀ ਕਿੱਤਾ ਕੁੱਝ ਹੋਰ ਹੀ ਹੋਣ ਜਾ ਰਿਹਾ ਹੋਵੇ। ਉਦਾਹਰਣ ਵਜੋਂ, ਇਕ ਬੈਂਕ ਕਰਮਚਾਰੀ ਦੇ ਪੁੱਤਰ ਨੂੰ, ਜਿਸ ਨੇ ਬਾਅਦ ਵਿਚ ਬੈਂਕ ਵਿਚ ਨੌਕਰੀ ਕਰਨੀ ਹੋਵੇ, 7 ਸਾਲ ਸੂਤ ਕਤਾਈ ਸਿੱਖਣ ਉੱਪਰ ਕਿਉਂ ਲਗਾਉਣੇ ਚਾਹੀਦੇ ਹਨ?

***ਗਾਂਧੀ ਜੀ :*** ਸਵਾਲ ਵਿਚ ਸਿੱਖਿਆ ਦੀ ਨਵੀਂ ਸਕੀਮ ਬਾਰੇ ਭਾਰੀ ਅਗਿਆਨਤਾ ਛੁਪੀ ਹੋਈ ਹੈ। ਬੁਨਿਆਦੀ ਸਿੱਖਿਆ ਦੀ ਇਸ ਸਕੀਮ ਤਹਿਤ, ਬੱਚਾ ਸਕੂਲ ਵਿਚ ਸਿਰਫ਼ ਇਕ ਸ਼ਿਲਪ ਸਿੱਖਣ ਲਈ ਹੀ ਨਹੀਂ ਜਾਂਦਾ। ਉਹ ਉਥੇ ਆਪਣੀ ਪ੍ਰਾਇਮਰੀ ਸਿੱਖਿਆ ਲੈਣ ਲਈ ਜਾਂਦਾ ਹੈ, ਆਪਣੇ ਦਿਮਾਗ ਨੂੰ ਸ਼ਿਲਪ ਰਾਹੀਂ ਸਿਖਲਾਈ ਦੇਣ ਲਈ ਜਾਂਦਾ ਹੈ। ਮੇਰਾ ਦਾਅਵਾ ਹੈ ਕਿ ਇਕ ਬੱਚਾ, ਜਿਸ ਨੇ 7 ਸਾਲ ਨਵੀਂ ਸਿੱਖਿਆ ਦਾ ਕੋਰਸ ਕੀਤਾ ਹੋਵੇ, ਉਹ ਉਸ ਬੱਚੇ ਤੋਂ ਵਧੀਆ ਬੈਂਕ ਕਰਮਚਾਰੀ ਬਣੇਗਾ ਜਿਸ ਨੇ ਸੱਤ ਸਾਲ ਸਿਰਫ਼ ਸਾਧਾਰਨ ਸਿੱਖਿਆ ਲਈ ਹੋਵੇ। ਬਾਅਦ ਵਾਲਾ ਬੱਚਾ ਜਦੋਂ ਇਕ ਬੈਂਕਿੰਗ ਸਕੂਲ ਵਿਚ ਜਾਂਦਾ ਹੈ, ਸੁਖਾਵਾਂ ਨਹੀਂ ਰਹਿ ਸਕਦਾ ਕਿਉਂਕਿ ਉਸ ਦੀਆਂ ਸਾਰੀਆਂ ਸ਼ਕਤੀਆਂ ਸਿਖਲਾਈ ਪ੍ਰਾਪਤ ਨਹੀਂ ਹੋਣਗੀਆਂ।

ਪੂਰਬਲੇ ਮੱਤ ਥੋੜ੍ਹੇ ਕੀਤਿਆਂ ਨਹੀਂ ਜਾਂਦੇ। ਮੈਂ ਸੋਚਾਂਗਾ ਕਿ ਮੈਂ ਆਪਣਾ ਦਿਨ ਦਾ ਕੰਮ ਚੰਗੀ ਤਰ੍ਹਾਂ ਕਰ ਲਿਆ ਹੈ, ਜੇਕਰ ਮੈਂ ਤੁਹਾਡੇ ਦਿਮਾਗ ਵਿਚ ਇਹ ਕੇਂਦਰੀ ਅਸਲੀਅਤ ਬਿਠਾ ਸਕਾਂ ਕਿ ਨਵੀਂ ਸਿੱਖਿਆ ਸਕੀਮ, ਥੋੜ੍ਹੀ ਜਿਹੀ ਸਾਹਿਤਕ ਸਿੱਖਿਆ ਅਤੇ ਥੋੜ੍ਹਾ ਜਿਹਾ ਸ਼ਿਲਪ ਦਾ ਗਿਆਨ ਨਹੀਂ ਹੈ। ਇਹ ਪ੍ਰਾਇਮਰੀ ਪੱਧਰ ਤਕ, ਸ਼ਿਲਪਕਲਾ ਦੇ ਮਾਧਿਅਮ ਰਾਹੀਂ ਸਮੁੱਚੀ ਸਿੱਖਿਆ ਹੈ।

***ਸਵਾਲ :*** ਕੀ ਹਰ ਸਕੂਲ ਵਿਚ ਇਕ ਤੋਂ ਵੱਧ ਸ਼ਿਲਪ ਦਾ ਗਿਆਨ ਦੇਣਾ ਅਰਥਪੂਰਨ ਨਹੀਂ ਹੋਵੇਗਾ? ਬੱਚੇ ਮਹੀਨਿਆਂ ਬੱਧੀ ਅਤੇ ਸਾਲਾਂ ਬੱਧੀ ਇਕੋ ਚੀਜ਼ ਨੂੰ ਕਰਦੇ ਹੋਏ ਉਕਤਾ ਨਹੀਂ ਜਾਣਗੇ?

***ਗਾਂਧੀ ਜੀ :*** ਜੇਕਰ ਮੈਨੂੰ ਕੋਈ ਅਜਿਹਾ ਅਧਿਆਪਕ ਮਿਲਦਾ ਹੈ, ਜੋ ਵਿਦਿਆਰਥੀਆਂ ਨੂੰ ਇਕ ਮਹੀਨਾ ਸੂਤ ਕਤਾਈ ਸਿਖਾਉਣ ਤੋਂ ਬਾਅਦ

***ਬਾਕੀ ਸਫ਼ਾ 45 ਉੱਤੇ***

# ਔਰਤਾਂ ਦੇ ਹੁਨਰ ਵਿਕਾਸ : ਯੋਗ ਤੱਤਾਂ ਦੀ ਪਛਾਣ

ਦੇਵ ਨਾਥਨ

ਭਾਰਤ ਨੂੰ ਹੁਨਰਮੰਦ ਬਣਾਉਣ ਦੇ ਮੁੱਦੇ ਨੂੰ ਹੱਥੋਂ-ਹੱਥ ਲਿਆ ਜਾ ਰਿਹਾ ਹੈ। ਪਰ ਇਥੇ ਔਰਤਾਂ ਦੇ ਹੁਨਰ ਵਿਕਾਸ ਸੰਬੰਧੀ ਵਿਸ਼ੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਜਾਂ ਦੂਸਰੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਔਰਤਾਂ ਵਿਚ ਅਜਿਹੇ ਤੱਤਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਜਿਨ੍ਹਾਂ ਰਾਹੀਂ ਹੁਨਰ ਵਿਕਾਸ ਸੰਭਵ ਹੋ ਸਕੇ। ਇਸ ਤਹਿਤ ਇੰਨਾ ਹੀ ਕਾਫ਼ੀ ਨਹੀਂ ਕਿ ਹੁਨਰ ਦੀ ਸਿਖਲਾਈ ਲੈਣ ਵਾਲੀਆਂ ਔਰਤਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇ। ਗਿਣਤੀ ਵਧਾਉਣ ਲਈ ਔਰਤਾਂ ਵਾਸਤੇ ਹੁਨਰ ਦੇ ਮੌਕੇ ਵੀ ਪੈਦਾ ਕੀਤੇ ਜਾਣੇ ਚਾਹੀਦੇ ਹਨ। ਦੇਸ਼ ਦੇ ਆਰਥਿਕ ਪੱਧਰ ਲਈ ਇਹ ਵੀ ਜ਼ਰੂਰੀ ਹੈ ਕਿ, (1) ਉਨ੍ਹਾਂ ਤੱਤਾਂ ਦੀ ਪਛਾਣ ਕਰਨੀ, ਜੋ ਔਰਤਾਂ ਨੂੰ ਹੁਨਰ ਦੀ ਸਿਖਲਾਈ ਲੈਣ ਵਿਚ ਰੁਕਾਵਟ ਬਣਦੇ ਹਨ ਤੇ ਜੇ ਉਹ ਅਜਿਹਾ ਕਰ ਸਕਣ, ਫਿਰ (2) ਉਨ੍ਹਾਂ ਤੱਤਾਂ ਦੀ ਪਛਾਣ, ਜੋ ਹੁਨਰਮੰਦ ਔਰਤਾਂ ਨੂੰ ਰੁਜ਼ਗਾਰ ਦਿਵਾਉਣ ਵਿਚ ਰੁਕਾਵਟ ਬਣਦੇ ਹਨ।

ਅਜਿਹਾ ਕਿਉਂ ਹੈ ਕਿ ਜ਼ਿਆਦਾਤਰ ਯੁਵਾ ਲੜਕੀਆਂ ਜਾਂ ਔਰਤਾਂ ਆਈ ਟੀ ਆਈ ਸਿਖਲਾਈ ਤੇ ਇਸ ਨਾਲ ਸੰਬੰਧਿਤ ਸੰਸਥਾਨਾਂ ਵੱਲ ਵਧੇਰੇ ਰੁਚਿਤ ਨਹੀਂ ਹੁੰਦੀਆਂ? ਇਸੇ ਤਰ੍ਹਾਂ ਕਿੰਨੀਆਂ ਕੁ ਨੌਜਵਾਨ ਔਰਤਾਂ ਕੰਪਿਊਟਰ (ਆਈ ਟੀ) ਦੀ ਸਿਖਲਾਈ ਲੈਂਦੀਆਂ ਹਨ? ਅਜਿਹੀ ਸਿਖਲਾਈ ਹਾਸਲ ਕਰਨ ਨਾਲ ਰੁਜ਼ਗਾਰ ਮਿਲਣਾ ਹੀ ਨਿਸ਼ਚਿਤ ਨਹੀਂ ਹੋਣਾ ਚਾਹੀਦਾ; ਸਗੋਂ ਇਸ ਸਿਖਲਾਈ ਨਾਲ ਮਿਹਨਤਾਨਾ ਵੀ ਵੱਧ ਮਿਲਣਾ ਚਾਹੀਦਾ ਹੈ ਤਾਂ ਕਿ ਕੋਈ ਵੀ ਨੌਜਵਾਨ ਔਰਤ ਇਸ ਨੂੰ ਕੈਰੀਅਰ ਦੇ ਤੌਰ ਤੇ ਅਪਨਾ ਸਕੇ।

ਇਥੇ ਅਸੀਂ ਉਦਯੋਗ ਤੇ ਆਈ ਟੀ ਖੇਤਰ ਵਿਚਕਾਰ ਔਰਤਾਂ ਦੇ ਹੁਨਰ ਵਿਚਲੇ ਅੰਤਰ ਨੂੰ ਦੇਖ ਸਕਦੇ ਹਾਂ। ਬੱਚਿਆਂ ਦੇ ਪਾਲਨ-ਪੋਸ਼ਣ ਦੇ ਵਰ੍ਹਿਆਂ ਵਿਚ ਉਨ੍ਹਾਂ ਲਈ ਕੰਮ ਨੂੰ ਜ਼ਾਰੀ ਰੱਖਣਾ, ਇਹ ਉਨ੍ਹਾਂ ਦੇ ਤੇ ਉਨ੍ਹਾਂ ਦੇ ਪਰਿਵਾਰ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਦੇਖਭਾਲ ਕਰ ਸਕਣ। ਭਾਰਤ ਵਿਚ ਬੱਚਿਆਂ ਦੀ ਦੇਖਭਾਲ ਜਨਤਕ ਢੰਗ ਨਾਲ ਸੰਭਵ ਨਹੀਂ। ਪਿਤਰੀ ਪ੍ਰਬੰਧ ਵਿਚ, ਇਹ ਮੰਨਿਆ ਜਾਂਦਾ ਹੈ ਕਿ ਬੱਚਿਆਂ ਦੀ ਦੇਖਭਾਲ ਔਰਤਾਂ ਦੀ ਹੀ ਜ਼ਿੰਮੇਵਾਰੀ ਹੈ। ਇਸੇ ਕਰਕੇ ਇਸ ਜ਼ਿੰਮੇਵਾਰੀ ਦਾ ਸਾਰਾ ਭਾਰ ਔਰਤਾਂ ਉੱਤੇ ਹੀ ਪਾ ਦਿਤਾ ਜਾਂਦਾ ਹੈ।

ਆਈ ਟੀ ਖੇਤਰ ਜਾਂ ਹੋਰ ਖੇਤਰਾਂ ਜਿਵੇਂ ਕਾਨੂੰਨੀ ਤੇ ਡਾਕਟਰੀ ਪੇਸ਼ੇ ਵਿਚ, ਜਿਥੇ ਔਰਤਾਂ ਵਿਹਾਰਕ ਤੌਰ ਤੇ ਕੰਮ ਕਰਦੀਆਂ ਹਨ, ਉਹ ਬੱਚਿਆਂ ਦੀ ਦੇਖਭਾਲ ਦੇ ਭਾਰੀ ਖ਼ਰਚਿਆਂ ਨੂੰ ਝੱਲਣ ਯੋਗ ਹੁੰਦੀਆਂ ਹਨ। ਇਥੋਂ ਤਕ ਕਿ, ਕੁਝ ਆਈ ਟੀ ਕੰਪਨਟੀਆਂ ਔਰਤਾਂ ਨੂੰ ਕੁਝ ਹੱਦ ਤਕ ਘਰੋਂ ਕੰਮ ਕਰਨ ਦੀ ਛੋਟ ਵੀ ਦਿੰਦੀਆਂ ਹਨ। ਇਸ ਦਾ ਅਰਥ ਇਹ ਨਹੀਂ ਕਿ ਉਹ ਬੱਚਿਆਂ ਦੇ ਜਨਮ ਤੇ ਪਾਲਣ ਦੀ ਜ਼ਿੰਮੇਵਾਰੀ ਕਾਰਨ ਆਪਣਾ ਕੈਰੀਅਰ ਤਿਆਗ ਦਿੰਦੀਆਂ ਹਨ।

ਜਦ ਕਿ ਦੂਜੇ ਪਾਸੇ ਉਦਯੋਗਿਕ ਖੇਤਰਾਂ ਵਿਚ ਕੰਮ ਕਰਦੀਆਂ ਔਰਤਾਂ ਲਈ ਕਿਸੇ ਵੀ ਤਰੀਕੇ ਇਹ ਸੰਭਵ ਹੀ ਨਹੀਂ ਕਿ ਉਹ ਆਪਣੇ ਬੱਚਿਆਂ ਦੀ ਦੇਖਭਾਲ ਲਈ ਕੋਈ ਬੰਦੋਬਸਤ ਕਰ ਸਕਣ। ਹਾਲਾਂਕਿ ਬਹੁਤ ਘੱਟ ਫੈਕਟਰੀਆਂ ਕ੍ਰੈਚ ਦੀ ਸਹੂਲਤ ਪ੍ਰਦਾਨ ਕਰਦੀਆਂ ਹਨ। ਕੱਪੜਾ ਉਦਯੋਗਾਂ ਵਿਚ ਸਿਲਾਈ ਦਾ ਕੰਮ ਕਰਨ ਵਾਲੀਆਂ ਜਾਂ ਬਿਜਲੀ ਉਤਪਾਦ ਦੇ ਹਿੱਸੇ ਜੋੜਨ ਵਾਲੇ ਉਦਯੋਗਾਂ ਵਿਚ, ਔਰਤਾਂ ਆਪਣੇ ਬੱਚੇ ਇਨ੍ਹਾਂ ਕ੍ਰੈਚਾਂ ਵਿਚ ਛੱਡ ਦਿੰਦੀਆਂ ਹਨ। ਬਹੁਤ ਘੱਟ ਫੈਕਟਰੀਆਂ, ਇਸ ਸੰਦਰਭ ਵਿਚ ਕਾਫ਼ੀ ਘੱਟ ਪੈਸੇ ਦੇ ਕੇ ਤੇ ਘਰੋਂ ਬੈਠ ਕੇ ਪਾਰਟ-ਟਾਈਮ ਕੰਮ ਕਰਵਾਉਂਦੀਆਂ ਹਨ। ਹਾਲਾਂਕਿ, ਇਸ ਤਰ੍ਹਾਂ ਉਹ ਔਰਤਾਂ ਘੱਟ ਪੈਸਿਆਂ ਦੇ ਬਾਵਜੂਦ ਆਪਣੇ ਬੱਚਿਆਂ ਦੀ ਦੇਖਭਾਲ ਕਰ ਲੈਂਦੀਆਂ ਹਨ, ਜੋ ਕਿ ਨਿਯਮਿਤ ਸਮੇਂ ਫੈਕਟਰੀਆਂ ਵਿਚ ਕੰਮ ਕਰ ਕੇ ਸੰਭਵ ਨਹੀਂ ਹੋ ਸਕਦਾ।

ਜਨਤਕ ਤੌਰ ਤੇ ਬੱਚਿਆਂ ਦੀ ਦੇਖਭਾਲ ਦੇ ਕਮੀ ਜਾਂ ਫੈਕਟਰੀਆਂ ਵਲੋਂ ਅਜਿਹੀ ਸਹੂਲਤ ਪ੍ਰਦਾਨ ਨਾ ਕੀਤੇ ਜਾਣ ਵਾਲਾ ਤੱਤ ਜ਼ਿਆਦਾਤਰ ਔਰਤਾਂ ਨੂੰ ਉਦਯੋਗਿਕ ਖੇਤਰਾਂ ਵਿਚ ਹੁਨਰਮੰਦ ਕੈਰੀਅਰ ਬਣਾਉਣ ਵਜੋਂ ਰੋਕਦਾ ਹੈ। ਔਰਤਾਂ ਨੂੰ ਬੱਚਿਆਂ ਦੇ ਪਾਲਣ-ਪੋਸ਼ਣ ਤੇ ਹੋਰ ਘਰੇਲੂ ਕੰਮਾਂ ਕਾਰਨ ਮਜ਼ਦੂਰੀ ਪੱਖੋਂ ਵੀ ਬਹੁਤ ਘੱਟ ਤਵੱਜੋ ਦਿਤੀ ਜਾਂਦੀ ਹੈ। ਇਹ ਵੀ ਇਕ ਕਾਰਨ ਹੈ ਜੋ ਔਰਤਾਂ ਨੂੰ ਮੁਸ਼ੱਕਤ ਭਰੇ ਕੰਮਾਂ, ਖ਼ਾਸ ਕਰਕੇ ਉਤਪਾਦਕ ਕਾਰਜਾਂ ਵਿਚ ਹਿੱਸਾ ਲੈਣ ਤੋਂ ਰੋਕਦਾ ਹੈ, ਕਿਉਂਕਿ ਇਸ ਕਾਰਨ ਉਨ੍ਹਾਂ ਨੂੰ ਆਪਣੇ ਘਰੋਂ ਬਹੁਤ ਦੇਰ ਤਕ ਦੂਰ ਰਹਿਣਾ ਪੈਂਦਾ ਹੈ।

ਦੂਸਰੇ ਪਾਸੇ, ਕਿਹੋ ਜਿਹੀ ਮੰਗ ਕੀਤੀ ਜਾਂਦੀ ਹੈ? ਆਖਿਰ ਕਿਉਂ ਹੁਨਰਮੰਦ ਔਰਤਾਂ ਨੂੰ ਉਨ੍ਹਾਂ ਦੇ ਹੁਨਰ ਮੁਤਾਬਕ ਨੌਕਰੀ ਜਾਂ ਰੁਜ਼ਗਾਰ ਨਹੀਂ ਮਿਲਦਾ? ਵਰਤਮਾਨ ਸਮੇਂ ਵਿਚ ਕੰਮ-ਕਾਜੀ ਔਰਤ ਦੀ ਗਰਭ-ਅਵਸਥਾ ਤੇ ਬੱਚੇ ਦੀ ਦੇਖਭਾਲ ਦਾ ਖ਼ਰਚ ਕੰਪਨੀਆਂ ਨੂੰ ਝੱਲਣਾ ਪੈਂਦਾ ਹੈ। ਅਜਿਹੀ ਹਾਲਤ ਵਿਚ ਕੰਪਨੀਆਂ ਨੌਕਰੀਆਂ 'ਤੇ ਮਰਦਾਂ ਨੂੰ ਰੱਖਣ ਦੀ ਪਹਿਲ ਦਿੰਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਅਜਿਹੀਆਂ ਸਹੂਲਤਾਂ ਦੇਣ ਲਈ ਪੈਸਾ ਖ਼ਰਚ ਨਹੀਂ ਕਰਨਾ ਪੈਂਦਾ।

ਇਸ ਦਾ ਅਰਥ ਹੈ ਕਿ ਇਨ੍ਹਾਂ ਜ਼ਰੂਰੀ ਸਹੂਲਤਾਂ ਨੂੰ ਦਿੰਦੇ ਹੋਏ ਕੀ ਕੋਈ ਹੋਰ ਅਜਿਹਾ

ਰਸਤਾ ਹੈ, ਜਿਸ ਨਾਲ ਕੰਮ-ਕਾਜੀ ਔਰਤਾਂ ਦੇ ਹੁਨਰ ਨੂੰ ਵਰਤਦੇ ਹੋਏ ਕੰਪਨੀ ਉਤੇ ਪੈਣ ਵਾਲੇ ਬੋਝ ਤੋਂ ਬਚਿਆ ਜਾ ਸਕਦਾ ਹੋਵੇ? ਇਸ ਵਾਧੂ ਦੇ ਖ਼ਰਚੇ ਤੋਂ ਬਚਣ ਲਈ ਕੀ ਉਨ੍ਹਾਂ ਨੂੰ ਵਿਸ਼ੇਸ਼ ਕੰਪਨੀਆਂ ਜਾਂ ਫਰਮਾਂ ਤੋਂ ਦੂਰ ਰੱਖਿਆ ਜਾਵੇ। ਇਕ ਗੱਲ ਸੰਭਵ ਹੋ ਸਕਦੀ ਹੈ, ਜੇ ਇਹ ਸਾਰਾ ਵਾਧੂ ਖ਼ਰਚਾ ਸਰਕਾਰ ਝੱਲੇ, ਯਾਨਿ ਕਿ ਕਰ ਪ੍ਰਣਾਲੀ ਰਾਹੀਂ। ਗਰਭ-ਅਵਸਥਾ ਤੇ ਬੱਚਿਆਂ ਦੀ ਦੇਖਭਾਲ ਨਾਲ ਸੰਬੰਧਿਤ ਸਾਰੇ ਕਰਾਂ ਦਾ ਭਾਰ ਕੰਪਨੀਆਂ ਉਤੇ ਨਾ ਪਾ ਕੇ ਕਰ-ਦਾਤਾਵਾਂ ਉਤੇ ਪਾਉਣਾ ਚਾਹੀਦਾ ਹੈ।

ਇਸ ਉਤੇ ਬਹਿਸ ਹੋ ਸਕਦੀ ਹੈ ਕਿ ਇਸ ਤਰ੍ਹਾਂ ਕਰ-ਦਾਤਾਵਾਂ ਨਾਲ ਨਿਆਂ ਨਹੀਂ ਹੋਵੇਗਾ, ਮੱਧਵਰਗੀ ਕਰ-ਦਾਤਾਵਾਂ ਸਮੇਤ ਯਾਨਿ ਕਿ ਇਕ ਤਰ੍ਹਾਂ ਨਾਲ ਕਰ ਭਰਨ ਵਾਲੀ ਸਾਰੀ ਜਨਤਾ ਨਾਲ ਇਨਸਾਫ਼ ਨਹੀਂ ਹੋਵੇਗਾ ਕਿ ਕੰਪਨੀਆਂ ਨੂੰ ਕੰਮ-ਕਾਜੀ ਔਰਤਾਂ ਨੂੰ ਰੱਖਣ ਕਾਰਨ ਵਿਸ਼ੇਸ਼ ਛੋਟ ਦਿਤੀ ਜਾਵੇ। ਇਸ ਲਈ, ਇਹ ਬਿਹਤਰ ਹੋਵੇਗਾ ਕਿ ਇਹ ਭਾਰ ਉਦਯੋਗਾਂ ਦੇ ਵਿੱਤ ਉੱਤੇ ਪਾਏ ਜਾਣੇ ਚਾਹੀਦੇ ਹਨ ਤਾਂ ਕਿ ਜੱਚਾ-ਬੱਚਾ ਦਾ ਖ਼ਰਚ ਤੇ ਉਸ ਨਾਲ ਸੰਬੰਧਿਤ ਫ਼ਾਇਦੇ ਉਨ੍ਹਾਂ ਦੀਆਂ ਔਰਤ ਕਰਮਚਾਰੀਆਂ ਨੂੰ ਮਿਲ ਸਕਣ। ਇਹ ਭਾਰ ਸਾਰੀਆਂ ਹੀ ਕੰਪਨੀਆਂ ਤੇ ਮਾਲਕਾਂ ਉਤੇ ਪਾਇਆ ਜਾ ਸਕਦਾ ਹੈ ਜਾਂ ਫਿਰ, ਵਿਸ਼ੇਸ਼ ਉਦਯੋਗਾਂ ਉਤੇ ਪਾਇਆ ਜਾ ਸਕਦਾ ਹੈ, ਪਰ ਸਿਰਫ਼ ਔਰਤ ਕਰਮਚਾਰੀਆਂ ਉਤੇ ਨਹੀਂ। ਸੀ ਐੱਸ ਆਰ ਦੀ ਖਪਤ ਉਤੇ ਦੋ ਪ੍ਰਤਿਸ਼ਤ ਲਾਭ ਦਾ ਨਿਯਮ ਹੈ। ਇਹ ਕੀਤਾ ਜਾ ਸਕਦਾ ਹੈ ਕਿ ਕੰਪਨੀ ਇਹ ਕਰ ਸਰਕਾਰ ਨੂੰ ਦੇਣ ਦੀ ਬਜਾਇ ਇਨ੍ਹਾਂ ਉਤਲੇ ਖ਼ਰਚਿਆਂ ਉਤੇ ਖ਼ਰਚ ਕਰ ਲਵੇ।

ਇਨ੍ਹਾਂ ਤੋਂ ਇਲਾਵਾ ਇਕ ਹੋਰ ਤੀਜਾ ਤੱਥ ਹੈ, ਜੋ ਔਰਤਾਂ ਨੂੰ ਉਤਪਾਦਕ ਕਾਰਜਾਂ ਵਿਚ ਹੁਨਰਮੰਦ ਕਿਰਤੀ ਵਜੋਂ ਕੰਮ ਕਰਨ ਤੋਂ ਰੋਕਦਾ ਹੈ। ਸਾਧਨਾਂ ਦੀ ਖਪਤ ਦਾ ਪੂਰਾ ਫ਼ਾਇਦਾ ਚੁੱਕਣ ਲਈ, ਉਤਪਾਦ ਦੀ ਲੋੜੀਂਦੀ ਮੰਗ ਨੂੰ ਪੂਰਾ ਕਰਨ ਲਈ ਫੈਕਟਰੀਆਂ ਨੂੰ ਤਿੰਨ ਸ਼ਿਫਟਾਂ ਵਿਚ ਕੰਮ ਕਰਵਾਉਣ ਦੀ ਲੋੜ ਵੀ ਪੈਂਦੀ ਹੈ, ਜਿਸ ਵਿਚ ਰਾਤ ਦੀ ਸ਼ਿਫਟ ਵੀ ਸ਼ਾਮਿਲ ਹੈ। ਪਰ, ਭਾਰਤ ਵਿਚ ਰਾਤ ਵੇਲੇ ਔਰਤਾਂ ਦਾ ਸਫ਼ਰ ਕਰਨਾ ਮੁਨਾਸਿਬ ਨਹੀਂ ਮੰਨਿਆ ਜਾਂਦਾ। ਵਿਸ਼ੇਸ਼ ਤੌਰ ਤੇ ਦਸੰਬਰ 2012 ਦੀ ਰਾਤ ਨੂੰ ਨੌਜਵਾਨ ਲੜਕੀ ਨਾਲ ਵਾਪਰੇ ਭਿਆਨਕ ਬਲਾਤਕਾਰ ਅਤੇ ਕਤਲ ਦੇ ਹਾਦਸੇ ਮਗਰੋਂ, ਰਾਤ ਵੇਲੇ ਔਰਤ ਦਾ ਬਾਹਰ ਨਿਕਲਣਾ ਬਿਲਕੁਲ ਵੀ ਸੁਰੱਖਿਅਤ ਨਹੀਂ ਸਮਝਿਆ ਜਾਂਦਾ, ਵਿਸ਼ੇਸ਼ ਕਰਕੇ ਰਾਜਧਾਨੀ ਵਾਲੇ ਸ਼ਹਿਰ ਵਿਚ। ਕਾਲ ਸੈਂਟਰ ਤੇ ਆਈ ਟੀ ਦਫ਼ਤਰ, ਕੁਝ ਹੱਦ ਤਕ ਅਜਿਹੀ ਅਵਸਥਾ ਵਿਚ, ਆਪਣੇ ਕਰਮਚਾਰੀਆਂ ਲਈ, ਕਈ ਕਾਰਾਂ ਤੇ ਮਿੰਨੀ ਬੱਸਾਂ ਦੀ ਸਹੂਲਤ ਮੁਹੱਈਆ ਕਰਵਾਉਂਦੇ ਹਨ। ਪਰ ਉਨ੍ਹਾਂ ਕੰਪਨੀਆਂ ਲਈ ਅਜਿਹੇ ਖ਼ਰਚੀਲੇ ਸਾਧਨਾਂ ਦੀ ਵਰਤੋਂ ਕਰਨਾ ਸੌਖਾ ਨਹੀਂ, ਜਿਥੇ ਲਾਭ ਦੀ ਗੁੰਜਾਇਸ਼ ਘੱਟ ਹੋਵੇ।

ਕਈ ਕਾਲ ਸੈਂਟਰਾਂ ਨੇ ਦਸੰਬਰ 2012 ਦੇ ਹਾਦਸੇ ਮਗਰੋਂ ਹੀ ਆਵਾਜਾਈ ਦੀ ਇਹ ਸਹੂਲਤ ਦੇਣੀ ਅਰੰਭ ਕੀਤੀ ਹੈ। ਐਸੋਚੈਮ (ਏ ਐੱਸ ਐੱਸ ਓ ਸੀ ਐੱਚ ਏ ਐੱਮ) ਦੀ ਰਿਪੋਰਟ ਮੁਤਾਬਕ ਦਿੱਲੀ ਦੇ ਆਸ-ਪਾਸ ਦੇ ਕਾਲ ਸੈਂਟਰਾਂ ਵਿਚ ਔਰਤਾਂ ਦੀ ਹਾਜ਼ਰੀ ਬਹੁਤ ਘਟਣ ਲੱਗ ਪਈ ਸੀ। ਇਸ ਕਰਕੇ ਅਸੀਂ ਔਰਤਾਂ ਦੀ, ਰਾਤ ਵੇਲੇ ਦੀ ਸੁਰੱਖਿਆ ਦੀ ਕਮੀ ਨੂੰ ਵੀ ਇਸ ਤੱਥ ਨਾਲ ਜੋੜ ਕੇ ਦੇਖ ਸਕਦੇ ਹਾਂ, ਜੋ ਹੁਨਰਮੰਦ ਔਰਤਾਂ ਨੂੰ ਕੰਮ ਕਰਨ ਵਜੋਂ ਰੋਕਦਾ ਹੈ।

ਇਸ ਸੰਦਰਭ ਵਿਚ ਇਸਟਰ ਬੋਸਰਪ ਨੇ ਆਪਣੇ ਪ੍ਰਮੁੱਖ ਅਧਿਐਨ 'ਵੋਮੈਨਜ਼ ਰੋਲ ਇਨ ਇਕਨਾਮਿਕ ਡਿਵੈਲਪਮੈਂਟ' (1970, ਨਿਊਯਾਰਕ ਸੇਂਟ ਮਾਰਟੀਨਜ਼ ਪ੍ਰੈੱਸ) ਵਿਚ ਇਕ ਮਜ਼ੇਦਾਰ ਤੱਥ ਵੱਲ ਇਸ਼ਾਰਾ ਕੀਤਾ ਕਿ, "ਗਰਭ-ਅਵਸਥਾ ਦੀ ਛੁੱਟੀ ਦੇ ਨਿਯਮਾਂ ਤੇ ਕ੍ਰੈਚਾਂ ਦੀ ਕਮੀ ਨੂੰ ਬਾਕੀ ਕਰਮਚਾਰੀਆਂ ਨੂੰ ਔਰਤਾਂ ਦੇ ਰੁਜ਼ਗਾਰ ਪ੍ਰਤਿ ਯਕੀਨੀ ਬਣਾਉਣ ਦੀ ਬਜਾਇ ਬਿਹਤਰ ਇਹ ਹੋਵੇਗਾ ਕਿ ਕੰਪਨੀਆਂ ਇਸ ਵਿਸ਼ੇਸ਼ ਸਹੂਲਤ ਨੂੰ ਆਪਣੇ ਸਾਰੇ ਕਰਮਚਾਰੀਆਂ ਲਈ ਮਨਜ਼ੂਰ ਕਰ ਲੈਣ।" (1970:113)। ਉਸ ਦਾ ਕਹਿਣਾ ਹੈ ਕਿ, "ਜਿਥੇ ਇਹੋ ਜਿਹੀ ਵਿੱਤੀ ਬਰਾਬਰੀ ਨਹੀਂ ਦਿਤੀ ਜਾਂਦੀ, ਉਥੇ ਔਰਤਾਂ ਨੂੰ ਭਾਰੀ ਮਾਤਰਾ ਵਿਚ ਨਾਕਾਰਾਤਮਕ ਪ੍ਰਭਾਵ ਸਹਿਣੇ ਪੈਂਦੇ ਹਨ। ਅਪ੍ਰਤੱਖ ਤੌਰ ਤੇ ਇਹ ਵੀ ਇਕ ਪ੍ਰਮੁੱਖ ਕਾਰਨ ਹੋ ਸਕਦਾ ਹੈ, ਜਿਸ ਕਾਰਨ ਔਰਤਾਂ ਨੂੰ ਉਦਯੋਗਾਂ ਵਿਚ ਵਧੇਰੇ ਕਰਕੇ ਭਰਤੀ ਨਹੀਂ ਕੀਤਾ ਜਾਂਦਾ।" ਸਵਾਲ ਇਹ ਵੀ ਹੈ ਕਿ ਔਰਤਾਂ ਨੂੰ ਰਾਤ ਵੇਲੇ ਸੁਰੱਖਿਆ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਕਿੰਨੀਆਂ ਕੁ ਔਰਤਾਂ ਘਰੋਂ ਬਾਹਰ ਨਿਕਲ ਕੇ ਰਾਤ ਵੇਲੇ ਕੰਮ ਕਰਨ ਦੀ ਹਿੰਮਤ ਕਰਨਗੀਆਂ। ਇਸ ਲਈ ਇਹ ਵੀ ਇਕ ਕਾਰਨ ਹੈ ਜੋ ਔਰਤਾਂ ਲਈ ਹੁਨਰ ਆਧਾਰਿਤ ਨੌਕਰੀਆਂ ਤੇ ਰੁਜ਼ਗਾਰ ਹਾਸਲ ਕਰਨ ਵਿਚ ਰੁਕਾਵਟ ਬਣਦਾ ਹੈ।

ਇਸੇ ਕਰਕੇ ਔਰਤਾਂ ਦੇ ਹੁਨਰ ਵਿਕਾਸ ਵਿਚ ਇਨ੍ਹਾਂ ਤਿੰਨ ਪ੍ਰਮੁੱਖ ਕਾਰਨਾਂ ਨਾਲ ਨਜਿੱਠਣਾ ਜ਼ਰੂਰੀ ਹੈ – ਪਹਿਲਾ, ਬੱਚਿਆਂ ਦੀ ਦੇਖਭਾਲ ਕਰਨ ਵਾਲੀਆਂ ਥਾਵਾਂ ਦੀ ਕਮੀ, ਔਰਤਾਂ ਨੂੰ ਮੁਸ਼ੱਕਤ ਭਰੇ ਕੰਮਾਂ ਤੋਂ ਰੋਕਦੀ ਹੈ। ਦੂਜਾ, ਕੰਪਨੀਆਂ ਨੂੰ ਔਰਤ ਕਰਮਚਾਰੀ ਰੱਖਣ ਨਾਲ ਵਾਧੂ ਦਾ ਭਾਰ ਸਹਿਣਾ ਪੈਂਦਾ ਹੈ ਤੇ ਤੀਜਾ, ਔਰਤਾਂ ਦਾ ਰਾਤ ਵੇਲੇ ਘਰੋਂ ਬਾਹਰ ਕੰਮ ਕਰਨ ਤੇ ਸੁਰੱਖਿਅਤ ਨਾ ਹੋਣਾ।

*(ਲੇਖਕ ਮਾਨਵੀ ਵਿਕਾਸ ਸੰਸਥਾਨ, ਨਵੀਂ ਦਿੱਲੀ ਵਿਚ ਵਿਜ਼ਿਟਿੰਗ ਪ੍ਰੋਫੈਸਰ ਅਤੇ ਡਿਊਕ ਯੂਨੀਵਰਸਿਟੀ, ਅਮਰੀਕਾ ਵਿਚ ਵਿਜ਼ਿਟਿੰਗ ਰੀਸਰਚ ਫੈਲੋ ਹੈ।)*

*e-mail :nathandev@hotmail.com*

***ਸਫ਼ਾ 43 ਦੀ ਬਾਕੀ***

ਧੀਮਾ ਪੈ ਜਾਂਦਾ ਹੈ ਤਾਂ ਮੈਨੂੰ ਉਸ ਨੂੰ ਨੌਕਰੀ ਤੋਂ ਬਾਹਰ ਕਰ ਦੇਣਾ ਚਾਹੀਦਾ ਹੈ। ਹਰ ਪਾਠ ਵਿਚ ਇਕ ਨਵਾਂਪਨ ਹੋਵੇਗਾ ਜਿਵੇਂ ਇਕੋ ਸੰਗੀਤਕ ਸਾਜ ਤੇ ਨਵਾਂ ਗਾਣਾ ਵਜਾਉਣਾ ਹੋ ਸਕਦਾ ਹੈ। ਇਕ ਸ਼ਿਲਪਕਲਾ ਤੋਂ ਦੂਸਰੀ ਸ਼ਿਲਪਕਲਾ ਵਿਚ ਪਰਿਵਰਤਨ ਨਾਲ ਬੱਚਾ ਅਜਿਹਾ ਬਾਂਦਰ ਬਣਨ ਦੇ ਰਾਹ 'ਤੇ ਆ ਜਾਂਦਾ ਹੈ ਜੋ ਦਰੱਖਤ ਦੀ ਟਹਿਣੀ ਦਰ ਟਹਿਣੀ ਛਲਾਂਗਾਂ ਮਾਰਦਾ ਰਹਿੰਦਾ ਹੈ ਪਰ ਆਪਣਾ ਡੇਰਾ ਕਿਸੇ ਉੱਪਰ ਵੀ ਨਹੀਂ ਬਣਾਉਂਦਾ। ਮੈਂ ਪਹਿਲਾਂ ਹੀ ਆਪਣੀ ਗੱਲਬਾਤ ਦੌਰਾਨ ਸਪੱਸ਼ਟ ਕਰ ਚੁੱਕਾ ਹਾਂ ਕਿ ਵਿਗਿਆਨਕ ਤਰੀਕੇ ਸੂਤ ਕਤਾਈ ਸਿਖਾਉਣ ਨਾਲ ਸੂਤ ਕਤਾਈ ਤੋਂ ਇਲਾਵਾ ਬਹੁਤ ਸਾਰੀਆਂ ਚੀਜ਼ਾਂ ਬਾਰੇ ਗਿਆਨ ਪ੍ਰਾਪਤੀ ਹੁੰਦੀ ਹੈ। ਬੱਚੇ ਨੂੰ ਛੇਤੀ ਹੀ ਆਪਣੀ ਖ਼ੁਦ ਦੀ ਤੱਕਲੀ ਅਤੇ ਧਾਗਾ ਲਪੇਟਣ ਦੀ ਚਰਖੀ ਬਣਾਉਣ ਦੀ ਸਿੱਖਿਆ ਦਿਤੀ ਜਾ ਸਕਦੀ ਹੈ। ਇਸ ਲਈ, ਉਥੇ ਹੀ ਵਾਪਸ ਜਾਂਦੇ ਹੋਏ, ਜਿਥੋਂ ਮੈਂ ਸ਼ੁਰੂ ਕੀਤਾ ਸੀ, ਜੇ ਅਧਿਆਪਕ ਸ਼ਿਲਪਕਲਾ ਨੂੰ ਵਿਗਿਆਨਕ ਤਰੀਕੇ ਸਮਝਾਉਂਦਾ ਹੈ ਤਾਂ ਉਹ ਆਪਣੇ ਵਿਦਿਆਰਥੀ ਨਾਲ ਕਈ ਚੈਨਲਾਂ ਰਾਹੀਂ ਆਪਣੇ ਵਿਚਾਰ ਸਾਂਝੇ ਕਰੇਗਾ, ਜੋ ਸਭ ਮਿਲ ਕੇ ਬੱਚੇ ਦੀਆਂ ਸੰਪੂਰਨ ਸ਼ਕਤੀਆਂ ਦੇ ਵਿਕਾਸ ਵਿਚ ਸਹਾਈ ਹੋਣਗੇ।

*ਮਹਾਤਮਾ ਗਾਂਧੀ ਦੀਆਂ ਸੰਗ੍ਰਹਿਤ ਕਿਰਤਾਂ, ਭਾਗ ਐੱਲ 18 : ਅਕਤੂਬਰ 15, 1938- ਫ਼ਰਵਰੀ 28, 1939 ਵਿਚੋਂ ਚੋਣਵੇਂ ਸੰਕਲਨ*

# ਵਿਰਾਸਤ ਨੂੰ ਸੰਭਾਲਣਾ : ਹੱਥ-ਖੱਡੀ ਨੂੰ ਸੁਰੱਖਿਅਤ ਤੇ ਉਤਸ਼ਾਹਿਤ ਕਰਨਾ

ਮੋਨਿਕਾ ਐੱਸ ਗਰਗ

ਹੱਥ-ਖੱਡੀ ਨੂੰ ਇਕ ਮਿਆਰੀ ਉਤਪਾਦ ਵਜੋਂ ਪੇਸ਼ ਕਰੋ

ਹੱਥ-ਖੱਡੀ ਸਾਡੀ ਸੱਭਿਆਚਾਰਕ ਵਿਰਾਸਤ ਦਾ ਉਵੇਂ ਅਨਿੱਖੜਵਾਂ ਅੰਗ ਹੈ ਜਿਵੇਂ ਦੁਲਹਨ ਦੇ ਦਹੇਜ ਦੀ ਜ਼ਰੀ ਦੀ ਸਾੜ੍ਹੀ। ਰਿਗਵੇਦ, ਮਹਾਂਭਾਰਤ ਅਤੇ ਰਮਾਇਣ ਬੁਣਾਈ ਦੀ ਕਲਾ ਦੀ ਵਿਆਖਿਆ ਕਰਦੇ ਹਨ। ਬੁਣਿਆ ਕੱਪੜਾ, ਹੱਡੀਆਂ ਤੋਂ ਬਣੀਆਂ ਸੂਈਆਂ ਅਤੇ ਤੱਕਲੇ ਮਹਿੰਜੋਦੜੋ ਅਤੇ ਹੜੱਪਾ ਵਿਚ ਲੱਭੇ ਗਏ ਹਨ। ਬਲਾਕ ਨਾਲ ਛਾਪੇ ਕੱਪੜੇ, ਜੋ ਮੁੱਖ ਤੌਰ ਤੇ ਗੁਜਰਾਤੀ ਮੂਲ ਦੇ ਸਨ, ਦਾ ਇਕ ਭੰਡਾਰ ਜੋ ਮਿਸਰ ਦੀਆਂ ਕਬਰਾਂ ਵਿਚ ਪਾਇਆ ਗਿਆ, ਭਾਰਤੀ ਖੱਦਰ ਦੀ ਵਿਦੇਸ਼ਾਂ ਵਿਚ ਮੰਗ ਅਤੇ 19ਵੀਂ ਸਦੀ ਤੋਂ ਉਨ੍ਹਾਂ ਦੀ ਬਰਾਮਦ ਨੂੰ ਦਰਸਾਉਂਦੇ ਹਨ। ਉੱਤਮਤਾ ਦੀ ਇਹ ਰੀਤ ਉਦੋਂ ਤੋਂ ਹੀ ਹੁਨਰਮੰਦ ਕਾਰੀਗਰਾਂ ਦੀਆਂ ਪੀੜ੍ਹੀਆਂ ਵਲੋਂ ਸੰਭਾਲ ਕੇ ਰੱਖੀ ਗਈ ਹੈ ਜੋ ਹੱਥੀਂ ਬੁਣਾਈ ਕਰਨ ਦੀ ਕਲਾ ਵਿਚ ਲੱਗੇ ਹੋਏ ਹਨ। ਮੌਜੂਦਾ ਸਮੇਂ ਹੱਥ-ਖੱਡੀ ਅਤੇ ਸਹਾਇਕ ਖੇਤਰਾਂ ਵਿਚ 4 ਮਿਲੀਅਨ ਤੋਂ ਵੱਧ ਬੁਣਕਰ ਰੁਜ਼ਗਾਰ ਯਾਫ਼ਤਾ ਹਨ, ਜਿਨ੍ਹਾਂ ਵਿਚੋਂ ਬਹੁਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪਛੜੀਆਂ ਸ਼੍ਰੇਣੀਆਂ ਅਤੇ ਔਰਤਾਂ ਹਨ। ਖੇਤੀਬਾੜੀ ਤੋਂ ਬਾਅਦ ਇਹ ਦੂਜਾ ਸੱਭ ਤੋਂ ਵੱਡਾ ਰੁਜ਼ਗਾਰ ਦੇਣ ਦਾ ਖੇਤਰ ਹੈ। ਇਹ ਉਦਯੋਗ ਵਾਤਾਵਰਨ ਪੱਖੀ, ਵਿਕੇਂਦਰੀਕ੍ਰਿਤ ਅਤੇ ਦਿਹਾਤ ਆਧਾਰਤ ਹੈ ਅਤੇ ਸਾਡੇ ਵਿਕਾਸਸ਼ੀਲ ਅਰਥਚਾਰੇ ਲਈ ਅਹਿਮ ਵੀ ਹੈ।

ਪਰ, 2010 ਦੀ ਹੱਥ-ਖੱਡੀ ਮਰਦਮਸ਼ੁਮਾਰੀ ਨਿਰਾਸ਼ਾਜਨਕ ਰੁਝਾਨ ਵੱਲ ਇਸ਼ਾਰਾ ਕਰਦੀ ਹੈ। ਬੁਣਕਰਾਂ ਦੀ ਗਿਣਤੀ 7 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਘਟ ਰਹੀ ਹੈ। ਹੱਥ-ਖੱਡੀਆਂ ਦੀ ਸੰਖਿਆ ਵੀ ਘਟ ਰਹੀ ਹੈ। ਅਗਲੀ ਪੀੜ੍ਹੀ ਸ਼ੱਕੀ ਅਤੇ ਨਾ-ਉਮੀਦ ਹੈ। ਇਸ ਤੋਂ ਸੰਕੇਤ ਮਿਲਦੇ ਹਨ ਕਿ ਹੱਥ-ਖੱਡੀ ਉਦਯੋਗ ਦਾ ਸੂਰਜ ਅਸਤ ਹੋਣ ਵੱਲ ਵਧ ਰਿਹਾ ਹੈ।

ਇਸ ਨਿਘਾਰ ਦੇ ਕਈ ਕਾਰਨ ਹਨ। ਮਰਦਮਸ਼ੁਮਾਰੀ ਤੋਂ ਪ੍ਰਗਟਾਵਾ ਹੁੰਦਾ ਹੈ ਕਿ ਇਕ ਬੁਣਕਰ ਬੜੀ ਮੁਸ਼ਕਿਲ ਨਾਲ ਮਹੀਨੇ ਦੇ 3400 ਰੁਪਏ ਕਮਾਉਂਦਾ ਹੈ ਜਦ ਕਿ ਸਰਬ ਭਾਰਤੀ ਔਸਤ ਕਿਸੇ ਵੀ ਕਾਮੇ ਲਈ 4500 ਰੁਪਏ ਪ੍ਰਤਿ ਮਹੀਨਾ ਹੈ। ਜੇ ਕਾਰੀਗਰ ਦਾ ਚੁੱਲ੍ਹਾ ਨਾ ਬਲੇ ਤਾਂ ਕਲਾ ਦੀ ਮੌਤ ਨਿਸ਼ਚਿਤ ਹੈ। ਕਿਸੇ ਚੰਗੇ ਰੰਗਸਾਜ਼ ਜਾਂ ਕਾਰੀਗਰ ਵਾਂਗ ਬੁਣਕਰ ਵੀ ਸਮਾਜ ਵਿਚ ਸਨਮਾਨਯੋਗ ਜਗ੍ਹਾ ਦਾ ਹੱਕ ਰੱਖਦੇ ਹਨ। ਹੱਥੀਂ ਬੁਣੇ ਉਤਪਾਦ ਵਿਲੱਖਣ ਹੁੰਦੇ ਹਨ, ਇਨ੍ਹਾਂ ਨੂੰ ਲਗਨ, ਸਬਰ, ਸੁੰਦਰਤਾ ਅਤੇ ਹੁਨਰ ਦੇ ਧਾਗਿਆਂ ਨਾਲ ਸਜੀਵ ਰੂਪ ਦਿਤਾ ਜਾਂਦਾ ਹੈ। ਉਨ੍ਹਾਂ ਕਾਰੀਗਰਾਂ ਨੂੰ ਬਰਾਬਰ ਮਿਹਨਤਾਨਾ ਮਿਲਣਾ ਜ਼ਰੂਰੀ ਹੈ। ਅਜਿਹਾ ਇਸ ਖੇਤਰ ਨੂੰ ਮਜ਼ਬੂਤੀ ਪ੍ਰਦਾਨ ਕਰ ਕੇ ਹਾਸਲ ਕੀਤਾ ਜਾ ਸਕਦਾ ਹੈ। ਰਵਾਇਤੀ ਹੱਥ-ਖੱਡੀ ਉਤਪਾਦਾਂ ਦੀ ਮਾਤਰਾ ਅਤੇ ਕਿਸਮਾਂ ਦੇ ਚਲਦਿਆਂ ਭਾਰਤ ਦਾ ਵਿਸ਼ਵ ਵਿਚ ਮੋਹਰੀ ਥਾਂ ਹੈ। ਦੁਨੀਆਂ ਦਾ 85 ਪ੍ਰਤਿਸ਼ਤ ਹੱਥ-ਖੱਡੀ ਉਤਪਾਦਨ ਇਥੇ ਹੁੰਦਾ ਹੈ। ਸ੍ਰੀਲੰਕਾ, ਨੇਪਾਲ, ਬੰਗਲਾਦੇਸ਼, ਕੰਬੋਡੀਆ ਤੇ ਇੰਡੋਨੇਸ਼ੀਆ ਵਰਗੇ ਦੂਸਰੇ ਹੱਥ-ਖੱਡੀ ਨਿਰਮਾਤਾ ਦੇਸ਼ ਬਹੁਤ ਸੀਮਤ ਹੱਥ-ਖੱਡੀ ਉਤਪਾਦ ਬਣਾਉਂਦੇ ਹਨ। ਇਹ ਜ਼ਿਆਦਾਤਰ ਘਰੇਲੂ ਖਪਤ ਲਈ ਹੁੰਦੇ ਹਨ। ਇਸ ਦੇ ਉਲਟ, ਸਾਡੀ ਹੱਥ-ਖੱਡੀ ਉਤਪਾਦਾਂ ਦੀ ਬਰਾਮਦ ਜੋ ਸਾਲ 2009–10 ਵਿਚ 260







ਮਿਲੀਅਨ ਅਮਰੀਕੀ ਡਾਲਰ ਸੀ, ਉਹ 2013-14 ਵਿਚ ਵਧ ਕੇ 370 ਮਿਲੀਅਨ ਅਮਰੀਕੀ ਡਾਲਰ ਹੋ ਗਈ, ਮਤਲਬ 40 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ।

ਵਾਧੇ ਦੀ ਇਹ ਦਰ ਇਸ ਖੇਤਰ ਦੀਆਂ ਅਸੀਮ ਸੰਭਾਵਨਾਵਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਜਨ-ਸੰਖਿਆ ਅਤੇ ਪ੍ਰਭਾਵਸ਼ਾਲੀ ਸੱਭਿਆਚਾਰਕ ਵਿਰਾਸਤ ਦਾ ਮਾਲਕ ਹੋਣ ਦੇ ਨਾਤੇ ਭਾਰਤ ਦੁਨੀਆਂ ਦੀ ਹੱਥ-ਖੱਡੀ ਉਤਪਾਦਾਂ ਦੀ ਮੰਗ ਪੂਰੀ ਕਰਨ ਦੀ ਕਾਬਲੀਅਤ ਰੱਖਦਾ ਹੈ। ਇਸ ਦੇ ਲਈ ਨਵੇਂ ਯੁਗ ਦੇ ਹਾਣ ਦੀ ਪਹੁੰਚ ਅਖ਼ਤਿਆਰ ਕਰਨੀ ਪਵੇਗੀ ਜੋ ਬਹੁ-ਵਿਧਾਈ, ਤੇਜ਼ੀ ਨਾਲ ਬਦਲਣ ਵਾਲੀ ਅਤੇ ਜਟਿਲ ਹੈ। ਬੁਣਕਰ ਉਦਯੋਗ ਨੂੰ ਸਾਡੀ ਅਮੀਰ ਵਿਰਾਸਤ ਦਾ ਮਜ਼ਾਹਰਾ ਕਰਨਾ ਹੋਵੇਗਾ ਤੇ ਨਾਲ ਦੀ ਨਾਲ ਆਧੁਨਿਕ ਡਿਜ਼ਾਈਨਾਂ ਨੂੰ ਵੀ ਅਪਨਾਉਣਾ ਪਵੇਗਾ।

ਇਕ ਬਨਾਰਸੀ ਜਾਂ ਚੰਦੇਰੀ ਬੁਣਕਰ ਹੋਰ ਜ਼ਿਆਦਾ ਕਮਾਈ ਕਰਦਾ ਹੈ ਜੇ ਉਹ ਸਾੜ੍ਹੀਆਂ ਨੂੰ ਸਮਕਾਲੀਨਤਾ ਦੀ ਪੁੱਠ ਦੇ ਦੇਵੇ। ਆਮਦਨ ਹੋਰ ਵੀ ਵਧ ਜਾਂਦੀ ਹੈ ਜੇ ਉਹ ਸਟੋਲ, ਸਕਾਰਫ, ਟਾਈ, ਬੈਲਟ, ਬੈਗ, ਥੈਲੀਆਂ, ਹੱਥਾਂ ਦੇ ਬੈਂਡ ਜਾਂ ਸਿਰਹਾਣੇ ਦੇ ਉਛਾੜ, ਮੇਜਪੋਸ਼ ਅਤੇ ਪਰਦਿਆਂ ਵਰਗੀਆਂ ਘਰੇਲੂ ਸਜਾਵਟ ਵਾਲੀਆਂ ਬਰਾਮਦ ਕਰਨ ਯੋਗ ਕਿਸਮਾਂ ਦਾ ਨਿਰਮਾਣ ਕਰੇ। ਉਤਪਾਦ ਵਿਕਾਸ ਅਤੇ ਵਿਭਿੰਨਤਾ ਲਈ ਬੁਣਕਰਾਂ ਅਤੇ ਡਿਜ਼ਾਈਨ ਬਣਾਉਣ ਵਾਲਿਆਂ ਵਿਚ ਮਜਬੂਤ ਤਾਲਮੇਲ ਦੀ ਲੋੜ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਤਕਨਾਲੋਜੀ (ਐੱਨ ਆਈ ਐੱਫ ਟੀ) ਵਲੋਂ ਆਪਣੇ ਪਾਠਕ੍ਰਮ ਵਿਚ ਸਮੂਹਾਂ ਨੂੰ ਜੋੜ ਕੇ ਇਕ ਵਧੀਆ ਸ਼ੁਰੂਆਤ ਕੀਤੀ ਗਈ ਹੈ। ਇਕ ਪਾਸੇ, ਹੱਥ-ਖੱਡੀ ਅਤੇ ਹੱਥ-ਕਲਾ ਸਮੂਹਾਂ ਦੀ ਯਾਤਰਾ ਵਿਦਿਆਰਥੀਆਂ ਨੂੰ ਸਾਡੀ ਬੇਸ਼ਕੀਮਤੀ ਵਿਰਾਸਤ ਤੋਂ ਜਾਣੂ ਕਰਵਾਉਂਦੀ ਹੈ, ਦੂਜੇ ਪਾਸੇ ਬੁਣਕਰਾਂ ਅਤੇ ਕਾਰੀਗਰਾਂ ਨੂੰ ਕ੍ਰਾਂਤੀਕਾਰੀ ਡਿਜ਼ਾਈਨ ਦੇ ਸੁਝਾਵਾਂ ਦੇ ਰੂਪ ਵਿਚ ਵੱਡਾ ਫ਼ਾਇਦਾ ਮਿਲਦਾ ਹੈ। ਝਬੂਆ ਮਣਕਿਆਂ ਤੋਂ ਬਣੀਆਂ ਗੁੱਡੀਆਂ ਨੂੰ ਜੇ ਕੰਨਾਂ ਦੇ ਵਾਲਿਆਂ ਅਤੇ ਕਾਰਾਂ ਦੇ ਛੱਲਿਆਂ ਵਿਚ ਬਦਲ ਦਿਤਾ ਜਾਵੇ ਤਾਂ ਇਹ ਵੀਹ ਗੁਣਾ ਵੱਧ ਮੁਨਾਫ਼ਾ ਦੇ ਸਕਦੀਆਂ ਹਨ। ਜੇ ਇਨ੍ਹਾਂ ਨੂੰ ਕੋਸਟਰ ਅਤੇ ਰੁਮਾਲ ਰੱਖਣ ਵਾਲੇ ਢਾਂਚੇ ਵਿਚ ਤਬਦੀਲ ਕਰ ਦਿਤਾ ਜਾਵੇ ਤਾਂ ਮੁਨਾਫ਼ੇ ਵਿਚ 100 ਗੁਣਾ ਵਾਧਾ ਹੋ ਸਕਦਾ ਹੈ। ਪੜਤਾਲੀਆ ਅਧਿਐਨ ਕਰਨਾ, ਦਸਤਾਵੇਜ਼ੀ ਰੂਪ ਦੇਣਾ ਅਤੇ ਬਾਜ਼ਾਰ ਮੁਖੀ ਉਤਪਾਦਾਂ ਦਾ ਨਿਰਮਾਣ ਇਸ ਪਹਿਲਕਦਮੀ ਨੂੰ ਅਗਾਂਹ ਲੈ ਕੇ ਜਾਣ ਦਾ ਸ਼ਾਨਦਾਰ ਤਰੀਕਾ ਸਾਬਤ ਹੋ ਸਕਦਾ ਹੈ। ਇਸ ਦਾ ਪਸਾਰ ਕਰਨ ਲਈ ਅਜਿਹੀਆਂ ਕਈ ਦੀਰਘਕਾਲੀ ਪਹਿਲਕਦਮੀਆਂ ਦੀ ਲੋੜ ਹੈ।

ਵੱਖ-ਵੱਖ ਉਤਪਾਦ - ਡਿਜ਼ਾਈਨ ਕਰਨ ਵਾਲੇ, ਕਿਸੇ ਉਤਪਾਦ ਦੀ ਕੀਮਤ ਵਿਚ ਵਾਧਾ ਕਰਦੇ ਹਨ, ਇਕ ਹੋਰ ਅਹਿਮ ਪੱਖ ਬਾਜ਼ਾਰੀਕਰਨ ਹੈ। ਅੱਜ ਉਦਯੋਗ ਬਾਜ਼ਾਰ ਦੀਆਂ ਵਿਭਿੰਨ ਲੋੜਾਂ ਨੂੰ ਨਹੀਂ ਸਮਝ ਰਿਹਾ ਜਦ ਕਿ ਬਾਜ਼ਾਰ ਦੀਆਂ ਲੋੜਾਂ ਨੂੰ ਸਮਝਣ, ਹੱਲਾਸ਼ੇਰੀ ਦੇਣ ਅਤੇ ਫ਼ਾਇਦਾ ਚੁੱਕਣ ਦੀ ਜ਼ਰੂਰਤ ਹੈ। ਪ੍ਰਮੁੱਖ ਉਤਪਾਦ ਜਿਵੇਂ ਪਾਟਨ ਪਟੋਲਾ, ਕਾਨੀ, ਬਾਲੂਚਰੀ ਅਤੇ ਜਾਮਦਾਨੀ ਨੂੰ ਮਿਆਰੀ ਉਤਪਾਦਾਂ ਦੇ ਤੌਰ ਤੇ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਮਿਥ, ਵਿਸ਼ਵਾਸ ਅਤੇ ਪ੍ਰਤੀਕਾਂ ਦੇ ਚਤੁਰ ਸੁਮੇਲ ਨਾਲ, ਬੁਣਕਰ ਇਨ੍ਹਾਂ ਵਿਲੱਖਣ ਕੱਪੜਿਆਂ ਨੂੰ ਆਕਰਸ਼ਕ ਗਤੀਸ਼ੀਲਤਾ ਪ੍ਰਦਾਨ ਕਰ ਦਿੰਦੇ ਹਨ। ਰੀਸ ਨਾ ਕਰਨ ਯੋਗ ਡਿਜ਼ਾਈਨਾਂ ਅਤੇ ਬੁਣਾਈ ਦੀਆਂ ਵਿਲੱਖਣ ਤਕਨੀਕਾਂ ਸਕਦਾ, ਇਹ ਸਿਰਫ਼ ਅਮੀਰਾਂ ਵਾਸਤੇ ਹੀ ਬਣਾਉਣੀਆਂ ਚਾਹੀਦੀਆਂ ਹਨ ਨਾ ਕਿ ਆਮ ਆਦਮੀਆਂ ਲਈ। ਬਾਜ਼ਾਰ ਦੇ ਵਿਸ਼ੇਸ਼ ਵਰਗ ਨੂੰ ਧਿਆਨ ਵਿਚ ਰੱਖਣ ਨਾਲ ਮਨਚਾਹੇ ਲਾਭ ਪ੍ਰਾਪਤ ਕੀਤੇ ਜਾ ਸਕਦੇ ਹਨ।

ਪੇਚੀਦਾ ਡਿਜ਼ਾਈਨ - ਮਿਆਰੀ ਉਤਪਾਦ : ਬਾਜ਼ਾਰ ਵਿਚ ਮੌਜੂਦਾ ਸਮੇਂ ਸਭ ਤੋਂ ਵੱਡਾ ਖ਼ਤਰਾ ਬਿਜਲਈ ਖੱਡੀ ਉਤਪਾਦਾਂ ਅਤੇ ਸਸਤੀ ਦਰਾਮਦ ਤੋਂ ਹੈ। ਬਿਜਲਈ ਖੱਡੀ ਦਾ ਬਣਿਆ ਕੱਪੜਾ ਸਸਤਾ, ਸੌਖਾ ਅਤੇ ਤੇਜ਼ੀ ਨਾਲ ਬਣ ਜਾਂਦਾ ਹੈ। ਇਕ ਆਮ ਆਦਮੀ ਬਿਜਲਈ ਖੱਡੀ ਅਤੇ ਹੱਥ-ਖੱਡੀ 'ਤੇ ਬਣੇ ਕੱਪੜੇ ਵਿਚ ਫ਼ਰਕ ਨਹੀਂ ਕਰ ਸਕਦਾ। ਸਿੱਟੇ ਵਜੋ, ਅਣ-ਉੱਚਿਤ ਵਪਾਰਕ ਪ੍ਰਥਾਵਾਂ





ਦਾ ਜ਼ੋਰ ਹੈ, ਬਿਜਲਈ ਖੱਡੀ ਉਤਪਾਦਾਂ ਨੂੰ ਹੱਥ-ਖੱਡੀ ਦੇ ਨਾਮ 'ਤੇ ਚੋਰੀ ਛੁਪੇ ਵੇਚਿਆ ਜਾਂਦਾ ਹੈ। ਮਾਰਕਾ ਲਾਉਣ ਦੀ ਫੌਰੀ ਲੋੜ ਹੈ। ਹੱਥ-ਖੱਡੀ ਦਾ ਮਾਰਕਾ ਖਰੀਦਾਰ ਲਈ ਜ਼ਾਮਨੀ ਹੋਵੇਗੀ ਕਿ ਉਤਪਾਦ ਹੱਥ ਨਾਲ ਬਣਾਇਆ ਗਿਆ ਹੈ ਨਾ ਕਿ ਬਿਜਲਈ ਖੱਡੀ ਜਾਂ ਮਿੱਲ ਵਿਚ। ਇਹ ਵਸਤੂ ਦੀ ਪ੍ਰਮਾਣਿਕਤਾ 'ਤੇ ਮੋਹਰ ਲਾ ਦੇਵੇਗਾ। ਪਰ, ਬਦਕਿਸਮਤੀ ਨੂੰ, ਲੋਕੀਂ ਇਸ ਮਾਰਕੇ ਤੋਂ ਅਣਜਾਣ ਹਨ। ਆਮ ਲੋਕਾਂ ਦਰਮਿਆਨ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਮਿਸਾਲ ਦੇ ਲਈ, ਟੀ.ਵੀ. 'ਤੇ ਰੋਜ਼ਾਨਾ ਚਲਦੇ ਲੜੀਵਾਰ ਪ੍ਰੋਗਰਾਮਾਂ ਵਿਚ ਇਕ ਪੰਗਤੀ ਚਲਾ ਕੇ ਆਮ ਲੋਕਾਂ ਨੂੰ ਸੌਖਿਆਂ ਜਾਗਰੂਕ ਕੀਤਾ ਜਾ ਸਕਦਾ ਹੈ। ਸਿਰਫ਼ ਹੱਖ-ਖੱਡੀ ਮਾਰਕੇ ਵਾਲੇ ਉਤਪਾਦ ਹੀ ਸਰਕਾਰੀ ਨੁਮਾਇਸ਼ਾਂ ਅਤੇ ਵਿਦੇਸ਼ਾਂ ਵਿਚ ਪ੍ਰਦਰਸ਼ਿਤ ਕਰਨੇ ਚਾਹੀਦੇ ਹਨ। ਜਨ-ਚੇਤਨਾ ਪੈਦਾ ਕਰਨ ਤੋਂ ਇਲਾਵਾ, ਇਹ ਵੀ ਯਕੀਨੀ ਬਣੇਗਾ ਕਿ ਸਿਰਫ਼ ਅਸਲ ਹੱਥ-ਖੱਡੀ ਬੁਣਕਰ ਹੀ ਯੋਜਨਾਵਾਂ ਦਾ ਲਾਹਾ ਲੈ ਸਕਣ।

ਸਮਾਜਿਕ ਪ੍ਰਭਾਵ, ਵਿਰਾਸਤ ਅਤੇ ਹੱਥੀਂ ਬਣੀਆਂ ਵਸਤਾਂ ਲਈ ਗੂੜ੍ਹਾ ਪਿਆਰ ਕੁੱਝ ਅਹਿਮ ਤੱਤ ਹਨ ਜੋ ਹੱਥ-ਖੱਡੀ ਉਦਯੋਗ ਨੂੰ ਜਿਉਂਦਾ ਰੱਖਣਗੇ। ਪਰ ਇਹ ਰਣਨੀਤੀ ਕੇਵਲ ਉੱਚ ਹੁਨਰਮੰਦ ਬੁਣਕਰਾਂ ਲਈ ਹੈ ਜਿਨ੍ਹਾਂ ਨਾਲ ਮਿਲ ਕੇ ਡਿਜ਼ਾਈਨਕਾਰ ਉਤਪਾਦ ਦੀ ਵਿਭਿੰਨਤਾ ਵਿਚ ਵਾਧਾ ਕਰਦੇ ਹਨ, ਜੋ ਕੁਲੀਨ ਅਤੇ ਸੂਝਵਾਨ ਗਾਹਕਾਂ ਲਈ ਹੁੰਦੇ ਹਨ। ਅਜਿਹੇ ਬੁਣਕਰ ਸਿਰਫ਼ 20 ਪ੍ਰਤਿਸ਼ਤ ਹੁੰਦੇ ਹਨ ਜੋ ਬੇਸ਼ੱਕ, 80 ਪ੍ਰਤਿਸ਼ਤ ਉੱਚ ਮੁੱਲ ਉਤਪਾਦਾਂ ਦਾ ਨਿਰਮਾਣ ਕਰਦੇ ਹਨ। ਭਾਵੇਂ ਕਿ ਇਹ ਪਹੁੰਚ ਸੀਮਤ ਜਿਹੇ ਹਿੱਸੇ ਲਈ ਹੀ ਹੈ, ਆਸ ਕੀਤੀ ਜਾਂਦੀ ਹੈ ਕਿ ਇਸ ਨਾਲ ਹੱਥ-ਖੱਡੀ ਖੇਤਰ ਵਿਚ ਨਵੀਂ ਰੂਹ ਦਾ ਸੰਚਾਰ ਹੋਵੇਗਾ। ਬਾਕੀ 80 ਪ੍ਰਤਿਸ਼ਤ ਬੁਣਕਰ, ਜਿਨ੍ਹਾਂ ਲਈ ਹੱਥ-ਖੱਡੀ ਇਕ ਮਾਤਰ ਪੇਸ਼ਾ ਹੈ, ਨਾਲ ਵੱਖਰੇ ਤਰੀਕੇ ਨਾਲ ਸਿੱਝਣਾ ਪਵੇਗਾ।

## ਉੱਚ ਰੁਜ਼ਗਾਰ ਸੰਭਾਵਨਾ

ਖ਼ਤਰੇ ਅਤੇ ਉੱਠਾਏ ਗਏ ਕੁਝ ਕਦਮ : ਇਸ ਸੱਚਾਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਇਹ ਖੇਤਰ 43 ਲੱਖ ਤੋਂ ਵੱਧ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਰੋਜ਼ੀ-ਰੋਟੀ ਪ੍ਰਦਾਨ ਕਰਦਾ ਹੈ। ਇਨ੍ਹਾਂ ਨੂੰ ਫੌਰੀ ਤੌਰ ਤੇ ਪੇਚੀਦਾ ਅਤੇ ਆਲ੍ਹਾ ਮਿਆਰ ਦੇ ਉਤਪਾਦ ਬਣਾਉਣ ਲਈ ਸਿੱਖਿਅਤ ਨਹੀਂ ਕੀਤਾ ਜਾ ਸਕਦਾ। ਪਰ, ਹੱਥ-ਖੱਡੀ ਹਾਲੇ ਵੀ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿਚ ਰੋਜ਼ੀ-ਰੋਟੀ ਦਾ ਇਕ ਵੱਡਾ ਸਾਧਨ ਬਣਿਆ ਹੋਇਆ ਹੈ।

ਵੱਡਾ ਖ਼ਤਰਾ ਬਿਜਲਈ ਖੱਡੀਆਂ ਅਤੇ ਮਿੱਲਾਂ ਤੋਂ ਹੈ ਕਿਉਂਕਿ ਜ਼ਿਆਦਾਤਰ ਹੱਥ-ਖੱਡੀ ਉਤਪਾਦਾਂ ਦੀ ਬਿਜਲਈ ਖੱਡੀਆਂ 'ਤੇ ਨਕਲ ਕਰਨੀ ਬੇਹੱਦ ਆਸਾਨ ਹੈ, ਜਿਨ੍ਹਾਂ ਨੂੰ ਆਸਾਨੀ ਨਾਲ ਅਤੇ ਜਲਦੀ ਬਣਾਇਆ ਜਾ ਸਕਦਾ ਹੈ। ਕੁਝ ਬੁਣਕਰਾਂ ਨੇ ਵੱਡੇ ਉਤਪਾਦਨ ਲਈ ਆਪਣੀਆਂ ਖੱਡੀਆਂ ਦੇ ਆਧੁਨਿਕੀਕਰਨ ਦਾ ਫੈਸਲਾ ਲਿਆ ਹੈ। ਯਕੀਨੀ ਤੌਰ ਤੇ ਬਿਜਲਈ ਖੱਡੀਆਂ ਨੇ ਇਨ੍ਹਾਂ ਬੁਣਕਰਾਂ ਦੀ ਜ਼ਿੰਦਗੀ ਸੌਖੀ ਕਰ ਦਿਤੀ ਹੈ ਕਿਉਂਕਿ ਇਸ ਨਾਲ ਮਾਤਰਾ, ਸਟੀਕਤਾ, ਕੁਸ਼ਲਤਾ ਅਤੇ ਰਫ਼ਤਾਰ ਹਾਸਲ ਕੀਤੀ ਜਾ ਸਕਦੀ ਹੈ। ਪਰ, ਇਸ ਨੇ ਅਸਲ ਵਿਚ ਬਹੁਤ ਸਾਰੇ ਲੋਕਾਂ ਤੋਂ ਰੁਜ਼ਗਾਰ ਖੋਹ ਲਿਆ ਹੈ। ਜਿਨ੍ਹਾਂ ਵਿਅਕਤੀਆਂ ਕੋਲ ਬਦਲਵੇਂ ਲਾਭਕਾਰੀ ਧੰਦਿਆਂ ਵਿਚ ਜਾਣ ਜਾਂ ਬਿਜਲਈ ਖੱਡੀਆਂ ਲਾਉਣ ਦੇ ਸਾਧਨ ਨਹੀਂ ਹਨ, ਖ਼ਾਸ ਕਰਕੇ ਜਿਥੇ ਬਿਜਲੀ ਦੀ ਭਾਰੀ ਕਮੀ ਹੈ, ਉਹ ਸਭ ਤੋਂ ਵੱਧ ਪੀੜਤ ਹਨ।

ਇਸ ਪਰਿਪੇਖ ਵਿਚ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸਕੀਮਾਂ ਅਮਲ ਵਿਚ ਲਿਆਂਦੀਆਂ ਜਾਣ, ਜਿਨ੍ਹਾਂ ਦਾ ਮਕਸਦ ਕੇਵਲ ਇਸ ਖੇਤਰ ਨੂੰ ਸੁਰੱਖਿਅਤ ਕਰਨਾ ਅਤੇ ਲੱਖਾਂ ਬੁਣਕਰਾਂ ਦੀ ਰੋਜ਼ੀ-ਰੋਟੀ ਨੂੰ ਬਚਾਉਣਾ ਹੈ। ਪਰ ਮੈਂ ਇਥੇ ਦੂਜੀ ਦਲੀਲ ਰੱਖਣ ਵਾਲਿਆਂ ਲਈ ਇਕ ਸਪੱਸ਼ਟੀਕਰਨ ਦੇਣਾ ਚਾਹੁੰਦੀ ਹਾਂ, ਜੋ ਮੰਨਦੇ ਹਨ ਕਿ ਹੱਥ-ਖੱਡੀ 'ਵਿਕਾਸ' ਅਤੇ ਮਿੱਲਾਂ ਦੀ ਸਹਾਇਤਾ ਨਾਲ 'ਵਿਆਪਕ ਉਤਪਾਦਨ' ਦੇ ਰਾਹ ਦੀ ਰੁਕਾਵਟ ਹਨ। ਮੈਂ ਜ਼ੋਰ ਦੇ ਕੇ ਆਖਣਾ ਚਾਹੁੰਦੀ ਹਾਂ ਕਿ ਦੋਵੇਂ ਖੇਤਰ ਬਰਾਬਰ ਦੇ ਮਹੱਤਵ ਵਾਲੇ ਹਨ, ਪਰ ਬਹੁਤ ਵਖਰੇਵੇਂ ਵਾਲੇ ਵੀ ਹਨ ਅਤੇ ਵੱਖ-ਵੱਖ ਰਣਨੀਤੀਆਂ ਦੀ ਮੰਗ ਕਰਦੇ ਹਨ। ਦੋਨਾਂ ਖੇਤਰਾਂ ਨੂੰ ਇਕ-ਦੂਜੇ ਨਾਲ ਮੁਕਾਬਲੇਬਾਜ਼ੀ ਨਹੀਂ ਕਰਨੀ ਚਾਹੀਦੀ। ਅਸਲ ਵਿਚ ਇਹ ਇਕ-ਦੂਜੇ ਦੇ ਸਹਾਇਕ ਤੇ ਪੂਰਕ ਹਨ। ਜਦ ਕਿ ਇਕ ਦੁਨੀਆਂ ਲਈ ਕੱਪੜਾ ਬਣਾਉਂਦਾ ਹੈ, ਦੂਜਾ ਲੱਖਾਂ ਲੋਕਾਂ ਨੂੰ ਰੁਜ਼ਗਾਰ ਦੇ ਸਕਦਾ ਹੈ। ਸਾਡੀ ਸਰਕਾਰ ਦੋਵਾਂ ਖੇਤਰਾਂ ਨੂੰ ਹੱਲਾਸ਼ੇਰੀ ਦੇਣ ਤੇ ਹੌਸਲਾ ਅਫ਼ਜ਼ਾਈ ਦੀ ਨੀਤੀ 'ਤੇ ਚੱਲ ਰਹੀ ਹੈ।





ਪਰ ਇਸ ਲੇਖ ਨੂੰ ਹੱਥ-ਖੱਡੀ ਖੇਤਰ ਅਤੇ ਇਸ ਦੀ ਸੁਰੱਖਿਆ ਤਕ ਹੀ ਸੀਮਤ ਰੱਖਿਆ ਜਾ ਰਿਹਾ ਹੈ।

ਬਿਜਲਈ ਖੱਡੀਆਂ ਅਤੇ ਮਿੱਲਾਂ ਤੋਂ ਹੱਥ-ਖੱਡੀਆਂ ਨੂੰ ਬਚਾਉਣ ਲਈ ਹੱਥ-ਖੱਡੀਆਂ (ਰਿਜ਼ਰਵੇਸ਼ਨ ਆਫ਼ ਆਰਟੀਕਰਲਜ਼ ਫਾਰ ਪ੍ਰੋਡਕਸ਼ਨ) ਐਕਟ 1985 ਵਿਚ ਲਾਗੂ ਕੀਤਾ ਗਿਆ। ਇਸ ਐਕਟ ਤਹਿਤ ਮੌਜੂਦਾ ਸਮੇਂ ਕੱਪੜੇ ਦੀਆਂ 11 ਕਿਸਮਾਂ ਦਾ ਉਤਪਾਦਨ ਸਿਰਫ਼ ਹੱਥ-ਖੱਡੀ 'ਤੇ ਬਣਾਉਣ ਲਈ ਰਾਖਵਾਂ ਕੀਤਾ ਗਿਆ ਹੈ (ਕੁਝ ਖ਼ਾਸ ਤਕਨੀਕੀ ਨਿਰਧਾਰਨਾਂ ਸਹਿਤ)। ਇਨ੍ਹਾਂ ਦਾ ਬਿਜਲਈ ਖੱਡੀਆਂ ਅਤੇ ਮਿੱਲਾਂ ਵਿਚ ਉਤਪਾਦਨ ਕਰਨ ਦੀ ਆਗਿਆ ਨਹੀਂ। ਰਾਖਵੇਂਕਰਨ ਦੇ ਹੁਕਮ ਦੀ ਉਲੰਘਣਾ ਕਰਨ ਤੇ ਜ਼ੁਰਮਾਨਾ ਲਾਇਆ ਜਾ ਸਕਦਾ ਹੈ।

ਸਰਕਾਰ ਰਾਸ਼ਟਰੀ ਹੱਥ-ਖੱਡੀ ਵਿਕਾਸ ਕਾਰਪੋਰੇਸ਼ਨ ਰਾਹੀਂ ਬੁਣਕਰਾਂ ਨੂੰ ਸਸਤੀ ਦਰ 'ਤੇ ਧਾਗਾ ਵੀ ਮੁਹੱਈਆ ਕਰਵਾਉਂਦੀ ਹੈ। ਉੱਚਿਤ ਕੀਮਤ 'ਤੇ ਹੱਥ-ਖੱਡੀ ਬੁਣਕਰਾਂ ਨੂੰ ਢੁਕਵੀਂ ਮਾਤਰਾ ਵਿਚ ਧਾਗਾ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ, ਜ਼ਰੂਰੀ ਸੇਵਾਵਾਂ ਐਕਟ, 1955 ਤਹਿਤ ਇਕ ਤੰਤਰ ਸਥਾਪਤ ਕੀਤਾ ਗਿਆ ਹੈ। ਇਸ ਨੂੰ ਧਾਗਾ ਅਟੇਰਨ ਦੀ ਜ਼ਿੰਮੇਵਾਰੀ ਆਖਿਆ ਜਾਂਦਾ ਹੈ। ਇਸ ਤਹਿਤ ਕਤਾਈ ਮਿੱਲਾਂ ਲਈ ਖ਼ਾਸ ਪ੍ਰਤਿਸ਼ਤ ਤਕ ਧਾਗਾ ਅਟੇਰਨ ਦੇ ਰੂਪ ਵਿਚ ਪੈਦਾ ਕਰਨਾ ਜ਼ਰੂਰੀ ਹੋ ਜਾਂਦਾ ਹੈ, ਜੋ ਹੱਥ-ਖੱਡੀਆਂ ਦੀ ਲੋੜ ਹੁੰਦੀ ਹੈ।

ਮਿੱਲਾਂ ਵਾਲੇ ਇਨ੍ਹਾਂ ਦੋ ਕਦਮਾਂ ਦਾ ਜ਼ੋਰਦਾਰ ਵਿਰੋਧ ਕਰਦੇ ਹਨ। ਪਰ, ਸਮੇਂ ਦੀ ਲੋੜ ਇਨ੍ਹਾਂ ਵਿਵਸਥਾਵਾਂ ਨੂੰ ਜਾਰੀ ਰੱਖਣਾ ਹੈ ਕਿਉਂਕਿ ਇਹ ਕਮਜ਼ੋਰ ਹੱਥ-ਖੱਡੀ ਖੇਤਰ ਨੂੰ ਕੁਝ ਹੱਦ ਤਕ ਸੁਰੱਖਿਆ ਪ੍ਰਦਾਨ ਕਰਦੇ ਹਨ। ਅਸਲ ਵਿਚ, ਲੋੜ ਲਾਗੂ ਕਰਨ ਦੇ ਤੰਤਰ ਨੂੰ ਮਜ਼ਬੂਤੀ ਦੇਣ ਅਤੇ ਪ੍ਰਭਾਵੀ ਅਮਲ ਯਕੀਨੀ ਬਣਾਉਣ ਦੀ ਹੈ। ਚਿੰਤਾ ਦਾ ਇਕ ਹੋਰ ਕਾਰਨ ਇਸ ਖੇਤਰ ਲਈ ਕਰਜ਼ੇ ਦੀ ਉਪਲਬਧਤਾ ਹੈ। ਤੀਜੀ ਮਰਦਮਸ਼ੁਮਾਰੀ ਦਰਸਾਉਂਦੀ ਹੈ ਕਿ 61 ਪ੍ਰਤਿਸ਼ਤ ਸਵੈ-ਨਿਰਭਰ ਬੁਣਕਰ ਹਨ, 34 ਪ੍ਰਤਿਸ਼ਤ ਪ੍ਰਮੁੱਖ ਬੁਣਕਰਾਂ/ਨਿੱਜੀ ਮਾਲਕਾਂ ਹੇਠ ਕੰਮ ਕਰਦੇ ਹਨ ਅਤੇ ਸਿਰਫ਼ 5 ਪ੍ਰਤਿਸ਼ਤ ਨੂੰ ਸੰਸਥਾਗਤ ਰੁਜ਼ਗਾਰ ਪ੍ਰਾਪਤ ਹੈ। ਬੁਣਕਰਾਂ ਦੇ ਰੇਖਾ-ਚਿੱਤਰਾਂ ਵਿਚ ਅੱਗੇ ਬਿਆਨ ਕੀਤਾ ਗਿਆ ਹੈ ਕਿ ਆਮ ਤੌਰ ਤੇ ਉਹ ਨਗਦ ਨਾਮੇ ਪੱਖੋਂ ਊਣੇ ਹੀ ਹਨ। ਵਿਚੋਲੇ, ਪ੍ਰਮੁੱਖ ਬੁਣਕਰ, ਦਲਾਲ ਬੁਣਕਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਅਸਲੀ ਮੁੱਲ ਨਹੀਂ ਮਿਲਣ ਦਿੰਦੇ। ਹੱਥ-ਖੱਡੀ ਬੁਣਕਰ ਨਾ ਸਿਰਫ਼ ਨਗਦ ਤੋਂ ਸੱਖਣੇ ਹਨ, ਪਰ ਘੱਟ ਪੜ੍ਹੇ-ਲਿਖੇ ਅਤੇ ਸਾਧਨਾਂ ਤੋਂ ਵਿਹੂਣੇ ਵੀ ਹਨ। ਉਨ੍ਹਾਂ ਦੇ ਦੁੱਖ ਹੋਰ ਡੂੰਘੇ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦੀ ਕਰਜ਼ੇ ਦੇ ਰਸਮੀ ਸਰੋਤਾਂ ਤਕ ਪਹੁੰਚ ਨਹੀਂ ਹੁੰਦੀ।

ਉਨ੍ਹਾਂ ਦੇ ਵਿੱਤੀ ਸੰਕਟ ਨਾਲ ਜੂਝਣ ਨੂੰ ਤਸਲੀਮ ਕਰਦਿਆਂ, ਸਰਕਾਰ ਵਲੋਂ 2011 ਵਿਚ ਬੁਣਕਰਾਂ ਅਤੇ ਸਹਿਕਾਰੀ ਸਭਾਵਾਂ ਦੇ ਕਰਜ਼ੇ ਮੁਆਫ਼ ਕਰਨ ਲਈ 3000 ਕਰੋੜ ਰੁਪਏ ਦਾ ਵਿੱਤੀ ਪੈਕੇਜ ਐਲਾਨਿਆ ਗਿਆ। ਇਸ ਦਾ ਮਕਸਦ ਬੰਦ ਹੋ ਚੁੱਕੀਆਂ ਕਰਜ਼ੇ ਦੀਆਂ ਕਤਾਰਾਂ ਨੂੰ ਖੋਲ੍ਹ ਕੇ ਉਨ੍ਹਾਂ ਨੂੰ ਕਰਜ਼ਾ ਪ੍ਰਾਪਤੀ ਦੇ ਯੋਗ ਬਣਾਉਣਾ ਸੀ। ਬਹੁਤ ਹੀ ਉਦਾਰ ਦਿਸ਼ਾ ਨਿਰਦੇਸ਼ਾਂ ਅਤੇ ਵਿਆਖਿਆ ਸਹਿਤ, ਸਾਰੇ ਰਾਜਾਂ ਵਿਚ ਕੇਵਲ 1000 ਕਰੋੜ ਦੇ ਲਗਭਗ ਕਰਜ਼ੇ ਮੁਆਫ਼ ਕੀਤੇ ਗਏ ਅਤੇ ਹੱਥ-ਖੱਡੀ ਸਭਾਵਾਂ ਤੋਂ ਇਲਾਵਾ ਸਿਰਫ਼ 50,000 ਦੇ ਲਗਭਗ ਬੁਣਕਰ ਹੀ ਇਸ ਦਾ ਲਾਹਾ ਲੈ ਸਕੇ। ਇਸ ਤੋਂ ਹਿ ਸਿੱਧ ਹੋਇਆ ਕਿ ਪਿਛਲੇ ਦਹਾਕਿਆਂ ਦੌਰਾਨ ਇਸ ਖੇਤਰ ਵਿਚ ਜ਼ਿਆਦਾ ਕਰਜ਼ਾ ਜਾਰੀ ਨਹੀਂ ਹੋ ਸਕਿਆ। ਇਸ ਲਈ ਕ੍ਰਾਂਤੀਕਾਰੀ ਕਦਮਾਂ ਦੀ ਲੋੜ ਸੀ ਅਤੇ ਫਿਰ ਸਰਕਾਰ ਨੇ ਇਸ ਖੇਤਰ ਨੂੰ 6 ਪ੍ਰਤਿਸ਼ਤ ਵਿਆਜ ਦਰ 'ਤੇ ਕਰਜ਼ਾ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ। ਸਸਤੀ ਦਰ ਵਾਲਾ ਇਹ ਕਰਜ਼ਾ ਪੂੰਜੀਗਤ ਸਰਮਾਏ ਦੇ ਨਿਰਮਾਣ ਅਤੇ ਚਲੰਤ ਪੂੰਜੀ ਲਈ ਵਰਤਿਆ ਜਾ ਸਕਦਾ ਹੈ। ਇਸ ਯੋਜਨਾ ਨੂੰ ਜੇ ਸਹੀ ਅਰਥਾਂ ਵਿਚ ਲਾਗੂ ਕੀਤਾ ਜਾਵੇ ਤਾਂ ਵੱਡੇ ਬਦਲਾਅ ਆ ਸਕਦੇ ਹਨ। ਇਸ ਨਾਲ ਬੁਣਕਰਾਂ ਨੂੰ ਰੰਗਾਈ, ਆਕਾਰ ਦੇਣ ਅਤੇ ਹੱਥ-ਖੱਡੀ ਕੱਪੜੇ ਨੂੰ ਅੰਤਮ ਛੋਹਾਂ ਦੇਣ ਤੋਂ ਬਿਨਾਂ, ਅਤਿ ਜ਼ਰੂਰੀ ਚਲੰਤ ਪੂੰਜੀ ਵੀ ਪ੍ਰਾਪਤ ਹੋ ਸਕੇਗੀ।

ਜਿਥੋਂ ਤਕ ਬੁਣਕਰਾਂ ਦੇ ਸਿੱਖਿਆ ਦੇ ਪੱਧਰ ਦਾ ਸੰਬੰਧ ਹੈ, ਮਰਦਮਸ਼ੁਮਾਰੀ ਇਸ਼ਾਰਾ ਕਰਦੀ ਹੈ ਕਿ 83 ਪ੍ਰਤਿਸ਼ਤ ਬੁਣਕਰ ਹਾਈ ਸਕੂਲ ਤੋਂ ਘੱਟ ਪੜ੍ਹੇ-ਲਿਖੇ ਹਨ ਅਤੇ ਸਿਰਫ਼ 17 ਪ੍ਰਤਿਸ਼ਤ ਹਾਈ ਸਕੂਲ ਜਾਂ ਇਸ ਤੋਂ ਵੱਧ ਸਿੱਖਿਅਤ ਹਨ। ਇਹ ਬਹੁਤ ਹੀ ਚਿੰਤਾਜਨਕ ਸਥਿਤੀ ਵੱਲ ਇਸ਼ਾਰਾ ਕਰਦਾ ਹੈ ਕਿ ਇਹ ਪੇਸ਼ਾ ਘੱਟ ਪੜ੍ਹੇ-ਲਿਖਿਆਂ ਦਾ ਹੈ। ਇਸ ਕਰਕੇ ਇਸ ਪੇਸ਼ੇ ਨਾਲ ਜੁੜੀ ਮਾਣ ਦੀ ਭਾਵਨਾ 'ਤੇ ਪਾਣੀ ਫਿਰ ਜਾਂਦਾ ਹੈ। ਜੇ ਅਗਲੀ ਪੀੜ੍ਹੀ ਨੂੰ ਇਸ ਖੇਤਰ ਨਾਲ ਜੋੜ ਕੇ ਰੱਖਣਾ ਹੈ ਤਾਂ ਸਾਨੂੰ ਹੱਥ-ਖੱਡੀ ਬੁਣਾਈ ਨੂੰ ਆਧੁਨਿਕ ਪੇਸ਼ਿਆਂ ਜਿਵੇਂ ਫਾਈਨ ਆਰਟਸ, ਫੋਟੋਗ੍ਰਾਫ਼ੀ, ਸੰਗੀਤ ਆਦਿ ਦੇ ਬਰਾਬਰ ਦਰਜ਼ਾ ਦੇਣਾ ਪਵੇਗਾ। ਐੱਨ ਆਈ ਐੱਫ ਟੀ ਵਰਗੇ ਸੰਸਥਾਨ ਹੱਥ-ਖੱਡੀ ਸਮੂਹਾਂ ਵਿਚ ਸਿਖਲਾਈ ਦੇਣੀ ਸ਼ੁਰੂ ਕਰ ਸਕਦੇ ਹਨ। ਪੇਸ਼ਾਵਰਾਂ ਲਈ ਉਨ੍ਹਾਂ ਦੇ ਵੱਕਾਰੀ ਪ੍ਰੋਗਰਾਮ, ਜਿਵੇਂ ਸਿੱਖਿਆ ਪ੍ਰੋਗਰਾਮ ਜਾਰੀ ਰੱਖਣਾ, ਨੂੰ ਹੱਥ-ਖੱਡੀ ਬੁਣਕਰਾਂ ਦੇ ਬੱਚਿਆਂ ਲਈ ਖ਼ਾਸ ਤੌਰ ਤੇ ਸ਼ੁਰੂ ਕੀਤਾ ਜਾ ਸਕਦਾ ਹੈ। ਐੱਨ ਆਈ ਐੱਫ਼ ਟੀ ਦਾ ਪ੍ਰਮਾਣ ਪੱਤਰ, ਉਨ੍ਹਾਂ ਦੇ ਹੁਨਰ ਦਾ ਵਿਕਾਸ ਤੇ ਪਸਾਰ ਕਰਨ ਤੋਂ ਇਲਾਵਾ, ਬੱਚਿਆਂ ਵਿਚ ਮਾਣ ਦੀ ਭਾਵਨਾ ਦਾ ਸੰਚਾਰ ਕਰੇਗਾ ਜਿਸ ਨੂੰ ਬਾਅਦ ਵਿਚ ਮਿਆਰੀਕਰਨ, ਰੁਜ਼ਗਾਰ ਯੋਗ ਅਤੇ ਬਾਜ਼ਾਰੀਕਰਨ ਦੇ ਹਾਣ ਦਾ ਕੀਤਾ ਜਾ ਸਕਦਾ ਹੈ। ਇਹ ਯਾਦ ਰੱਖਣਾ ਪਵੇਗਾ ਕਿ ਇਹ ਖੇਤਰ ਇਕ ਤੋਂ ਦੂਜੀ ਪੀੜ੍ਹੀ ਤਕ ਹੁਨਰ ਦੀ ਤਬਦੀਲੀ ਦੇ ਸਿਰ 'ਤੇ ਚੱਲ ਰਿਹਾ ਹੈ ਅਤੇ ਅਗਲੀ ਪੀੜ੍ਹੀ ਨੂੰ ਇਸ ਕਿੱਤੇ ਵਿਚ ਰੱਖਣਾ ਬਹੁਤ ਲਾਜ਼ਮੀ ਹੈ।

## ਹੱਥ-ਖੱਡੀਆਂ ਦੇ ਤਕਨੀਕੀ ਸੁਧਾਰ ਦੀ ਲੋੜ

ਹੱਥ-ਖੱਡੀ (ਰਿਜ਼ਰਵੇਸ਼ਨ ਆਫ਼ ਆਰਟੀਕਲਜ਼ ਫਾਰ ਪ੍ਰੋਟੈਕਸ਼ਨ) ਐਕਟ ਦੀ ਧਾਰਾ 2(ਬੀ) ਦੇ ਮੁਤਾਬਕ 'ਹੱਥ-ਖੱਡੀ' ਦਾ ਮਤਲਬ ਹੈ ਬਿਜਲਈ ਹੱਥ-ਖੱਡੀ ਤੋਂ ਇਲਾਵਾ ਖੱਡੀ। ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਦੇ ਅਨੁਸਾਰ, ''ਹੱਥ-ਖੱਡੀ ਹੱਥ ਨਾਲ ਚਲਾਈ ਜਾਣ ਵਾਲੀ ਮਸ਼ੀਨ ਹੈ, ਜਿਸ ਨਾਲ ਬੁਣਤੀ ਕਰਕੇ ਕੱਪੜਾ ਬਣਾਇਆ ਜਾਂਦਾ ਹੈ। ਕੁੱਝ ਮਾਮਲਿਆਂ ਵਿਚ ਝੜਾਈ ਦੀ ਪ੍ਰਕਿਰਿਆ ਪੈਰਾਂ ਨਾਲ ਕੀਤੀ ਜਾਂਦੀ ਹੈ।''

ਆਓ, ਹੱਥ-ਖੱਡੀ ਨਾਲ ਬੁਣਾਈ ਕਰਨ ਦੀ ਪ੍ਰਕਿਰਿਆ ਦੇ ਤਕਨੀਕੀ ਵੇਰਵਿਆਂ 'ਤੇ ਵਿਚਾਰ ਕਰੀਏ। ਜਿਵੇਂ ਕਿ ਉੱਪਰ ਚਰਚਾ ਕੀਤੀ ਗਈ ਹੈ, ਹੱਥ-ਖੱਡੀ ਵਿਚ ਬੁਣਤੀ ਅਧੀਨ ਤਿੰਨ ਮੁੱਖ ਕਾਰਜ ਹੁੰਦੇ ਹਨ : ਝੜਾਈ, ਬੁਣਾਈ ਅਤੇ ਠੁਕਾਈ। ਝੜਾਈ ਵੇਲੇ ਤਾਣੇ ਦੇ ਧਾਗਿਆਂ ਨੂੰ ਵੱਖ-ਵੱਖ ਕੀਤਾ ਜਾਂਦਾ ਹੈ ਜੋ ਇੱਛਤ ਡਿਜ਼ਾਈਨ ਮੁਤਾਬਕ

ਹੁੰਦਾ ਹੈ ਤਾਂ ਕਿ ਕੱਪੜੇ ਦਾ ਜੋੜ ਹੋ ਸਕੇ। ਕੱਪੜੇ ਦੀ ਲੰਬਾਈ ਨੂੰ ਝੜਾਈ ਵਿਚ ਦੀ ਲੰਘਾਉਣਾ ਬੁਣਾਈ ਦਾ ਕੰਮ ਅਰੰਭ ਕਰਦਾ ਹੈ। ਇਸ ਤੋਂ ਬਾਅਦ ਰੀਡ ਜਾਂ ਛੋਟੇ ਡੰਡਿਆਂ ਨਾਲ ਕੱਪੜੇ ਨੂੰ ਕੁੱਟ ਕੇ ਅਕਾਰ ਦਿਤਾ ਜਾਂਦਾ ਹੈ। ਇਹ ਤਿੰਨ ਕੰਮ ਬੁਣਕਰ ਦੁਆਰਾ ਬਿਨਾਂ ਬਿਜਲੀ ਦੇ ਕੀਤੇ ਜਾਂਦੇ ਹਨ। ਬਿਜਲੀ ਦੀ ਵਰਤੋਂ ਤੋਂ ਬਿਨਾਂ ਇਨ੍ਹਾਂ ਤਿੰਨਾਂ ਕੰਮਾਂ ਦੇ ਮਸ਼ੀਨੀਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਨਾਲ ਹੀ, ਖੱਡੀ ਤੋਂ ਪਹਿਲਾਂ ਦੇ ਕੰਮ, ਜਿਵੇਂ ਗੋਲਾਈ ਦੇਣਾ ਅਤੇ ਅਕਾਰ ਦੇਣਾ ਅਤੇ ਖੱਡੀ ਤੋਂ ਬਾਅਦ ਦੇ ਕੰਮਾਂ ਦਾ ਵੀ ਮਸ਼ੀਨੀਕਰਨ ਕੀਤਾ ਜਾ ਸਕਦਾ ਹੈ, ਜਿਸ ਨਾਲ ਕਠਿਨ ਮਿਹਨਤ ਨੂੰ ਕਾਫ਼ੀ ਹੱਦ ਤਕ ਘੱਟ ਕੀਤਾ ਜਾ ਸਕਦਾ ਹੈ। ਇਹ ਪੱਖ ਵੀ ਹਾਲੇ ਤਕ ਅਣਗੌਲਿਆ ਅਤੇ ਅਣਵਰਤਿਆ ਰਿਹਾ ਹੈ। ਇਸ ਖੇਤਰ ਵਿਚ ਖੋਜ, ਹੱਥ ਨਾਲ ਬੁਣਾਈ ਕਰਨ ਦੀ ਭਾਵਨਾ ਨੂੰ ਨਸ਼ਟ ਹੋਣ ਤੋਂ ਬਿਨਾਂ, ਕਰੜੀ ਮੁਸ਼ੱਕਤ ਨੂੰ ਬਹੁਤ ਹੱਦ ਤਕ ਘੱਟ ਕਰ ਦੇਵੇਗੀ।

ਹੱਥ-ਖੱਡੀਆਂ ਦੇ ਮਸ਼ੀਨੀਕਰਨ ਦੇ ਮੁੱਦੇ 'ਤੇ ਦੇਸ਼ ਅੰਦਰ ਵੱਡੀ ਬਹਿਸ ਚੱਲ ਰਹੀ ਹੈ। 2013 ਵਿਚ ਯੋਜਨਾ ਆਯੋਗ ਨੇ ਹੱਥ-ਖੱਡੀ ਨੂੰ 'ਦੋਗਲੀ ਖੱਡੀ' ਦੇ ਤੌਰ ਤੇ ਪਰਿਭਾਸ਼ਿਤ ਕਰਨ ਦਾ ਸੁਝਾਅ ਦਿਤਾ ਸੀ। ਇਸ ਤਹਿਤ ਬੁਣਾਈ ਦੀ ਘੱਟੋ-ਘੱਟ ਇਕ ਪ੍ਰਕਿਰਿਆ ਲਈ ਵਿਅਕਤੀਗਤ ਦਖ਼ਲ ਜਾਂ ਮਨੁੱਖੀ ਸ਼ਕਤੀ ਦੀ, ਉਤਪਾਦਨ ਲਈ ਲੋੜ ਪੈਂਦੀ ਹੈ। ਮੰਤਰਾਲੇ ਵਲੋਂ ਦੋਗਲੀ ਖੱਡੀ ਦੀ ਵੀ ਵਰਤੋਂ ਦਾ ਸੁਝਾਅ ਦਿਤਾ ਗਿਆ ਸੀ, ਜਿਸ ਤਹਿਤ ਕੁਝ ਕੰਮਾਂ ਨੂੰ ਕਰਨ ਲਈ ਬਿਜਲੀ ਦੀ ਵਰਤੋਂ ਦਾ ਸੁਝਾਅ ਦਿਤਾ ਗਿਆ ਸੀ ਜਿਵੇਂ ਕਿ ਆਸ ਸੀ, ਇਸ ਵਿਚਾਰ ਦਾ ਦੇਸ਼ ਭਰ ਦੇ ਬੁਣਕਰਾਂ ਵਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ ਅਤੇ ਵੱਡੇ ਪੱਧਰ 'ਤੇ ਧਰਨੇ ਪ੍ਰਦਰਸ਼ਨ ਕੀਤੇ ਗਏ। ਮੈਂ ਇਸ ਵਿਰੋਧ ਨੂੰ ਵਾਜਬ ਆਖਾਂਗੀ ਕਿਉਂਕਿ ਇਹ ਕਦਮ ਆਉਣ ਵਾਲੇ ਸਾਲਾਂ ਦੌਰਾਨ ਹੱਥ-ਖੱਡੀ ਕਲਾ ਨੂੰ ਸੂਲੀ ਟੰਗ ਸਕਦਾ ਸੀ। ਬਿਜਲਈ ਖੱਡੀ ਦੇ ਉਤਪਾਦ, ਜਿਨ੍ਹਾਂ ਨੂੰ ਅੱਜਕੱਲ੍ਹ ਚੁੱਪ-ਚੁਪੀਤੇ ਹੱਥ-ਖੱਡੀ ਵਜੋਂ ਵੇਚਿਆ ਜਾ ਰਿਹਾ ਹੈ, ਫਿਰ ਸਹੀ ਅਰਥਾਂ ਵਿਚ ਅਸਲ ਹੱਥ-ਖੱਡੀ ਉਤਪਾਦਾਂ ਨਾਲ ਮੁਕਾਬਲਾ ਕਰ ਕੇ ਉਨ੍ਹਾਂ ਨੂੰ ਖੂੰਜੇ ਲਾ ਰਹੇ ਹੁੰਦੇ। ਬਿਜਲਈ ਖੱਡੀ ਬੁਣਕਰ (ਜਿਨ੍ਹਾਂ ਦੀ ਸੰਖਿਆ ਹੱਥ-ਖੱਡੀ ਬੁਣਕਰਾਂ ਨਾਲੋਂ ਕਿਤੇ ਵੱਧ ਹੈ) ਉਨ੍ਹਾਂ ਸਰਕਾਰੀ ਯੋਜਨਾਵਾਂ ਦਾ ਦੋਵੇਂ ਹੱਥੀਂ ਫ਼ਾਇਦਾ ਚੁੱਕ ਰਹੇ ਹੁੰਦੇ ਜੋ ਹੱਥ-ਖੱਡੀ ਖੇਤਰ ਦੀ ਸੁਰੱਖਿਆ ਅਤੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਹਨ। ਇਸ ਨਾਲ ਯਕੀਨੀ ਹੋ ਜਾਂਦਾ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਹੱਥ-ਖੱਡੀ ਖੇਤਰ ਦਾ ਸੂਰਜ ਛੁਪ ਹੀ ਜਾਣਾ ਸੀ। ਚੰਗੇ ਭਾਗਾਂ ਨੂੰ, 2014 ਵਿਚ ਕੱਪੜਾ ਮੰਤਰਾਲਾ ਵਲੋਂ 'ਹੱਥ-ਖੱਡੀ' ਦੀ ਮੌਜੂਦਾ ਪਰਿਭਾਸ਼ਾ ਨੂੰ ਬਣਾਈ ਰੱਖਣ ਦਾ ਫੈਸਲਾ ਕੀਤਾ ਗਿਆ, ਜਿਸ ਦਾ ਮਤਲਬ ਹੈ 'ਬਿਜਲਈ ਖੱਡੀ ਤੋਂ ਬਿਨਾਂ ਕੋਈ ਵੀ ਦੂਜੀ ਖੱਡੀ'। ਇਸੇ ਸਮੇਂ ਹੀ ਇਸ ਵਲੋਂ ਪਰਿਭਾਸ਼ਾ ਦੇ ਪੁਨਰ ਵਿਚਾਰ ਦੀ ਸਿਫ਼ਾਰਸ਼ ਵੀ ਕੀਤੀ ਗਈ ਜਿਸ ਦਾ ਮਕਸਦ ਬਿਹਤਰ ਉਤਪਾਦਨ ਹਾਸਲ ਕਰਨਾ ਅਤੇ ਮਨੁੱਖੀ ਦਖ਼ਲ ਨੂੰ ਘਟਾਉਣਾ ਸੀ।

**ਮੈਂ ਦਲੀਲ ਦੇਣੀ ਚਾਹੁੰਦਾ ਹਾਂ ਕਿ ਵਰਤਮਾਨ ਪਰਿਭਾਸ਼ਾ ਪ੍ਰਮੁੱਖ ਅਤੇ ਸਹਾਇਕ ਕਾਰਜਾਂ ਦੇ ਮਸ਼ੀਨੀਕਰਨ ਨੂੰ ਰੱਦ ਨਹੀਂ ਕਰਦੀ। ਮਸ਼ੀਨੀਕਰਨ ਦਾ ਅਰਥ ਬਿਜਲੀ ਦੀ ਵਰਤੋਂ ਨਹੀਂ, ਇਸ ਦਾ ਸਿੱਧਾ-ਸਾਦਾ ਅਰਥ ਹੈ – ਮਸ਼ੀਨੀ ਊਰਜਾ, ਉਪਕਰਨਾਂ ਅਤੇ ਤਕਨੀਕ ਦਾ ਇਸਤੇਮਾਲ ਤਾਂ ਕਿ ਕੁਸ਼ਲਤਾ ਵਿਚ ਸੁਧਾਰ ਅਤੇ ਕਠਿਨ ਮਿਹਨਤ ਵਿਚ ਕਮੀ ਕੀਤੀ ਜਾ ਸਕੇ। ਇਸ ਦਾ ਸੌਖਾ ਮਤਲਬ ਹੈ, ਮਸ਼ੀਨਾਂ ਦਾ ਇਸਤੇਮਾਲ।**

ਅਸਲ ਵਿਚ, ਹੱਥ-ਖੱਡੀ ਆਪਣੇ ਆਪ ਵਿਚ ਇਕ ਮਸ਼ੀਨ ਹੈ। ਪਰ ਇਹ ਵੇਖਿਆ ਗਿਆ ਹੈ ਕਿ ਰਵਾਇਤੀ ਖੱਡੀ ਦਾ ਢਾਂਚਾ ਵਿਗਿਆਨਕ ਅਤੇ ਲੋਕਾਂ ਦੀ ਸਮਰੱਥਾ ਦੇ ਮੁਤਾਬਕ ਨਹੀਂ ਹੈ। ਰਵਾਇਤੀ ਤਕਨੀਕਾਂ ਵਿਚ ਅਕਾਊ ਤੇ ਥਕਾਊ ਪ੍ਰਕਿਰਿਆਵਾਂ, ਪੂਰੇ ਸਮੇਂ ਦੀ ਹਾਜ਼ਰੀ, ਸਰੀਰਕ ਕਸ਼ਟ ਅਤੇ ਘੱਟ ਵਿੱਤੀ ਲਾਭ ਸ਼ਾਮਿਲ ਹਨ। ਇਕ ਸਰਵੇਖਣ ਮੁਤਾਬਕ, ਅਜਿਹੀਆਂ ਕਸ਼ਟਦਾਇਕ ਪ੍ਰਕਿਰਿਆਵਾਂ ਨੂੰ ਲੰਮੇ ਸਮੇਂ ਤਕ ਕਰਨ ਨਾਲ ਸਰੀਰਕ ਪੀੜਾ ਅਤੇ ਬੁਣਕਰਾਂ ਦੀਆਂ ਤਲੀਆਂ, ਹੱਥਾਂ ਅਤੇ ਲੱਤਾਂ ਵਿਚ ਲੰਮੇ ਸਮੇਂ ਦੇ ਨਸਾਂ ਦੇ ਵਿਗਾੜ ਪੈਦਾ ਹੋ ਜਾਂਦੇ ਹਨ।

ਚਿੰਤਾ ਵਾਲੀ ਗੱਲ ਇਹ ਹੈ ਕਿ ਹੱਥ-ਖੱਡੀ ਖੇਤਰ ਵਿਚ ਤਕਨੀਕ ਦਾ ਜ਼ਿਆਦਾ ਪਸਾਰ ਨਹੀਂ ਹੋ ਰਿਹਾ, ਜਿਸ ਦਾ ਕਾਰਨ ਸੀਮਤ ਖੋਜ ਅਤੇ ਹੋਰ ਕਈ ਸੰਭਾਵਨਾਵਾਂ ਹਨ। ਰਵਾਇਤੀ ਤਕਨੀਕਾਂ ਹਾਲੇ ਵੀ ਸਭ ਤੋਂ ਵੱਧ ਪ੍ਰਚੱਲਤ ਹਨ। ਸਿੱਟੇ ਵਜੋਂ, ਹੱਥੀਂ ਬੁਣਤੀ ਮਜ਼ਦੂਰ ਮੁਖੀ ਅਤੇ ਹਮੇਸ਼ਾ ਵਾਂਗ ਘੱਟ ਉਤਪਾਦਕ ਹੈ।

ਹੱਥ-ਖੱਡੀਆਂ 'ਤੇ ਕੱਪੜਾ ਉਤਪਾਦਨ ਵਧਾਉਣ ਲਈ ਖੋਜ ਅਤੇ ਸੁਧਾਰ ਜ਼ਰੂਰੀ ਹੋ ਗਏ ਹਨ। ਮਸ਼ੀਨੀਕਰਨ ਬੁਣਕਰ ਦੀ ਕੁਸ਼ਲਤਾ ਅਤੇ ਕੱਪੜੇ ਦੀ ਗੁਣਵੱਤਾ ਵਿਚ ਸੁਧਾਰ ਕਰੇਗਾ ਜੋ ਮੌਜੂਦਾ ਸੰਚਾਲਨ ਹੁਨਰ ਪੱਧਰ ਨਾਲ ਸੰਭਵ ਹੈ। ਤਕਨੀਕੀ ਉੱਨਤੀ ਵੱਲ ਪਹਿਲਾ ਕਦਮ ਉੱਡਦੀ ਹੋਈ ਬੁਣਤੀ ਦੀ ਨਾਲ਼ ਸੀ, ਜਿਸ ਨੂੰ 1773 ਵਿਚ ਜਾਹਨ ਕੇਅ ਵਲੋਂ ਪੇਟੈਂਟ ਕਰਵਾਇਆ ਗਿਆ। ਬੁਣਤੀ ਵਿਚ ਇਹ ਪ੍ਰਮੁੱਖ ਘਟਨਾ ਸੀ ਕਿਉਂਕਿ ਇਸ ਨਾਲ ਬੁਣਤੀ ਦੇ ਕਾਰਜ ਵਿਚ ਮਨੁੱਖੀ ਹੁਨਰ ਬੇਮਾਅਨੀ ਹੋ ਗਿਆ। ਬਾਅਦ ਵਿਚ, ਵਿਕਾਸ ਸਰਗਰਮੀਆਂ ਦੇ ਭਾਗ ਵਜੋਂ ਡਾਬੀ ਅਤੇ ਜੈਕਾਰਡ ਦੀ ਸ਼ਕਲ ਵਿਚ ਜਟਿਲ ਬੁਣਤੀ ਵਿਧੀਆਂ, ਐੱਸ ਪੀ ਐੱਸ ਕੋਰਵੇਇ ਕੰਘੀ ਅਤੇ ਠੋਸ ਬਾਰਡਰ ਬੁਣਨ ਅਤੇ ਇਕੋ ਵਾਰ ਕਈ ਬੂਟੀਆਂ ਬੁਣਨ ਲਈ ਬਹੁ-ਕੰਘੀ ਪ੍ਰਣਾਲੀਆਂ ਵਰਗੇ ਬਹੁਤ ਸਾਰੇ ਤਕਨੀਕੀ ਦਖ਼ਲ ਅਮਲ ਵਿਚ ਲਿਆਂਦੇ ਗਏ। ਇਨ੍ਹਾਂ ਨੇ ਬੁਣਕਰ ਦੀ ਸਮਰੱਥਾ ਵਿਚ ਕਈ ਗੁਣਾ ਵਾਧਾ ਕੀਤਾ ਹੈ। ਮੈਟ, ਸਟੋਲ ਆਦਿ ਬੁਣਨ ਲਈ ਦੋਹਰਾ ਕੱਪੜਾ ਬੁਣਨ ਦਾ ਤੰਤਰ ਅਤੇ ਦੋ ਵੱਖਰੇ ਪ੍ਰਕਾਰ ਦੇ ਕੱਪੜੇ ਦੀ ਲਗਾਤਾਰ ਬੁਣਾਈ ਨੇ ਥਕਾਵਟ ਨੂੰ ਕਾਫ਼ੀ ਘੱਟ ਕਰ ਦਿਤਾ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ਹੱਥ-ਖੱਡੀ ਖੇਤਰ ਦੀਆਂ ਛੋਟੀਆਂ ਇਕਾਈਆਂ ਵਪਾਰਕ ਪੱਧਰ 'ਤੇ ਬੁਣਾਈ ਕਰਨ ਤਾਂ ਖੱਡੀਆਂ 'ਤੇ ਕੰਮ ਦੇ ਘੰਟੇ ਬਹੁਤ ਲੰਮੇ ਹੋ ਜਾਣਗੇ। ਵਪਾਰਕ ਉਦੇਸ਼ਾਂ ਦੀਆਂ ਲੋੜਾਂ ਘਰੇਲੂ ਬੁਣਾਈ ਨਾਲੋਂ ਬਿਲਕੁਲ ਵੱਖਰੀਆਂ ਹਨ, ਜਿਸ ਲਈ ਕੰਮ ਵਾਲੇ ਸਥਾਨ 'ਤੇ ਕਈ ਤਬਦੀਲੀਆਂ ਕਰਨੀਆਂ ਪੈਣਗੀਆਂ। ਸਧਾਰਨ ਬੁਣਕਰਾਂ ਲਈ ਅਰਧ-ਸਵੈਚਾਲਿਤ ਹੱਥ-ਖੱਡੀਆਂ ਇਕ ਵਧੀਆ ਹੱਲ ਹਨ। ਇਨ੍ਹਾਂ ਨੂੰ ਸਵੈਚਾਲਿਤ ਸ਼ੁਰੂ ਕਰਨ ਅਤੇ ਛੱਡਣ ਦੇ ਤੰਤਰ ਨਾਲ ਜੋੜਿਆ ਜਾ ਸਕਦਾ ਹੈ। ਲੱਕੜ/ਬਾਂਸ ਦੇ ਡੰਡਿਆਂ ਦੀ ਥਾਂ 'ਤੇ ਘੁੰਮਣ ਵਾਲੇ ਡੰਡੇ ਨੂੰ ਵਰਤਿਆ ਜਾ ਸਕਦਾ ਹੈ। ਕੱਪੜੇ ਦੇ ਸਤੰਭ ਮੌਜੂਦਾ ਹੱਥ-ਖੱਡੀ

'ਤੇ ਦਿਤੇ ਜਾ ਸਕਦੇ ਹਨ। ਇਹ ਸੰਚਾਲਨ ਦੀ ਸੌਖ ਨਾਲ ਪ੍ਰਤਿਭਾ ਦਾ ਸੁਮੇਲ ਕਰ ਦੇਣਗੇ।

ਹੱਥ-ਖੱਡੀ ਖੋਜ ਖੇਤਰ 'ਚ ਕੇਂਦਰਿਤ ਉਤਸ਼ਾਹੀ ਯੋਜਨਾਵਾਂ ਦੀ ਲੋੜ ਹੈ। ਤਕਨੀਕੀ ਖੋਜਾਂ ਡਿਜ਼ਾਈਨ ਵਿਕਾਸ ਅਤੇ ਉਤਪਾਦਨ ਪ੍ਰਕਿਰਿਆ ਲਈ ਨਵੀਆਂ ਸੰਭਾਵਨਾਵਾਂ ਪੈਦਾ ਕਰ ਸਕਦੀਆਂ ਹਨ। ਉੱਪਰ ਵਰਣਨ ਕੀਤੇ ਉਪਕਰਨ ਅਤੇ ਮਸ਼ੀਨਰੀ ਦੇ ਸੰਦਰਭ ਵਿਚ ਉਤਪਾਦ ਤਕਨੀਕ ਤੋਂ ਇਲਾਵਾ, ਮਸ਼ੀਨਰੀ ਦਾ ਇਸਤੇਮਾਲ ਅਤੇ ਕੱਚੇ ਮਾਲ ਜਾਂ ਤਿਆਰ ਮਾਲ ਦੇ ਮਾਮਲੇ ਵਿਚ ਇਹ ਪ੍ਰਾਸੈੱਸ ਕਰਨ ਦੀ ਤਕਨੀਕ ਹੋ ਸਕਦੀ ਹੈ। ਨਵੀਆਂ ਪ੍ਰਕਿਰਿਆਵਾਂ ਦੀਆਂ ਖੋਜਾਂ, ਜੋ ਮਨੁੱਖੀ ਕੋਸ਼ਿਸ਼ਾਂ, ਸਮਾਂ ਅਤੇ ਊਰਜਾ ਬਚਾਉਂਦੀਆਂ ਹਨ, ਸਮੇਂ ਦੀ ਲੋੜ ਹੈ। ਸਹਾਇਕ ਕਾਰਜ, ਜਿਵੇਂ ਖੱਡੀ ਤੋਂ ਪਹਿਲਾਂ ਅਤੇ ਬਾਅਦ ਦੇ ਕਾਰਜਾਂ ਦਾ ਮਸ਼ੀਨੀਕਰਨ ਕੀਤਾ ਜਾ ਸਕਦਾ ਹੈ। ਅਸਲ ਵਿਚ, ਇਨ੍ਹਾਂ ਨੂੰ ਮੋਟਰ ਨਾਲ ਵੀ ਚਲਾਇਆ ਜਾ ਸਕਦਾ ਹੈ, ਕਿਉਂਕਿ ਇਹ ਬੁਣਾਈ ਪ੍ਰਕਿਰਿਆ ਦਾ ਹਿੱਸਾ ਨਹੀਂ ਹਨ। ਨਾਲ ਹੀ ਨਾਲ, ਤਿੰਨ ਪ੍ਰਮੁੱਖ ਕਾਰਜਾਂ ਨੂੰ ਵੱਖੋ-ਵੱਖ ਵੇਖਣਾ ਪਵੇਗਾ ਅਤੇ ਸੰਚਾਲਨ ਖੋਜ ਰਾਹੀਂ ਤਕਨੀਕੀ ਸੁਧਾਰ ਦੀ ਕੋਸ਼ਿਸ਼ ਕਰਨੀ ਹੋਵੇ ਗੀ ਤਾਂ ਕਿ ਬੁਣਕਰ ਦੇ ਤਣਾਅ ਦੇ ਪੱਧਰ ਨੂੰ ਘਟਾਇਆ ਜਾ ਸਕੇ। ਇਨ੍ਹਾਂ ਕਾਰਜਾਂ ਨੂੰ ਫਿਰ, ਬਿਨਾਂ ਬਿਜਲੀ ਦੀ ਵਰਤੋਂ ਦੇ, ਮਸ਼ੀਨੀ ਤੌਰ ਤੇ ਕੀਤਾ ਜਾ ਸਕੇਗਾ। ਸਭ ਤੋਂ ਵੱਡੀ ਚੁਨੌਤੀ ਵਿਕਸਤ ਕੀਤੀ ਤਕਨੀਕ ਨੂੰ ਅਪਣਾਉਣ ਦੀ ਹੈ। ਇਸ ਦਾ ਕਾਰਨ ਵਿਸਥਾਰ ਦੀ ਕਮੀ ਅਤੇ ਸਦੀਆਂ ਪੁਰਾਣੀਆਂ ਤਕਨੀਕਾਂ ਵਿਚ ਵਿਸ਼ਵਾਸ ਹੋਣ ਕਰਕੇ, ਬੁਣਕਰਾਂ ਵਲੋਂ ਇਨ੍ਹਾਂ ਨੂੰ ਅਪਣਾਉਣ ਦੀ ਹਿਚਕਚਾਹਟ ਹੈ। ਇਸ ਨੂੰ ਸਰਕਾਰੀ ਯੋਜਨਾਵਾਂ ਦਾ ਅਨਿੱਖੜਵਾਂ ਅੰਗ ਬਣਾ ਕੇ, ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ। ਖੋਜ ਤੇ ਵਿਕਾਸ ਨੂੰ ਇਸ ਦੇ ਜ਼ਮੀਨੀ ਪੱਧਰ 'ਤੇ ਪ੍ਰਭਾਵੀ ਅਮਲ ਨਾਲ ਮਿਲਾਉਣ ਨਾਲ ਵੱਡੀ ਪੱਧਰ 'ਤੇ ਰੁਜ਼ਗਾਰ ਅਤੇ ਉਤਪਾਦਨ ਵਿਚ ਵਾਧਾ ਹੋਵੇਗਾ।

ਵਪਾਰਕ ਪੱਧਰ 'ਤੇ ਬਣਾਏ ਜਾ ਰਹੇ ਹੱਥ-ਖੱਡੀ ਕੱਪੜੇ ਨੂੰ ਬਾਜ਼ਾਰੀਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਸਰਕਾਰ ਨੂੰ ਦਖ਼ਲ ਦੇਣਾ ਜ਼ਰੂਰੀ ਹੋ ਜਾਵੇਗਾ। ਇਸ ਖੇਤਰ ਦੀ ਮੰਗ ਮਨਰੇਗਾ ਨਾਲ ਜੋੜਨ ਦੀ ਹੈ। ਇਹ ਵਿਚਾਰਨ ਯੋਗ ਮੰਗ ਹੈ। ਮੌਜੂਦਾ ਸਮੇਂ ਰਾਜ ਸਕੂਲੀ ਬੱਚਿਆਂ ਅਤੇ ਆਂਗਨਵਾੜੀ ਕਾਮਿਆਂ ਨੂੰ ਮੁਫ਼ਤ ਵਰਦੀ ਦਿੰਦੇ ਹਨ। ਇਸ ਮੰਤਵ ਲਈ ਕੇਵਲ ਹੱਥ ਨਾਲ ਬੁਣੇ ਕੱਪੜੇ ਦੀ ਵਰਤੋਂ ਦਾ ਫ਼ੈਸਲਾ ਲਿਆ ਜਾ ਸਕਦਾ ਹੈ। ਹੱਥ-ਖੱਡੀ ਕਾਮਿਆਂ ਨੂੰ ਮਨਰੇਗਾ ਤਹਿਤ ਪੰਜੀਕ੍ਰਿਤ ਕਰਕੇ ਮਜ਼ਦੂਰੀ ਦਿਤੀ ਜਾ ਸਕਦੀ ਹੈ, ਬਸ਼ਰਤੇ ਜੇ ਉਹ ਤਜਵੀਜ਼ਸ਼ੁਦਾ ਕੱਪੜੇ ਦੀ ਲੰਬਾਈ ਬੁਣ ਦੇਣ। ਇਹ ਕੱਪੜਾ ਅੱਗੋਂ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਨੂੰ ਭੇਜਿਆ ਜਾ ਸਕਦਾ ਹੈ।

ਸਾਡੇ ਖੋਜਕਾਰਾਂ ਅਤੇ ਵਿਗਿਆਨੀਆਂ ਸਾਹਮਣੇ ਚੁਨੌਤੀ, ਉਤਪਾਦਨ ਅਧਾਰ ਵਿਚ ਵਾਧੇ ਅਤੇ ਪ੍ਰਕਿਰਿਆ ਵਿਚ ਸੁਧਾਰ ਲਈ ਤਕਨੀਕ ਦੀ ਵਰਤੋਂ ਸ਼ੁਰੂ ਕਰਨ ਦੀ ਹੈ, ਉਹ ਵੀ ਬਿਨਾਂ ਵਿਲੱਖਣ ਵਿੱਕਰੀ ਪ੍ਰਸਤਾਵਾਂ, ਵਿਸ਼ੇਸ਼ਤਾਵਾਂ ਅਤੇ ਹੱਥ-ਖੱਡੀ ਦੇ ਭਾਵੁਕ ਪੱਖ ਨਾਲ ਸਮਝੌਤਾ ਕੀਤਿਆਂ।

*(ਲੇਖਿਕਾ ਭਾਰਤੀ ਪ੍ਰਬੰਧਕੀ ਸੇਵਾ, 1989 ਬੈਚ, ਉੱਤਰ ਪ੍ਰਦੇਸ਼ ਕਾਡਰ ਦੀ ਅਧਿਕਾਰੀ ਹੈ।)*

*e-mail :monikasgarg@gmail.com*

***ਸਫ਼ਾ 40 ਦੀ ਬਾਕੀ***

ਦੇਣਾ ਚਾਹੀਦਾ ਹੈ।

- ਜਨਤਕ-ਨਿੱਜੀ ਭਾਈਵਾਲੀ ਤਹਿਤ ਕਬਾਇਲੀ ਖੇਤਰਾਂ ਵਿਚ ਬਲਾਕ ਅਤੇ ਸਮੂਹ ਪੱਧਰ 'ਤੇ ਵਿਵਸਾਇਕ ਸਿਖਲਾਈ ਸੰਸਥਾਨ ਸਥਾਪਤ ਕਰਨਾ। ਬਾਹਰੀ ਏਜੰਸੀਆਂ ਰਾਹੀਂ ਕੋਰਸਾਂ ਦੀ ਮਾਨਤਾ ਅਤੇ ਸਰਟੀਫਿਕੇਟ ਲਈ ਬਾਹਰੀ ਮਾਹਰਾਂ ਵਲੋਂ ਜਾਂਚ ਯਕੀਨੀ ਬਣਾਉਣਾ।

- ਮਜ਼ਦੂਰ ਮੰਡੀ ਅਤੇ ਸਥਾਨਕ ਅਰਥ-ਵਿਵਸਥਾ ਦੀ ਮੰਗ 'ਤੇ ਆਧਾਰਤ ਕਿੱਤਿਆਂ ਦੀ ਚੋਣ ਕਰਨ ਲਈ ਚਾਲੂ ਕੋਰਸਾਂ ਦਾ ਦਾਇਰਾ ਗ੍ਰੀਨ ਹੁਨਰ, ਸਾਂਵਲੇ ਹੁਨਰ ਅਤੇ ਸੇਵਾ ਖੇਤਰ ਦੇ ਸੰਬੰਧ ਵਿਚ ਵਧਾਉਣਾ।

- ਕਬਾਇਲੀ ਸਭਿਆਚਾਰ ਅਤੇ ਰੀਤੀ-ਰਿਵਾਜਾਂ ਦੇ ਜਾਣੂ ਵਿਵਸਾਇਕ ਸਿਖਲਾਈ ਦੇਣ ਵਾਲਿਆਂ ਦਾ ਪੂਲ ਬਣਾਉਣਾ। ਇਸ ਦੇ ਨਾਲ-ਨਾਲ, ਸਿੱਖਿਅਤ ਕਬਾਇਲੀਆਂ ਦਾ ਵਿਵਸਾਇਕ ਸਿਖਲਾਈ ਲਈ ਕਾਡਰ ਖੜ੍ਹਾ ਕਰਨਾ ਜੋ ਹੁਨਰ ਸਿਖਲਾਈ ਦੇਣ ਲਈ ਕਬਾਇਲੀ ਨੌਜਵਾਨਾਂ ਨੂੰ ਵਧੇਰੇ ਪਸੰਦ ਹੋਣਗੇ।

- ਵਿਵਸਾਇਕ ਸਿੱਖਿਆ ਅਤੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਵਿਚ ਮਦਦ ਲਈ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋਂ ਕਰਨਾ ਜੋ ਇਸ ਦੇ ਖੇਤਰ ਨੂੰ ਬਹੁਤ ਵਧਾ ਦੇਵੇਗੀ।

- ਨੌਜਵਾਨਾਂ ਲਈ ਹੁਨਰ ਵਿਕਾਸ ਅਤੇ ਰੁਜ਼ਗਾਰ ਦੀ ਕਾਬਲੀਅਤ ਪੈਦਾ ਕਰਨ ਵਾਲੀਆਂ ਮੌਜੂਦਾ ਸਕੀਮਾਂ ਨੂੰ ਮੰਤਵ ਸਿੱਧੀ ਲਈ ਵਰਤੋਂ ਕਰਨਾ।

- ਮੁਹਾਰਤ ਪ੍ਰਾਪਤ ਨੌਜਵਾਨਾਂ ਨੂੰ ਨੌਕਰੀਆਂ ਦੇਣ ਲਈ, ਰੁਜ਼ਗਾਰ ਦਫ਼ਤਰਾਂ ਵਿਚ ਉਦਯੋਗਾਂ ਅਤੇ ਉਨ੍ਹਾਂ ਦੇ ਸੰਸਥਾਨਾਂ ਅਤੇ ਵਿਵਸਾਇਕ ਸਿਖਲਾਈਸੰਸਥਾਨਾਂ ਵਿਚ ਅਤੇ ਕਬਾਇਲੀ ਖੇਤਰਾਂ ਵਿਚ, ਸੰਵੇਦਨਸ਼ੀਲਤਾ ਪੈਦਾ ਕਰਨ ਅਤੇ ਤਾਲਮੇ ਲ ਲਈ ਫੋਰਮ ਸਥਾਪਤ ਕਰਨਾ।

- ਕਬਾਇਲੀ ਨੌਜਵਾਨਾਂ ਦੀ ਰੁਜ਼ਗਾਰ ਹਾਸਲ ਕਰਨ ਦੀ ਵਧੇਰੇ ਕਾਬਲੀਅਤ ਯਕੀਨੀ ਬਣਾਉਣ ਲਈ ਸਿਖਲਾਈ ਤੋਂ ਬਾਅਦ ਜ਼ਾਮਨੀਸ਼ੁਦਾ ਨੌਕਰੀ ਅਤੇ ਲਘੂ ਉੱਦਮ ਸਥਾਪਤ ਕਰਨ ਲਈ ਅਗੇ ਵਧ ਕੇ ਮਦਦ ਕਰਨਾ।

ਕਬਾਇਲੀ ਨੌਜਵਾਨਾਂ ਲਈ ਹੁਨਰ ਵਿਕਾਸ ਪ੍ਰੋਗਰਾਮ ਵਿਚ ਹੁਨਰ ਦੇ ਸਭ ਚਾਰ ਮੁੱਖ ਮੁੱਦੇ ਸ਼ਾਮਿਲ ਹੋਣੇ ਚਾਹੀਦੇ ਹਨ, ਜਿਵੇਂ ਕਿ ਜੀਵਨ ਨਾਲ ਜੁੜੀਆਂ ਮੁਹਾਰਤਾਂ, ਉੱਦਮ/ਪ੍ਰਬੰਧਕੀ ਵਿਕਾਸ, ਤਕਨੀਕੀ ਹੁਨਰ ਅਤੇ ਪ੍ਰੈਕਟੀਕਲ ਸਿਖਲਾਈ। ਹੁਨਰ ਵਿਕਾਸ ਪ੍ਰੋਗਰਾਮ ਦਾ ਜ਼ੋਰ, ਹੁਨਰ ਵਿਕਾਸ ਦੇ ਸਭ ਚਾਰ ਮੁੱਦਿਆਂ ਉਪਰ ਢੁਕਵਾਂ ਹੋਣਾ ਚਾਹੀਦਾ ਹੈ।

ਸਿਲੇਬਸ ਅਤੇ ਕੋਰਸ, ਸਿੱਖਿਆ ਦੇਣ ਵਾਲਿਆਂ ਅਤੇ ਉਦਯੋਗ ਦੋਹਾਂ ਧਿਰਾਂ ਵਲੋਂ ਸਾਂਝੇ ਤੌਰ ਤੇ ਡਿਜ਼ਾਈਨ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਤ ਤੌਰ ਤੇ ਉਸ ਦਾ ਆਧੁਨੀਕੀਕਰਨ ਕੀਤਾ ਜਾਣਾ ਚਾਹੀਦਾ ਹੈ। ਹੁਨਰ ਵਿਕਾਸ ਦੇ ਵੱਖ-ਵੱਖ ਪਹਿਲੂਆਂ ਵਿਚਕਾਰ ਇਕ ਸਾਂਝਾਪਨ ਲਿਆਉਣ ਦੀ ਲੋੜ ਹੈ ਜਿਵੇਂ ਕਿ ਤਕਨੀਕੀ ਹੁਨਰ, ਪ੍ਰਬੰਧਕੀ ਹੁਨਰ, ਹਲਕਾ-ਫੁਲਕਾ ਹੁਨਰ ਅਤੇ ਜੀਵਨ ਸੰਬੰਧੀ ਹੁਨਰ ਜੋ ਕਿੱਤੇ ਦੀ ਕਿਸਮ ਉਪਰ ਆਧਾਰਤ ਹੋਣਾ ਚਾਹੀਦਾ ਹੈ।

*(ਲੇਖਕ ਰੋਜ਼ੀ, ਖੋਜ ਅਤੇ ਸਿਖਲਾਈ ਸੰਸਥਾਨ ਵਿਚ ਸਹਾਇਕ ਡੀਨ ਅਤੇ ਸੀਨੀਅਰ ਫੈਕਲਟੀ ਮੈਂਬਰ ਹਨ।)*

*e-mail*

*:rajendrasingh.gautam@ilrtindia.org*

# ਉੱਚ-ਸਿੱਖਿਆ ਦੀ ਗੁਣਵੱਤਾ ਵਧਾਉਣ ਦੀ ਲੋੜ

ਮੁਹਿੰਦਰ ਸਿੰਘ ਬਾਜਵਾ

ਭਾਰਤ ਵਿਚ ਆਜ਼ਾਦੀ ਮਿਲਣ ਪਿਛੋਂ ਉੱਚ-ਸਿੱਖਿਆ ਪ੍ਰਣਾਲੀ ਦਾ ਲਗਾਤਾਰ ਵੱਡੇ ਪੱਧਰ 'ਤੇ ਵਿਕਾਸ ਹੁੰਦਾ ਰਿਹਾ ਹੈ। ਸੰਨ 1950 ਤੋਂ ਪਹਿਲਾਂ ਲਗਭਗ 20 ਯੂਨੀਵਰਸਿਟੀਆਂ ਤੇ 500 ਕਾਲਜ ਸਨ। ਮੌਜੂਦਾ ਸਮੇਂ ਵਿਚ ਡਿਗਰੀ ਪ੍ਰਦਾਨ ਕਰਨ ਵਾਲੀਆਂ ਲਗਭਗ 700 ਯੂਨੀਵਰਸਿਟੀਆਂ ਅਤੇ ਲਗਭਗ 35,500 ਕਾਲਜ ਹਨ। ਪਿਛਲੇ 2001 ਤੋਂ 2011 ਦੇ ਦਹਾਕੇ ਵਿਚ ਹੀ ਦੇਸ਼ ਵਿਚ ਲਗਭਗ 20,000 ਹੋਰ ਕਾਲਜ ਖੋਲ੍ਹੇ ਗਏ ਹਨ। ਇਨ੍ਹਾਂ ਵਿਚ ਸਿੱਖਿਆ ਸੰਸਥਾਵਾਂ ਵਿਚ ਹਰ ਸਾਲ ਲਗਭਗ ਦੋ ਕਰੋੜ ਵਿਦਿਆਰਥੀ ਦਾਖ਼ਲਾ ਲੈਂਦੇ ਹਨ। ਇਸ ਤਰ੍ਹਾਂ ਭਾਰਤ ਦਾ ਉੱਚ-ਸਿੱਖਿਆ ਪ੍ਰਦਾਨ ਕਰਨ ਵਿਚ ਅਮਰੀਕਾ ਤੇ ਚੀਨ ਤੋਂ ਬਾਅਦ ਦੁਨੀਆਂ ਵਿਚ ਤੀਸਰਾ ਸਥਾਨ ਹੈ। ਇੰਨੀ ਵੱਡੇ ਪੱਧਰ ਦੀ ਅਕਾਦਮਿਕ ਸਮਰਥਾ ਅਤੇ ਵਿਸ਼ਾਲ ਗਿਆਨ ਪ੍ਰਾਪਤ ਮਾਨਵ ਸਰੋਤ ਪੈਦਾ ਹੋਣ ਨਾਲ ਆਉਂਦੇ ਸਮੇਂ ਵਿਚ ਦੇਸ਼ ਆਸ ਰੱਖ ਸਕਦਾ ਹੈ ਕਿ ਉੱਚ-ਸਿੱਖਿਆ ਪ੍ਰਣਾਲੀ ਨਵੇਂ-ਨਵੇਂ ਵਿਚਾਰ ਅਤੇ ਤਕਨੀਕਾਂ ਪੈਦਾ ਕਰਨ, ਸਰਬ ਪੱਖੀ ਸਮਾਜਿਕ ਤੇ ਆਰਥਿਕ ਵਿਕਾਸ ਵਿਚ ਵਾਧਾ ਬਣਾਏ ਰੱਖਣ ਅਤੇ ਦੇਸ਼ ਦੀ ਅਰਥਵਿਵਸਥਾ ਨੂੰ ਵਿਸ਼ਵ ਦੇ ਉੱਨਤ ਦੇਸ਼ਾਂ ਦੇ ਪੱਧਰ ਦੀ ਆਰਥਿਕਤਾ ਨਾਲ ਬਰਾਬਰੀ ਕਰਨ ਵੱਲ ਲੈ ਜਾਣ ਵਾਸਤੇ ਯੋਗਦਾਨ ਪਾਉਣ ਵਿਚ ਇਕ ਮਹੱਤਵਪੂਰਨ ਮੋਹਰੀ ਬਣੇਗੀ।

ਪਰ ਪਿਛਲੇ ਕਈ ਸਾਲਾਂ ਤੋਂ ਇਕ ਵੱਡੀ ਚਿੰਤਾ ਦਾ ਵਿਸ਼ਾ ਇਹ ਬਣਦਾ ਜਾ ਰਿਹਾ ਹੈ ਕਿ ਬਜਾਇ ਦੇਸ਼ ਵਿਚ 'ਸਮਾਜਿਕ ਤੇ ਆਰਥਿਕ ਵਿਕਾਸ ਦਾ ਇੰਜਣ' ਬਣਨ ਦੇ, ਰਾਸ਼ਟਰ ਨੂੰ ਸਰਬ ਪੱਖੀ ਤਰੱਕੀ ਵੱਲ ਲੈ ਕੇ ਜਾਣ ਦੇ ਅਤੇ ਵਿਸ਼ਵ ਪੱਧਰ ਦੀ ਉੱਨਤੀ ਕੀਤੇ ਦੇਸ਼ਾਂ ਦੇ ਵਿਗਿਆਨਕ ਬਰਾਬਰੀ 'ਤੇ ਲਿਆਉਣ ਦੇ, ਸਾਡੀਆਂ ਬਹੁਤੀਆਂ ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਸੰਸਥਾਨਾਂ ਦੀ ਅਕਾਦਮਿਕ ਹਾਲਤ ਮਾੜੀ ਤੋਂ ਮਾੜੀ ਹੁੰਦੀ ਜਾ ਰਹੀ ਹੈ। ਅਸਲ ਵਿਚ, ਦੇਸ਼ ਦੀਆਂ ਬਹੁਤੀਆਂ ਉੱਚ-ਸਿੱਖਿਆ ਸੰਸਥਾਵਾਂ (ਖ਼ਾਸ ਤੌਰ ਤੇ ਕਾਲਜ) ਵਿਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ (ਪ੍ਰਯੋਗਸ਼ਾਲਾ, ਲਾਇਬ੍ਰੇਰੀਆਂ, ਆਦਿ) ਤੇ ਉੱਚ ਦਰਜੇ ਦੀ ਸਿੱਖਿਆ ਪ੍ਰਦਾਨ ਕਰਨ ਤੇ ਖੋਜ ਕਰਨ ਵਾਲੇ ਵਿਗਿਆਨੀ ਵੀ ਨਹੀਂ ਹੁੰਦੇ। ਜਿਸ ਕਰਕੇ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਤੇ ਖੋਜ ਨਹੀਂ ਕੀਤੀ ਜਾ ਸਕਦੀ। ਉੱਚ ਗੁਣਵੱਤਾ ਵਾਲਾ ਗਿਆਨ ਪੈਦਾ ਕਰਨ ਤੇ ਇਸ ਨੂੰ ਪ੍ਰਦਾਨ ਕਰਨ ਦਾ ਸੋਮਾ ਬਣਨ ਅਤੇ ਰੁਜ਼ਗਾਰ ਲੈਣ ਯੋਗ ਗਿਆਨ ਪ੍ਰਾਪਤ ਮਾਹਿਰ ਗ੍ਰੈਜੂਏਟ ਪੈਦਾ ਕਰਨ ਦੀ ਬਜਾਇ ਬਹੁਤੀਆਂ ਸੰਸਥਾਵਾਂ ਡਿਗਰੀ ਦੇਣ ਦੀਆਂ ਮਸ਼ੀਨਾਂ ਵਾਂਗ ਹੀ ਬਣਦੀਆਂ ਜਾ ਰਹੀਆਂ ਹਨ। ਬਹੁਤੀਆਂ ਯੂਨੀਵਰਸਿਟੀਆਂ ਵਿਸ਼ਵ ਪੱਧਰ ਦੇ ਉੱਚ-ਪ੍ਰੇਰਨਾ ਵਾਲੇ ਵਿਦਵਾਨ ਸਿੱਖਿਆ, ਉੱਚ ਦਰਜੇ ਦੇ ਖੋਜ ਕਰਨ ਵਾਲੇ ਵਿਗਿਆਨੀ, ਉਪਲਬਧ ਸਾਧਨਾਂ ਦੇ ਪ੍ਰਬੰਧਕ, ਗਿਆਨ ਪ੍ਰਾਪਤ ਕੰਮ ਕਰ ਸਕਣ ਵਾਲੇ ਉਦਯੋਗੀ ਅਤੇ ਬੁੱਧੀਮਾਨ ਸਮਾਜ ਪੈਦਾ ਕਰਨ ਵਿਚ ਕਾਫ਼ੀ ਹੱਦ ਤਕ ਪਿਛੜ ਰਹੀਆਂ ਹਨ। ਜਿਸ ਕਰਕੇ ਇਨ੍ਹਾਂ ਸੰਸਥਾਵਾਂ ਦਾ ਦੇਸ਼ ਵਿਚ ਤਕਨਾਲੋਜੀ ਆਧਾਰਿਤ ਸਰਬ-ਪੱਖੀ ਵਿਕਾਸ ਵਾਧੇ ਵੱਲ ਬਣਾਈ ਰੱਖਣ ਵਿਚ ਯੋਗਦਾਨ ਘਟਦਾ ਜਾ ਰਿਹਾ ਹੈ।

ਇਸ ਤੋਂ ਇਲਾਵਾ, ਵੱਡੀ ਗਿਣਤੀ ਵਿਚ ਘਟੀਆ ਤੇ ਦਰਮਿਆਨੇ ਮਿਆਰ ਵਾਲੇ ਕਾਲਜ ਤੇ ਯੂਨੀਵਰਸਿਟੀਆਂ ਸਥਾਪਤ ਹੋ ਰਹੀਆਂ ਹਨ, ਭਾਵੇਂ ਕਿ ਇਹ ਰਾਸ਼ਟਰੀ ਸਿੱਖਿਆ ਨੀਤੀ (1992) ਪੱਖੋਂ ਸਹੀ ਨਹੀਂ। ਇਨ੍ਹਾਂ ਸੰਸਥਾਵਾਂ ਨੂੰ ਸਥਾਪਤ ਕਰਨ ਵੇਲੇ ਇਨ੍ਹਾਂ ਵਿਚ ਲੋੜੀਂਦੀ ਖੇਤਰੀ ਤੇ ਰਾਸ਼ਟਰੀ ਸੰਭਵਤਾ ਤੇ ਸੰਬੰਧਿਤਤਾ ਨੂੰ ਵੀ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਪਿਛਲੇ ਅਨੁਭਵ ਅਨੁਸਾਰ ਇਸ ਤਰ੍ਹਾਂ ਦੇ ਨੀਵੇਂ ਮਿਆਰ ਦੀਆਂ ਸੰਸਥਾਵਾਂ ਸਥਾਪਤ ਹੋਣ ਨਾਲ ਉੱਚ-ਸਿੱਖਿਆ ਦੀ ਗੁਣਵੱਤਾ ਦਾ ਪੱਧਰ ਹੋਰ ਵੀ ਨੀਵਾਂ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਪੈਦਾ ਕੀਤੇ ਗ੍ਰੈਜੂਏਟਾਂ ਵਿਚ ਰਚਨਾਤਮਿਕਤਾ, ਯੋਗਤਾ, ਕੰਮ ਕਰਨ ਦੀਆਂ ਜੁਗਤਾਂ ਅਤੇ ਤੇਜ਼ੀ ਨਾਲ ਹੋ ਰਹੀਆਂ ਵਿਗਿਆਨਕ ਉੱਨਤੀਆਂ ਦੀ ਜਾਣਕਾਰੀ ਬਾਰੇ ਘਾਟ ਰਹਿ ਜਾਂਦੀ ਹੈ। ਇਸ ਤੋਂ ਇਲਾਵਾ, ਉੱਚ-ਸਿੱਖਿਆ ਪ੍ਰਣਾਲੀ ਯੁਵਕਾਂ ਨੂੰ ਰੁਜ਼ਗਾਰ ਲੈਣ ਦੇ ਕਾਬਲ ਬਣਾਉਣ ਵਾਸਤੇ ਲੋੜੀਂਦੇ ਵਿਸ਼ਿਆਂ ਵਿਚ ਸਿੱਖਿਆ ਦੇਣ ਵਿਚ ਪਿਛੜ ਰਹੀ ਹੈ ਜਿਸ ਕਰਕੇ ਦੇਸ਼ ਵਿਚ 20-25 ਪ੍ਰਤਿਸ਼ਤ ਗ੍ਰੈਜੂਏਟ ਬੇਰੁਜ਼ਗਾਰ ਰਹਿ ਜਾਂਦੇ ਹਨ। ਭਾਰਤ ਦੇ ਪਿਛਲੇ ਮਾਨਯੋਗ ਪ੍ਰਧਾਨ ਮੰਤਰੀ ਨੇ ਵੀ ਚਿੰਤਾ ਜ਼ਾਹਰ ਕੀਤੀ ਸੀ ਕਿ ਦੇਸ਼ ਦੀਆਂ ਬਹੁਤੀਆਂ ਯੂਨੀਵਰਸਿਟੀਆਂ ਵਿਸ਼ਵ ਵਿਚ ਵਿਗਿਆਨਕ ਉੱਨਤੀਆਂ ਨਾਲ ਬਰਾਬਰੀ ਕਾਇਮ ਨਹੀਂ ਰੱਖ ਸਕੀਆਂ ਅਤੇ ਉਨ੍ਹਾਂ ਵਿਚ ਗ੍ਰੈਜੂਏਟ ਉਨ੍ਹਾਂ ਵਿਸ਼ਿਆਂ ਵਿਚ ਪੈਦਾ ਕੀਤੇ ਜਾ ਰਹੇ ਹਨ ਜਿਨ੍ਹਾਂ ਦੀ ਰੁਜ਼ਗਾਰ ਦੇਣ ਵਾਲੇ ਬਾਜ਼ਾਰ ਵਿਚ ਲੋੜ ਨਹੀਂ।

ਸਾਡੀਆਂ ਬਹੁਤੀਆਂ ਉੱਚ-ਸਿੱਖਿਆ ਸੰਸਥਾਵਾਂ ਤੋਂ ਪ੍ਰਾਪਤ ਵਿੱਦਿਆ ਤੇ ਖੋਜ ਦਾ ਪੱਧਰ ਵਿਸ਼ਵ ਵਿਚ ਉੱਨਤੀ ਕੀਤੇ ਵਿਗਿਆਨ ਤੇ ਤਕਨਾਲੋਜੀ ਨਾਲ ਬਰਾਬਰੀ ਨਹੀਂ ਕਰਦਾ। ਅਸਲ ਵਿਚ ਭਾਰਤ ਦੀਆਂ ਯੂਨੀਵਰਸਿਟੀਆਂ ਦੀ ਸਥਿਤੀ ਅੰਤਰਰਾਸ਼ਟਰੀ ਰੈਂਕਿੰਗ ਵਿਚ ਸਨਮਾਨਜਨਕ ਨਹੀਂ ਜਦ ਕਿ ਅਮਰੀਕਾ ਦੀਆਂ 182, ਯੂਰਪ ਦੀਆਂ 200 ਤੇ ਚੀਨ ਦੀਆਂ 17 ਯੂਨੀਵਰਸਿਟੀਆਂ ਦਾ ਸਥਾਨ ਪਹਿਲੇ 500 ਵਿਚ ਹੈ। ਇਥੋਂ ਤਕ ਕਿ ਭਾਰਤ ਦੇ ਉੱਚ ਪੱਧਰ ਦੇ ਆਈ ਆਈ ਟੀ ਤੇ

ਆਈ ਆਈ ਐੱਮ ਵੀ ਅੰਤਰਰਾਸ਼ਟਰੀ ਮਾਪਦੰਡਾਂ ਦੇ ਨਾਲ ਮੇਲ ਨਹੀਂ ਖਾਂਦੀਆਂ। ਸਿਰਫ਼ 11 ਭਾਰਤੀ ਵਿੱਦਿਅਕ ਸੰਸਥਾਵਾਂ ਹੀ ਵਿਸ਼ਵ ਦੀਆਂ ਪਹਿਲੀਆਂ 800 ਰੈਂਕਿੰਗ ਵਿਚ ਆਉਂਦੀਆਂ ਹਨ। ਅਸਲ ਵਿਚ, ਕਈ ਸੰਸਥਾਵਾਂ ਜੋ ਪਹਿਲਾਂ ਉੱਚ-ਸਿੱਖਿਆ ਪ੍ਰਦਾਨ ਕਰਨ ਤੇ ਖੋਜ ਕਰਨ ਵਿਚ ਬਹੁਤ ਮਿਆਰ ਰੱਖਦੀਆਂ ਸਨ ਉਨ੍ਹਾਂ ਵਿਚ ਵੀ ਗੁਣਵੱਤਾ ਵਾਧੇ ਵੱਲ ਕਾਇਮ ਨਹੀਂ ਰਹੀ। ਕੇਂਦਰੀ ਸਰਕਾਰ ਵਲੋਂ ਸਥਾਪਤ ਸੈਂਟਰਲ ਯੂਨੀਵਰਸਿਟੀਆਂ ਨੇ ਵੀ ਅਜੇ ਤਕ ਉੱਚ-ਸਿੱਖਿਆ ਤੇ ਖੋਜ ਵਿਚ ਬਹੁਤੇ ਮਾਅਰਕੇ ਨਹੀਂ ਮਾਰੇ। ਭਾਰਤ ਵਿਚ ਇਕ ਅਨੁਮਾਨ ਅਨੁਸਾਰ ਦੇਸ਼ ਦੀਆਂ ਲਗਭਗ 65 ਪ੍ਰਤਿਸ਼ਤ ਯੂਨੀਵਰਸਿਟੀਆਂ ਅਤੇ 70 ਪ੍ਰਤਿਸ਼ਤ ਤੋਂ ਵੱਧ ਕਾਲਜ ਦੇਸ਼ ਦੇ ਆਪਣੇ ਮਿਥੇ ਹੋਏ ਮਾਪਦੰਡਾਂ ਤੋਂ ਵੀ ਹੇਠਾਂ ਹਨ। ਦੇਸ਼ ਵਿਚ ਉੱਚ ਪੱਧਰ ਦੀ ਗੁਣਵੱਤਾ ਵਾਲੀ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਤੋਂ ਵੀ ਹੇਠਾਂ ਹਨ। ਦੇਸ਼ ਵਿਚ ਉੱਚ ਪੱਧਰ ਦੀ ਗੁਣਵੱਤਾ ਵਾਲੀ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਦੀ ਭਾਰੀ ਘਾਟ ਕਰਕੇ ਹਜ਼ਾਰਾਂ ਯੁਵਕ ਵਿਦੇਸ਼ੀ ਯੂਨੀਵਰਸਿਟੀਆਂ (ਕਰੋੜਾਂ ਰੁਪਏ ਖਰਚ ਕੇ) ਵਿਚ ਜਾ ਰਹੇ ਹਨ।

ਇਸ ਤਰ੍ਹਾਂ ਦੇ ਹਾਲਾਤ ਵਿਚ ਜੇ ਸਾਡੇ ਦੇਸ਼ ਨੇ ਸੰਨ 2025 ਤਕ ਇਕ 'ਗਿਆਨ ਆਧਾਰਿਤ ਅਰਥਵਿਵਸਥਾ' ਦੇ ਰੂਪ ਵਿਚ ਜਾਣਿਆ ਜਾਣ ਅਤੇ 'ਵਿਕਾਸ ਕੀਤੇ ਰਾਸ਼ਟਰ' ਦਾ ਲੋੜੀਂਦਾ ਸੁਧਾਰ ਤੇ ਪੁਨਰ-ਨਿਰਮਾਣ ਕਰਕੇ ਵਿਸ਼ਵ ਦੇ ਉੱਨਤੀ ਕੀਤੇ ਦੇਸ਼ਾਂ ਵਾਂਗ ਉੱਚ ਗੁਣਵੱਤਾ ਵਾਲਾ ਗਿਆਨ ਉਤਪਾਦਨ ਤੇ ਪ੍ਰਦਾਨ ਕਰਨ ਦੀ ਸਮਰਥਾ ਵਾਧੇ ਵੱਲ ਕਾਇਮ ਰੱਖਣੀ ਯਕੀਨੀ ਬਣਾਉਣੀ ਹੋਵੇਗੀ। ਅਸਲ ਵਿਚ, ਉੱਚ-ਸਿੱਖਿਆ ਪ੍ਰਣਾਲੀ ਦੀ ਗੁਣਵੱਤਾ ਉੱਚੇ ਦਰਜੇ ਦੀ ਕਰਕੇ ਅਤੇ ਲਗਾਤਾਰ ਹੋ ਰਹੀਆਂ ਵਿਗਿਆਨਕ ਉੱਨਤੀਆਂ ਦੀ ਵਰਤੋਂ ਨਾਲ ਹੀ ਤਕਨਾਲੋਜੀ ਅਤੇ ਜਾਣਕਾਰੀ ਤੇ ਸੰਚਾਰ ਦੀ ਤਕਨਾਲੋਜੀ ਦੇ ਚਲ ਰਹੇ ਯੁਗ ਵਿਚ ਸਮਾਜਿਕ ਤੇ ਆਰਥਿਕ ਵਿਕਾਸ ਕਰਨ ਦਾ ਲਾਭ ਲਿਆ ਜਾ ਸਕੇਗਾ। ਪੈਦਾ ਕੀਤੇ ਮਨੁੱਖੀ ਸਰੋਤ ਦਾ ਗਿਆਨ ਅਤੇ ਵਿਗਿਆਨ ਦੀ ਜਾਣਕਾਰੀ ਦਾ ਪੱਧਰ ਉੱਚਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਮੌਜੂਦਾ ਵਿਗਿਆਨਕ ਧਰਨਾਵਾਂ ਨੂੰ ਸਮਝ ਸਕੇ, ਨਵੀਆਂ ਧਾਰਨਾਵਾਂ ਉਤਪੰਨ ਕਰ ਸਕੇ, ਆਧੁਨਿਕ ਪ੍ਰਕਿਰਿਆਵਾਂ ਨਾਲ ਵਿੱਦਿਆ ਪ੍ਰਦਾਨ ਤੇ ਖੋਜ ਕਰ ਸਕੇ ਅਤੇ ਸਮਾਜਿਕ ਤੇ ਆਰਥਿਕ ਵਿਕਾਸ ਕਰਨ ਵਿਚ ਯੋਗਦਾਨ ਪਾ ਸਕੇ। ਇਸ ਤਰ੍ਹਾਂ ਉੱਚ-ਸਿੱਖਿਆ ਪ੍ਰਣਾਲੀ ਖੇਤਰ ਤੇ ਦੇਸ਼ ਵਿਚ ਸਰਬ-ਪੱਖੀ ਵਿਕਾਸ ਕਰਨ ਵਾਸਤੇ ਇਕ ਨੀਂਹ ਦਾ ਰੂਪ ਹਾਸਲ ਕਰ ਸਕੇਗੀ।

ਇਸ ਵਾਸਤੇ ਲੋੜ ਹੈ ਕਿ ਨਵੇਂ ਸਿਰੇ ਤੋਂ ਗਿਆਨ ਕੇਂਦਰਿਤ ਪਹਿਲਕਦਮੀਆਂ ਲੈ ਕੇ ਦੇਸ਼ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਬੁਨਿਆਦੀ ਸਹੂਲਤਾਂ, ਮਾਲੀ ਤੇ ਹੋਰ ਲੋੜਾਂ ਪੂਰੀਆਂ ਕਰ ਕੇ ਇਨ੍ਹਾਂ ਦੀ ਉੱਚ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਤੇ ਖੋਜ ਕਰਨ ਦੀ ਸਮਰਥਾ ਵਧਾਈ ਜਾਵੇ ਤਾਂ ਕਿ ਬੜੇ ਗਿਆਨ ਪ੍ਰਾਪਤ ਉੱਦਮੀ ਅਤੇ ਪ੍ਰਤਿਭਾਸ਼ਾਲੀ ਤੇ ਰਚਨਾਤਕ ਗ੍ਰੈਜੂਏਟ, ਪੋਸਟ-ਗ੍ਰੈਜੂਏਟ ਤੇ ਵਿਗਿਆਨਕ ਪੈਦਾ ਕੀਤੇ ਜਾਣ। ਉੱਚ-ਸਿੱਖਿਆ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉੱਚ-ਗੁਣਵੱਤਾ ਵਾਲੀ ਖੋਜ ਕੀਤੀ ਜਾਵੇ ਅਤੇ ਇਸ ਨੂੰ ਉੱਚ-ਦਰਜੇ ਦੇ ਅੰਤਰਰਾਸ਼ਟਰੀ ਰਸਾਲਿਆਂ ਵਿਚ ਪ੍ਰਕਾਸ਼ਿਤ ਕੀਤਾ ਜਾਵੇ। ਇਸ ਤਰ੍ਹਾਂ ਸਾਡੀਆਂ ਸੰਸਥਾਵਾਂ ਦੀ ਵਿਸ਼ਵ ਪੱਧਰ ਦੇ ਉੱਚੇ ਰੈਂਕ ਹਾਸਲ ਕਰਨ ਵਿਚ ਸਫਲ ਹੋ ਸਕਣਗੀਆਂ।

ਸਾਡੇ ਦੇਸ਼ ਵਿਚ ਵੱਡੇ ਪੱਧਰ 'ਤੇ ਉੱਚ-ਗਿਆਨ ਪ੍ਰਾਪਤ ਮਨੁੱਖੀ ਸਰੋਤ ਪੈਦਾ ਕਰਕੇ ਵਿਗਿਆਨ ਆਧਾਰਿਤ ਸਰਬ-ਪੱਖੀ ਵਿਕਾਸ ਕਰਨ ਦੀ ਜ਼ਰੂਰਤ ਦੇ ਬਾਵਜੂਦ ਮੌਜੂਦਾ ਸਮੇਂ ਵਿਚ 102 ਤੋਂ ਵੀ ਘੱਟ ਵਿਦਿਆਰਥੀ ਉੱਚ-ਸਿੱਖਿਆ ਪ੍ਰਣਾਲੀ ਵਿਚ ਦਾਖ਼ਲ ਹੁੰਦੇ ਹਨ। ਭਵਿੱਖੀ ਲੋੜ ਅਨੁਸਾਰ ਸੰਨ 2025 ਤਕ ਇਸ ਨੂੰ ਵਧਾ ਕੇ 25-30 ਪ੍ਰਤਿਸ਼ਤ ਤਕ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਇਸ ਟੀਚੇ ਨੂੰ ਹਾਸਲ ਕਰਨ ਵਾਸਤੇ ਲੋੜੀਂਦੀ ਗੁਣਵੱਤਾ ਵਾਲੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਸੰਖਿਆ ਵਿਚ ਵੱਡੇ ਪੱਧਰ 'ਤੇ ਵਾਧਾ (ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਵਿਚ) ਕਰਨ ਦੀ ਲੋੜ ਹੈ। ਇਸ ਵਾਸਤੇ ਮੌਜੂਦਾ ਚੱਲ ਰਹੀਆਂ ਸੰਸਥਾਵਾਂ ਦਾ ਆਧੁਨਿਕੀਕਰਨ ਕਰਨਾ ਜ਼ਰੂਰੀ ਹੈ ਅਤੇ ਨਾਲ ਹੀ ਖੇਤਰੀ ਸੰਭਾਵਿਕਤਾ ਤੇ ਸੰਬੰਧਿਤਤਾ ਨੂੰ ਧਿਆਨ ਵਿਚ ਰੱਖਦੇ ਹੋਏ ਲੋੜੀਂਦੀ ਗੁਣਵੱਤਾ ਵਾਲੀਆਂ ਵੱਡੀ ਗਿਣਤੀ ਵਿਚ ਉੱਚ-ਸਿੱਖਿਆ ਸੰਸਥਾਵਾਂ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਕਾਰਜ ਵਿਚ ਸਰਕਾਰ ਦੇ ਨਾਲ-ਨਾਲ ਨਿੱਜੀ ਖੇਤਰ ਦੀ ਸ਼ਮੂਲੀਅਤ 'ਤੇ ਵੀ ਜ਼ੋਰ ਦੇਣਾ ਜ਼ਰੂਰੀ ਹੈ। ਸਰਕਾਰ ਤੇ ਵਿੱਦਿਅਕ ਨੀਤੀਆਂ ਬਣਾਉਣ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਕਾਲਜਾਂ ਤੇ ਯੂਨੀਵਰਸਿਟੀ ਨੂੰ ਮਾਨਤਾ ਦੇਣ ਵਾਲੀ ਪ੍ਰਣਾਲੀ ਨੂੰ ਸਖ਼ਤੀ ਨਾਲ ਲਾਗੂ ਕਰਨ।

ਉੱਚ-ਸਿੱਖਿਆ ਸੰਸਥਾਵਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਉੱਚ-ਸਿੱਖਿਆ ਦੀ ਲੋੜੀਂਦੀ ਗੁਣਵੱਤਾ ਦਾ ਭਰੋਸਾ ਹੋਣਾ ਵੀ ਬਹੁਤ ਜ਼ਰੂਰੀ ਹੈ। ਅਸਲ ਵਿਚ, ਵੱਖ-ਵੱਖ ਵਿਸ਼ਿਆਂ ਵਿਚ ਤੇਜ਼ੀ ਨਾਲ ਵਿਗਿਆਨਕ ਉੱਨਤੀਆਂ ਹੋਣ ਨਾਲ ਸਿੱਖਿਆ ਪ੍ਰਦਾਨ ਕਰਨ ਤੇ ਖੋਜ ਕਰਨ ਦੀਆਂ ਗੁੰਝਲਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ, 'ਵਿਗਿਆਨ ਤਕਨਾਲੋਜੀ ਵਪਾਰ' ਦੇ ਸੰਬੰਧ ਵਧ ਰਹੇ ਹਨ, ਤਕਨਾਲੋਜੀ ਤੇ ਜਾਣਕਾਰੀ ਸੰਚਾਰ ਤਕਨਾਲੋਜੀਆਂ ਵਿਚ ਤੇਜ਼ੀ ਨਾਲ ਪ੍ਰਗਤੀ ਹੋ ਰਹੀ ਹੈ, ਵੱਖ-ਵੱਖ ਤਰ੍ਹਾਂ ਦੇ ਰੁਜ਼ਗਾਰ ਲੈਣ ਦੇ ਯੋਗ ਮਨੁੱਖੀ ਸਰੋਤ ਤੇ ਉੱਦਮੀ ਪੈਦਾ ਕਰਨੇ ਜ਼ਰੂਰੀ ਹਨ, ਵਿੱਤੀ ਅੜਿੱਕੇ ਵਧ ਰਹੇ ਹਨ, ਉੱਚ-ਸਿੱਖਿਆ ਲੈਣ ਵਾਸਤੇ ਖਰਚੇ ਵਧ ਰਹੇ ਹਨ ਅਤੇ ਸਮਾਜਿਕ ਤੇ ਆਰਥਿਕ ਲੋੜਾਂ ਬਦਲਦੀਆਂ ਜਾ ਰਹੀਆਂ ਹਨ। ਇਸ ਕਰਕੇ ਲੋੜ ਹੈ ਕਿ ਉੱਚ-ਸਿੱਖਿਆ ਪ੍ਰਣਾਲੀ ਦੀ ਗੁਣਵੱਤਾ ਵਾਧੇ ਵੱਲ ਕਾਇਮ ਰੱਖਣ ਵਾਸਤੇ ਗਤੀਸ਼ੀਲ ਭਵਿੱਖ ਦੀ ਸੋਚ ਵਾਲੀ ਨੀਤੀ ਬਣਾਈ ਜਾਵੇ। ਇਸ ਅਨੁਸਾਰ ਸਮੁੱਚੇ ਤੌਰ ਤੇ ਗੁਣਵੱਤਾ ਵਧਾਉਣ ਵਾਸਤੇ ਵੱਖ-ਵੱਖ ਵਿਗਿਆਨਕ ਵਿਸ਼ਿਆਂ, ਸਮਾਜਿਕ-ਵਿਗਿਆਨ, ਤਕਨਾਲੋਜੀ ਉਦਯੋਗ, ਵਪਾਰ ਤੇ ਹੋਰ ਸੰਬੰਧਿਤ ਵਿਸ਼ਿਆਂ ਤੇ ਵਿਭਾਗਾਂ ਦਾ ਆਪਸ ਵਿਚ ਵਿਗਿਆਨਕ ਨਿਰਭਰਤਾ ਵਾਲੀ ਸਾਂਝ ਤੇ ਸਹਿਯੋਗ ਨਾਲ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਤੇ ਖੋਜ ਕਰਨ ਨੂੰ ਉਤਸ਼ਾਹ ਦਿਤਾ ਜਾਵੇ। ਇਸ ਦੇ ਨਾਲ-ਨਾਲ ਸਮੇਂ ਦੀ ਲੋੜ ਹੈ ਕਿ ਉੱਚ-ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਨਾ ਸਿਰਫ਼ ਡਿਗਰੀ ਲੈਣ ਵਾਲੇ ਵਿਸ਼ਿਆਂ ਵਿਚ ਹੀ ਗਿਆਨ ਲੈਣ ਸਗੋਂ ਇਨ੍ਹਾਂ ਦੇ ਸੰਬੰਧਿਤ ਹੋਰ ਵਿਸ਼ਿਆਂ ਬਾਰੇ ਵੀ ਗਿਆਨ ਲੈਣ। ਪੈਦਾ ਕੀਤੇ ਗ੍ਰੈਜੂਏਟਾਂ ਨੂੰ ਆਪਣੀਆਂ ਸੰਚਾਰ ਮਹਾਰਤਾਂ ਵਧਾਉਣ ਵਾਸਤੇ ਖ਼ਾਸ ਵਿੱਦਿਆ ਹਾਸਲ ਕਰਨੀ ਵੀ ਜ਼ਰੂਰੀ ਹੈ। ਇਸ ਵਾਸਤੇ ਮੌਜੂਦਾ ਇਕੋ ਹੀ ਵਿਭਾਗੀ ਵਿਸ਼ੇ ਵਿਚ ਸਿੱਖਿਆ ਲੈਣ ਜਾਂ ਪ੍ਰਦਾਨ ਕਰਨ ਵਲੋਂ ਮੁੜ ਕੇ ਵੱਖ-ਵੱਖ ਵਿਸ਼ਿਆਂ 'ਤੇ ਵਿਭਾਗਾਂ ਦੀ ਸਾਂਝ ਨਾਲ ਉੱਚ-ਸਿੱਖਿਆ ਪ੍ਰਦਾਨ ਤੇ ਖੋਜ ਕਰਨ ਨੂੰ ਮਹੱਤਤਾ

***ਬਾਕੀ ਸਫ਼ਾ 58 ਉੱਤੇ***

# ਭਾਰਤ ਵਿਚ ਵਿਕਾਸ ਪ੍ਰਸ਼ਾਸਨ

ਨਿਰਮਲ ਸਿੰਘ ਬਰਾੜ

ਜਿਥੋਂ ਤਕ ਵਿਕਾਸ ਪ੍ਰਸ਼ਾਸਨ ਦਾ ਸੰਬੰਧ ਹੈ, ਇਹ ਧਾਰਨਾ 1950 ਤੋਂ ਲੈ ਕੇ 1960 ਦੇ ਵਿਚਕਾਰ ਉਦੋਂ ਪੈਦਾ ਹੋਈ ਜਦੋਂ ਲੋਕ ਪ੍ਰਸ਼ਾਸਨ ਦੇ ਅਰਥ ਨੂੰ ਜਾਣਨ ਲਈ ਜ਼ਿਆਦਾ ਧਿਆਨ ਪੁਰਾਤਨ ਲੋਕ ਪ੍ਰਸ਼ਾਸਨ ਅਤੇ ਲੋਕ ਪ੍ਰਸ਼ਾਸਨ ਦੀ ਧਾਰਨਾ ਨੂੰ ਸਮਝਣ ਦਾ ਯਤਨ ਕੀਤਾ ਜਾ ਰਿਹਾ ਸੀ। ਇਸੇ ਤਰ੍ਹਾਂ ਬਹੁਤ ਸਾਰੇ ਵਿਕਾਸਸ਼ੀਲ ਦੇਸ਼ ਜਿਨ੍ਹਾਂ ਵਿਚ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇਸ਼ ਆਉਂਦੇ ਹਨ, ਉਹ ਉਸ ਸਮੇਂ ਬਸਤੀਵਾਦੀ ਸ਼ੋਸ਼ਣ ਤੋਂ ਆਜ਼ਾਦ ਹੋਏ ਸਨ। ਵਿਕਾਸ ਪ੍ਰਸ਼ਾਸਨ ਦੀ ਧਾਰਨਾ ਉਸ ਸਮੇਂ ਵੀ ਮਹੱਤਵਪੂਰਨ ਬਣ ਗਈ, ਜਦੋਂ ਸੰਯੁਕਤ ਰਾਸ਼ਟਰ ਨੇ ਵਿਕਾਸ ਕਰ ਰਹੇ ਦੇਸ਼ਾਂ ਲਈ ਕੁਝ ਵਿਕਾਸਮੁਖੀ ਸਕੀਮਾਂ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੇ ਯਤਨ ਕੀਤੇ ਸਨ। ਵਿਸ਼ੇਸ਼ ਤੌਰ ਤੇ ਅਮਰੀਕਾ ਆਪਣੀ ਆਰਥਿਕ ਅਤੇ ਤਕਨੀਕੀ ਸਹਾਇਤਾ ਨੂੰ ਵਿਕਾਸਸ਼ੀਲ ਦੇਸ਼ਾਂ ਉੱਪਰ ਲਾਗੂ ਕਰਨਾ ਚਾਹੁੰਦਾ ਸੀ ਜਿਸ ਦੇ ਸਿੱਟੇ ਵਜੋਂ ਤੁਲਨਾਤਮਕ ਲੋਕ ਪ੍ਰਸ਼ਾਸਨ ਦੀ ਧਾਰਨਾ ਦਾ ਜਨਮ ਵੀ ਹੋਇਆ। ਅਸਲ ਵਿਚ, ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਜਦੋਂ ਵਿਕਾਸਸ਼ੀਲ ਦੇਸ਼ਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੱਛਮੀ ਮਾਡਲ ਇਨ੍ਹਾਂ ਦੇਸ਼ਾਂ ਵਿਚ ਅਸਫਲ ਹੋ ਗਿਆ ਤਾਂ ਵਿਕਾਸ ਪ੍ਰਸ਼ਾਸਨ ਦਾ ਜਨਮ ਹੋਇਆ। ਦੂਸਰੇ ਮਹਾਂ ਯੁੱਧ ਤੋਂ ਬਾਅਦ ਵਿਕਾਸਸ਼ੀਲ ਦੇਸ਼ਾਂ ਵਿਚ ਪ੍ਰਸ਼ਾਸਨ ਨੂੰ ਲੋਕ ਸਹਾਇਤਾ, ਆਰਥਿਕ ਵਿਕਾਸ ਅਤੇ ਰਾਸ਼ਟਰੀ ਨਿਰਮਾਣ ਦੇ ਕਾਰਜ ਸੌਂਪੇ ਗਏ ਇਥੋਂ ਤਕ ਕਿ ਇਨ੍ਹਾਂ ਦੇਸ਼ਾਂ ਵਿਚ ਪਹਿਲੀ ਤੇ ਮਹੱਤਵਪੂਰਨ ਲੋੜ ਇਹ ਸੀ ਕਿ ਜਨਤਾ ਨੂੰ ਪ੍ਰਸ਼ਾਸਨ ਦੇ ਕਾਰਜਾਂ ਵਿਚ ਭਾਗੀਦਾਰੀ ਦਿਤੀ ਜਾਵੇ ਤਾਂ ਕਿ ਜਨਤਾ ਅਤੇ ਪ੍ਰਸ਼ਾਸਨ ਮਿਲ ਕੇ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰ ਸਕਣ। ਇਸ ਤੋਂ ਪਹਿਲਾਂ ਇਨ੍ਹਾਂ ਸਮਾਜਾਂ ਵਿਚ ਨਾਗਰਿਕ ਅਤੇ ਪ੍ਰਸ਼ਾਸਨ ਦੇ ਕਾਰਜਾਂ ਵਿਚ ਦੂਰੀ ਪਾਈ ਜਾਂਦੀ ਸੀ। ਪਰ ਇਸ ਧਾਰਨਾ ਨਾਲ ਪ੍ਰਸ਼ਾਸਨ ਨਾਗਰਿਕਾਂ ਨਾਲ ਮਿਲ ਕੇ ਰਾਸ਼ਟਰੀ ਨਿਰਮਾਣ ਲਈ ਖੇਤਰੀ ਵਿਕਾਸ, ਸਿੱਖਿਆ ਦਾ ਪ੍ਰਸਾਰ ਅਤੇ ਪਰਿਵਾਰ ਨਿਯੋਜਨ ਵਰਗੀਆਂ ਸਰਗਰਮੀਆਂ ਨੂੰ ਪੂਰਾ ਕਰਨ ਲਈ ਯਤਨ ਕਰਨ ਲੱਗ ਪਿਆ, ਜਿਸ ਨੇ ਵਿਕਾਸ ਪ੍ਰਸ਼ਾਸਨ ਨੂੰ ਜਨਮ ਦਿਤਾ।

ਭਾਰਤ ਵਿਚ ਵਿਕਾਸ ਪ੍ਰਸ਼ਾਸਨ ਸ਼ਬਦ ਦਾ ਇਸਤੇਮਾਲ ਇਕ ਪ੍ਰਸ਼ਾਸਨਿਕ ਅਧਿਕਾਰੀ ਯੂ ਐੱਲ ਗੋਸਵਾਮੀ ਨੇ ਕੀਤਾ ਸੀ। ਇਹ ਸ਼ਬਦ ਉਨ੍ਹਾਂ ਦੇ ਲੇਖ 'ਦਿ ਸਟ੍ਰਕਚਰ ਆਫ਼ ਡਿਵੈਲਪਮੈਂਟ ਐਡਮਨਿਸ-ਟ੍ਰੇਸ਼ਨ ਇਨ ਇੰਡੀਆ' ਵਿਚ ਵਰਤਿਆ ਗਿਆ ਸੀ ਜਿਹੜਾ ਕਿ 1955 ਵਿਚ 'ਦਿ ਇੰਡੀਅਨ ਜਰਨਲ ਆਫ਼ ਪਬਲਿਕ ਐਡਮਨਿਸਟ੍ਰੇਸ਼ਨ' ਵਿਚ ਪ੍ਰਕਾਸ਼ਿਤ ਹੋਇਆ ਸੀ। ਪਰ ਵਿਕਾਸ ਪ੍ਰਸ਼ਾਸਨ ਦੀ ਧਾਰਨਾ ਨੂੰ ਸ਼ੁਰੂ ਕਰਨ ਵਿਚ ਜੌਰਜ ਗਾਂਟ ਮੁੱਖ ਚਿੰਤਕ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਵਿਕਾਸ ਪ੍ਰਸ਼ਾਸਨ ਦਾ ਪਿਤਾਮਾ ਕਿਹਾ ਜਾਂਦਾ ਹੈ।

## ਵਿਕਾਸ ਪ੍ਰਸ਼ਾਸਨ ਦਾ ਅਰਥ

ਜਿਥੋਂ ਤਕ ਵਿਕਾਸ ਪ੍ਰਸ਼ਾਸਨ ਦੇ ਅਰਥ ਦਾ ਸੰਬੰਧ ਹੈ ਇਸ ਨੂੰ ਕੁਝ ਲੇਖਕਾਂ ਨੇ ਆਧੁਨਿਕੀਕਰਨ ਦੇ ਬਰਾਬਰ ਹੀ ਮੰਨਿਆ ਹੈ। ਜਦ ਕਿ ਕੁਝ ਵਿਦਵਾਨਾਂ ਦੁਆਰਾ ਆਰਥਿਕ ਵਿਕਾਸ ਦੇ ਟੀਚੇ ਪ੍ਰਾਪਤ ਕਰਨ ਲਈ ਇਕ ਕੁਸ਼ਲ ਸਾਧਨ ਦੇ ਰੂਪ ਵਿਚ ਇਸ ਨੂੰ ਵਧੇਰੇ ਮਹੱਤਤਾ ਦਿਤੀ ਗਈ ਹੈ। ਇਸੇ ਤਰ੍ਹਾਂ ਕੁਝ ਲੇਖਕ ਇਸ ਧਾਰਨਾ ਨੂੰ 'ਵਿਕਾਸ ਪ੍ਰਸ਼ਾਸਨ' ਅਤੇ 'ਪ੍ਰਸ਼ਾਸਨ ਦਾ ਵਿਕਾਸ' ਦੋ ਧਾਰਨਾਵਾਂ ਦੇ ਪੱਖ ਤੋਂ ਦੇਖਦੇ ਹਨ। ਭਾਵੇਂ ਕਿ ਪਹਿਲਾਂ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਪ੍ਰਸ਼ਾਸਨ ਇਕ ਉਪ-ਪ੍ਰਨਾਲੀ ਦੇ ਤੌਰ ਤੇ ਭੂਮਿਕਾ ਨਿਭਾਉਣ ਵਾਲੀ ਪ੍ਰਣਾਲੀ ਵਜੋਂ ਜਾਣਿਆ ਜਾਂਦਾ ਰਿਹਾ ਹੈ, ਪਰ ਕੁਝ ਲੇਖਕਾਂ ਨੇ ਆਧੁਨਿਕ ਸਮੇਂ ਵਿਚ ਇਸ ਨੂੰ ਨਿਯਮਿਤ ਅਤੇ ਵਿਗਿਆਨਕ ਰੂਪ ਵਿਚ ਜਾਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਪੱਖ ਦੇ ਲੇਖਕਾਂ ਵਿਚ ਵੈਡਨਰ, ਰਿਗਜ਼, ਫੈਨਸੋਡ, ਮੰਟਗੁਮਰੀ ਦੇ ਨਾਂ ਸ਼ਾਮਿਲ ਹਨ, ਜਿਹੜੇ ਕਿ ਵਿਕਾਸ ਪ੍ਰਸ਼ਾਸਨ ਦੀ ਧਾਰਨਾ ਨਾਲ ਸੰਬੰਧਿਤ ਹਨ। ਪਹਿਲੀ ਧਾਰਨਾ ਦੇ ਲੇਖਕਾਂ ਵਿਚੋਂ ਮੰਟਗੁਮਰੀ ਨੇ ਇਸ ਦੀ ਪਰਿਭਾਸ਼ਾ ਇਸ ਤਰ੍ਹਾਂ ਦਿਤੀ ਹੈ, 'ਵਿਕਾਸ ਪ੍ਰਸ਼ਾਸਨ ਦਾ ਭਾਵ ਆਰਥਿਕਤਾ ਜਿਨ੍ਹਾਂ ਵਿਚ ਖੇਤੀ ਉਦਯੋਗ ਜਾਂ ਪੂੰਜੀ ਸ਼ਾਮਿਲ ਹੋਵੇ ਇਸ ਤਰ੍ਹਾਂ ਰਾਜ ਦੀਆਂ ਸਮਾਜਿਕ ਸੇਵਾਵਾਂ ਜਿਨ੍ਹਾਂ ਵਿਚ ਸਿੱਖਿਆ ਅਤੇ ਸਿਹਤ ਸ਼ਾਮਿਲ ਹੋਣ ਉਨ੍ਹਾਂ ਵਿਚ ਨਿਯੋਜਿਤ ਤਬਦੀਲੀ ਲਿਆਉਣਾ ਹੈ। ਇਸ ਦਾ ਆਮ ਤੌਰ ਤੇ ਰਾਜਨੀਤਕ ਯੋਗਤਾਵਾਂ ਵਿਚ ਸੁਧਾਰ ਕਰਨ ਦੇ ਯਤਨਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ।" ਇਸੇ ਤਰ੍ਹਾਂ ਇਸ ਦੀ ਪਰਿਭਾਸ਼ਾ ਦਿੰਦੇ ਹੋਏ ਫੈਨਸੋਡ ਦਾ ਕਹਿਣਾ ਹੈ ਕਿ "ਵਿਕਾਸ ਪ੍ਰਸ਼ਾਸਨ ਨਵੇਂ ਮੁੱਲਾਂ ਨੂੰ ਲਿਆਉਣ ਵਾਲਾ ਹੈ। ਇਸ ਵਿਚ ਨਵੀਨੀਕਰਨ ਅਤੇ ਉਦਯੋਗੀਕਰਨ ਨੂੰ ਪ੍ਰਾਪਤ ਕਰਨ ਵਾਲੇ ਵਿਕਾਸਸ਼ੀਲ ਦੇਸ਼ਾਂ ਦੁਆਰਾ ਕੀਤੇ ਜਾ ਰਹੇ ਕਾਰਜ ਸ਼ਾਮਿਲ ਹਨ। ਆਮ ਤੌਰ ਤੇ ਵਿਕਾਸ ਪ੍ਰਸ਼ਾਸਨ ਤੋਂ ਭਾਵ ਰਾਸ਼ਟਰੀ ਆਮਦਨ ਵਿਚ ਵਾਧਾ ਕਰਨ ਲਈ ਆਰਥਿਕ ਵਿਕਾਸ ਨੂੰ ਨਿਯੋਜਿਤ ਢੰਗ ਨਾਲ ਪੂਰਾ ਕਰਨਾ ਅਤੇ ਸਾਧਨਾਂ ਨੂੰ ਗਤੀਸ਼ੀਲ ਕਰਨਾ, ਇਸ ਵਿਵਸਥਾ ਵਿਚ ਸ਼ਾਮਿਲ ਹੈ।" ਦੂਜੇ ਪੱਖ ਦੇ ਲੇਖਕਾਂ ਵਿਚ ਵਿਕਾਸ ਪ੍ਰਸ਼ਾਸਨ ਸੰਬੰਧੀ ਇਸ ਦੀ ਵਿਸਤ੍ਰਿਤ ਰੂਪ ਵਿਚ ਪਰਿਭਾਸ਼ਾ ਦਿੰਦੇ ਹੋਏ ਵੈਡਨਰ ਦਾ ਕਹਿਣਾ ਹੈ ਕਿ "ਵਿਕਾਸ ਪ੍ਰਸ਼ਾਸਨ ਆਮ ਤੌਰ ਤੇ ਸੰਗਠਨ ਦੀ ਪ੍ਰਗਤੀਸ਼ੀਲ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਉਦੇਸ਼ਾਂ ਦੀ ਪ੍ਰਾਪਤੀ ਸੰਬੰਧੀ ਉਹ

ਪ੍ਰਕਿਰਿਆ ਹੈ ਜਿਸ ਨੂੰ ਕਿ ਸੱਤਾ ਇਕ ਜਾਂ ਦੂਜੇ ਢੰਗ ਨਾਲ ਨਿਰਦੇਸ਼ਤ ਕਰਦੀ ਹੈ।" ਇਸੇ ਤਰ੍ਹਾਂ ਵਿਕਾਸ ਪ੍ਰਸ਼ਾਸਨ ਸੰਬੰਧੀ ਰਿਗਜ਼ ਨੇ ਆਪਣੀ ਪਰਿਭਾਸ਼ਾ ਦੋ ਤਰ੍ਹਾਂ ਦੇ ਪੱਖ ਤੋਂ ਦਿਤੀ ਹੈ, "ਪਹਿਲਾ ਇਸ ਦਾ ਅਰਥ ਵਿਕਾਸ ਪ੍ਰੋਗਰਾਮਾਂ ਦੇ ਪ੍ਰਸ਼ਾਸਨ ਵੱਡੇ-ਵੱਡੇ ਸੰਗਠਨ ਵਿਸ਼ੇਸ਼ ਤੌਰ ਤੇ ਸਰਕਾਰ ਦੁਆਰਾ ਆਪਣੇ ਵਿਕਾਸ ਨਾਲ ਸੰਬੰਧਿਤ ਉਦੇਸ਼ਾਂ ਦੀ ਪੂਰਤੀ ਲਈ ਨੀਤੀਆਂ ਅਤੇ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਦੀਆਂ ਵਿਧੀਆਂ ਨਾਲ ਹੈ। ਦੂਸਰਾ ਇਸ ਦਾ ਵਿਵਹਾਰਿਕ ਪੱਖ ਹੈ, ਜਿਸ ਦਾ ਅਰਥ ਪ੍ਰਸ਼ਾਸਕੀ ਸਮਰਥਾਵਾਂ ਨੂੰ ਮਜ਼ਬੂਤ ਕਰਨਾ ਹੈ।" ਇਸ ਤਰ੍ਹਾਂ ਅਸੀਂ ਜਾਣ ਸਕਦੇ ਹਾਂ ਕਿ ਵਿਕਾਸ ਪ੍ਰਸ਼ਾਸਨ ਦਾ ਅਰਥ ਵਿਕਾਸ ਕਰਨ ਦੀ ਇੱਛਾ, ਯੋਜਨਾਬੰਦੀ ਅਤੇ ਨਵੇਂ ਸਾਧਨਾਂ ਨੂੰ ਗਤੀਸ਼ੀਲ ਕਰਕੇ ਵਿਕਾਸ ਦੇ ਉਦੇਸ਼ਾਂ ਨੂੰ ਯੋਗ ਢੰਗ ਨਾਲ ਪ੍ਰਾਪਤ ਕਰਨਾ ਹੈ। ਭਾਵੇਂ ਕਿ ਵਿਕਾਸ ਪ੍ਰਸ਼ਾਸਨ ਸੰਬੰਧੀ ਦੋਹਾਂ ਤਰ੍ਹਾਂ ਦੀਆਂ ਪਰਿਭਾਸ਼ਾਵਾਂ ਵਿਚ ਮਤਭੇਦ ਪਾਏ ਜਾਂਦੇ ਹਨ ਪਰ ਵੈਡਨਰ ਦੀ ਇਸ ਪਰਿਭਾਸ਼ਾ ਨਾਲ ਸਾਰੇ ਸਹਿਮਤ ਹਨ ਕਿ ਵਿਕਾਸ ਪ੍ਰਸ਼ਾਸਨ ਕਿਰਿਆ ਅਨੁਕੂਲ ਅਤੇ ਮੰਤਵ ਅਨੁਕੂਲ ਪ੍ਰਸ਼ਾਸਕੀ ਪ੍ਰਕਿਰਿਆ ਹੈ।

## ਵਿਕਾਸ ਪ੍ਰਸ਼ਾਸਨ ਅਤੇ ਲੋਕ ਪ੍ਰਸ਼ਾਸਨ ਵਿਚ ਭਿੰਨਤਾ

ਅਸਲ ਵਿਚ, ਵਿਕਾਸ ਪ੍ਰਸ਼ਾਸਨ ਪੁਰਾਤਨ ਲੋਕ ਪ੍ਰਸ਼ਾਸਨ ਤੋਂ ਭਿੰਨ ਹੈ ਕਿਉਂਕਿ ਪੁਰਾਣੇ ਲੋਕ ਪ੍ਰਸ਼ਾਸਨ ਅਨੁਸਾਰ ਸਰਕਾਰ ਕਿਸੇ ਵਿਸ਼ੇਸ਼ ਖੇਤਰ ਜਾਂ ਸੰਗਠਨ ਦੀ ਨਾਗਰਿਕ ਲਈ ਜ਼ਿੰਮੇਵਾਰੀ ਨਿਸ਼ਚਿਤ ਕਰ ਦਿੰਦੀ ਹੈ। ਪ੍ਰਸ਼ਾਸਨ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਸ ਨੇ ਨਾਗਰਿਕ ਦੇ ਵਿਵਹਾਰ ਨੂੰ ਨਿਯੰਤ੍ਰਣ ਕਰਨਾ ਹੁੰਦਾ ਹੈ। ਪ੍ਰਸ਼ਾਸਨ ਇਨ੍ਹਾਂ ਨਾਗਰਿਕਾਂ ਨੂੰ ਸਖ਼ਤੀ ਨਾਲ ਨਿਯੰਤ੍ਰਣ ਕਰਦਾ ਹੈ, ਪਰ ਜੇ ਨਾਗਰਿਕ ਸਰਕਾਰੀ ਪ੍ਰੋਗਰਾਮਾਂ ਜਾਂ ਨੀਤੀਆਂ ਵਿਚ ਆਪਣਾ ਸਹਿਯੋਗ ਨਹੀਂ ਦਿੰਦੇ ਤਾਂ ਪ੍ਰਸ਼ਾਸਨ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਤਰ੍ਹਾਂ ਦਾ ਕਾਰਜ ਨਹੀਂ ਕਰਦਾ। ਆਮ ਤੌਰ ਤੇ ਅਜਿਹੀ ਵਿਵਸਥਾ ਕਰ ਇਕੱਠੇ ਕਰਨ ਜਾਂ ਅਪਰਾਧ ਨੂੰ ਰੋਕਣ ਲਈ ਹੁੰਦੀ ਹੈ। ਇਸ ਤਰ੍ਹਾਂ ਦੇ ਪ੍ਰਸ਼ਾਸਨ ਦੀ ਇਹ ਮਾਨਤਾ ਹੁੰਦੀ ਹੈ ਕਿ ਨਾਗਰਿਕ ਨਿਯਮਾਂ ਨੂੰ ਤੋੜਨ ਵਿਚ ਰੁਚੀ ਲੈਂਦੇ ਹਨ ਅਤੇ ਪ੍ਰਸ਼ਾਸਨ ਦਾ ਹਿੱਤ ਉਨ੍ਹਾਂ ਨਿਯਮਾਂ ਨੂੰ ਬਣਾ ਕੇ ਰੱਖਣਾ ਹੁੰਦਾ ਹੈ। ਜੇ ਨਾਗਰਿਕਾਂ ਵਲੋਂ ਅਜਿਹੇ ਨਿਯਮਾਂ ਨੂੰ ਤੋੜਿਆ ਜਾਂਦਾ ਹੈ ਤਾਂ ਪ੍ਰਸ਼ਾਸਨ ਦਾ ਮੁੱਖ ਕੰਮ ਉਨ੍ਹਾਂ ਨੂੰ ਦੰਡ ਦੇਣਾ ਹੁੰਦਾ ਹੈ। ਅਜਿਹਾ ਪ੍ਰਸ਼ਾਸਨ ਆਧੁਨਿਕ ਸਮੇਂ ਵਿਚ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ। ਕਿਉਂਕਿ ਵਰਤਮਾਨ ਸਮੇਂ ਵਿਚ ਹਰ ਦੇਸ਼ ਨੇ ਨਾਗਰਿਕਾਂ ਪ੍ਰਤਿ ਸੰਵੇਦਨਸ਼ੀਲ ਵਿਹਾਰ ਦੀ ਜ਼ਿੰਮੇਵਾਰੀ ਨਿਸ਼ਚਿਤ ਕਰ ਦਿਤੀ ਹੈ। ਇਸ ਕਰਕੇ ਵਿਕਾਸ ਪ੍ਰਸ਼ਾਸਨ ਵਧੇਰੇ ਮਹੱਤਵਪੂਰਨ ਹੋ ਗਿਆ ਹੈ। ਜਿਸ ਦੇ ਤਹਿਤ ਨਾਗਰਿਕ ਅਤੇ ਪ੍ਰਸ਼ਾਸਨ ਮਿਲ ਕੇ ਸਹਿਯੋਗ ਨਾਲ ਇਕ ਦੂਜੇ 'ਤੇ ਵਿਸ਼ਵਾਸ ਕਰਕੇ ਅਤੇ ਦੋਨੋਂ ਬਰਾਬਰ ਦੀ ਸਥਿਤੀ ਮਹਿਸੂਸ ਕਰਦੇ ਹਨ। ਵਿਕਾਸ ਪ੍ਰਸ਼ਾਸਨ ਦੇ ਤਹਿਤ ਕੇਵਲ ਨੌਕਰਸ਼ਾਹੀ ਜਾਂ ਪ੍ਰਸ਼ਾਸਨਿਕ ਪ੍ਰਕਿਰਿਆ ਹੀ ਲੋਕਾਂ ਦੇ ਕਾਰਜ ਨਹੀਂ ਕਰਦੀ, ਸਗੋਂ ਰਾਜਨੀਤਕ ਪ੍ਰਤਿਨਿਧ, ਹਿੱਤ ਸਮੂਹ ਅਤੇ ਸਮਾਜਿਕ ਸੰਗਠਨ ਵੀ ਨਾਗਰਿਕਾਂ ਦੇ ਕਾਰਜਾਂ ਨੂੰ ਪੂਰਾ ਕਰਨ ਵਿਚ ਦਿਲਚਸਪੀ ਲੈਂਦੇ ਹਨ। ਵਿਕਾਸ ਪ੍ਰਸ਼ਾਸਨ ਦੇ ਤਹਿਤ ਰਾਜਨੀਤਕ, ਆਰਥਿਕ ਅਤੇ ਸਮਾਜਿਕ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਗ਼ੈਰ-ਸਰਕਾਰੀ ਸੰਗਠਨ ਅਤੇ ਲੋਕਾਂ ਦੀਆਂ ਜਥੇਬੰਦੀਆਂ ਵੀ ਕਾਰਜ ਕਰਦੀਆਂ ਹਨ। ਇਸ ਕਰਕੇ ਵਿਕਾਸ ਪ੍ਰਸ਼ਾਸਨ ਨੌਕਰਸ਼ਾਹੀ ਦੀ ਧਾਰਨਾ ਤੋਂ ਵੀ ਵੱਖਰਾ ਹੈ। ਕਿਉਂਕਿ ਨਾਗਰਿਕਾਂ ਉਪਰ ਜੋ ਨਿਯੰਤ੍ਰਣ ਰੱਖਿਆ ਜਾਂਦਾ ਹੈ, ਉਸ ਵਿਚ ਲਚਕੀਲਾਪਨ, ਪਾਰਦਰਸ਼ਿਤਾ, ਨੈਤਿਕਤਾ, ਜ਼ਿੰਮੇਵਾਰੀ ਅਤੇ ਲੋਕਾਂ ਦੀ ਇੱਛਾ ਅਨੁਸਾਰ ਨਿਯੰਤ੍ਰਣ ਹੋਣਾ ਸ਼ਾਮਿਲ ਹੁੰਦਾ ਹੈ। ਮੁੱਖ ਤੌਰ ਤੇ ਵਿਕਾਸ ਪ੍ਰਸ਼ਾਸਨ ਅਤੇ ਲੋਕ ਪ੍ਰਸ਼ਾਸਨ ਦੀ ਭਿੰਨਤਾ ਨੂੰ ਸਪੱਸ਼ਟ ਕੀਤਾ ਗਿਆ ਹੈ।

- ਲੋਕ ਪ੍ਰਸ਼ਾਸਨ ਨਿਯੰਤ੍ਰਣ ਕਰਨ ਤਕ ਹੀ ਸੀਮਤ ਹੁੰਦਾ ਸੀ। ਭਾਵ ਪ੍ਰਸ਼ਾਸਨ ਦਾ ਕਾਰਜ ਕਾਨੂੰਨ ਤੇ ਵਿਵਸਥਾ ਬਣਾਈ ਰੱਖਣਾ, ਕਰ ਇਕੱਠਾ ਕਰਨਾ ਅਤੇ ਨਿਆਂ ਪ੍ਰਦਾਨ ਕਰਨਾ ਹੁੰਦਾ ਸੀ, ਜਦ ਕਿ ਵਿਕਾਸ ਪ੍ਰਸ਼ਾਸਨ ਸਮੱਸਿਆਵਾਂ ਅਤੇ ਵਾਤਾਵਰਨ ਅਨੁਸਾਰ ਕਾਰਜ ਕਰਦਾ ਹੈ।

- ਲੋਕ ਪ੍ਰਸ਼ਾਸਨ ਘੱਟ ਸਾਧਨਾਂ ਨਾਲ ਵੱਧ ਲੋੜਾਂ ਦੀ ਪੂਰਤੀ ਉਤੇ ਜ਼ੋਰ ਦਿੰਦਾ ਸੀ। ਇਹ ਕਿਹਾ ਜਾ ਸਕਦਾ ਹੈ ਕਿ ਕੁਸ਼ਲਤਾ ਅਤੇ ਆਰਥਿਕਤਾ ਲੋਕ ਪ੍ਰਸ਼ਾਸਨ ਦੇ ਸਿਧਾਂਤ ਹੁੰਦੇ ਹਨ। ਜਦ ਕਿ ਵਿਕਾਸ ਪ੍ਰਸ਼ਾਸਨ ਵਿਚ ਇਨ੍ਹਾਂ ਸਿਧਾਂਤਾਂ ਦੇ ਨਾਲ-ਨਾਲ, ਪ੍ਰਭਾਵਸ਼ੀਲਤਾ ਦਾ ਸਿਧਾਂਤ ਵੀ ਜੁੜ ਗਿਆ ਹੈ ਜਿਸ ਦਾ ਅਰਥ ਹੈ ਕਿ ਕਾਰਜਾਂ ਦੀ ਪੂਰਤੀ ਸਮੇਂ-ਸਿਰ ਹੋਣੀ ਚਾਹੀਦੀ ਹੈ, ਸਗੋਂ ਉਹ ਕਾਰਜ ਸਮਾਜ ਤੇ ਦੇਸ਼ ਲਈ ਪ੍ਰਭਾਵਸ਼ਾਲੀ ਵੀ ਹੋਣੇ ਚਾਹੀਦੇ ਹਨ।

- ਲੋਕ ਪ੍ਰਸ਼ਾਸਨ ਆਮ ਤੌਰ ਤੇ ਕਿਸੇ ਇਕ ਨੀਤੀ ਜਾਂ ਪ੍ਰੋਗਰਾਮ ਨੂੰ ਮੁੱਖ ਰੱਖ ਕੇ ਕਾਰਜ ਕਰਦਾ ਸੀ ਪਰ ਆਧੁਨਿਕ ਪ੍ਰਸ਼ਾਸਨ ਆਪਣੇ ਕਾਰਜਾਂ ਦੀ ਪੂਰਤੀ ਸਮੂਹਿਕ ਪ੍ਰੋਗਰਾਮਾਂ ਅਨੁਸਾਰ ਕਰਦਾ ਹੈ ਤਾਂ ਕਿ ਸਮੁੱਚੇ ਪ੍ਰਸ਼ਾਸਨ ਨੂੰ ਵਧੇਰੇ ਕੁਸ਼ਲ ਬਣਾਇਆ ਜਾ ਸਕੇ।

- ਲੋਕ ਪ੍ਰਸ਼ਾਸਨ ਆਮ ਤੌਰ ਤੇ ਕਾਰਜਾਂ ਦੀ ਪੂਰਤੀ ਵੱਲ ਵਧੇਰੇ ਧਿਆਨ ਦਿੰਦਾ ਸੀ, ਉਸ ਦੇ ਕਾਰਜ ਪੁਰਾਣੀ ਕਿਸਮ ਦੇ ਹੁੰਦੇ ਸਨ। ਜਦ ਕਿ ਵਿਕਾਸ ਪ੍ਰਸ਼ਾਸਨ ਕਾਰਜਾਂ ਨੂੰ ਸਹੀ ਸਮੇਂ ਪੂਰੇ ਕਰਨ ਲਈ ਉਸ ਵਿਚ ਨਵੀਨਤਾ ਤੇ ਕਾਰਜਾਂ ਦੀ ਗਤੀਸ਼ੀਲਤਾ 'ਤੇ ਜ਼ੋਰ ਦਿੰਦਾ ਹੈ ਤਾਂ ਕਿ ਪ੍ਰਸ਼ਾਸਨ ਦੇ ਕਾਰਜਾਂ ਨੂੰ ਆਸਾਨ ਬਣਾਇਆ ਜਾ ਸਕੇ।

- ਆਮ ਤੌਰ ਤੇ ਸੱਤਾ ਨੂੰ ਹੀ ਪ੍ਰਸ਼ਾਸਨ ਮੰਨਿਆ ਜਾਂਦਾ ਹੈ, ਜਿਹੜੀ ਕਿ ਲੋਕ ਪ੍ਰਸ਼ਾਸਨ ਦੀ ਮੁੱਖ ਵਿਸ਼ੇਸ਼ਤਾ ਹੁੰਦੀ ਸੀ। ਪਰ ਇਹ ਸੱਤਾ ਪ੍ਰਸ਼ਾਸਨ ਨੂੰ ਅਸਿੱਧੇ ਤੌਰ ਤੇ ਲੋਕਾਂ ਦੁਆਰਾ ਸੌਂਪੀ ਜਾਂਦੀ ਹੈ। ਇਸ ਕਰਕੇ ਵਿਕਾਸ ਪ੍ਰਸ਼ਾਸਨ ਜਵਾਬਦੇਹੀ ਜਾਂ ਗਤੀਸ਼ੀਲਤਾ ਦੇ ਸਿਧਾਂਤ ਉਪਰ ਆਧਾਰਿਤ ਹੈ ਤਾਂ ਕਿ ਪ੍ਰਸ਼ਾਸਨ ਨੂੰ ਲੋਕ-ਮੁਖੀ ਬਣਾਇਆ ਜਾ ਸਕੇ।

- ਪਹਿਲੀ ਕਿਸਮ ਦੇ ਪ੍ਰਸ਼ਾਸਨ ਵਿਚ ਸੱਤਾ ਦੇ ਕੇਂਦਰੀਕਰਨ ਉਤੇ ਹੀ ਜ਼ੋਰ ਦਿਤਾ ਜਾਂਦਾ ਸੀ। ਹਰ ਤਰ੍ਹਾਂ ਦੀ ਯੋਜਨਾ ਅਤੇ ਜ਼ਿੰਮੇਵਾਰੀ ਪ੍ਰਸ਼ਾਸਨ ਦੇ ਉਪਰਲੇ ਪੱਧਰ 'ਤੇ ਹੀ ਨਿਸ਼ਚਿਤ ਹੁੰਦੀ ਸੀ। ਜਦ ਕਿ ਵਿਕਾਸ ਪ੍ਰਸ਼ਾਸਨ ਅਨੁਸਾਰ ਜ਼ਿੰਮੇਵਾਰੀ ਅਤੇ ਯੋਜਨਾਬੰਦੀ ਦਾ ਵਿਕੇਂਦਰੀਕਰਨ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ।

- ਲੋਕ ਪ੍ਰਸ਼ਾਸਨ ਸਾਧਾਰਨ ਕਿਸਮ ਦੇ ਕਾਰਜ ਕਰਦਾ ਸੀ ਜਿਸ ਨੂੰ ਆਮ ਤੌਰ ਤੇ ਸਰਕਾਰ ਦਾ ਇਕ ਯੰਤਰ ਮੰਨਿਆ ਜਾਂਦਾ ਸੀ। ਪਰ ਕਲਿਆਣਕਾਰੀ ਰਾਜ ਦੀ ਧਾਰਨਾ ਕਰਕੇ ਲੋਕਾਂ ਦੇ ਕਾਰਜਾਂ ਦੀ ਪੂਰਤੀ ਕਰਨਾ ਸਰਕਾਰ ਤੇ ਪ੍ਰਸ਼ਾਸਨ ਦੀ ਮੁੱਖ ਜ਼ਿੰਮੇਵਾਰੀ ਬਣ ਗਈ ਹੈ। ਜੇ ਇਹ ਕਿਹਾ ਜਾਵੇ ਕਿ ਵਿਕਾਸ ਪ੍ਰਸ਼ਾਸਨ ਵਿਅਕਤੀ ਦੇ ਜਨਮ ਤੋਂ ਲੈ ਕੇ ਮੌਤ ਤਕ ਸਾਰੇ ਕਾਰਜਾਂ ਦੀ ਪੂਰਤੀ ਕਰਦਾ ਹੈ ਤਾਂ ਗਲਤ ਨਹੀਂ ਹੋਵੇਗਾ।

• ਲੋਕ ਪ੍ਰਸ਼ਾਸਨ ਦਾ ਖੇਤਰ ਨਿਸ਼ਚਿਤ ਹੁੰਦਾ ਹੈ ਕਿਉਂਕਿ ਉਸ ਸਮੇਂ ਸਰਕਾਰਾਂ ਦੇ ਕਾਰਜ ਸੀਮਤ ਸਨ, ਪਰ ਆਧੁਨਿਕ ਸਮੇਂ ਵਿਚ ਵਿਕਾਸ ਪ੍ਰਸ਼ਾਸਨ ਨੇ ਸਮਾਜਿਕ ਸਮਾਨਤਾ ਦੇ ਸਿਧਾਂਤ ਅਨੁਸਾਰ ਸਮਾਜ ਦੇ ਕਮਜ਼ੋਰ ਵਰਗਾਂ, ਬੱਚਿਆਂ ਅਤੇ ਔਰਤਾਂ ਦੀ ਭਲਾਈ ਕਰਨੀ ਹੈ ਜਿਸ ਨਾਲ ਇਸ ਦਾ ਖੇਤਰ ਹੋਰ ਵੱਡਾ ਹੋ ਗਿਆ ਹੈ।

• ਲੋਕ ਪ੍ਰਸ਼ਾਸਨ ਨੂੰ ਰਸਮੀ ਪ੍ਰਸ਼ਾਸਨ ਵੀ ਕਿਹਾ ਜਾਂਦਾ ਹੈ, ਜਿਸ ਦਾ ਭਾਵ ਪ੍ਰਸ਼ਾਸਨ ਨੀਤੀਆਂ, ਕਾਨੂੰਨ ਅਤੇ ਸੰਵਿਧਾਨ ਅਨੁਸਾਰ ਹੀ ਕਾਰਜ ਕਰਦਾ ਸੀ। ਜਦ ਕਿ ਆਧੁਨਿਕ ਸੰਗਠਨਾਂ ਦੀ ਮੁੱਖ ਵਿਸ਼ੇਸ਼ਤਾ ਗ਼ੈਰ-ਰਸਮੀ ਬਣ ਗਈ ਹੈ, ਜਿਸ ਦਾ ਭਾਵ ਹੈ ਕਿ ਪ੍ਰਸ਼ਾਸਨ ਮਾਨਸਿਕ, ਸਮਾਜਿਕ ਅਤੇ ਨਾਗਰਿਕ ਦੀਆਂ ਮਨੋਵਿਗਿਆਨਕ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਕਾਰਜ ਕਰਦਾ ਹੈ। ਇਸ ਕਰਕੇ ਵਿਕਾਸ ਪ੍ਰਸ਼ਾਸਨ ਆਪਣੇ ਕਾਰਜਾਂ ਨੂੰ ਪੂਰਾ ਕਰਨ ਲਈ ਨਾਗਰਿਕਾਂ ਦੀ ਭਾਗੀਦਾਰੀ ਉੱਤੇ ਜ਼ੋਰ ਦਿੰਦਾ ਹੈ।

• ਲੋਕ ਪ੍ਰਸ਼ਾਸਨ ਵਿਚ ਜੋ ਕਾਰਜ ਕੀਤੇ ਜਾਂਦੇ ਸਨ, ਆਮ ਤੌਰ ਤੇ ਉਹ ਗ਼ੈਰ ਨਿਯੋਜਿਤ ਹੁੰਦੇ ਸਨ। ਜਿਸ ਨਾਲ ਕਈ ਵਾਰ ਉਸ ਦਾ ਅਸਰ ਲੰਬੇ ਸਮੇਂ ਵਿਚ ਗਲਤ ਵੀ ਹੋ ਸਕਦਾ ਸੀ। ਪਰ ਵਿਕਾਸ ਪ੍ਰਸ਼ਾਸਨ ਨਿਯੋਜਿਤ ਯੋਜਨਾਬੰਦੀ ਅਨੁਸਾਰ ਕਾਰਜ ਕਰਦਾ ਹੈ ਤਾਂ ਕਿ ਲੰਬੇ ਸਮੇਂ ਵਿਚ ਸਹੀ ਨਤੀਜੇ ਸਾਹਮਣੇ ਆ ਸਕਣ।

## ਵਿਕਾਸ ਪ੍ਰਸ਼ਾਸਨ ਦੀ ਪ੍ਰਕਿਰਤੀ

ਵਿਕਾਸ ਪ੍ਰਸ਼ਾਸਨ ਕਿਰਿਆ-ਮੁਖੀ ਅਤੇ ਮੰਤਵ-ਮੁਖੀ ਪ੍ਰਸ਼ਾਸਕੀ ਪ੍ਰਕਿਰਿਆ ਹੈ। ਅਸਲ ਵਿਚ, ਇਹ ਪ੍ਰਸ਼ਾਸਨ ਦਾ ਨਵੀਨੀਕਰਨ ਹੈ। ਜਿਸ ਵਿਚ ਨਵੀਆਂ ਯੋਗਤਾਵਾਂ, ਨਵੇਂ ਵਿਚਾਰ ਅਤੇ ਬਹੁਤ ਸਾਰੇ ਤਜਰਬਿਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਹ ਧਾਰਨਾ ਪਰਿਵਰਤਨ ਅਤੇ ਵਾਧੇ ਨੂੰ ਪ੍ਰਾਪਤ ਕਰਨ ਲਈ ਇਕ ਇੱਛਾ ਨੂੰ ਦਰਸਾਉਂਦੀ ਹੈ। ਇਸੇ ਤਰ੍ਹਾਂ ਇਹ ਧਾਰਨਾ ਵਿਅਕਤੀਗਤ ਕਾਰਗੁਜ਼ਾਰੀ ਦੀ ਬਜਾਇ ਸਮੂਹਿਕ ਕਾਰਗੁਜ਼ਾਰੀ ਉੱਪਰ ਜ਼ਿਆਦਾ ਜ਼ੋਰ ਦਿੰਦੀ ਹੈ। ਇਸ ਦੇ ਤਹਿਤ ਪ੍ਰਸ਼ਾਸਨ ਦੀ ਸੰਗਠਨਾਤਮਕ ਬਣਤਰ ਨੂੰ ਲੋਕਾਂ ਦੀਆਂ ਇੱਛਾਵਾਂ ਨੂੰ ਸਮੇਂ ਅਨੁਸਾਰ ਤਬਦੀਲ ਕਰਨਾ ਜ਼ਰੂਰੀ ਹੈ। ਇਹ ਧਾਰਨਾ ਸਮੱਸਿਆਵਾਂ ਨੂੰ ਲੱਭਣ ਦੇ ਹੱਲ ਲਈ ਨਵੀਆਂ ਤਕਨੀਕਾਂ ਉਪਰ ਵੀ ਜ਼ੋਰ ਦਿੰਦੀ ਹੈ। ਅਸਲ ਵਿਚ, ਕਿਸੇ ਸੰਗਠਨ ਦੇ ਆਲੇ-ਦੁਆਲੇ ਵਾਪਰ ਰਹੀਆਂ ਪ੍ਰਵਿਰਤੀਆਂ ਦੇ ਨਾਲ ਉਸ ਸੰਗਠਨ ਨੂੰ ਸੰਬੰਧਿਤ ਕਰਨਾ ਹੀ ਇਸ ਦਾ ਮੁੱਖ ਉਦੇਸ਼ ਹੈ। ਇਸ ਕਰਕੇ ਵਿਕਾਸ ਪ੍ਰਸ਼ਾਸਨ ਇਕ ਅਜਿਹੀ ਮੁਹਿੰਮ ਹੈ, ਜਿਸ ਵਿਚ ਨਵੇਂ ਕਾਰਜ ਅਤੇ ਨਵੀਆਂ ਪ੍ਰਾਪਤੀਆਂ ਸ਼ਾਮਿਲ ਹਨ। ਇਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਵਿਚ ਲਚਕਤਾ, ਖੋਜ, ਗਤੀਸ਼ੀਲਤਾ, ਭਾਗੀਦਾਰੀ, ਸ਼ਮੂਲੀਅਤ ਅਤੇ ਉਦੇਸ਼ਾਂ ਦੀ ਸਪੱਸ਼ਟਤਾ ਸ਼ਾਮਿਲ ਕੀਤੀ ਜਾਂਦੀ ਹੈ। ਵਿਕਾਸ ਪ੍ਰਸ਼ਾਸਨ ਦੀ ਧਾਰਨਾ ਨੂੰ ਸਮਝਣ ਲਈ ਰਿਗਜ਼ ਨੇ ਇਸ ਨੂੰ 'ਵਿਕਾਸ ਪ੍ਰਸ਼ਾਸਨ' ਅਤੇ 'ਪ੍ਰਸ਼ਾਸਨ ਦਾ ਵਿਕਾਸ' ਦੋ ਪੱਖਾਂ ਤੋਂ ਸਮਝਿਆ ਹੈ। ਪਹਿਲੇ ਪੱਖ ਅਨੁਸਾਰ ਦੇਸ਼ ਦੀ ਸਿੱਖਿਆ ਅਤੇ ਸਮਾਜਿਕ ਪ੍ਰਣਾਲੀ ਵਿਚ ਸੁਧਾਰ, ਰਾਸ਼ਟਰੀ ਆਮਦਨ ਵਿਚ ਵਾਧਾ, ਸਿਹਤ ਸੇਵਾਵਾਂ ਵਿਚ ਸੁਧਾਰ, ਮਜ਼ਬੂਤ ਸੰਚਾਰ ਪ੍ਰਣਾਲੀ ਅਤੇ ਹੋਰ ਰਾਜਨੀਤਕ ਜਾਂ ਆਰਥਿਕ ਕਾਰਜ ਸ਼ਾਮਿਲ ਹਨ। ਜਦ ਕਿ ਦੂਜੇ ਪੱਖ ਅਨੁਸਾਰ ਇਨ੍ਹਾਂ ਮੰਤਵਾਂ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਵਿਚ ਆਧੁਨਿਕ ਤਕਨੀਕਾਂ ਦੀ ਵਰਤੋਂ, ਸੰਗਠਨ ਅਤੇ ਪ੍ਰਣਾਲੀਆਂ ਵਿਚ ਸੁਧਾਰ ਅਤੇ ਖੋਜ-ਵਿਧੀਆਂ ਨਾਲ ਪ੍ਰਸ਼ਾਸਨਿਕ ਸਮਰੱਥਾ ਨੂੰ ਵਧਾਉਣਾ ਸ਼ਾਮਿਲ ਹੈ। ਵਿਕਾਸ ਪ੍ਰਸ਼ਾਸਨ ਦੀ ਪ੍ਰਕਿਰਤੀ ਨੂੰ ਹੇਠਾਂ ਦਿਤੇ ਪੱਖਾਂ ਤੋਂ ਵੀ ਸਮਝਿਆ ਜਾ ਸਕਦਾ ਹੈ:

• *ਪਰਿਵਰਤਨ-ਮੁਖੀ :* ਵਿਕਾਸ ਪ੍ਰਸ਼ਾਸਨ ਪਰਿਵਰਤਨ ਮੁਖੀ ਪ੍ਰਸ਼ਾਸਨ ਹੈ। ਪਰਿਵਰਤਨ ਦਾ ਅਰਥ ਕਿਸੇ ਇਕ ਵਿਵਸਥਾ ਦਾ ਦੂਸਰੀ ਵਿਵਸਥਾ ਵੱਲ ਗਤੀਸ਼ੀਲ ਹੋਣਾ ਹੈ। ਇਸ ਕਰਕੇ ਵਿਕਾਸ ਪ੍ਰਸ਼ਾਸਨ ਅਸਲ ਵਿਚ ਦੇਸ਼ ਦੇ ਸਮਾਜਿਕ ਅਤੇ ਆਰਥਿਕ ਪਰਿਵਰਤਨ ਨਾਲ ਵਧੇਰੇ ਸੰਬੰਧਿਤ ਹੈ। ਜਿਸ ਅਨੁਸਾਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਪਣਾ ਵਿਹਾਰ ਅਤੇ ਕੰਮ ਦੀ ਪ੍ਰਕਿਰਤੀ ਤਬਦੀਲ ਕਰਨੀ ਚਾਹੀਦੀ ਹੈ।

• *ਉਦੇਸ਼-ਮੁਖੀ :* ਵਿਕਾਸ ਪ੍ਰਸ਼ਾਸਨ ਦਾ ਵਧੇਰੇ ਕੇਂਦਰ ਸੰਗਠਨਾਤਮਕ ਢਾਂਚੇ ਉੱਪਰ ਜ਼ਿਆਦਾ ਜ਼ੋਰ ਦੇਣ ਦੀ ਬਜਾਇ ਉਦੇਸ਼ਾਂ ਦੀ ਪ੍ਰਾਪਤੀ ਉੱਪਰ ਜ਼ਿਆਦਾ ਜ਼ੋਰ ਦੇਣਾ ਹੈ। ਵਿਕਾਸ ਪ੍ਰਸ਼ਾਸਨ ਦੇ ਕਾਰਜ ਪ੍ਰਸ਼ਾਸਨ ਨੂੰ ਆਪਣਾ ਧਿਆਨ ਟੀਚੇ ਦੀ ਪ੍ਰਾਪਤੀ ਉੱਪਰ ਦੇਣ ਲਈ ਜ਼ਿਆਦਾ ਮਹੱਤਵਪੂਰਨ ਹੁੰਦੇ ਹਨ। ਇਸ ਕਰਕੇ ਵੈਡਨਰ ਨੇ ਵਿਕਾਸ ਪ੍ਰਸ਼ਾਸਨ ਨੂੰ ਉਦੇਸ਼-ਮੁਖੀ ਕਿਹਾ ਹੈ। ਇਨ੍ਹਾਂ ਉਦੇਸ਼ਾਂ ਵਿਚ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਉਦੇਸ਼ਾਂ ਦੀ ਪ੍ਰਾਪਤੀ ਲਈ ਪ੍ਰਗਤੀ ਸ਼ਾਮਿਲ ਹੁੰਦੀ ਹੈ।

• *ਗਤੀਸ਼ੀਲਤਾ :* ਅਸਲ ਵਿਚ ਲੋਕ ਪ੍ਰਸ਼ਾਸਨ ਦੇ ਕਾਰਜ ਲੋਕਾਂ ਦੀਆਂ ਇੱਛਾਵਾਂ ਦੇ ਅਨੁਸਾਰ ਹੋਣੇ ਚਾਹੀਦੇ ਹਨ। ਵਿਕਾਸ ਪ੍ਰਸ਼ਾਸਨ ਇਸ ਗੱਲ ਨੂੰ ਤਾਂ ਯਕੀਨੀ ਬਣਾਉਂਦਾ ਹੀ ਹੈ ਕਿ ਪ੍ਰਸ਼ਾਸਨ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਕਾਰਜ ਕਰੇ, ਸਗੋਂ ਇਸ ਗੱਲ 'ਤੇ ਵੀ ਜ਼ੋਰ ਦਿੰਦਾ ਹੈ ਕਿ ਉਹ ਕਾਰਜਾਂ ਦੀ ਪੂਰਤੀ ਲਈ ਲੋਕਾਂ ਨੂੰ ਵੀ ਪ੍ਰਸ਼ਾਸਨ ਦੇ ਕਾਰਜ ਵਿਚ ਭਾਗੀਦਾਰ ਬਣਾਏ। ਅਸਲ ਵਿਚ, ਵਿਕਾਸ ਪ੍ਰਸ਼ਾਸਨ ਦੇ ਜਿੰਨੇ ਵੀ ਕਾਰਜ ਹਨ ਉਨ੍ਹਾਂ ਨੂੰ ਨਿਰਧਾਰਤ ਸਮੇਂ 'ਤੇ ਪੂਰਾ ਕਰਨਾ ਹੀ ਇਸ ਦੀ ਮੁੱਖ ਪ੍ਰਕਿਰਤੀ ਹੈ।

• *ਨਵੀਨਤਾ ਅਤੇ ਲਚਕੀਲਾਪਨ :* ਵਿਕਾਸ ਪ੍ਰਸ਼ਾਸਨ ਪੁਰਾਣੇ ਲੋਕ ਪ੍ਰਸ਼ਾਸਨ ਨਾਲੋਂ ਨਵੇਂ ਤਰੀਕੇ ਅਤੇ ਤਕਨੀਕਾਂ ਅਨੁਸਾਰ ਕਾਰਜ ਕਰਨ ਉਪਰ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ ਵਿਕਾਸ ਪ੍ਰਸ਼ਾਸਨ ਨੌਕਰਸ਼ਾਹੀ ਦੀ ਭੂਮਿਕਾ ਨੂੰ ਘੱਟ ਕਰਨ ਉਪਰ ਜ਼ੋਰ ਦਿੰਦਾ ਹੈ। ਇਸ ਦੀ ਬਜਾਇ ਵਿਕਾਸ ਪ੍ਰਸ਼ਾਸਨ ਸਰਕਾਰੀ ਕਾਰਜਾਂ ਅਤੇ ਨੀਤੀਆਂ ਨੂੰ ਲੋਕਾਂ ਦੇ ਹੀ ਕਾਰਜ ਅਤੇ ਨੀਤੀਆਂ ਵਿਚ ਪਰਿਵਰਤਨ ਕਰਨ ਦੀ ਭੂਮਿਕਾ ਵੀ ਨਿਭਾਉਂਦਾ ਹੈ। ਦਰਅਸਲ, ਵਿਕਾਸ ਪ੍ਰਸ਼ਾਸਨ ਕਿਸੇ ਵੀ ਪ੍ਰੋਗਰਾਮ ਦੀ ਤਹਿ ਤਕ ਪਹੁੰਚਣ ਦਾ ਹੀ ਦੂਸਰਾ ਨਾਂ ਹੈ।

• *ਲਾਭ-ਮੁਖੀ :* ਵਿਕਾਸ ਪ੍ਰਸ਼ਾਸਨ ਅਸਲ ਵਿਚ ਲਾਭ ਉਪਯੋਗੀ ਮੁਖੀ ਪ੍ਰਸ਼ਾਸਨ ਹੈ। ਇਸ ਦਾ ਮੁੱਖ ਉਦੇਸ਼ ਉਨ੍ਹਾਂ ਲੋਕਾਂ ਨੂੰ ਆਪਣੀਆਂ ਸੇਵਾਵਾਂ ਅਤੇ ਉਤਪਾਦਨ ਦਾ ਲਾਭ ਪਹੁੰਚਾਉਣਾ ਹੈ, ਜਿਨ੍ਹਾਂ ਲਈ ਸੰਗਠਨ ਸਥਾਪਤ ਕੀਤੇ ਗਏ ਹਨ। ਅਜਿਹਾ ਪ੍ਰਸ਼ਾਸਨ ਲਾਭ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਪਛਾਣ ਕਰਨ ਉਪਰ ਜ਼ੋਰ ਦਿੰਦਾ ਹੈ ਤਾਂ ਕਿ ਪ੍ਰਸ਼ਾਸਨ ਦੀ ਭੂਮਿਕਾ ਉਨ੍ਹਾਂ ਲੋਕਾਂ ਦੀਆਂ ਲੋੜਾਂ ਅਨੁਸਾਰ ਯਕੀਨੀ ਬਣਾਏ।

• *ਪ੍ਰਭਾਵਸ਼ਾਲੀ ਏਕੀਕਰਨ :* ਵਿਕਾਸ ਦੇ ਕਾਰਜਾਂ ਨੂੰ ਪੂਰਾ ਕਰਨ ਲਈ ਇਹ ਗੱਲ ਮਹੱਤਵਪੂਰਨ ਹੈ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਵਿਕਾਸ ਸੰਬੰਧੀ ਲੱਗੇ ਵੱਖ-ਵੱਖ ਸੰਗਠਨਾਂ ਵਿਚ ਏਕੀਕਰਨ ਦੀ ਧਾਰਨਾ ਪੈਦਾ ਕੀਤੀ ਜਾ ਸਕੇ। ਇਹ ਕਿਹਾ ਜਾ ਸਕਦਾ ਹੈ ਕਿ ਏਕੀਕਰਨ ਅਤੇ ਤਾਲਮੇਲ ਵਿਕਾਸ ਪ੍ਰਸ਼ਾਸਨ ਦੀ ਮੁੱਖ

ਵਿਸ਼ੇਸ਼ਤਾ ਹੈ। ਕਿਉਂਕਿ ਹੁਣ ਤਕ ਜਿੰਨੇ ਵੀ ਪ੍ਰੋਗਰਾਮ ਜਾਂ ਨੀਤੀਆਂ ਅਸਫਲ ਹੋਈਆਂ ਹਨ ਉਹ ਕੇਵਲ ਤਾਲਮੇਲ ਅਤੇ ਏਕੀਕਰਨ ਦੀ ਘਾਟ ਕਰਕੇ ਹੀ ਅਸਫਲ ਹੋਈਆਂ ਹਨ। ਜੇ ਕਿਸੇ ਸੰਗਠਨ 'ਚ ਤਾਲਮੇਲ ਅਤੇ ਏਕੀਕਰਨ ਪ੍ਰਭਾਵਸ਼ਾਲੀ ਹੋਣਗੇ ਤਾਂ ਉਸ ਦੇ ਟੀਚੇ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੂਰੇ ਕੀਤੇ ਜਾ ਸਕਣਗੇ।

ਸਹੀ ਗੱਲ ਤਾਂ ਇਹ ਹੈ ਕਿ ਵਿਕਾਸ ਪ੍ਰਸ਼ਾਸਨ ਕਿਸੇ ਕਾਰਜ ਨੂੰ ਸਮੇਂ-ਸਿਰ ਪੂਰਾ ਕਰਨ ਉੱਪਰ ਹੀ ਜ਼ੋਰ ਦਿੰਦਾ ਹੈ। ਇਹ ਅਧਿਕਾਰੀਆਂ ਦੀ ਉਨ੍ਹਾਂ ਕਾਰਜਾਂ ਪ੍ਰਤਿ ਜ਼ਿੰਮੇਵਾਰੀ ਵੀ ਨਿਸ਼ਚਿਤ ਕਰਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਲੋਕਤੰਤਰਿਕ ਕਾਰਜਾਂ ਪ੍ਰਤਿ ਜ਼ਿੰਮੇਵਾਰੀ ਵੀ ਨਿਸ਼ਚਿਤ ਕਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਲੋਕਤੰਤਰਿਕ ਦੇਸ਼ਾਂ ਵਿਚ ਪ੍ਰਸ਼ਾਸਕੀ ਸਮਰੱਥਾ ਦੀ ਘਾਟ ਹੋਣ ਕਰਕੇ ਪ੍ਰਸ਼ਾਸਨ ਲੋਕਾਂ ਪ੍ਰਤਿ ਪੂਰੀ ਤਰ੍ਹਾਂ ਜਵਾਬਦੇਹ ਨਹੀਂ ਹੈ। ਜਵਾਬਦੇਹੀ ਦੀ ਧਾਰਨਾ ਨੂੰ ਯਕੀਨੀ ਬਣਾਉਣਾ ਵਿਕਾਸ ਪ੍ਰਸ਼ਾਸਨ ਦੀ ਮੁੱਖ ਵਿਸ਼ੇਸ਼ਤਾ ਮੰਨੀ ਜਾ ਸਕਦੀ ਹੈ। ਸੰਖੇਪ ਵਿਚ, ਕਿਹਾ ਜਾ ਸਕਦਾ ਹੈ ਕਿ ਵਿਕਾਸ ਪ੍ਰਸ਼ਾਸਨ ਪਰਿਵਰਤਨ ਮੁਖੀ ਤੇ ਸਮਾਂ-ਮੁਖੀ, ਨਾਗਰਿਕਾਂ ਪ੍ਰਤਿ ਜ਼ਿੰਮੇਵਾਰੀ, ਕਾਰਜਾਂ ਪ੍ਰਤਿ ਨਿਸ਼ਚਿਤਤਾ, ਗਾਹਕ-ਮੁਖੀ ਅਤੇ ਸਮਾਂ-ਮੁਖੀ ਪ੍ਰਸ਼ਾਸਨ ਹੈ ਜਿਸ ਵਿਚ ਵਿਕਾਸ-ਮੁਖੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕਾਰਜਾਂ ਦੀ ਸਥਿਤੀ ਵਿਚ ਉੱਚ ਪੱਧਰ ਦਾ ਮਨੋਬਲ, ਪ੍ਰੇਰਨਾ ਅਤੇ ਲੋਕਾਂ ਦੀਆਂ ਮੰਗਾਂ ਤੇ ਲੋੜਾਂ ਪ੍ਰਤਿ ਉੱਚ-ਪੱਧਰ ਦੀ ਜ਼ਿੰਮੇਵਾਰੀ ਹੁੰਦੀ ਹੈ।

## ਵਿਕਾਸ ਪ੍ਰਸ਼ਾਸਨ ਦਾ ਖੇਤਰ

ਵਿਕਾਸ ਪ੍ਰਸ਼ਾਸਨ ਦੀ ਧਾਰਨਾ ਰਾਜ ਦੀ ਧਾਰਨਾ ਬਦਲਣ ਦੇ ਨਾਲ ਪੈਦਾ ਹੋਈ ਹੈ। ਜਿਸ ਦੇ ਤਹਿਤ ਸਰਕਾਰ ਦੇ ਕਾਰਜ ਤਬਦੀਲ ਹੋ ਰਹੇ ਹਨ ਅਤੇ ਨਵੀਆਂ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਵਰਤਮਾਨ ਪ੍ਰਸ਼ਾਸਕੀ ਮਸ਼ੀਨਰੀ ਵਿਚ ਸੁਧਾਰ ਕੀਤੇ ਜਾ ਰਹੇ ਹਨ। ਇਸ ਕਰਕੇ ਹੀ ਵਰਤਮਾਨ ਸਮੇਂ ਆਰਥਿਕ ਯੋਜਨਾਬੰਦੀ ਨੂੰ ਵਧੇਰੇ ਮਹੱਤਤਾ ਦਿਤੀ ਜਾ ਰਹੀ ਹੈ। ਇਸ ਦੇ ਨਾਲ-ਨਾਲ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ। ਜੇ ਇਹ ਕਿਹਾ ਜਾਵੇ ਕਿ ਵਿਕਾਸ ਪ੍ਰਸ਼ਾਸਨ ਅਜਿਹੀ ਧਾਰਨਾ ਹੈ ਕਿ ਜਿਸ ਨਾਲ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਸਰਕਾਰੀ ਕਾਰਜਾਂ ਅਤੇ ਸਗਰਮੀਆਂ ਲਈ ਪ੍ਰਗਤੀਸ਼ੀਲ ਬਣਾਉਣਾ ਹੈ ਤਾਂ ਇਹ ਗਲਤ ਨਹੀਂ ਹੋਵੇਗਾ। ਇਹ ਧਾਰਨਾ ਪ੍ਰਸ਼ਾਸਕੀ ਸਰਗਰਮੀਆਂ ਵਿਚ ਖੋਜ ਅਤੇ ਵਿਗਿਆਨਕ ਅਧਿਐਨ ਦੀ ਧਾਰਨਾ ਨੂੰ ਜਨਮ ਦਿੰਦੀ ਹੈ। ਸੱਚ ਤਾਂ ਇਹ ਹੈ ਕਿ ਵਿਕਾਸ ਪ੍ਰਸ਼ਾਸਨ ਦੀ ਧਾਰਨਾ ਲੋਕਾਂ, ਰਾਜਨੀਤੀਵਾਨਾਂ ਅਤੇ ਨੌਕਰਸ਼ਾਹੀ ਵਿਚਕਾਰ ਮਿਲਵਰਤਨ ਪੈਦਾ ਕਰਨ ਦਾ ਨਾਂ ਹੈ। ਇਸ ਦੇ ਨਾਲ ਆਧੁਨਿਕੀਕਰਨ, ਤਾਲਮੇਲ, ਸਥਾਨਕ ਸਮੱਸਿਆਵਾਂ ਦੀ ਜਾਣਕਾਰੀ, ਦੇਸ਼ ਦੇ ਕਾਰਜਾਂ ਨੂੰ ਸਮਰਪਿਤ ਅਗਵਾਈ ਪ੍ਰਦਾਨ ਕਰਨਾ ਵਿਕਾਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਉਪਰੋਕਤ ਗੱਲਾਂ ਨੂੰ ਇਸ ਕਰਕੇ ਵਰਣਨ ਕੀਤਾ ਗਿਆ ਹੈ ਕਿਉਂਕਿ ਅਜਿਹੇ ਕਾਰਨਾਂ ਕਰਕੇ ਹੀ ਵਿਕਾਸ ਪ੍ਰਸ਼ਾਸਨ ਦਾ ਖੇਤਰ ਵਧ ਗਿਆ ਹੈ। ਜਿਸ ਤਰ੍ਹਾਂ ਵਿਕਾਸ ਪ੍ਰਸ਼ਾਸਨ ਦੀ ਪ੍ਰਕਿਰਤੀ ਬਾਰੇ ਵੱਖ-ਵੱਖ ਤਰ੍ਹਾਂ ਦੇ ਵਿਚਾਰ ਪਾਏ ਜਾਂਦੇ ਹਨ, ਉਸੇ ਤਰ੍ਹਾਂ ਵਿਕਾਸ ਪ੍ਰਸ਼ਾਸਨ ਦੀ ਪ੍ਰਕਿਰਤੀ ਬਾਰੇ ਵੱਖ-ਵੱਖ ਲੇਖਕਾਂ ਵਿਚ ਭਿੰਨਤਾ ਪਾਈ ਜਾਂਦੀ ਹੈ।

- *ਵਿਸਤਾਰ ਅਤੇ ਸਮੁਦਾਇਕ ਸੇਵਾਵਾਂ :* ਰਾਸ਼ਟਰ ਦੇ ਬਹੁਪੱਖੀ ਵਿਕਾਸ ਲਈ ਬਹੁਤ ਸਾਰੇ ਸਮੁਦਾਇਕ ਪ੍ਰੋਗਰਾਮ ਅਤੇ ਸੇਵਾਵਾਂ ਦੀ ਵਿਵਸਥਾ ਕੀਤੀ ਗਈ ਹੈ। ਜਿਸ ਕਰਕੇ ਇਨ੍ਹਾਂ ਸੇਵਾਵਾਂ ਨੂੰ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਅਤੇ ਸਰਕਾਰ ਦੇ ਵਿਚਕਾਰ ਭਾਗੀਦਾਰੀ ਦੀ ਧਾਰਨਾ ਪੈਦਾ ਕੀਤੀ ਜਾ ਰਹੀ ਹੈ। ਇਨ੍ਹਾਂ ਸੇਵਾਵਾਂ ਵਿਚ ਤਕਨੀਕੀ, ਸੰਸਥਾਗਤ ਅਤੇ ਵਿੱਤੀ ਸੇਵਾਵਾਂ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਸੇਵਾਵਾਂ ਨੂੰ ਸਫਲ ਬਣਾਉਣ ਲਈ ਸਵੈ-ਇੱਛਤ ਸੰਗਠਨਾਂ ਨੂੰ ਮਹੱਤਵ ਦਿਤਾ ਜਾ ਰਿਹਾ ਹੈ ਜਿਸ ਦਾ ਭਾਵ ਕਿ ਜਿਨ੍ਹਾਂ ਲੋਕਾਂ ਲਈ ਇਹ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਉਹ ਹੀ ਇਨ੍ਹਾਂ ਸੇਵਾਵਾਂ ਲਈ ਪਹਿਲਕਦਮੀਆਂ ਕਰ ਸਕਦੇ ਹਨ ਅਤੇ ਉਹ ਸਹੀ ਜ਼ਿੰਮੇਵਾਰੀ ਵੀ ਸੰਭਾਲ ਸਕਦੇ ਹਨ। ਇਸ ਦੇ ਨਾਲ-ਨਾਲ ਇਹ ਸਮੱਸਿਆ ਵੀ ਪੈਦਾ ਹੋ ਰਹੀ ਹੈ ਕਿ ਜੋ ਵਿਸਤਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਉਹ ਲੋਕਾਂ ਤਕ ਪੂਰੀ ਤਰ੍ਹਾਂ ਪਹੁੰਚ ਨਹੀਂ ਰਹੀਆਂ ਹਨ। ਕਿਉਂਕਿ ਸਾਧਨਾਂ ਦੀ ਕਮੀ ਹੋਣ ਕਰਕੇ ਉਨ੍ਹਾਂ ਸੇਵਾਵਾਂ ਨੂੰ ਲੋਕਾਂ ਤਕ ਪਹੁੰਚਾਉਣ ਦੀ ਸਮੱਸਿਆ ਆ ਰਹੀ ਹੈ। ਵਿਸ਼ੇਸ਼ ਤੌਰ ਤੇ ਕਮਜ਼ੋਰ ਵਰਗ, ਅੰਗਹੀਣ ਵਿਅਕਤੀ ਅਤੇ ਮਨੋਵਿਗਿਆਨਕ ਤੌਰ ਤੇ ਅਪਾਹਜ ਵਿਅਕਤੀਆਂ ਨੂੰ ਸਮੇਂ-ਸਿਰ ਸੇਵਾਵਾਂ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੇ ਸੰਭਾਲੀ ਹੈ। ਅਜਿਹੀਆਂ ਸਮਾਜਿਕ ਸੇਵਾਵਾਂ ਦੇ ਹੱਲ ਲਈ ਪ੍ਰਸ਼ਾਸਕੀ ਸਰਗਰਮੀਆਂ ਵਿਚ ਵਾਧਾ ਹੋਇਆ ਹੈ, ਜਿਸ ਨੇ ਵਿਕਾਸ ਪ੍ਰਸ਼ਾਸਨ ਦੇ ਖੇਤਰ ਨੂੰ ਵਧਾ ਦਿਤਾ ਹੈ।

- *ਪ੍ਰੋਗਰਾਮ ਯੋਜਨਾਬੰਦੀ :* ਪ੍ਰੋਗਰਾਮ ਯੋਜਨਾਬੰਦੀ ਤੋਂ ਭਾਵ ਹੈ ਕਿ ਦੇਸ਼ ਦੇ ਮੌਜੂਦਾ ਸਰੋਤਾਂ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਬੰਧ ਕਰਨਾ ਜ਼ਰੂਰੀ ਹੈ ਤਾਂ ਕਿ ਜ਼ਿਆਦਾ ਮਾਤਰਾ ਵਿਚ ਉਤਪਾਦਨ ਪੈਦਾ ਕੀਤਾ ਜਾ ਸਕੇ। ਇਹ ਧਾਰਨਾ ਸੰਗਠਨ ਦੇ ਕਰਮਚਾਰੀ, ਕਾਨੂੰਨਸਾਜ਼ ਅਤੇ ਕਰਮਚਾਰੀਆਂ ਦੇ ਵਿਹਾਰ ਨੂੰ ਸ਼ਾਮਿਲ ਕਰਦੀ ਹੈ। ਅਸਲ ਵਿਚ, ਪ੍ਰਸ਼ਾਸਕੀ ਸਰਗਰਮੀਆਂ ਦਾ ਇਸ ਤਰ੍ਹਾਂ ਅਧਿਐਨ ਨਹੀਂ ਕੀਤਾ ਜਾ ਸਕਦਾ ਕਿ ਕਿਹੜਾ ਪਹਿਲੂ ਵਧੇਰੇ ਮਹੱਤਵਪੂਰਨ ਹੈ। ਇਸ ਕਰਕੇ ਯੋਜਨਾਬੰਦੀ ਪ੍ਰੋਗਰਾਮ ਵਿਚ ਨਵੇਂ ਤਰ੍ਹਾਂ ਦੀਆਂ ਸੰਸਥਾਵਾਂ ਦਾ ਨਿਰਮਾਣ ਹੋਇਆ ਹੈ। ਉਦਾਹਰਣ ਦੇ ਤੌਰ ਤੇ ਜੇ ਕੋਈ ਯੋਜਨਾ ਫੇਲ੍ਹ ਹੋ ਜਾਂਦੀ ਹੈ ਤਾਂ ਉਸ ਦਾ ਮੁੱਖ ਕਾਰਨ ਹੈ ਅਨੁਮਾਨ ਸਹੀ ਤਰੀਕੇ ਨਾਲ ਨਹੀਂ ਲਗਾਇਆ ਗਿਆ ਤੇ ਨਾ ਹੀ ਸਹੀ ਸਾਧਨਾਂ ਦੀ ਚੋਣ ਕੀਤੀ ਗਈ ਹੈ। ਇਸ ਤਰ੍ਹਾਂ ਦੇ ਪਹਿਲੂਆਂ ਨੇ ਵਿਕਾਸ ਪ੍ਰਸ਼ਾਸਨ ਦੇ ਖੇਤਰ ਵਿਚ ਹੋਰ ਵੀ ਵਾਧਾ ਕੀਤਾ ਹੈ।

- *ਪ੍ਰਜੈਕਟ ਪ੍ਰਬੰਧ :* ਭਾਵੇਂ ਕਿ ਲੋਕ ਪ੍ਰਸ਼ਾਸਨ ਵਿਚ ਪ੍ਰਬੰਧ ਨੂੰ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ ਪਰ ਇਹ ਧਾਰਨਾ ਬਦਲ ਕੇ ਪ੍ਰੋਜੈਕਟ ਪ੍ਰਬੰਧ ਦਾ ਰੂਪ ਧਾਰਨ ਕਰ ਰਹੀ ਹੈ। ਕਿਉਂਕਿ ਦੇਸ਼ ਵਿਚ ਸਿੰਜਾਈ, ਸ਼ਕਤੀ, ਊਰਜਾ ਅਤੇ ਵਾਤਾਵਰਨ ਦੇ ਨਿਯੰਤ੍ਰਣ ਲਈ ਵੱਡੀਆਂ-ਵੱਡੀਆ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਜਿਸ ਦੇ ਤਹਿਤ ਨੀਤੀ ਬਣਾਉਣ ਅਤੇ ਲਾਗੂ ਕਰਨ ਦਾ ਅਧਿਕਾਰ ਅਜਿਹੇ ਪ੍ਰਬੰਧ ਨੂੰ ਹੀ ਦਿਤਾ ਜਾ ਰਿਹਾ ਹੈ। ਅਸਲ ਵਿਚ, ਇਹ ਪ੍ਰਸ਼ਾਸਨ ਲਈ ਇਕ ਵੱਡੀ ਚੁਨੌਤੀ ਅਤੇ ਉਸ ਦੀ ਤਕਨੀਕੀ ਸਮਰੱਥਾ ਉਪਰ ਪ੍ਰਸ਼ਨ ਚਿੰਨ੍ਹ ਹੈ। ਕਿਉਂਕਿ ਲੋਕ ਪ੍ਰਸ਼ਾਸਨ ਆਪਣੀਆਂ ਮੁਢਲੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲਈ ਪਹਿਲੇ ਪੱਧਰ 'ਤੇ ਹੀ ਅਸਫਲ ਹੋ ਰਿਹਾ ਹੈ। ਇਸ ਕਰਕੇ ਪ੍ਰਸ਼ਾਸਕੀ ਕੰਮਾਂ ਉਪਰ ਰਾਜਨੀਤਕ ਦਬਾਅ ਘੱਟ ਕਰਨ ਲਈ ਪ੍ਰੋਜੈਕਟ ਪ੍ਰਬੰਧ ਦੀ ਧਾਰਨਾ ਵਧੇਰੇ ਜ਼ੋਰ ਫੜ ਰਹੀ ਹੈ। ਅਜਿਹੀ ਧਾਰਨਾ ਨਾਲ ਵੀ ਵਿਕਾਸ ਪ੍ਰਸ਼ਾਸਨ ਦਾ ਖੇਤਰ ਵਿਸ਼ਾਲ ਹੋ ਗਿਆ ਹੈ।

• *ਖੇਤਰੀ ਵਿਕਾਸ :* ਖੇਤਰੀ ਵਿਕਾਸ ਲੋਕ ਪ੍ਰਸ਼ਾਸਨ ਦਾ ਇਕ ਬਹੁਤ ਹੀ ਗੁੰਝਲਦਾਰ ਖੇਤਰ ਹੈ। ਖੇਤਰੀ ਵਿਕਾਸ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਮੁਸ਼ਕਿਲ ਆਉਂਦੀ ਹੈ। ਆਮ ਤੌਰ ਤੇ ਅਜਿਹੇ ਪਹਿਲੂ ਰਾਜ ਪੱਧਰ, ਜ਼ਿਲ੍ਹਾ ਪੱਧਰ ਤੇ ਬਲਾਕ ਪੱਧਰ 'ਤੇ ਵਪਾਰਦੇ ਹਨ। ਜਿਸ ਤਰ੍ਹਾਂ ਕਿ ਪੰਚਾਇਤੀ ਰਾਜ ਸੰਸਥਾਵਾਂ, ਸਹਿਕਾਰਤਾ ਅਤੇ ਕਈ ਸਵੈ-ਇੱਛਤ ਸੰਸਥਾਵਾਂ ਸਥਾਨ ਪੱਧਰ 'ਤੇ ਕਾਰਜ ਕਰਦੀਆਂ ਹਨ। ਸਰਕਾਰ ਇਨ੍ਹਾਂ ਸੰਸਥਾਵਾਂ ਦੀ ਸਲਾਹ ਨਾਲ ਯੋਜਨਾ ਤਿਆਰ ਕਰਦੀ ਹੈ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਹੀ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਦਾ ਯਤਨ ਕਰਦੀ ਹੈ। ਵਰਤਮਾਨ ਸਮੇਂ ਕੇਂਦਰੀ ਅਤੇ ਰਾਜ ਸਰਕਾਰਾਂ ਅਜਿਹੀਆਂ ਸੰਸਥਾਵਾਂ ਦੇ ਵਿਕਾਸ ਲਈ ਯਤਨਸ਼ੀਲ ਹਨ। ਇਸ ਕਰਕੇ ਕਿਹਾ ਜਾ ਸਕਦਾ ਹੈ ਕਿ ਇਸ ਪ੍ਰਕਿਰਤੀ ਨੇ ਵੱਖ-ਵੱਖ ਹੋਰ ਸੰਸਥਾਵਾਂ ਅਤੇ ਯੂਨੀਵਰਸਿਟੀਆਂ ਵਿਚ ਖੇਤਰੀ ਵਿਕਾਸ ਦੇ ਹੱਲ ਲਈ ਨਵੇਂ-ਨਵੇਂ ਤਜਰਬੇ ਕੀਤੇ ਹਨ, ਜੋ ਕਿ ਵਿਕਾਸ ਪ੍ਰਸ਼ਾਸਨ ਦਾ ਨਵਾਂ ਪਹਿਲੂ ਮੰਨੇ ਜਾਂਦੇ ਹਨ।

• *ਸ਼ਹਿਰੀ ਪ੍ਰਸ਼ਾਸਨ :* ਸ਼ਹਿਰੀ ਸਥਾਨਕ ਸੰਸਥਾਵਾਂ ਦੀ ਸਥਾਪਨਾ ਬ੍ਰਤਾਨਵੀ ਸ਼ਾਸਨ ਤੋਂ ਹੋਈ ਹੈ। ਪਰ ਸ਼ਹਿਰੀ ਸੰਸਥਾਵਾਂ ਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਸ਼ਹਿਰੀ ਖੇਤਰ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ। ਸ਼ਹਿਰੀ ਖੇਤਰਾਂ ਦੇ ਲੋਕ ਆਪਣੀਆਂ ਸਮੱਸਿਆਵਾਂ ਦਾ ਮਹੱਤਵਪੂਰਨ ਹੱਲ ਚਾਹੁੰਦੇ ਹਨ। ਭਾਰਤ ਵਿਚ ਵਧ ਰਹੇ ਸ਼ਹਿਰੀਕਰਨ ਨੇ ਵੀ ਸਰਕਾਰ ਦਾ ਧਿਆਨ ਇਥੋਂ ਦੀਆਂ ਸਮੱਸਿਆਵਾਂ ਵੱਲ ਦਿਵਾਇਆ ਹੈ, ਜਿਸ ਕਰਕੇ ਸ਼ਹਿਰੀ ਸੇਵਾਵਾਂ ਦੀ ਚੰਗੇ ਤਰੀਕੇ ਨਾਲ ਵੰਡ ਅਤੇ ਸਮੇਂ-ਸਿਰ ਇਨ੍ਹਾਂ ਦੀ ਪੂਰਤੀ ਕਰਨਾ ਵਿਕਾਸ ਪ੍ਰਸ਼ਾਸਨ ਦੇ ਖੇਤਰ ਵਿਚ ਸ਼ਾਮਿਲ ਹੋ ਗਿਆ ਹੈ।

*ਕਰਮਚਾਰੀ ਵਰਗ ਵਿਕਾਸ ਤੇ ਪ੍ਰਸ਼ਾਸਨ :* ਭਾਵੇਂ ਕਿ ਪੁਰਾਣੇ ਸਮੇਂ ਵਿਚ ਕਰਮਚਾਰੀਆਂ ਨੂੰ ਬਿਨਾਂ ਸਿਖਲਾਈ ਦਿਤੇ ਕਾਰਜਾਂ ਦੀ ਜ਼ਿੰਮੇਵਾਰੀ ਸੰਭਾਲ ਦਿਤੀ ਜਾਂਦੀ ਸੀ ਪਰ ਵਰਤਮਾਨ ਸਮੇਂ 'ਚ ਕਰਮਚਾਰੀਆਂ ਵਿਚ ਘਟ ਰਹੀ ਪ੍ਰੇਰਨਾ ਦੀ ਘਾਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਜਿਸ ਨਾਲ ਕਰਮਚਾਰੀਆਂ ਵਿਚ ਤਕਨੀਕੀ ਨਿਪੁੰਨਤਾ, ਪਾਰਦਰਸ਼ਿਤਾ, ਕੰਮ ਪ੍ਰਤਿ ਉਤਸ਼ਾਹ, ਦੂਰਦ੍ਰਿਸ਼ਟੀ, ਚਰਿੱਤਰ ਅਤੇ ਕਈ ਹੋਰ ਮਹੱਤਵਪੂਰਨ ਗੱਲਾਂ ਵੱਲ ਧਿਆਨ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਤੇਜ਼ੀ ਨਾਲ ਵਧ ਰਹੇ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਪ੍ਰਸ਼ਾਸਨਿਕ ਖੇਤਰ ਨੇ ਵੀ ਕਰਮਚਾਰੀਆਂ ਵਿਚ ਉਦੇਸ਼ ਦੀ ਸਪੱਸ਼ਟਤਾ, ਨੀਤੀ ਨਿਰਮਾਣ ਦੀ ਤਕਨੀਕ, ਫ਼ੈਸਲਾ ਲੈਣ ਦੀ ਸ਼ਕਤੀ, ਪ੍ਰਭਾਵਸ਼ਾਲੀ ਨਿਰੀਖਣ ਅਤੇ ਨਿਰਦੇਸ਼ਨ ਦੇਣ ਦੀ ਭਾਵਨਾ ਪੈਦਾ ਕੀਤੀ ਹੈ, ਜਿਸ ਕਰਕੇ ਵਿਕਾਸ ਪ੍ਰਸ਼ਾਸਨ ਦਾ ਖੇਤਰ ਵਧ ਗਿਆ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

***ਸਫ਼ਾ 53 ਦੀ ਬਾਕੀ***

ਦੇਣੀ ਚਾਹੀਦੀ ਹੈ। ਉਦਯੋਗ ਤੇ ਹੋਰ ਨਿੱਜੀ ਅਦਾਰਿਆਂ ਵਿਚ ਕੰਮ ਕਰ ਰਹੇ ਵਿਗਿਆਨੀਆਂ ਦੀ ਉੱਚ-ਸਿੱਖਿਆ ਪ੍ਰਣਾਲੀ ਵਿਚ ਸ਼ਮੂਲੀਅਤ ਨਾਲ ਪੈਦਾ ਕੀਤੇ ਗ੍ਰੈਜੂਏਟਾਂ ਤੇ ਹੋਰ ਮਨੁੱਖੀ ਸਰੋਤਾਂ ਨੂੰ ਰੁਜ਼ਗਾਰ ਲੈਣ ਦੇ ਕਾਬਲ ਬਣਾਉਣ ਵਿਚ ਫ਼ਾਇਦਾ ਹੋ ਸਕਦਾ ਹੈ।

ਸਮਾਂ ਹੈ ਕਿ ਉੱਚ-ਸਿੱਖਿਆ ਪ੍ਰਣਾਲੀ ਵਿਸ਼ਵ ਪੱਧਰ ਦਾ ਦ੍ਰਿਸ਼ਟੀਕੋਨ ਅਪਨਾਵੇ। ਇਸ ਵਾਸਤੇ ਦੁਨੀਆਂ ਭਰ ਦੇ ਵਿਗਿਆਨੀ, ਅਧਿਆਪਕ, ਉੱਚ-ਸਿੱਖਿਆ ਸੰਸਥਾਵਾਂ, ਵਿਦਿਆਰਥੀ, ਉਦਯੋਗ, ਗ਼ੈਰ-ਸਰਕਾਰੀ ਸੰਗਠਨ ਅਤੇ ਹੋਰ ਸੰਬੰਧਿਤ ਅਦਾਰੇ ਆਪਸ ਵਿਚ ਵਿਚਾਰ-ਵਟਾਂਦਰੇ ਕਰਨ, ਗਿਆਨ ਨੂੰ ਇਕ ਦੂਸਰੇ ਕੋਲ ਪਹੁੰਚਾਉਣ ਅਤੇ ਉੱਚ-ਗੁਣਵੱਤਾ ਵਾਲੀ ਸਿੱਖਿਆ ਪ੍ਰਣਾਲੀ ਤੇ ਖੋਜ ਕਰਨ ਵਿਚ ਸਹਾਈ ਹੋਣ। ਆਨ-ਲਾਈਨ ਦੇ ਮਾਧਿਅਮ ਨਾਲ ਇਹ ਵਿਚਾਰ-ਵਟਾਂਦਰੇ ਕਰ ਕੇ ਨਵੀਆਂ-ਨਵੀਆਂ ਜਾਣਕਾਰੀਆਂ ਕਿਸੇ ਵੀ ਸਮੇਂ, ਕਿਸੇ ਵੀ ਥਾਂ 'ਤੇ ਤੇਜ਼ੀ ਨਾਲ ਪਹੁੰਚਾਈਆਂ ਜਾ ਸਕਦੀਆਂ ਹਨ। ਇਸ ਵਾਸਤੇ ਇਕ ਲੰਮੇ ਸਮੇਂ ਦੀ ਯੋਜਨਾ ਬਣਾ ਕੇ ਵਿਗਿਆਨੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸੂਚਨਾ ਸੰਚਾਰ ਤਕਨਾਲੋਜੀ ਵਿਚ ਸਿੱਖਿਅਤ ਕੀਤਾ ਜਾਣਾ ਜ਼ਰੂਰੀ ਹੈ।

ਇਕ ਬੁਨਿਆਦੀ ਤੇ ਉੱਚ-ਮਹੱਤਤਾ ਵਾਲੀ ਜ਼ਰੂਰਤ ਇਹ ਹੈ ਕਿ ਉੱਚ-ਸਿੱਖਿਆ ਸੰਸਥਾਵਾਂ ਨੂੰ 'ਲੋੜ ਨਾਲੋਂ ਘੱਟ' ਧਨ ਉਪਲਬਧ ਹੋਣ ਦੇ ਸੰਕਟ ਵਿਚ ਫਸਣ ਤੋਂ ਬਚਾਉਣਾ ਸਰਕਾਰ ਯਕੀਨੀ ਬਣਾਵੇ। ਕੇਂਦਰ ਸਰਕਾਰ ਵਲੋਂ ਸਥਾਪਤ ਸੰਸਥਾਵਾਂ ਤੇ ਯੂਨੀਵਰਸਿਟੀਆਂ ਨੂੰ ਛੱਡ ਕੇ ਬਾਕੀ ਰਿਵਾਇਤੀ ਕਾਲਜ ਤੇ ਯੂਨੀਵਰਸਿਟੀਆਂ ਦੀ ਵਿੱਤੀ ਹਾਲਤ ਆਮ ਤੌਰ ਤੇ ਬਹੁਤ ਮਾੜੀ ਰਹਿੰਦੀ ਹੈ। ਨੀਤੀਆਂ ਬਣਾਉਣ ਵਾਲਿਆਂ ਤੇ ਵਿੱਤੀ-ਪ੍ਰਬੰਧਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਲੋੜੀਂਦੀ ਪੂੰਜੀ ਮੁਹੱਈਆ ਕਰਨ ਸਮੇਤ ਉੱਚ-ਸਿੱਖਿਆ ਪ੍ਰਣਾਲੀ ਵਿਚ ਆਧੁਨਿਕੀਕਰਨ ਅਤੇ ਵਿਸ਼ਵ ਦੇ ਉੱਨਤ ਦੇਸ਼ਾਂ ਦੇ ਪੱਧਰ ਦੀ ਗੁਣਵੱਤਾ ਵਾਲੇ ਉੱਚ-ਸਿੱਖਿਆ ਪ੍ਰਦਾਨ ਕਰਨ ਤੇ ਉੱਚ-ਕੋਟੀ ਦੀ ਖੋਜ ਕਰਨ ਵਾਸਤੇ ਇਸ ਪ੍ਰਣਾਲੀ ਕੋਲੋਂ ਆਸਮਾਨ ਛੂੰਹਦੀਆਂ ਆਸਾਂ ਨਹੀਂ ਲਾਈਆ ਜਾ ਸਕਦੀਆਂ। ਸਰਕਾਰ ਵਲੋਂ ਲੋੜਾਂ ਨਾਲੋਂ ਘੱਟ ਮਾਲੀ ਮਦਦ (ਖ਼ਾਸ ਤੌਰ ਤੇ ਤਨਖ਼ਾਹਾਂ ਤੋਂ ਇਲਾਵਾ) ਮਿਲਣ ਨਾਲ ਲੋੜੀਂਦੀਆਂ ਬੁਨਿਆਦੀ ਸਹੂਲਤਾ ਪੈਦਾ ਨਹੀਂ ਕੀਤੀਆਂ ਜਾਂਦੀਆਂ, ਨਾ ਹੀ ਇਨ੍ਹਾਂ ਨੂੰ ਕੰਮ ਕਰਨ ਦੀ ਹਾਲਤ ਵਿਚ ਕਾਇਮ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਪ੍ਰਤਿਭਾਸ਼ਾਲੀ ਯੋਗ ਵਿਗਿਆਨਕਾਂ ਤੇ ਅਧਿਆਪਕਾਂ ਨੂੰ ਅਕਰਸ਼ਿਤ ਕੀਤਾ ਜਾ ਸਕਦਾ ਹੈ। ਇਸ ਨਾਲ ਸਿੱਖਿਆ ਦੀ ਗੁਣਵੱਤਾ ਨੀਵੀਂ ਹੁੰਦੀ ਜਾਂਦੀ ਹੈ ਅਤੇ ਉੱਚ-ਸਿੱਖਿਆ ਪ੍ਰਦਾਨ ਕਰਨ ਤੇ ਖੋਜ ਦਾ ਮਿਆਰ ਵਿਸ਼ਵ ਪੱਧਰ ਦੀ ਬਰਾਬਰੀ 'ਤੇ ਲਿਆਉਣਾ ਅਸੰਭਵ ਹੋ ਜਾਂਦਾ ਹੈ। ਇਸ ਵਾਸਤੇ ਲੋੜ ਹੈ ਕਿ ਸਿੱਖਿਆ ਖੇਤਰ ਵਿਚ ਸਰਕਾਰੀ ਬਜਟ ਮੌਜੂਦਾ 0.6 ਪ੍ਰਤਿਸ਼ਤ ਕੁੱਲ ਘਰੇਲੂ ਉਤਪਾਦ ਤੋਂ ਵਧਾ ਕੇ ਘੱਟੋ-ਘੱਟ 3 ਪ੍ਰਤਿਸ਼ਤ ਕਰਨਾ ਚਾਹੀਦਾ ਹੈ। ਭਾਵੇਂ ਦੇਸ਼ ਦਾ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਤੇ ਹੋਰ ਕੇਂਦਰ ਸਰਕਾਰ ਦੇ ਅਦਾਰੇ ਵੀ ਯੂਨੀ-ਵਰਸਿਟੀਆਂ ਦੀ ਕਾਫੀ ਮਾਲੀ ਮਦਦ ਕਰਦੇ ਹਨ, ਪਰ ਕਿਉਂਕਿ ਸਿੱਖਿਆ ਦਾ ਵਿਸ਼ਾ ਰਾਜਾਂ ਦੀ ਜ਼ਿੰਮੇਵਾਰੀ ਹੇਠ ਆਉਂਦਾ ਹੈ, ਇਸ ਲਈ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਲੋੜੀਂਦੀ ਰਾਸ਼ੀ ਉਪਲਬਧ ਕਰਨਾ ਯਕੀਨੀ ਬਣਾਉਣ।

ਸਮੇਂ ਦੀ ਲੋੜ ਹੈ ਕਿ ਵਿੱਦਿਅਕ ਨੀਤੀਆਂ ਬਣਾਉਣ ਵਾਲੇ ਤੇ ਲਾਗੂ ਕਰਨ ਵਾਲੇ ਅਤੇ ਵਿੱਤੀ ਪ੍ਰਬੰਧਕ ਯੂਨੀਵਰਸਿਟੀਆਂ, ਕਾਲਜਾਂ ਤੇ ਹੋਰ ਸੰਸਥਾਵਾਂ ਦੇ ਸਿੱਖਿਆ ਪ੍ਰਦਾਨ ਕਰਨ ਤੇ ਖੋਜ ਕਰਨ ਦੇ ਖੇਤਰਾਂ ਨੂੰ ਆਧੁਨਿਕ ਬਣਾਉਣ ਵਾਸਤੇ ਲੋੜੀਂਦੀ ਮਾਲੀ ਸਹਾਇਤਾ ਤੇ ਹੋਰ ਸਮਰਥਨ ਦੇਣ। ਤਾਂ ਜੋ ਦੇਸ਼ ਦੀ ਉੱਚ ਸਿੱਖਿਆ ਪ੍ਰਣਾਲੀ ਦੀ ਵਿਗਿਆਨ ਤੇ ਵਿੱਦਿਅਕ ਗੁਣਵੱਤਾ ਵਿਸ਼ਵ ਦੇ ਉੱਨਤੀ ਕੀਤੇ ਦੇਸ਼ਾਂ ਨਾਲ ਮੇਲ ਖਾ ਸਕੇ।

*(ਲੇਖਕ ਸੇਵਾ-ਮੁਕਤ ਨਿਰਦੇਸ਼ਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਹੈ।)*

# ਮਿਜ਼ਾਈਲ ਮੈਨ : ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ

ਕੁਲਦੀਪ ਸਿੰਘ ਧੀਰ

ਅਵੁਲ ਪਾਕਿਰ ਜੈਨੁਲਾਬਦੀਨ ਅਬਦੁਲ ਕਲਾਮ। ਜਿੰਨਾ ਵੱਡਾ ਨਾਮ ਹੈ ਉਨਾ ਵੱਡਾ ਬੰਦਾ। ਉਨਾ ਵੱਡਾ ਵਿਗਿਆਨੀ। ਭਾਰਤ ਦੇ ਰਾਸ਼ਟਰਪਤੀ ਰਹੇ ਉਹ। ਧਰਮਾਂ ਦੀਆਂ ਹੱਦਬੰਦੀਆਂ ਉਲੰਘ ਕੇ ਉਨ੍ਹਾਂ ਹਰ ਭਾਰਤੀ ਦੀ ਮੁਹੱਬਤ ਹਾਸਿਲ ਕੀਤੀ। ਭਾਂਤ-ਭਾਂਤ ਦੀਆਂ ਮਿਜ਼ਾਈਲਾਂ ਤੇ ਲੜਾਕੂ ਜਹਾਜ਼ਾਂ ਦੇ ਵਿਕਾਸ ਵਿਚ ਉਨ੍ਹਾਂ ਦੇ ਯੋਗਦਾਨ ਕਾਰਨ ਦੇਸ਼-ਵਿਦੇਸ਼ ਵਿਚ ਉਨ੍ਹਾਂ ਨੂੰ ਮਿਜ਼ਾਈਲ ਮੈਨ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਦੇਸ਼ ਨੂੰ ਦੁਨੀਆਂ ਦੀਆਂ ਐਟਮੀ ਸ਼ਕਤੀਆਂ ਵਿਚ ਸ਼ਾਮਿਲ ਕਰਨ ਵਾਲੇ 1998 ਦੇ ਪੋਖਰਨ ਦੇ ਐਟਮੀ ਵਿਸਫੋਟਾਂ ਸਮੇਂ ਵੀ ਉਨ੍ਹਾਂ ਨੇ ਯਾਦਗਾਰੀ ਭੂਮਿਕਾ ਨਿਭਾਈ।ਉਨ੍ਹਾਂ ਨੇ ਇਹ ਸਿੱਧ ਕਰ ਵਿਖਾਇਆ ਕਿ ਭਾਰਤ ਵਿਗਿਆਨ ਤੇ ਤਕਨਾਲੋਜੀ ਪੱਖੋਂ ਕਿਸੇ ਵੀ ਪੱਛਮੀ ਦੇਸ਼ ਨਾਲੋਂ ਪਿੱਛੇ ਨਹੀਂ ਹੈ। ਅਸੀਂ ਆਪਣੀ ਹਿੰਮਤ, ਆਪਣੇ ਗਿਆਨ, ਆਪਣੀ ਯੋਗਤਾ ਨਾਲ ਆਪਣੇ ਦੇਸ਼ ਵਿਚ ਮਿਜ਼ਾਈਲਾਂ, ਐਟਮ ਬੰਬ ਅਤੇ ਹਾਈਡਰੋਜਨ ਬੰਬ ਤਕ ਬਣਾ ਸਕਦੇ ਹਾਂ।

ਡਾ. ਕਲਾਮ ਦਾ ਜਨਮ 15 ਅਕਤੂਬਰ 1931 ਨੂੰ ਦੱਖਣੀ-ਭਾਰਤ ਦੇ ਤੀਰਥ ਸਥਾਨ ਰਾਮੇਸ਼ਵਰਮ ਵਿਚ ਹੋਇਆ। ਪਿਤਾ ਸਮੁੰਦਰ ਵਿਚੋਂ ਮੱਛੀਆਂ ਫੜਨ ਵਾਲੇ ਮਲਾਹਾਂ ਲਈ ਬੇੜੀਆਂ ਬਣਾਉਂਦਾ ਅਤੇ ਕਿਰਾਏ ਉਤੇ ਦਿੰਦਾ। ਕਲਾਮ ਦੇ ਲੰਬੇ ਨਾਮ ਵਿਚ ਅਵੁਲ ਉਨ੍ਹਾਂ ਦੇ ਪੜਦਾਦੇ, ਪਾਕਿਰ ਦਾਦੇ ਤੇ ਜੁਨੁਲ ਆਬਦੀਨ ਪਿਤਾ ਦਾ ਨਾਮ ਹੈ। ਕਲਾਮ ਦੀ ਮਾਤਾ ਦਾ ਨਾਂ ਆਸ਼ੀਅੰਮਾ ਸੀ। ਉਨ੍ਹਾਂ ਦੀ ਇਕ ਭੈਣ ਤੇ ਤਿੰਨ ਭਰਾ ਹੋਰ ਸਨ। ਪਿਤਾ ਨਿਮਾਜ਼ੀ ਮੁਸਲਮਾਨ ਹੋਣ ਦੇ ਬਾਵਜੂਦ ਉਦਾਰ ਮਾਨਵਵਾਦੀ ਸੀ। ਮਾਤਾ ਸਾਧਾਰਨ ਭਾਰਤੀ ਔਰਤ ਜੋ ਪਤੀ ਤੇ ਬੱਚਿਆਂ ਦੀ ਸੇਵਾ ਤੇ ਸੁਖ ਲਈ ਹਰ ਕਸ਼ਟ ਸਹਿਣ ਨੂੰ ਤਿਆਰ ਹੁੰਦੀ ਹੈ। ਆਪਣੇ ਪਰਿਵਾਰ ਵਿਚੋਂ ਕਲਾਮ ਸਕੂਲ ਜਾਣ ਵਾਲਾ ਪਹਿਲਾ ਬੱਚਾ ਸੀ। ਉਨ੍ਹਾਂ ਦੇ ਪਿਤਾ ਦੇ ਮਿੱਤਰ ਮੰਦਰ ਦੇ ਪੁਜਾਰੀ ਦਾ ਬੇਟਾ ਰਾਧਾ ਨੰਦਰ ਕਲਾਮ ਦਾ ਹਮ-ਉਮਰ ਦੋਸਤ ਸੀ। ਦੋਵੇਂ ਜਣੇ ਪਿੰਡ ਦੇ ਪ੍ਰਾਇਮਰੀ ਸਕੂਲ ਜਾਂਦੇ। ਪੜ੍ਹਾਈ ਦੇ ਨਾਲ-ਨਾਲ ਚਚੇਰੇ ਭਰਾ ਸ਼ਮਸਦੀਨ ਨਾਲ ਰਲ ਕੇ ਅਖ਼ਬਾਰਾਂ ਵੰਡਣ ਤੇ ਵੇਚਣ ਦਾ ਕੰਮ ਕਰਦੇ। ਦਸਵੀ ਉਨ੍ਹਾਂ ਰਾਮਾਨਾਥਾਪੁਰਮ ਦੇ ਸ਼ਾਰਟਸ ਹਾਈ ਸਕੂਲ ਤੋਂ ਕੀਤੀ ਅਤੇ ਇੰਟਰਮੀਡੀਏਟ ਤ੍ਰਿਚਨਾਪਲੀ ਦੇ ਸੇਂਟ ਜੋਜ਼ਫ ਕਾਲਜ ਤੋਂ। ਉਥੇ 1950 ਤੋਂ 1954 ਤਕ ਉਨ੍ਹਾਂ ਨੇ ਬੀ ਐੱਸ ਸੀ ਕੀਤੀ। ਪਿਤਾ ਕੋਲ ਅੱਗੇ ਪੜ੍ਹਾਉਣ ਦੀ ਸਮਰਥਾ ਨਹੀਂ ਸੀ। ਉਨ੍ਹਾਂ ਦੀ ਵਿਆਹੀ ਭੈਣ ਜ਼ੋਹਰਾ ਨੇ ਆਪਣੇ ਪਤੀ ਜਲਾਲੁਦੀਨ ਨਾਲ ਰਲ ਕੇ ਅਗਲੀ ਪੜ੍ਹਾਈ ਦਾ ਬੀੜਾ ਚੁੱਕਿਆ। ਕਲਾਮ ਮਦਰਾਸ ਇੰਸਟੀਚਿਊਟ ਆਫ਼ ਤਕਨਾਲੋਜੀ ਵਿਚ ਐਰੋਨਾਟਿਕ ਇੰਜੀਨੀਅਰੀ ਕਰਨ ਲੱਗੇ।

ਇੰਜੀਨੀਅਰਿੰਗ ਕਾਲਜ ਵਿਚ ਪ੍ਰਜੈਕਟ ਵਜੋਂ ਕਲਾਮ ਤੇ ਉਸ ਦੇ ਚਾਰ ਜਮਾਤੀਆਂ ਨੂੰ ਨੀਵੀਂ ਉਡਾਰੀ ਵਾਲੇ ਲੜਾਕੂ ਜਹਾਜ਼ ਡੀਜ਼ਾਈਨ ਕਰਨ ਨੂੰ ਕਿਹਾ ਗਿਆ। ਪ੍ਰਜੈਕਟ ਦਾ ਡੀਜ਼ਾਈਨ ਲੈ ਕੇ ਉਹ ਡਾਇਰੈਕਟਰ ਕੋਲ ਗਏ ਤਾਂ ਉਸ ਨੇ ਡੀਜ਼ਾਈਨ ਰੱਦ ਕਰ ਕੇ ਤਿੰਨ ਦਿਨ ਵਿਚ ਨਵਾਂ ਡੀਜ਼ਾਈਨ ਪੇਸ਼ ਕਰਨ ਨੂੰ ਕਿਹਾ। ਸਾਰੇ ਸਾਥੀ ਘਬਰਾ ਗਏ। ਇੰਝ ਨਾ ਹੋਣ 'ਤੇ ਕਲਾਮ ਦਾ ਸਕਾਲਰਸ਼ਿਪ ਹੀ ਬੰਦ ਹੋ ਜਾਣਾ ਸੀ। ਕਲਾਮ ਫਿਰ ਵੀ ਨਾ ਘਬਰਾਏ। ਉਨ੍ਹਾਂ ਦਿਨ ਰਾਤ ਇਕ ਕਰ ਕੇ ਨਵਾਂ ਡੀਜ਼ਾਈਨ ਤਿੰਨ ਦਿਨ ਵਿਚ ਪੂਰਾ ਕਰਕੇ ਡਾਇਰੈਕਟਰ ਪ੍ਰੋ. ਸ੍ਰੀਨਿਵਾਸਨ ਅੱਗੇ ਰਖ ਦਿਤਾ ਅਤੇ ਉਸ ਦਾ ਦਿਲ ਜਿਤ ਲਿਆ।

ਇੰਜੀਨੀਅਰਿੰਗ ਦਾ ਡਿਪੋਲੋਮਾ ਲੈ ਕੇ 1957 ਵਿਚ ਕਲਾਮ ਨੇ ਹਿੰਦੁਸਤਾਨ ਐਰੋਨਾਟਿਕਸ ਬੰਗਲੌਰ ਵਿਚ ਨੌਕਰੀ ਸ਼ੁਰੂ ਕੀਤੀ। ਪਹਿਲਾਂ ਐਰੋ-ਇੰਜਨਾਂ ਤੇ ਟਰਬਾਈਨਾਂ ਦੀ ਓਵਰ ਹਾਲਿੰਗ ਦਾ ਕੰਮ ਮਿਲਿਆ। ਫਿਰ ਵਿਕਾਸ ਤੇ ਉਤਪਾਦਨ ਵਿਭਾਗ ਵਿਚ ਬਦਲ ਦਿਤਾ ਗਿਆ। ਇਥੇ ਪਾਇਲਟ-ਰਹਿਤ ਟਾਰਗੈਟ ਜਹਾਜ਼ ਦਾ ਡੀਜ਼ਾਈਨ ਤਿਆਰ ਕਰਨ ਨੂੰ ਕਿਹਾ ਗਿਆ। ਕੁਝ ਸਮੇਂ ਬਾਅਦ ਉਨ੍ਹਾਂ ਨੇ ਡਾਇਰੈਕਟਰ ਓ ਪੀ ਮਹਿੰਦੀਰੱਤਾ ਨੂੰ ਕਹਿ ਕੇ ਹੋਵਾਰ ਕਰਾਫਟ ਦੇ ਡੀਜ਼ਾਈਨ ਦੀ ਜ਼ਿੰਮੇਵਾਰੀ ਲੈ ਲਈ। ਸਾਲ ਕੁ ਦੀ ਸਖਤ ਮਿਹਨਤ ਨਾਲ ਉਨ੍ਹਾਂ ਨੇ ਇਸ ਦਾ ਪੋਰਟੋ ਟਾਈਪ ਮਾਡਲ ਬਣਾ ਦਿਤਾ। ਰੱਖਿਆ ਮੰਤਰੀ ਕ੍ਰਿਸ਼ਨਾ ਮੈਨਨ ਆਇਆ ਤਾਂ ਉਸ ਨੇ ਬੜੀ ਦਿਲਚਸਪੀ ਦਿਖਾਈ। ਕਲਾਮ ਨੇ ਪਾਇਲਟ ਨੂੰ ਪਾਸੇ ਕਰ ਕੇ ਮੰਤਰੀ ਨੂੰ ਆਪ ਆਪਣੇ ਜਹਾਜ਼ ਵਿਚ ਉਡਾਰੀ ਲਵਾਈ। ਬੜਾ ਖ਼ੁਸ਼ ਹੋਇਆ ਉਹ।

ਸਾਰਾਭਾਈ ਕਲਾਮ ਤੋਂ ਬੜਾ ਪ੍ਰਭਾਵਤ ਹੋਇਆ। ਉਸ ਨੇ ਉਨ੍ਹਾਂ ਨੂੰ ਛੇ ਮਹੀਨੇ ਦੀ ਸਿਖਲਾਈ ਲਈ ਅਮਰੀਕਾ ਵਿਚ *ਨਾਸਾ* ਭੇਜ ਦਿਤਾ। *ਨਾਸਾ* ਦੀ ਇਕ ਇਮਾਰਤ ਵਿਚ ਉਸ ਨੇ ਇਕ ਪੇਂਟਿੰਗ ਵੇਖੀ ਜਿਸ ਵਿਚ ਟੀਪੂ ਸੁਲਤਾਨ ਰਾਕਟਾਂ ਨਾਲ ਅੰਗਰੇਜ਼ੀ ਫੌਜਾਂ ਉਤੇ ਹਮਲਾ ਕਰ ਰਿਹਾ ਸੀ। ਇਸ ਪੇਂਟਿੰਗ ਨੇ ਕਲਾਮ ਦੇ ਦਿਲ ਦਿਮਾਗ ਵਿਚ ਰਾਕਟ ਡੀਜ਼ਾਈਨ ਦੇ ਸੁਪਨੇ ਜਗਾ ਦਿਤੇ। ਹਾਲਾਤ ਵੀ ਉਸ ਲਈ ਸਾਜ਼ਗਾਰ ਸਾਬਤ ਹੋਏ। 1962 ਦੇ ਅੱਧ ਵਿਚ ਹੀ ਥੁੰਬਾ ਦਾ ਰਾਕਟ ਲਾਂਚਿੰਗ ਸਟੇਸ਼ਨ ਸਥਾਪਤ ਹੋ ਗਿਆ। ਨਵੰਬਰ 1963 ਵਿਚ ਕਲਾਮ ਦੇਸ਼ ਪਰਤੇ। ਆਉਂਦਿਆਂ ਹੀ ਉਨ੍ਹਾਂ ਨੂੰ ਇਸ ਸੈਂਟਰ ਤੋਂ ਨਾਇਕ ਅਪੈਚੇ ਨਾਂ ਦਾ ਸਾਊਡਿੰਗ ਰਾਕਟ ਸਫਲਤਾ ਨਾਲ ਦਾਗਣ ਵਾਲੀ ਟੀਮ ਵਿਚ ਸ਼ਮੂਲੀਅਤ ਕਰਨੀ ਨਸੀਬ ਹੋ ਗਈ। ਇੰਡੀਅਨ ਕਮੇਟੀ ਫਾਰ ਸਪੇਸ ਰਿਸਰਚ ਦੀ ਥਾਂ 1969 ਵਿਚ *ਇਸਰੋ* ਨੇ

ਲਈ। ਕਲਾਮ ਇਸ ਸੰਸਥਾ ਵਿਚ ਨਵੇਂ ਪ੍ਰਜੈਕਟਾਂ ਦੇ ਡਾਇਰੈਕਟਰ ਬਣਾ ਕੇ ਭੇਜੇ ਗਏ। ਉਥੇ 1982 ਤਕ ਰਹੇ ਅਤੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਸੀ ਸੈਟੇਲਾਈਟ ਲਾਂਚ ਵਹੀਕਲ (ਐੱਸ ਐੱਸ ਵੀ) ਦਾ ਡੀਜ਼ਾਈਨ। ਦਸ ਲੱਖ ਪੁਰਜ਼ਿਆਂ ਵਾਲੇ ਇਸ ਰਾਕਟ ਲਾਂਚਰ ਦੇ ਪੁਰਜ਼ੇ ਡੀਜ਼ਾਈਨ ਕਰਨੇ, ਬਣਾਉਣੇ ਅਤੇ ਅਸੈਂਬਲ ਕਰਨੇ ਸਨ। ਇਹ ਕਰਾਮਾਤ ਕਲਾਮ ਨੇ ਕੀਤੀ। ਇਹੀ ਕਰਾਮਾਤ ਉਨ੍ਹਾਂ ਨੇ ਰਾਕਟ ਅਸਿਸਟਿਡ ਟੇਕ ਆਫ਼ ਸਿਸਟਮ ਦੇ ਡੀਜ਼ਾਈਨ ਸਮੇਂ ਕੀਤੀ। ਇਸ ਦੀ ਸਫਲ ਪਰਖ ਬਰੇਲੀ ਦੇ ਏਅਰਫੋਰਸ ਸਟੇਸ਼ਨ ਉਤੇ ਸੁਖੋਈ-16 ਜੈਟ ਜਹਾਜ਼ ਨਾਲ ਕੀਤੀ ਗਈ।

ਸਾਊਂਡਿੰਗ ਰਾਕਟ ਤੋਂ ਐੱਸ ਐੱਲ ਵੀ ਦੀ ਯਾਤਰਾ ਲੰਬੀ ਸੀ। 1974 ਵਿਚ ਸੈਂਟਰੋ ਰਾਕਟ ਦੀ ਪਰਖ ਹੋਈ। ਐੱਸ ਐੱਲ ਵੀ ਦੀ ਪਹਿਲੀ ਪਰਖ ਉਡਾਰੀ 10 ਅਗਸਤ 1979 ਨੂੰ ਕੀਤੀ ਗਈ ਜੋ ਅਸਫਲ ਰਹੀ। ਕਲਾਮ ਉਦਾਸ ਤਾਂ ਹੋਏ ਪਰ ਨਿਰਾਸ਼ ਨਹੀਂ। ਉਨ੍ਹਾਂ ਡਾ. ਬ੍ਰਹਮ ਪ੍ਰਕਾਸ਼ ਤੇ ਡਾ. ਸਤੀਸ਼ ਧਵਨ ਨਾਲ ਰਲ ਕੇ ਬਾਰੀਕੀ ਨਾਲ ਹਰ ਪੱਖ ਉਤੇ ਵਿਚਾਰ ਕੀਤੀ। 18 ਜੁਲਾਈ 1980 ਨੂੰ ਉਹ ਐੱਸ ਐੱਲ ਵੀ ਨਾਲ ਰੋਹਿਣੀ ਉਪਗ੍ਰਹਿ ਲਾਂਚ ਕਰਨ ਵਿਚ ਸਫਲ ਹੋ ਗਏ। ਇਸ ਸਫਲਤਾ ਉਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕਲਾਮ ਨੂੰ ਮੁਬਾਰਕ ਦਿਤੀ ਅਤੇ ਪਾਰਲੀਮੈਂਟਰੀ ਪੈਨਲ ਵਿਚ ਨਿੱਜੀ ਵਿਚਾਰ-ਵਟਾਂਦਰੇ ਲਈ ਦਿੱਲੀ ਬੁਲਾਇਆ। ਐੱਸ ਐੱਲ ਵੀ ਦੀ ਅਗਲੀ ਸਫਲ ਉਡਾਰੀ 31 ਮਈ 1981 ਨੂੰ ਹੋਈ। ਇਸ ਵਾਹਨ ਦੇ ਸੋਧੇ ਹੋਏ ਵਿਕਸਤ ਰੂਪਾਂ ਉਤੇ ਕੰਮ ਸ਼ੁਰੂ ਕਰ ਦਿਤਾ ਗਿਆ ਜਿਸ ਦੇ ਸਿੱਟੇ ਵਜੋਂ, ਬਾਅਦ ਵਿਚ ਏ ਐੱਸ ਐੱਲ ਵੀ, ਪੀ ਐੱਸ ਐੱਲ ਵੀ ਅਤੇ ਜੀ ਐੱਸ ਐੱਲ ਵੀ ਤਕ ਦਾ ਵਿਕਾਸ ਹੋਇਆ ਹੈ। ਲਾਂਚ ਵਹੀਕਲਾਂ ਦੇ ਇਸੇ ਕਾਰਜ ਦੌਰਾਨ ਹੀ ਰਾਜਾ ਰਮੰਨਾ ਨੇ ਕਲਾਮ ਨੂੰ ਕਿਹਾ ਕਿ ਲਾਂਚ ਵਹੀਕਲਾਂ ਦਾ ਕੰਮ ਤਾਂ ਹੁਣ ਲੀਹ ਉਤੇ ਪੈ ਗਿਆ ਹੈ। ਹੁਣ ਇਹ ਹੁੰਦਾ ਰਹੇਗਾ। ਉਸ ਨੇ ਕਲਾਮ ਨੂੰ ਡੀਫੈਂਸ ਰੀਸਰਚ ਐਂਡ ਡੀਵੈਲਪਮੈਂਟ ਆਰਗੇਨਾਈਜ਼ੇਸ਼ਨ ਵਿਚ ਆਉਣ ਦਾ ਸੱਦਾ ਦਿਤਾ। ਕਲਾਮ ਨੇ ਸਤੀਸ਼ ਧਵਨ ਦੀ ਸਲਾਹ ਪੁੱਛੀ। ਉਸ ਨੇ ਕਿਹਾ ਤੁਹਾਡੀ ਰੁਚੀ ਹੈ। ਤੁਸੀਂ ਚਲੇ ਜਾਓ। ਤੁਹਾਡੇ ਵਾਸਤੇ ਹੁਣ ਹਰ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ। ਇਸ ਦਾ ਪਤਾ ਉਦੋਂ ਲੱਗਾ ਜਦੋਂ 26 ਜਨਵਰੀ 1981 ਨੂੰ ਉਸ ਨੂੰ ਤੇ ਸਤੀਸ਼ ਧਵਨ ਦੋਹਾਂ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਅਪ੍ਰੈਲ 1982 ਵਿਚ ਕਲਾਮ ਡੀ ਆਰ ਡੀ ਲੈਬ, ਹੈਦਰਾਬਾਦ ਦੇ ਡਾਇਰੈਕਟਰ ਬਣਾਏ ਗਏ। ਇਥੇ ਉਨ੍ਹਾਂ ਨੇ ਗਾਈਡਿਡ ਮਿਜ਼ਾਈਲ ਡੀਵੈਲਪਮੈਂਟ ਪ੍ਰੋਗਰਾਮ ਉਲੀਕਿਆ। ਧਰਤੀ ਤੋਂ ਧਰਤੀ, ਧਰਤੀ ਤੋਂ ਆਕਾਸ਼, ਛੋਟੀ ਰੇਂਜ, ਮੀਡੀਅਮ ਰੇਂਜ, ਵੱਡੀ ਰੇਂਜ, ਸਾਧਾਰਨ ਤੇ ਹਲਕੇ ਯੁਧ ਅਸਤਰ, ਭਾਰੀ ਤੇ ਐਟਮੀ ਅਸਤਰ ਲਿਜਾਉਣ ਵਾਲੀਆਂ ਵੱਖ-ਵੱਖ ਮਿਜ਼ਾਈਲਾਂ ਦੇ ਡੀਜ਼ਾਈਨ ਤੇ ਨਿਰਮਾਣ ਦਾ ਕਾਰਜ ਕਲਾਮ ਦੀ ਅਗਵਾਈ ਵਿਚ ਤੇਜ਼ੀ ਨਾਲ ਪੂਰਾ ਕੀਤਾ ਗਿਆ। ਪ੍ਰੋ. ਸਤੀਸ਼ ਧਵਨ ਤੇ ਡਾ. ਅਰੁਨਾਚਲਮ ਨੇ ਸਰਕਾਰ ਨਾਲ ਗੱਲ ਕੀਤੀ। ਸਰਕਾਰ ਨੇ ਖੁੱਲ੍ਹੇ ਦਿਲ ਨਾਲ ਬਜਟ ਦਿਤਾ। ਕਲਾਮ ਨੇ ਵੀ ਇਕ-ਇਕ ਕਰ ਕੇ ਮਿਜ਼ਾਈਲਾਂ ਬਣਾਉਣ ਦੀ ਥਾਂ ਸਭ ਉਤੇ ਇਕੱਠਾ ਹੀ ਕੰਮ ਸ਼ੁਰੂ ਕਰ ਲਿਆ। ਤਕਨਾਲੋਜੀਕਲ ਕੋਰ ਵਹੀਕਲ ਨੂੰ *ਤ੍ਰਿਸ਼ੂਲ* ਦਾ ਨਾਮ ਦਿਤਾ। ਟੈਂਕ ਤੋੜਨ ਵਾਲੀ ਮਿਜ਼ਾਈਲ ਨੂੰ *ਨਾਗ* ਨਾਮ ਦਿਤਾ। ਧਰਤੀ ਤੋਂ ਧਰਤੀ ਤਕ ਮਾਰ ਕਰਨ ਵਾਲੀ ਮਿਜ਼ਾਈਲ ਨੂੰ *ਪ੍ਰਿਥਵੀ* ਅਤੇ ਧਰਤੀ ਤੋਂ ਆਕਾਸ਼ ਵਿਚ ਮਾਰ ਕਰਨ ਵਾਲੀ ਮਿਜ਼ਾਈਲ ਨੂੰ *ਆਕਾਸ਼* ਨਾਮ ਦਿਤਾ ਗਿਆ। ਇਸੇ ਤਰ੍ਹਾਂ ਇਨ੍ਹਾਂ ਦੇ ਮਾਡਲ ਬਣਾਏ ਗਏ। ਅਗਨੀ ਮਿਜ਼ਾਈਲ ਵਿਸ਼ੇਸ਼ ਉਦੇਸ਼ਾਂ ਲਈ ਬਣਾਈ ਗਈ।

ਮਿਜ਼ਾਈਲਾਂ ਦੇ ਲੰਬੇ ਪ੍ਰੋਗਰਾਮ ਦੀ ਪਹਿਲੀ ਪ੍ਰਯੋਗਿਕ ਪਰਖ ਡੈਵਿਲ ਮਿਜ਼ਾਈਲ ਨਾਲ 1984 ਵਿਚ ਕੀਤੀ ਗਈ। ਸਤੰਬਰ 1985 ਵਿਚ *ਤ੍ਰਿਸ਼ੂਲ* ਦੀ ਸਫਲ ਪਰਖ ਹੋਈ। ਹਰ ਸਾਲ ਲਗਭਗ ਚਾਰ ਸੌ ਕਰੋੜ ਖਰਚੇ ਦੀ ਇਸ ਬਾਰਾਂ ਸਾਲਾ ਯੋਜਨਾ ਦੀ ਸਫਲਤਾ ਤਹਿਤ ਬਣਾਉਣ ਲਈ ਕਲਾਮ ਨੇ ਆਈ ਆਈ ਟੀ ਦੇ ਦੇਸ਼ ਦੇ ਬੰਗਲੌਰ, ਦਿੱਲੀ, ਮਦਰਾਸ, ਪਿਲਾਨੀ, ਖੜਗ ਪੁਰ ਕੇਂਦਰਾਂ ਤੇ ਹੋਰ ਕਈ ਵਿਗਿਆਨਕ ਤਕਨੀਕੀ ਸੈਂਟਰਾਂ ਨਾਲ ਰਾਬਤਾ ਜੋੜਿਆ। 1988 ਵਿਚ ਉਸ ਨੇ ਪ੍ਰਿਥਵੀ ਮਾਡਲ ਦੀ ਸਫਲ ਪਰਖ ਪਹਿਲੀ ਵਾਰ ਕੀਤੀ। ਇਕ ਹਜ਼ਾਰ ਕਿਲੋਗ੍ਰਾਮ ਦੇ ਯੁੱਧ ਅਸਤਰ ਤੇ ਡੇਢ ਸੌ ਕਿਲੋਮੀਟਰ ਦੀ ਰੇਂਜ ਸੀ ਇਸ ਦੀ। 1989 ਵਿਚ ਅਗਨੀ ਨਾਂ ਦੀ ਰੀ-ਐਂਟਰੀ ਮਿਜ਼ਾਈਲ ਦਾਗ ਕੇ ਪਰਖੀ ਗਈ। ਇਸ ਉਪਰੰਤ ਨਿਰੰਤਰ ਇਨ੍ਹਾਂ ਦੇ ਵੱਡੀਆਂ ਰੇਂਜਾਂ, ਭਾਰੇ ਤੇ ਐਟਮੀ ਯੁੱਧ ਅਸਤਰਾਂ ਵਾਲੇ ਮਾਡਲ ਪਰਖੇ ਗਏ। ਪ੍ਰਿਥਵੀ ਸਮੇਤ ਕਈਆਂ ਨੂੰ ਤੇਜ਼ੀ ਨਾਲ ਭਾਰਤੀ ਸੈਨਾਵਾਂ ਦੀ ਵਰਤੋਂ ਲਈ ਉਨ੍ਹਾਂ ਦੇ ਹਵਾਲੇ ਕਰ ਦਿਤਾ ਗਿਆ। ਮਿਜ਼ਾਈਲ ਮੈਨ ਵਜੋਂ ਪ੍ਰਸਿੱਧ ਹੋਏ ਡਾ. ਕਲਾਮ ਨੂੰ 1990 ਵਿਚ ਪਦਮ ਵਿਭੂਸ਼ਣ ਦਾ ਸਨਮਾਨ ਦਿਤਾ ਗਿਆ। ਜਾਦਵਪੁਰ ਯੂਨੀਵਰਸਿਟੀ ਤੇ ਆਈ ਆਈ ਟੀ, ਬੰਬਈ ਨੇ ਕਲਾਮ ਨੂੰ ਆਨਰੇਰੀ ਡੀ ਐੱਸ ਸੀ ਦਿਤੀ। ਇਸ ਪ੍ਰੋਗਰਾਮ ਦੀ ਸਫਲਤਾ ਉਪਰੰਤ ਡਾ. ਕਲਾਮ ਨੂੰ ਦੇਸ਼ ਦੇ ਐਟਮੀ ਪ੍ਰਯੋਗਾਂ ਨਾਲ ਜੋੜ ਦਿਤਾ ਗਿਆ। ਇਸ ਪ੍ਰੋਗਰਾਮ ਨੂੰ ਅੱਗੇ ਤੋਰਦੇ ਹੋਏ ਉਨ੍ਹਾਂ 1998 ਦੇ ਪੋਖਰਾਨ ਵਿਸਫੋਟਾਂ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਦੌਰਾਨ 1997 ਵਿਚ ਉਨ੍ਹਾਂ ਨੂੰ *ਭਾਰਤ ਰਤਨ* ਨਾਂ ਦੇ ਸਰਵਉੱਚ ਸਨਮਾਨ ਨਾਲ ਅਲੰਕ੍ਰਿਤ ਕੀਤਾ ਗਿਆ। ਪ੍ਰਾਪਤੀਆਂ ਦੀ ਸਿਖਰ 2002 ਵਿਚ ਡਾ. ਕਲਾਮ ਨੇ ਉਦੋਂ ਛੋਹੀ ਜਦੋਂ ਉਨ੍ਹਾਂ ਨੂੰ ਦੇਸ਼ ਦਾ ਗਿਆਰ੍ਹਵਾਂ ਰਾਸ਼ਟਰਪਤੀ ਚੁਣਿਆ ਗਿਆ। ਪੂਰੇ ਪੰਜ ਸਾਲ ਉਨ੍ਹਾਂ ਮਿਹਨਤ, ਸੁਹਿਰਦਤਾ ਤੇ ਸਾਦਗੀ ਨਾਲ ਦੇਸ਼ ਦੀ ਅਗਵਾਈ ਕੀਤੀ।

2007 ਵਿਚ ਰਾਸ਼ਟਰਪਤੀ ਦਾ ਅਹੁਦਾ ਛੱਡ ਕੇ ਉਹ ਵਿਗਿਆਨੀ, ਚਿੰਤਕ ਤੇ ਪ੍ਰੇਰਣਾ ਭਰਪੂਰ ਸ਼ਖ਼ਸੀਅਤ ਵਜੋਂ ਬੱਚਿਆਂ, ਨੌਜਵਾਨਾਂ, ਸਿਆਸਤਦਾਨਾਂ ਸਭ ਦਾ ਮਾਰਗ ਦਰਸ਼ਨ ਕਰਨ ਲਈ ਸਰਗਰਮ ਹੋ ਗਏ। 27 ਜੁਲਾਈ 2015 ਨੂੰ ਉਹ ਦਿੱਲੀ ਤੋਂ ਗੁਹਾਟੀ ਤੇ ਗੁਹਾਟੀ ਤੋਂ ਸ਼ਿਲਾਂਗ ਪਹੁੰਚੇ। ਉਥੇ ਉਨ੍ਹਾਂ ਰਾਜੀਵ ਗਾਂਧੀ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਦੇ ਵਿਦਿਆਰਥੀਆਂ ਨੂੰ ਲੈਕਚਰ ਦੇਣਾ ਸੀ। ਲੈਕਚਰ ਸਟੈਂਡ 'ਤੇ ਆ ਕੇ ਉਨ੍ਹਾਂ ਪ੍ਰਬੰਧਕਾਂ ਨੂੰ ਪੁੱਛਿਆ : ਠੀਕ ਹੈ ਸਭ ਕੁਝ। ਆਲ ਫਿਟ। ਉਨ੍ਹਾਂ ਦੇ ਹਾਂ ਕਹਿਣ ਉਤੇ ਉਨ੍ਹਾਂ ਲੈਕਚਰ ਸ਼ੁਰੂ ਕੀਤਾ। ਤਿੰਨ ਕੁ ਵਾਕ ਉਨ੍ਹਾਂ ਦੇ ਮੂੰਹੋਂ ਨਿਕਲੇ ਅਤੇ ਉਹ ਅਚਾਨਕ ਦਿਲ ਦੇ ਦੌਰੇ ਕਾਰਨ ਪਿਛਾਂਹ ਨੂੰ ਲੁੜਕ ਗਏ। ਪ੍ਰਬੰਧਕਾਂ ਨੇ ਫਸਟ ਏਡ ਤੇ ਡਾਕਟਰੀ ਸਹਾਇਤਾ ਲਈ ਯਤਨ ਕੀਤੇ, ਪਰ ਡਾ. ਕਲਾਮ ਸਾਨੂੰ ਸਾਰਿਆਂ ਨੂੰ ਆਖਰੀ ਸਲਾਮ ਕਹਿ ਚੁੱਕੇ ਸਨ।

*(ਲੇਖਕ ਵਿਗਿਆਨ ਤੇ ਤਕਨਾਲੋਜੀ ਬਾਰੇ ਉੱਘਾ ਰਚਨਾਕਾਰ ਹੈ।)*

# ਚਨਾਬ : ਅਮਨ ਤੇ ਮੁਹੱਬਤ ਦਾ ਵਗਦਾ ਦਰਿਆ

ਕੀਰਤ ਸਿੰਘ ਇਨਕਲਾਬੀ

ਪੰਜਾਬ ਦੀ ਧਰਤੀ ਉਪਜਾਊ ਹੈ ਜਿਥੇ ਰੱਜ ਕੇ ਖਾਣ ਲਈ ਅੰਨ ਤੇ ਡੰਗਰਾਂ ਲਈ ਵਾਧੂ ਪੱਠਿਆਂ ਦੀ ਬਹੁਲਤਾ ਹੈ। ਪੰਜਾਬ ਦੀ ਉਪਜੀਵਕਾ ਦਾ ਕਾਰਨ ਇਸ ਦੇ ਨਿਰੰਤਰ ਵਗਦੇ ਪੰਜ ਦਰਿਆ ਹਨ ਜਿਹੜੇ ਸਰਜ਼ਮੀਨ ਨੂੰ ਵੱਡੇ ਤੋਹਫ਼ੇ ਹਨ। ਪੁਰਾਤਨ ਸਮੇਂ ਵਿਚ ਇਸ ਧਰਤੀ ਨੂੰ ਮਚਰ ਦੇਸ਼, ਸਪਤ ਸਿੰਧੂ ਆਦਿ ਕਿਹਾ ਜਾਂਦਾ ਰਿਹਾ ਹੈ। ਲਗਭਗ ਸਵਾ ਸਦੀ ਪਹਿਲਾਂ ਅੰਗਰੇਜ਼ਾਂ ਦੇ ਸਮੇਂ ਪੰਜਾਬ ਦੀ ਧਰਤੀ ਯਮਨਾ ਦਰਿਆ ਤੋਂ ਲੈ ਕੇ ਦਰਿਆ ਸਿੰਧ ਤੋਂ ਅੱਗੇ ਤਕ ਮੰਨੀ ਗਈ। ਇਸ ਮਹਾਂ ਪੰਜਾਬ ਦਾ ਕੁੱਲ ਖੇਤਰ 133741 ਵਰਗ ਮੀਲ ਤੇ ਹਿੰਦੁਸਤਾਨ ਦੇ ਖੇਤਰ ਦਾ ਦਸਵਾਂ ਹਿੱਸਾ ਸੀ। ਇਸ ਤਰ੍ਹਾਂ ਅੱਜ ਦਾ ਪੰਜਾਬ, ਹਰਿਆਣਾ, ਹਿਮਾਚਲ ਅਤੇ ਪੱਛਮੀ ਪੰਜਾਬ ਤੇ ਸਰਹੱਦੀ ਸੂਬਾ ਵੀ ਇਸ ਵਿਚ ਸ਼ਾਮਿਲ ਸੀ। ਇਨ੍ਹਾਂ ਪੰਜ ਦਰਿਆਵਾਂ ਨੇ ਆਪਣਾ ਮੂੰਹ-ਮੁਹਾਂਦਰਾ ਤੇ ਨੈਣ-ਨਕਸ਼ ਹੀ ਨਹੀਂ ਸਗੋਂ ਵੱਖ-ਵੱਖ ਬੋਲੀਆਂ ਤੇ ਨਿੱਕੀਆਂ-ਨਿੱਕੀਆਂ ਤਹਿਜ਼ੀਬਾਂ ਦਾ ਪੰਘੂੜਾ ਵੀ ਰਿਹਾ ਹੈ, ਨਹੀਂ ਰੀਸਾਂ ਚਨਾਬ ਦੀਆਂ। ਜਿਥੋਂ ਵੀ ਚਨਾਬ ਲੰਘਦਾ ਹੈ ਉਹ ਆਪਣੇ ਆਪ ਵਿਚ ਖ਼ੁਸ਼ਨੁਮਾ ਤਹਿਜ਼ੀਬ ਅਖਵਾਉਂਦੀ ਹੈ।

ਸ੍ਰਿਸ਼ਟੀ ਤੋਂ ਭਾਵ ਮਨੁੱਖੀ ਚੌਗਿਰਦੇ ਵਿਚ ਮੌਜੂਦ ਅਜਬ ਵਰਤਾਰੇ ਹਨ, ਜਿਨ੍ਹਾਂ ਵਿਚ ਸਾਡੀ ਧਰਤੀ, ਇਸ ਦੇ ਮੌਸਮ, ਦਰਿਆ, ਨਦੀਆਂ, ਨਾਲੇ, ਪਹਾੜ, ਸਮੁੰਦਰ, ਵਾਯੂਮੰਡਲ, ਪੌਦੇ, ਰੁੱਖ ਤੇ ਜੀਵ-ਜੰਤੂ ਹੀ ਸ਼ਾਮਿਲ ਹਨ ਸਗੋਂ ਇਸ ਵਿਚ ਹੋਰ ਗ੍ਰਹਿ, ਚੰਦ, ਤਾਰੇ, ਸੂਰਜ, ਪਿੰਡ, ਅਕਾਸ਼-ਗੰਗਾਵਾਂ, ਬਲੈਕ ਹੋਲਜ਼ ਤੇ ਧੂਮਕੇਤੂ ਆਦਿ ਦੀ ਹੋਂਦ ਸ਼ਾਮਿਲ ਹੈ। ਇੰਝ ਬ੍ਰਹਿਮੰਡ ਸੰਪੂਰਨ ਸੰਸਾਰਕ ਵਰਤਾਰੇ ਦਾ ਸਮੂਹ ਪਦਾਰਥਕ ਬ੍ਰਹਿਮੰਡ ਦੇ ਪ੍ਰਗਟਾਵੇ ਦਾ ਨਾਂ ਹੈ। ਇਹ ਸੰਸਾਰ ਦੁਨੀਆਂ ਲਈ ਬਣਿਆ ਹੈ ਅਤੇ ਇਸ ਦੀ ਜ਼ਿੰਦਗੀ ਨੂੰ ਹੱਸਦਾ ਵਸਦਾ ਰੱਖਣ ਲਈ ਕੁਦਰਤ ਨੇ ਦੋ ਵਸਤਾਂ : ਨੀਲਾ ਗਗਨ ਤੇ ਸੋਹਣੀ ਧਰਤੀ ਬਣਾਈਆਂ ਹਨ। ਜੇ ਨੀਲਾ ਗਗਨ ਮਨੁੱਖ ਨੂੰ ਸੂਰਜ ਦੀ ਗਰਮੀ ਅਤੇ ਚਾਨਣ ਪਹੁੰਚਾਉਣ ਲਈ ਬਣਾਇਆ ਗਿਆ ਹੈ ਤੇ ਧਰਤੀ ਮਾਂ ਉਸ ਨੂੰ ਪਾਲਣ-ਪੋਸਣ ਲਈ ਬਣੀ ਹੈ। ਪੰਜਾਬ ਦੀ ਧਰਤੀ ਨੂੰ ਇਹ ਗੌਰਵ ਹਾਸਲ ਹੈ ਕਿ ਇਸ ਬੀਰ-ਭੂਮੀ ਦੇ ਚੌੜੇ ਸੀਨੇ ਥਾਣੀਂ ਲੰਘਦੇ ਪੰਜ ਦਰਿਆ ਵਰ੍ਹਿਆਂ ਦੀ ਤੇਹਾਈ ਲੋਕਾਈ ਦੀ ਤ੍ਰੇਹ ਬੁਝਾਉਂਦੇ ਅਤੇ ਹਰੀਆਂ ਭਰੀਆਂ ਤੇ ਸੁਨਿਹਰੀਆਂ ਫ਼ਸਲਾਂ ਉੱਗਾਉਂਦੇ ਚਲੇ ਆ ਰਹੇ ਹਨ।

**ਪਾਣੀ ਧਰਤੀ 'ਤੇ ਰਹਿੰਦੇ ਜੀਵਾਂ ਦਾ ਜੀਵਨ ਹੈ ਅਤੇ ਪੂਰੀ ਦੁਨੀਆਂ ਪਾਣੀ ਨਾਲ ਭਰੀ ਪਈ ਹੈ। ਪਾਣੀ ਦੀ ਅਹਿਮੀਅਤ ਇਸ ਤੱਥ ਤੋਂ ਸਿੱਧ ਹੋ ਜਾਂਦੀ ਹੈ ਕਿ ਅੰਨ ਤੋਂ ਬਿਨਾਂ ਤਾਂ ਵਿਅਕਤੀ ਕੁਝ ਸਮਾਂ ਜੀਅ ਸਕਦਾ ਹੈ ਪਰ ਪਾਣੀ ਬਿਨਾਂ ਜੀਉਣਾ ਮੁਸ਼ਕਿਲ ਹੈ।**

ਦਰਿਆ-ਏ-ਚਨਾਬ ਦੀ ਦਰਿਆਵਾਂ ਦੇ ਇਤਿਹਾਸ ਵਿਚ ਵੱਡੀ ਅਹਿਮੀਅਤ ਹੈ। ਦਰਿਆ-ਏ-ਝਨਾਂ ਬਾਰੇ ਪਰਖ ਪੜਚੋਲ ਕਰਨ ਵਾਲਿਆਂ ਦੀਆਂ ਵੱਖ-ਵੱਖ ਰਾਵਾਂ ਹਨ। ਚੜ੍ਹਦੇ ਪੰਜਾਬ ਵਿਚ ਝਨਾਂ ਅਤੇ ਲਹਿੰਦੇ ਪੰਜਾਬ ਵਾਲੇ ਚਣਾਂਹ ਆਖਦੇ ਹਨ। ਇਸ ਦਰਿਆ ਦਾ ਸੰਸਕ੍ਰਿਤ ਨਾਂ ਅਸਿਕਨੀ ਹੈ। ਪੁਰਾਣੇ ਸਮੇਂ ਵਿਚ ਇਸ ਪਵਿੱਤਰ ਦਰਿਆ ਨੂੰ ਸੰਡਾ-ਬਾਲਸ, ਜਾਂਡਾ ਬਾਲਾ ਤੇ ਸ਼ਾਨਤਰੂ ਦੇ ਨਾਵਾਂ ਨਾਲ ਸੱਦਿਆ ਜਾਂਦਾ ਰਿਹਾ ਹੈ। ਪ੍ਰਸਿੱਧ ਲੇਖਕ ਪਲਮੀ ਨੇ ਇਸ ਨੂੰ ਸਾਂਡਾ-ਬਾਲਸ ਕਿਹਾ ਹੈ। ਕੁਝ ਵਿਦਵਾਨਾਂ ਨੇ ਚਨਾਬ ਜਾਂ ਚਣਾਂਹ ਨੂੰ ਦੋ ਅੱਖਰਾਂ 'ਚੰਨ' ਅਤੇ 'ਆਬ' ਦਾ ਮੇਲ ਦੱਸਿਆ ਹੈ। ਉਰਦੂ ਵਿਚ ਇਸ ਨੂੰ ਚਨਾਬ ਆਖਿਆ ਗਿਆ ਹੈ ਪਰ ਪੰਜਾਬੀ ਇਸ ਨੂੰ 'ਚਣਾਂਹ' ਆਖਣਾ ਪਸੰਦ ਕਰਦੇ ਹਨ। ਸੱਚ ਤਾਂ ਇਹ ਹੈ ਕਿ ਚੌਦ੍ਹਵੀਂ ਦਾ ਚੰਨ ਜੇ ਪਾਣੀ 'ਤੇ ਤਰਦਾ ਹੋਵੇ ਤਾਂ ਇਸ ਤੋਂ ਵੱਡੀ ਰੁਮਾਂਟਿਕ ਕਲਪਨਾ ਕੀ ਹੋ ਸਕਦੀ ਹੈ? ਮਹਾਂਭਾਰਤ ਅਤੇ ਨੀਲਮਤ-ਪੁਰਾਣ ਵਿਚ 'ਚੰਦਰਭਾਯਾ' ਕਰਕੇ ਪ੍ਰਸਿੱਧ ਹੈ। ਅਹਿਮਦ ਹੁਸੈਨ ਕੁਰੈਸ਼ੀ ਲਿਖਦਾ ਹੈ, ''ਚੰਦਰ ਭਾਯਾ ਤੋਂ ਮੁਰਾਦ ਦੋ ਨਦੀਆਂ ਹਨ ਜੋ ਚੰਦਰ ਤੇ ਭਾਯਾ ਦੇ ਮੁਖਤਲਿਫ ਨਾਵਾਂ ਨਾਲ ਬੁਲਾਈ ਜਾਂਦੀ ਹੈ। ਇਹ ਦਰਿਆ ਇਨ੍ਹਾਂ ਦੋ ਨਦੀਆਂ ਨਾਲ ਵਜੂਦ ਵਿਚ ਆਉਂਦਾ ਹੈ।" ਇਹ ਦਰਿਆ ਆਪਣੇ ਪੰਜਾਬ (ਹੁਣ ਹਿਮਾਚਲ ਪ੍ਰਦੇਸ਼ ਰਾਜ) ਨਾਲ ਹੋਂਦ ਵਿਚ ਆਉਂਦਾ ਹੈ। ਚੰਦਰਾ ਨਦੀ ਲਗਭਗ 4950 ਮੀਟਰ (16,221 ਫੁੱਟ) ਦੀ ਉੱਚਾਈ 'ਤੇ ਬਾਰਾਂਲਾਚਾ ਦੱਰੇ ਦੇ ਦੱਖਣ ਪੂਰਬੀ ਪਾਸੇ ਉਪਰਲੇ ਗਲੇਸ਼ੀਅਰ ਤੋਂ ਨਿਕਲਦੀ ਹੈ। ਦੂਜੀ ਭਾਗਾ ਨਦੀ ਲਾਹੌਲ ਦੀਆਂ ਉੱਤਰ ਪੱਛਮੀ ਢਲਾਣਾਂ ਤੋਂ ਨਿਕਲਦੀ ਹੈ। 90 ਕਿਲੋਮੀਟਰ (55 ਮੀਲ) ਤਕ ਵਹਿਣ ਤੋਂ ਪਿਛੋਂ ਇਹ ਨਦੀ ਹਿਮਾਲਾ ਪਰਬਤ ਦੇ ਹੇਠਾਂ ਤੇਜ਼ ਰਫ਼ਤਾਰ ਨਾਲ ਵਹਿੰਦੀ ਹੈ ਅਤੇ 185 ਕਿਲੋਮੀਟਰ (115 ਮੀਲ) ਦਾ ਸਫ਼ਰ ਤਹਿ ਕਰਦੀ ਹੋਈ ਤੀਦੀ ਦੇ ਸਥਾਨ 'ਚੰਦਰ' ਨਾਲ ਸੰਗਮ ਕਰਦੀ ਹੈ। ਇਨ੍ਹਾਂ ਦੋ ਨਦੀਆਂ ਦੇ ਮਿਲਾਪ ਨਾਲ ਬਣੇ ਪਿਆਰ ਦਰਿਆ ਨੂੰ ਚੰਦਰਭਾਗਾ ਜਾਂ ਚਨਾਬ ਕਿਹਾ ਜਾਂਦਾ ਹੈ। ਇਹ ਚੰਦਰਭਾਗਾ ਜਾਂ ਚਨਾਬ ਜਾਂ ਝਣਾਂਹ ਪਾਗੀ ਘਾਟੀ ਵਿਚੋਂ ਵਗ ਕੇ ਕਸ਼ਮੀਰ ਵਿਚ 600 ਫੁੱਟ ਦੀ ਉੱਚਾਈ 'ਤੇ ਦਾਖ਼ਲ ਹੁੰਦੀ ਹੈ।

ਇਸ ਦਰਿਆ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ''ਚੰਦਰਭਾਗਾ ਹਿਮਾਲਆ ਦੇ ਚੰਦ੍ਰਭਾਗ ਨਾਮਕ ਅਸਥਾਨ ਤੋਂ ਨਿਕਲੀ ਹੋਈ ਇਕ ਨਦੀ ਚਨਾਬ, ਝਨਾਂ, ਰਿਗਵੇਦ ਵਿਚ ਇਸ ਦਾ ਨਾਮ 'ਆਸਿਕੀ' ਹੈ ਲਾਹੁਲ ਅੱਗੋਂ ਝਨਾਬ ਦੇ

ਦੋ ਪ੍ਰਵਾਹ ਨਿਕਲਦੇ ਹਨ, ਮੁੱਢ ਦੇ ਸਮੇਂ ਤੋਂ 994 ਮੀਲ ਪੁਰ ਤੰਦੀ ਪਾਸ ਦੋਵੇਂ ਇਕੱਠੇ ਹੋ ਜਾਂਦੇ ਹਨ, ਇਹ ਨਦੀ ਕਸ਼ਮੀਰ ਦੇ ਇਲਾਕੇ ਅਖਨੂਰ, ਕਿਸ਼ਤਵਾੜ ਤੇ ਚੰਬਾ ਰਾਜ ਵਿਚ ਵਹਿੰਦੀ ਹੋਈ ਸਿਆਲਕੋਟ-ਵਜ਼ੀਰਾਬਾਦ ਦੀ ਜ਼ਮੀਨ ਨੂੰ ਸੈਲਾਬ ਕਰਦੀ ਝੰਗ ਦੇ ਜ਼ਿਲ੍ਹੇ ਜੇਹਲਮ ਨਾਲ ਮਿਲ ਕੇ, ਸਿੰਧੂ ਪਾਸ ਰਾਵੀ ਨਾਲ ਇਕੱਠੀ ਹੋ ਕੇ ਮਿਚਨਕੋਟ ਦੇ ਮੁਕਾਮ ਸਿੰਧ ਨਦੀ ਵਿਚ ਜਾ ਮਿਲਦੀ ਹੈ।"

ਬੂਟੇ ਸ਼ਾਹ ਲਿਖਦੇ ਹਨ ਕਿ, "ਚੌਥੇ ਨਾਂ ਦਾ ਦਰਿਆ ਇਹ ਵੱਡਾ ਦਰਿਆ ਹੈ। ਇਸ ਵਿਚ ਗਹਿਨ ਬਹੁਤ ਘੱਟ ਹੈ ਅਤੇ ਹਿੰਦੀ ਸ਼ਾਸਤਰਾਂ ਵਿਚ ਇਸ ਨੂੰ 'ਚੰਦਰ ਭਾਗਾ' ਕਰਕੇ ਲਿਖਦੇ ਹਨ। ਕਹਿੰਦੇ ਹਨ ਜੋ ਇਸ ਦਰਿਆ ਦਾ ਨਿਕਾਸ ਬਹੁਤ ਦੂਰ ਹੈ ਅਤੇ ਅਸਲ ਵਿਚ ਦੋ ਦਰਿਆਵਾਂ ਨੇ ਮਿਲ ਕੇ ਇਕ ਨਾਂ ਪਾਇਆ ਹੈ। ਇਕ ਤਾਂ ਦਰਿਆ ਚੰਦਰ ਜੋ ਚੀਨ ਦੇ ਪਹਾੜਾਂ ਵਿਚੋਂ ਨਿਕਲਦਾ ਹੈ ਅਤੇ ਦੂਜਾ ਦਰਿਆ ਭਾਗਾ, ਜੋ ਤਿੱਬਤ ਦੀਆਂ ਹੱਦਾਂ ਤੋਂ ਆਉਂਦਾ ਹੈ ਬਾਰਾਂਲਾਚਾ ਪਾਸ ਲੋਹਿਲ ਹਿਮਾਚਲ ਪ੍ਰਦੇਸ਼ ਜਿਥੇ ਦੋ ਨਦੀਆਂ ਚੰਦਰਾਂ ਅਤੇ ਭਾਗਾ ਆਹਮਣੇ ਸਾਹਮਣੇ ਧਾਰਾ ਰਾਹੀਂ ਬਾਰਾਂਲਾਚਾ ਤੋਂ 200 ਅਤੇ 90 ਕਿਲੋਮੀਟਰ ਵਹਿੰਦੀਆਂ ਹਨ। ਇਸ ਤੋਂ ਪਿਛੋਂ, ਕਸ਼ਟਵਾੜ ਦੇ ਦੁਆਲੇ, ਇਹ ਦੋਵੇਂ ਇਕ ਹੋ ਜਾਂਦੇ ਹਨ ਅਤੇ 'ਚੰਦਰ ਭਾਗਾ' ਅਖਵਾਉਂਦੇ ਹਨ। ਉਸ ਥਾਂ ਤੋਂ ਤਲਾ ਭੁਮਾਲ ਦੇ ਰਸਤੇ ਤਿਰਕੁਟੇ ਪਹਾੜ ਨੇ ਨੇੜਿਉਂ ਜੋ ਜੰਮੂ ਦੇ ਤਾਬੇ ਹੈ ਅਤੇ ਸ਼ਹਿਰ ਅਖਨੌਰ ਦੇ ਹੇਠੋਂ ਪਹਾੜੋਂ ਨਿਕਲ ਕੇ ਉਥੋਂ ਅਠਾਰਾਂ ਟੁਕੜੇ ਹੋ ਜਾਂਦੇ ਹਨ। ਬੇਹਲੋਲ ਪਾਰ ਦੇ ਨੇੜੇ ਫਿਰ ਇਕ ਹੋ ਜਾਂਦੇ ਹਨ। ਉਥੋਂ ਸੋਧਰੇ ਦੀਆਂ ਹੱਦਾਂ ਤੋਂ ਲੰਘ ਕੇ ਵਜ਼ੀਰਾਬਾਦ ਆਉਂਦਾ ਹੈ ਅਤੇ ਰਾਜ ਘਾਟ ਵਜ਼ੀਰਾਬਾਦ ਹੈ।

ਚਨਾਬ ਦੀ ਹਰਮਨ ਪਿਆਰਤਾ ਵਿਸ਼ਵ-ਵਿਆਪੀ ਹੈ। ਇਸ ਮਾਨਮੱਤੇ ਦਰਿਆ ਬਾਰੇ ਜਸਟਿਸ ਐੱਸ ਏ ਰਹਿਮਾਨ ਲਿਖਦੇ ਹਨ, ਪਾਕਿਸਤਾਨ ਦਾ ਮਸ਼ਹੂਰ ਦਰਿਆ। ਪੰਜਾਬ ਦੇ ਪੰਜ ਦਰਿਆਵਾਂ 'ਚੋਂ ਨਿਕਲਦਾ ਹੈ ਜਿਥੇ ਇਸ ਨੂੰ ਚੰਦਰ ਭਾਗਾ ਕਹਿੰਦੇ ਹਨ। ਪੂਰਬੀ ਪਾਕਿਸਤਾਨ ਵਿਚ ਪਹੁੰਚਦਿਆਂ ਹੀ ਵੱਡਾ ਦਰਿਆ ਬਣ ਜਾਂਦਾ ਹੈ। ਤਰੀਮੋ ਉਤੇ ਪਹੁੰਚ ਕੇ ਇਸ ਵਿਚ ਜੇਹਲਮ ਮਿਲਦਾ ਹੈ। ਫਿਰ ਰਾਵੀ ਇਨ੍ਹਾਂ ਦੋਹਾਂ ਵਿਚ ਸ਼ਾਮਿਲ ਹੋ ਜਾਂਦਾ ਹੈ।

ਦੇਸ਼ ਵੰਡ ਤੋਂ ਪਿਛੋਂ 'ਇੰਡਸ ਵਾਟਰ ਟਰੀਟੀ' 1960 ਅਨੁਸਾਰ, ਤਿੰਨ ਦਰਿਆਵਾਂ ਸਤਲੁਜ, ਬਿਆਸ ਤੇ ਰਾਵੀ ਦਾ ਪਾਣੀ ਭਾਰਤ ਨੇ ਵਰਤਣਾ ਹੈ ਅਤੇ ਚਨਾਬ, ਜੇਹਲਮ ਅਤੇ ਸਿੰਧ ਦਾ ਪਾਕਿਸਤਾਨ ਨੇ। ਪੂਰਬੀ ਪੰਜਾਬ ਵਿਚ ਭਾਖੜਾ, ਨੰਗਲ, ਰਣਜੀਤ ਸਾਗਰ, ਬਿਆਸ ਤੇ ਤਲਵਾੜਾ ਡੈਮ ਬਣੇ। ਇਨ੍ਹਾਂ ਵਿਚੋਂ ਨਿਕਲੀਆਂ ਨਹਿਰਾਂ ਨੇ ਥੋੜ੍ਹੇ ਸਮੇਂ ਅੰਦਰ ਸਿੰਜਾਈ ਰਹਿਤ ਤੇ ਰੇਗਿਸਤਾਨੀ ਖੇਤਰਾਂ ਨੂੰ ਪਾਣੀ ਦੇ ਕੇ ਸਾਰੇ ਪੰਜਾਬ ਨੂੰ ਹਰਿਆ-ਭਰਿਆ ਕਰ ਦਿਤਾ। ਫਲਸਰੂਪ, 'ਹਰੀ ਕ੍ਰਾਂਤੀ' ਨੇ ਜਨਮ ਲਿਆ। ਉਧਰ ਪੱਛਮੀ ਪੰਜਾਬ ਵਿਚ ਸਾਰੇ ਦਰਿਆਵਾਂ ਨੂੰ ਜੋੜ ਕੇ ਨਹਿਰੀ-ਗਰਿਡ ਤਿਆਰ ਹੋਇਆ ਤੇ ਵਾਂਝੇ ਖੇਤਰਾਂ ਨੂੰ ਪਾਣੀ ਮਿਲਿਆ ਅਤੇ ਕਈ ਨਵੀਆਂ ਨਹਿਰਾਂ ਹੋਂਦ ਵਿਚ ਆਈਆਂ ਅਤੇ ਉਹ ਦੇਸ਼ ਵੀ ਅਨਾਜ ਪੱਖੋਂ ਸਵੈ-ਨਿਰਭਰ ਵਾਲੇ ਵਿਕਾਸ ਦੇ ਪੜਾਅ ਸਫਲਤਾ ਪੂਰਬਕ ਲੰਘਣ ਲੱਗਾ।

ਪੰਜਾਬ ਦੀ ਉਹ ਉਪਜਾਊ ਧਰਤੀ ਸੀ ਜਿਸ ਨੂੰ ਪ੍ਰਾਪਤ ਕਰਨ ਲਈ ਹਰ ਕੌਮ ਨੇ ਪਹਿਲਾਂ ਇਸ ਵੱਲ ਮੂੰਹ ਕੀਤਾ ਤੇ ਆਪਣੀ ਸ਼ਾਨੋ-ਸ਼ੌਕਤ ਅਤੇ ਵਡਿਆਈ ਦੇ ਨਿਸ਼ਾਨ ਛੱਡੇ। ਪੰਜਾਬ ਤਕ ਅਪੜਨ ਲਈ ਉਨ੍ਹਾਂ ਜਿਹੜੇ ਦਰਿਆਵਾਂ ਨੂੰ ਵਰਤਿਆ, ਉਨ੍ਹਾਂ ਵਿਚੋਂ ਇਕ ਚਣਾਂਹ ਜਾਂ ਚਨਾਬ ਹੈ। ਇਸ ਦਰਿਆ ਕੰਢੇ ਕਈ ਸਭਿਅਤਾਵਾਂ ਪੁੰਗਰੀਆਂ ਅਤੇ ਬਾਹਰੋਂ ਆਉਣ ਵਾਲਿਆਂ ਦਾ ਰੰਗ ਵੀ ਚੜ੍ਹਿਆ। ਇਸ ਉਪਜਾਊ ਧਰਤੀ 'ਤੇ ਯੂਨਾਨੀਆਂ, ਅਰਬਾਂ, ਇਰਾਨੀਆਂ, ਅਫ਼ਗਾਨੀਆਂ ਅਤੇ ਤੁਰਕਾਂ ਨੇ ਚੜ੍ਹਾਈ ਕੀਤੀ ਅਤੇ ਇਨ੍ਹਾਂ ਦਰਿਆਵਾਂ ਨੂੰ ਆਪਣੀ ਵਸੋਂ ਲਈ ਵਰਤਿਆ।

ਚਨਾਬ ਲਗਭਗ 1086 ਕਿਲੋਮੀਟਰ ਲੰਮਾ ਦਰਿਆ 25 ਲੱਖ ਏਕੜ ਭੋਏਂ ਨੂੰ ਸਿੰਜਦਾ ਕਰਦਾ ਆ ਰਿਹਾ ਹੈ। ਚਨਾਂਬ 'ਚਨਾਬ-ਵੈਲੀ' ਲੰਘ ਕੇ ਅਖਨੂਰ (ਜੰਮੂ-ਕਸ਼ਮੀਰ) ਅੱਗੇ ਲੰਘ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿਚ ਪ੍ਰਵੇਸ਼ ਕਰਕੇ ਗੁਜਰਾਤ, ਝੰਗ, ਮੁਜ਼ਫਰਗੜ੍ਹ, ਸਿਆਲਕੋਟ, ਗੁਜਰਾਂਵਾਲਾ, ਹਾਇਜ਼ਆਬਾਦ, ਚਨਿਉਟ ਤੇ ਮੁਲਤਾਨ ਵਰਗੇ ਵੱਡੇ-ਵੱਡੇ ਸ਼ਹਿਰਾਂ ਨੂੰ ਖ਼ੁਸ਼ੀਆਂ ਤੇ ਪਿਆਰ ਵੰਡਦਾ ਹੈਠ-ਤਰੀਮ 'ਤੇ ਅਪੜ ਕੇ ਅਮੁਕ ਦੇ ਦਰਿਆ ਜੇਹਲਮ ਨਾਲ ਗਲਵੱਕੜੀ ਪਾਉਂਦਾ ਹੈ।

ਚਨਾਬ ਜਾਂ ਚਣਾਂਹ ਦੋਹਾਂ ਦੇਸ਼ਾਂ ਦੀ ਹਯਾਤੀ ਨੂੰ ਲੋਰੀਆਂ ਦਿੰਦਾ ਅਤੇ ਗਜਦੀਆਂ ਵਜਦੀਆਂ ਲਹਿਰਾਂ ਬੜਾ ਸੋਹਣਾ ਸਾਹਿਤ ਵੀ ਪੈਦਾ ਕੀਤਾ। ਇਹ ਸੋਹਣੇ ਝਨਾਂ ਦੇ ਨਾਲ ਕਈ ਰੁਮਾਂਟਿਕ ਪ੍ਰੀਤ ਕਹਾਣੀਆਂ ਜੁੜੀਆਂ ਹੋਈਆਂ ਹਨ। ਸਾਹਿਤ ਵਿਚ ਇਸ ਨੂੰ ਪ੍ਰੇਮ ਦੇ ਪ੍ਰਤੀਕ ਦੇ ਤੌਰ ਤੇ ਅਕਸਰ ਵਰਤਿਆ ਜਾਂਦਾ ਹੈ। ਸਮੇਂ ਨਾਲ ਝਨਾਂ ਦੇ ਕੰਢੇ ਲਹੂ ਦੀਆਂ ਦਰਦ ਭਰੀਆਂ ਦਾਸਤਾਨਾਂ ਪੁੰਗਰੀਆਂ ਹਨ ਤੇ ਦੂਜੇ ਪਾਸੇ ਮੁਹੱਬਤਾਂ ਦੀਆਂ ਦਾਸਤਾਨਾਂ ਪੁੰਗਰਦੀਆਂ ਹਨ।

ਚਨਾਬ ਜਾਂ ਝਣਾਂਹ ਦੇ ਕੰਢੇ ਦੀ ਖ਼ੂਬਸੂਰਤੀ ਦਾ ਪੱਟਿਆ ਬਲਖ਼ ਬੁਖਾਰੇ ਦਾ ਸ਼ਹਿਜ਼ਾਦਾ ਇੱਜ਼ਤ ਬੇਗ 'ਮੁੜ ਬੁਖਾਰੇ ਜਾਣ ਜੋਗਾ ਨਾ ਰਿਹਾ। ਇਸ ਤਰ੍ਹਾਂ ਇਸ ਦੇ ਪੱਤਣ ਨੂੰ ਪਾਰ ਕਰਕੇ ਤਖ਼ਤ ਹਜ਼ਾਰੇ ਦਾ ਮੁੰਡਾ ਧੀਦੋਂ ਇਥੋਂ ਦੇ ਪ੍ਰੇਮ ਦਾ ਮਾਰਿਆ ਫਿਰ ਘਰ ਨਾ ਪਰਤਿਆ। ਪੰਜਾਬੀ ਦੁਨੀਆਂ ਦੀ ਸਭ ਤੋਂ ਸੋਹਣੀ ਕੁੜੀ ਆਪਣੇ ਪ੍ਰੇਮੀ ਮਹੀਵਾਲ, ਜਿਸ ਨੇ ਬੁਖ਼ਾਰਾ ਭੁੱਲ ਕੇ ਕੁੱਲੀ ਹੀ ਝਨਾਂ ਦੇ ਕੰਢੇ ਪਾ ਲਈ ਸੀ, ਨੂੰ ਮਿਲਣ ਲਈ ਹਰ ਰਾਤ ਨੂੰ ਘੜੇ ਉਪਰ ਠਾਠਾਂ ਮਾਰਦੇ ਝਨਾਂ ਨੂੰ ਪਾਰ ਕਰਿਆ ਕਰਦੀ ਸੀ। ਹੀਰ ਦੀ ਮੁਹੱਬਤ ਵਿਚ ਲੁੱਟਿਆ ਰਾਂਝੇ ਨੇ ਬਾਰਾਂ ਸਾਲ ਇਸ ਦੇ ਕੰਢੇ ਬੇਲਿਆਂ ਵਿਚ ਮੱਝਾਂ ਚਾਰੀਆਂ।

ਪੰਜਾਬੀ ਜ਼ੁਬਾਨ ਨਾਲ ਪਿਆਰ ਕਰਨ ਵਾਲੇ ਦੁਨੀਆਂ ਦੇ ਜਿਹੜੇ ਕੋਨੇ ਵਿਚ ਬੈਠੇ ਹਨ, ਝਨਾਬ ਜਾਂ ਝਣਾਂਹ ਉਨ੍ਹਾਂ ਦੇ ਦਿਲਾਂ ਵਿਚ ਇਸ ਤਰ੍ਹਾਂ ਸਮੋਈ ਬੈਠਾ ਹੈ ਜਿਵੇਂ ਜਰਮਨੀ ਦੇ ਰਹਿਣ ਵਾਲਿਆਂ ਦੇ ਦਿਲਾਂ ਵਿਚ ਰਾਇਨ ਦਰਿਆ, ਅਸਟਰੇਲੀਆ ਤੇ ਹੰਗਰੀ ਦੇ ਰਹਿਣ ਵਾਲਿਆਂ ਵਾਸਤੇ ਡੈਨਿਊਬ ਤੇ ਇੰਗਲੈਂਡ ਦੇ ਵਾਸੀਆਂ ਲਈ ਥੀਨ ਅਤੇ ਕਸ਼ਮੀਰ ਦੇ ਵਾਸੀਆਂ ਲਈ ਜੇਹਲਮ ਤੇ ਇਸੇ ਤਰ੍ਹਾਂ ਪੰਜਾਬੀਆਂ ਦੇ ਦਿਲਾਂ ਵਿਚ ਝਨਾਬ ਲਈ ਇੱਜ਼ਤ ਤੇ ਮੁਹੱਬਤ ਠਾਠਾਂ ਮਾਰਦੀ ਹੈ।

ਚਨਾਬ ਦੇ ਮੱਥੇ ਮਰਦਾਂ ਵਾਲਾ ਜਲਾਲ, ਮਾਵਾਂ ਵਰਗੀ ਸ਼ਫ਼ਕਤ ਅਤੇ ਭੈਣਾ-ਭਰਾਵਾਂ ਵਰਗੀਆਂ ਮੁਹੱਬਤਾਂ ਝਲਕਾਰੇ ਮਾਰਦੀਆਂ ਨਜ਼ਰ ਆਉਂਦੀਆਂ ਹਨ। ਦੋਹਾਂ ਦੇਸ਼ਾਂ ਦੀ ਮੁਹੱਬਤ ਦਾ ਪ੍ਰਤੀਕ ਚਨਾਬ ਦਾ ਪਾਣੀ ਸਾਡੀਆਂ ਰੂਹਾਂ ਨੂੰ ਸਰਸ਼ਾਰ ਕਰਦਾ ਰਿਹਾ ਹੈ। ਚਨਾਬ ਅਮਨ ਦਾ ਦਰਿਆ ਬਣ ਕੇ ਦੋਹਾਂ ਦੇਸ਼ਾਂ ਦੇ ਵਰਤਮਾਨ ਤੇ ਭਵਿੱਖ ਵਿਚ ਵਹਿੰਦਾ ਰਵੇ।

*(ਲੇਖਕ ਕਸ਼ਮੀਰ ਵਾਦੀ ਦਾ ਉੱਘਾ ਰਚਨਾਕਾਰ ਅਤੇ ਸੁਤੰਤਰ ਪੱਤਰਕਾਰ ਹੈ।)*

# ... ਤੇ ਫ਼ਾਂਸੀ 'ਤੇ ਝੂਲ ਗਏ ਨਾਮਧਾਰੀ

ਸੁਰਿੰਦਰ ਕੋਛੜ

ਅੰਗਰੇਜ਼ਾਂ ਨਾਲ ਹੋਈਆਂ ਸ਼ੁਰੂਆਤੀ ਸੰਧੀਆਂ ਵੇਲੇ ਰਾਜਪੂਤ ਰਾਜਿਆਂ ਅਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਇਕ ਸ਼ਰਤ ਵਿਸ਼ੇਸ਼ ਤੌਰ 'ਤੇ ਰੱਖੀ ਗਈ ਸੀ ਕਿ ਉਨ੍ਹਾਂ ਦੇ ਰਾਜ ਵਿਚੋਂ ਲੰਘਦਿਆਂ ਬ੍ਰਤਾਨਵੀ ਫੌਜ ਗਊ ਘਾਤ ਨਹੀਂ ਕਰੇਗੀ। ਜਿਸ ਕਾਰਣ ਸਿੱਖ ਰਾਜ ਦੀ ਸਮਾਪਤੀ ਤਕ ਕਿਸੇ ਮੁਸਲਮਾਨ ਜਾਂ ਈਸਾਈ ਨੇ ਪੰਜਾਬ ਵਿਚ ਗਊ ਘਾਤ ਕਰਨ ਦੀ ਹਿਮਾਕਤ ਨਾ ਕੀਤੀ। ਨਾਬਾਲਿਗ ਦਲੀਪ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਮੁਕਰਰ ਕੀਤੇ ਜਾਣ ਤੋਂ ਬਾਅਦ ਲਾਹੌਰ ਦੇ ਰੈਜੀਡੈਂਟ ਸਰ ਹੈਨਰੀ ਐਮ. ਲਾਰੈਂਸ ਨੇ ਲਾਹੌਰ ਤੋਂ ਅੰਮ੍ਰਿਤਸਰ ਪ੍ਰਸ਼ਾਸਨ ਲਈ ਇਕ ਫਰਮਾਨ ਜਾਰੀ ਕੀਤਾ ਕਿ ਅੰਮ੍ਰਿਤਸਰ ਵਿਚ ਨਾ ਤਾਂ ਕੋਈ ਗਊ ਹੱਤਿਆ ਕਰੇਗਾ ਅਤੇ ਨਾ ਹੀ ਕੋਈ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਅੰਦਰ ਜੁੱਤੀਆਂ ਪਾ ਕੇ ਜਾਵੇਗਾ। 24 ਮਾਰਚ 1847 ਨੂੰ ਲਾਰੈਂਸ ਵਲੋਂ ਜਾਰੀ ਉਪਰੋਕਤ ਫਰਮਾਨ ਆਪਣੇ-ਆਪ ਵਿਚ ਕਾਫ਼ੀ ਉਲਝਿਆ ਹੋਇਆ ਸਵਾਲ ਸੀ ਕਿਉਂਕਿ ਨਾ ਤਾਂ ਉਨ੍ਹੀਂ ਦਿਨੀਂ ਮੁਸਲਮਾਨ ਹਿੰਦੂਆਂ-ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੇ ਹੋਏ ਗਊ ਘਾਤ ਕਰ ਰਹੇ ਸਨ ਅਤੇ ਨਾ ਹੀ ਉਹ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੁੱਤੀਆਂ ਪਾ ਕੇ ਜਾਣ ਦੀ ਹਿਮਾਕਤ ਕਰਨ ਬਾਰੇ ਸੋਚ ਸਕਦੇ ਸਨ। ਫਿਰ ਆਖ਼ਿਰ ਇਹ ਫਰਮਾਨ ਕਿਸ ਦੇ ਲਈ ਸੀ ਅਤੇ ਇਸ ਨੂੰ ਕਿਉਂ ਜਾਰੀ ਕੀਤਾ ਗਿਆ? ਅਸਲ ਵਿਚ, ਇਸ ਫਰਮਾਨ ਦਾ ਅਰਥ ਸਿਰਫ਼ ਹਿੰਦੂਆਂ-ਸਿੱਖਾਂ ਦੀ ਅਣਖ ਨੂੰ ਵੰਗਾਰਨਾ ਅਤੇ ਇਨ੍ਹਾਂ ਦੋਵਾਂ ਕੌਮਾਂ ਨੂੰ ਮੁਸਲਮਾਨਾਂ ਤੋਂ ਵੱਖਰਾ ਕਰਨਾ ਸੀ।

5 ਮਈ 1849 ਨੂੰ ਪੰਜਾਬ ਪ੍ਰਸ਼ਾਸਨਿਕ ਬੋਰਡ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਇਕ ਆਦੇਸ਼ ਜਾਰੀ ਕਰਕੇ ਅੰਮ੍ਰਿਤਸਰ ਵਿਚ ਗਊ ਘਾਤ ਕਰਨ ਦੀ ਖੁੱਲ ਦੇ ਦਿਤੀ, ਪਰ ਇਸ ਦੇ ਨਾਲ ਹੀ ਇਹ ਵੀ ਹਿਦਾਇਤ ਜਾਰੀ ਕੀਤੀ ਕਿ ਬੁੱਚੜਖਾਨਾ ਸ਼ਹਿਰ ਦੇ ਬਾਹਰਵਾਰ ਬਣਾਇਆ ਜਾਵੇਗਾ ਅਤੇ ਸ਼ਹਿਰ ਦੀ ਚਾਰ-ਦੀਵਾਰੀ ਦੇ ਅੰਦਰ ਹੋਕਾ ਦੇ ਕੇ ਮਾਸ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹੀਂ ਦਿਨੀਂ ਹਿੰਦੂਸਤਾਨ ਦੇ ਲਗਭਗ ਸਾਰੇ ਸ਼ਹਿਰਾਂ ਵਿਚ ਅੰਗਰੇਜ਼ ਫੌਜ ਦੀਆਂ ਛਾਉਣੀਆਂ ਦੇ ਕੋਲ ਬੁੱਚੜਖਾਨੇ, ਸ਼ਰਾਬਖਾਨੇ ਤੇ ਵੇਸਵਾਵਾਂ ਦੇ ਕੋਠੇ ਖੋਲ੍ਹੇ ਗਏ। ਜਿਸ ਦੇ ਚਲਦਿਆਂ ਡੀ.ਸੀ. ਐਮ.ਸੀ. ਸਾਂਡਰਸ ਨੇ ਸਰਕਾਰੀ ਸ਼ਰਤਾਂ ਤਹਿਤ ਸ਼ਹਿਰ ਦੇ ਹਿੰਦੂ ਚੌਧਰੀ ਰਾਇ ਤਖ਼ਤ ਮੱਲ ਅਤੇ ਹੋਰਨਾਂ ਪੰਚਾਂ ਨੂੰ ਸਰਕਾਰੀ ਸ਼ਰਤਾਂ ਤਹਿਤ ਰਾਜ਼ੀ ਕਰਕੇ ਬੁੱਚੜਖਾਨਾ ਸ਼ਹਿਰ ਦੇ ਲਾਹੌਰੀ ਗੇਟ ਦੇ ਬਾਹਰ (ਜਿਥੇ ਕੁਝ ਵਰ੍ਹੇ ਪਹਿਲਾਂ ਤਕ ਬੱਕਰ ਮੰਡੀ ਹੁੰਦੀ ਸੀ) ਅਤੇ ਕਿਲਾ ਗੋਬਿੰਦਗੜ੍ਹ ਦੀ ਫੌਜੀ ਛਾਉਣੀ ਦੇ ਪਾਸ ਖੁੱਲ੍ਹਵਾ ਦਿਤਾ।

ਬਹੁਤ ਸਾਰੇ ਲੇਖਕ ਤੇ ਵਿਦਵਾਨ ਇਹ ਵੀ ਲਿਖਦੇ ਆਏ ਹਨ ਕਿ ਉਨ੍ਹੀਂ ਦਿਨੀਂ ਇਕ ਹੋਰ ਬੁੱਚੜਖਾਨਾ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਦੇ ਬਾਹਰਵਾਰ ਦੀਵਾਰ ਦੇ ਬਿਲਕੁਲ ਨਾਲ ਪੁਰਾਣੇ ਘੰਟਾ ਘਰ (ਟਾਵਰ) ਦੇ ਕੋਲ ਵੀ ਖੁੱਲ੍ਹਵਾ ਦਿਤਾ ਗਿਆ, ਜੋ ਘੰਟਾ ਘਰ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚਲੀ ਬੇਰੀ ਬਾਬਾ ਬੁੱਢਾ ਸਾਹਿਬ ਦੇ ਬਿਲਕੁਲ ਪਿੱਛੇ ਮੌਜੂਦ ਸੀ। ਮੈਂ (ਲੇਖਕ) ਸੰਨ 1860 ਤੋਂ ਲੈ ਕੇ ਸੰਨ 1880 ਤਕ ਦੀਆਂ ਘੰਟਾ ਘਰ ਦੀਆਂ ਕੈਮਰੇ ਨਾਲ ਪਰਿਕ੍ਰਮਾ ਵਿਚ ਅਲਗ-ਅਲਗ ਸਥਾਨਾਂ ਤੋਂ ਲਈਆਂ ਕਰੀਬ 300 ਤਸਵੀਰਾਂ ਸਹਿਤ ਸ਼ਹਿਰ ਦੀ ਉਨ੍ਹਾਂ ਦਿਨਾਂ ਦੀ ਆਬੋ-ਹਵਾ ਅਤੇ ਮਾਹੌਲ ਵਿਚ ਫੈਲੀ ਬੇਚੈਨੀ ਨੂੰ ਲੰਬਾ ਸਮਾਂ ਲਾ ਕੇ ਵਿਚਾਰਨ ਅਤੇ ਸਮਝਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਤੋਂ ਬਾਅਦ ਇਹ ਸਾਫ਼ ਹੋ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਕੋਈ ਬੁੱਚੜਖਾਨਾ ਨਹੀ ਸੀ, ਸਗੋਂ ਕਸਾਈਖਾਨਾ (ਕਸਾਈਆਂ ਦੀ ਰਿਹਾਇਸ਼ ਲਈ ਬਣਾਏ ਗਏ ਕਵਾਟਰ) ਜ਼ਰੂਰ ਕਾਇਮ ਕੀਤਾ ਗਿਆ ਸੀ।

ਇਥੇ ਬਾਰੀਕੀ ਨਾਲ ਸਮਝਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਸੰਨ 1862-63 ਵਿਚ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚ ਲਹਿੰਦੇ ਵੱਲ ਨੂੰ ਮੌਜੂਦ ਬੁੰਗਾ ਸਰਕਾਰ ਬਨਾਮ ਬੁੰਗਾ ਮਹਾਰਾਜਾ ਰਣਜੀਤ ਸਿੰਘ ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੀ ਕ੍ਰਿਸਚਿਅਨ ਮਿਸ਼ਨਰੀ ਦੀ ਮਲਕੀਅਤ ਘੋਸ਼ਿਤ ਕਰਕੇ ਇਸ ਦੇ ਨਾਲ ਲਗਦੇ ਬੁੰਗਾ ਕੰਵਰ ਨੌਨਿਹਾਲ ਸਿੰਘ ਅਤੇ ਬੁੰਗਾ ਲਾਡੂਵਾਲੀਆ ਨੂੰ ਢਾਹ ਕੇ ਉਨ੍ਹਾਂ ਦੀ ਜਗ੍ਹਾ 'ਤੇ ਗਿਰਜਾਘਰ (ਚਬੂਤਰਾ ਘੰਟਾ-ਘਰ) ਦੀ ਦਿੱਖ ਵਾਲੇ ਇਕ ਚਬੂਤਰੇ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਤਾਂ ਅੰਮ੍ਰਿਤਸਰ ਵਿਚ ਇਸ ਦੇ ਨਿਰਮਾਣ ਨੂੰ ਲੈ ਕੇ ਅੰਗਰੇਜ਼ਾਂ ਨੂੰ ਸ਼ਹਿਰ ਦੇ ਹਿੰਦੂ-ਸਿੱਖਾਂ ਦਾ ਭਾਰੀ ਵਿਰੋਧ ਸਹਿਣਾ ਪਿਆ। ਭਵੇਂ ਕਿ ਅੰਮ੍ਰਿਤਸਰੀਆਂ ਦੇ ਇਸ ਵਿਰੋਧ ਨੂੰ ਅਣਗੋਲਿਆਂ ਕਰਕੇ 50,000 ਰੁਪਏ ਦੀ ਲਾਗਤ ਨਾਲ ਅੰਗਰੇਜ਼ ਹੁਕੂਮਤ ਨੇ ਸੰਨ 1873-74 ਵਿਚ ਘੰਟਾ-ਘਰ ਦਾ ਨਿਰਮਾਣ ਮੁਕੰਮਲ ਕਰਵਾ ਲਿਆ, ਪਰ ਉਹ ਇਸ ਵਿਚ ਗਿਰਜਾ-ਘਰ ਸ਼ੁਰੂ ਕਰਨ ਦੀ ਹਿੰਮਤ ਨਾ ਕਰ ਸਕੇ। ਤਾਂ ਫਿਰ ਭਲਾ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਦੇ ਬਾਹਰ ਅੰਗਰੇਜ਼ ਹੁਕੂਮਤ ਕੋਈ ਬੁੱਚੜਖਾਨਾ ਕਿਵੇਂ ਉਸਾਰ ਸਕਦੀ ਸੀ? ਇਸ ਇਤਿਹਾਸਕ ਤੱਥ 'ਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਇਲਾਵਾ, ਵੀ ਇਥੇ ਬੁੱਚੜਖਾਨਾ ਨਾ ਖੋਲ੍ਹਣ ਦੇ ਬਹੁਤ ਸਾਰੇ ਕਾਰਣ ਸਨ, ਜਿਨ੍ਹਾਂ ਦਾ ਇਸ ਲੇਖ ਵਿਚ ਵੇਰਵਾ ਦੇਣਾ ਸੰਭਵ ਨਹੀਂ ਹੈ। ਹਾਂ, ਇਹ ਜ਼ਰੂਰ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਲਾਹੌਰੀ ਗੇਟ ਦੇ ਪਾਸ ਕੋਈ

ਆਬਾਦੀ ਨਾ ਹੋਣ ਕਰਕੇ ਅਤੇ ਗਊ ਘਾਤ ਕਰਨ ਵਾਲੇ ਕਸਾਈ ਪੰਜਾਬ ਤੋਂ ਬਾਹਰ ਦੂਸਰੇ ਸੂਬਿਆਂ ਤੋਂ ਮੰਗਵਾਏ ਗਏ ਹੋਣ ਕਰਕੇ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਪੁਲਿਸ ਚੌਕੀ ਘੰਟਾ ਘਰ ਦੇ ਬਿਲਕੁਲ ਪਾਸ ਜ਼ਰੂਰ ਕੀਤਾ ਗਿਆ ਸੀ, ਇਸ ਲਈ ਉਨ੍ਹਾਂ ਦੀ ਸ਼ਹਿਰ ਦੇ ਹਿੰਦੂਆਂ-ਸਿੱਖਾਂ ਤੋਂ ਸੁਰਖਿਆ ਕੀਤੀ ਜਾ ਸਕੇ। ਗਾਵਾਂ ਨੂੰ ਕਤਲ ਕਰਨ ਤੋਂ ਪਹਿਲਾਂ ਇਸੇ ਕਸਾਈਖਾਨੇ ਵਿਚ ਰੱਖਿਆ ਜਾਂਦਾ ਸੀ ਅਤੇ ਸਵੇਰੇ ਸਾਰਾ ਦਿਨ ਇਹ ਗਾਵਾਂ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ, ਘੰਟਾ ਘਰ ਦੇ ਥੜ੍ਹੇ ਅਤੇ ਪਾਸ ਦੇ ਬਾਜ਼ਾਰਾਂ ਵਿਚ ਘੁੰਮਦੀਆਂ ਆਮ ਵੇਖੀਆਂ ਜਾਂਦੀਆਂ ਸਨ।

ਖੈਰ, ਜਦੋਂ ਸ਼ਹਿਰ ਦੇ ਹਿੰਦੂਆਂ-ਸਿੱਖਾਂ ਨੇ ਮੁਸਲਮਾਨ ਕਸਾਈਆਂ ਨੂੰ ਗਊ ਘਾਤ ਨਾ ਕਰਨ ਸੰਬੰਧੀ ਸਮਝਾਉਣਾ ਚਾਹਿਆ ਤਾਂ 9 ਮਈ 1871 ਨੂੰ 22 ਹਿੰਦੂ-ਸਿੱਖਾਂ ਵਿਰੁੱਧ ਮੁਸਲਮਾਨਾਂ ਨੂੰ ਡਰਾਉਣ-ਧਮਕਾਉਣ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਗਿਆ। ਅੰਮ੍ਰਿਤਸਰ ਦੇ ਹਾਲਾਤ ਤੇਜ਼ੀ ਨਾਲ ਅਸੁਖਾਵੇਂ ਹੁੰਦੇ ਵੇਖ, ਅੰਮ੍ਰਿਤਸਰ ਡਵੀਜ਼ਨ ਦੇ ਕਮਿਸ਼ਨਰ ਡਬਲਿਊ ਡੀ. ਡੇਵਿਸ ਨੇ 22 ਮਈ 1871 ਨੂੰ ਸ਼ਹਿਰ ਦੇ ਟਾਊਨ ਹਾਲ ਵਿਖੇ ਅੰਮ੍ਰਿਤਸਰ ਮਿਊਂਸੀਪਲਟੀ ਦੀ ਇਕ ਮੀਟਿੰਗ ਬੁਲਾਈ। ਕਮੇਟੀ ਦੇ ਹਿੰਦੂ-ਮੁਸਲਿਮ ਮੈਂਬਰਾਂ ਨੇ ਤਣਾਅ ਘਟਾਉਣ ਲਈ ਇਕ ਮੱਤ ਹੋ ਕੇ ਰਾਇ ਦਿਤੀ ਕਿ ਘੱਟੋ-ਘੱਟ ਇਕ ਸਾਲ ਲਈ ਬੁੱਚੜਖ਼ਾਨਾ ਬੰਦ ਕਰ ਦਿਤਾ ਜਾਵੇ। ਉਨ੍ਹਾਂ ਦੀ ਇਹ ਰਾਇ ਡੇਵਿਸ ਦੀ ਸੋਚ ਤੋਂ ਬਿਲਕੁਲ ਅਲਗ ਸੀ, ਕਿਉਂਕਿ ਉਸ ਦਾ ਇਰਾਦਾ ਤਾਂ ਇਨ੍ਹਾਂ ਦੋਹਾਂ ਕੌਮਾਂ ਨੂੰ ਭੜਕਾਉਣ ਦਾ ਸੀ, ਇਸ ਲਈ ਉਸ ਨੇ ਮੁਸਲਮਾਨਾਂ ਦੀ ਧਾਰਮਿਕ ਆਜ਼ਾਦੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੰਗਰੇਜ਼ ਕਿਸੇ ਨੂੰ ਦੂਜੇ ਦੇ ਧਰਮ ਵਿਚ ਦਖ਼ਲ-ਅੰਦਾਜ਼ੀ ਨਹੀਂ ਕਰਨ ਦੇਣਗੇ। ਇਸ ਲਈ ਬੁੱਚੜਖ਼ਾਨਾ ਕਾਇਮ ਰੱਖਿਆ ਜਾਵੇਗਾ। ਉਸ ਦੇ ਇਸ ਇਕ-ਤਰਫ਼ਾ ਫ਼ੈਸਲੇ ਨਾਲ ਹਿੰਦੂ-ਮੁਸਲਮਾਨ ਬਿਲਕੁਲ ਸਹਿਮਤ ਨਹੀਂ ਸਨ, ਪਰ ਮਜਬੂਰੀ ਵੱਸ ਉਨ੍ਹਾਂ ਨੂੰ ਮਤੇ ਦੀ ਹਮਾਇਤ ਕਰਨੀ ਪਈ।

ਉਸ ਤੋਂ ਬਾਅਦ ਸ਼ਹਿਰ ਦੀਆਂ ਗਲੀਆਂ-ਬਾਜ਼ਾਰਾਂ ਵਿਚ ਸ਼ਰੇਆਮ ਹੋਕਾ ਦੇ ਕੇ ਰੇਹੜੀਆਂ 'ਤੇ ਗਊ ਦਾ ਮਾਸ ਵਿਕਣਾ ਸ਼ੁਰੂ ਹੋ ਗਿਆ। ਸ਼ਿਕਾਇਤਾਂ ਵੀ ਦਰਜ ਕਰਵਾਈਆਂ ਗਈਆਂ ਪਰ ਕਿਸੇ ਵੀ ਦੋਸ਼ੀ ਨੂੰ ਕੋਈ ਵੱਡੀ ਸਜ਼ਾ ਨਾ ਦਿਤੀ ਗਈ। ਉਸੇ ਦੌਰਾਨ ਭਾਈ ਦੇਵਾ ਸਿੰਘ ਨੂੰ ਇਕ ਹੱਡੀ ਸ੍ਰੀ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚ ਪਈ ਮਿਲੀ, ਜੋ ਸ਼ਾਇਦ ਉੱਡਦਾ ਹੋਇਆ ਕੋਈ ਪੰਛੀ ਸੁੱਟ ਗਿਆ ਹੋਵੇਗਾ। ਜਦੋਂ ਭਾਈ ਜੀ ਨੇ ਇਸ ਸੰਬੰਧੀ ਹਾਅ ਦਾ ਨਾਅਰਾ ਮਾਰਿਆ ਤਾਂ ਲੋਕਾਂ ਨੂੰ ਉਕਸਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰਕੇ ਉਨ੍ਹਾਂ ਨੂੰ ਤਿੰਨ ਸਾਲ ਲਈ ਜੇਲ੍ਹ ਵਿਚ ਭੇਜ ਦਿਤਾ ਗਿਆ। ਆਖ਼ਿਰ, ਸ੍ਰੀ ਦਰਬਾਰ ਸਾਹਿਬ ਦੀ ਇਸ ਬੇਅਦਬੀ ਨੂੰ ਨਾ ਸਹਾਰਦੇ ਹੋਏ 10 ਨਾਮਧਾਰੀ ਸਿੱਖਾਂ ਨੇ 14 ਜੂਨ 1871 ਦੀ ਰਾਤ ਕਸਾਈਖ਼ਾਨੇ 'ਤੇ ਹਮਲਾ ਕਰ ਦਿਤਾ ਅਤੇ ਕਤਲ ਕਰਨ ਦੇ ਇਰਾਦੇ ਨਾਲ ਉਥੇ ਬੰਨ੍ਹੀਆਂ ਗਾਵਾਂ ਰਿਹਾ ਕਰ ਦਿੱਤੀਆਂ। ਆਵਾਜ਼ ਸੁਣ ਕੇ ਕਸਾਈ ਜਾਗ ਗਏ ਅਤੇ ਉਨ੍ਹਾਂ ਨੇ ਨਾਮਧਾਰੀ ਸਿੱਖਾਂ 'ਤੇ ਹਮਲਾ ਕਰ ਦਿਤਾ। ਸਿੱਖ ਜੋਸ਼ ਦੇ ਨਾਲ-ਨਾਲ ਪੂਰੀ ਤਿਆਰੀ ਵਿਚ ਵੀ ਸਨ, ਜਿਸ ਦੇ ਚਲਦਿਆਂ ਚਾਰ ਕਸਾਈ ਪੀਰਾਂ, ਜਿਊਣਾ, ਸ਼ਾਦੀ ਅਤੇ ਅਮਾਮੀ ਮਾਰੇ ਗਏ ਅਤੇ ਤਿੰਨ ਹੋਰ ਕਰਮਦੀਨ, ਇਲਾਹੀ ਬਖ਼ਸ਼ ਤੇ ਖੀਵਾ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਏ।

ਉਪਰੋਕਤ ਨਾਮਧਾਰੀ ਸਿੱਖ ਇਹ ਸਭ ਕਰ ਕੇ ਫਰਾਰ ਹੋ ਗਏ ਅਤੇ ਉਨ੍ਹਾਂ ਵਿਚੋਂ ਕੁਝ ਭੈਣੀ ਸਾਹਿਬ ਪਹੁੰਚ ਗਏ। ਇਧਰ ਪੁਲਿਸ ਨੇ ਝੂਠੇ ਗਵਾਹਾਂ ਦੀ ਸਹਾਇਤਾ ਨਾਲ 12 ਨਿਰਦੋਸ਼ ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕਰ ਦਿਤਾ, ਜਿਨ੍ਹਾਂ ਨੂੰ ਫਾਂਸੀ ਦਾ ਹੁਕਮ ਸੁਣਾਇਆ ਗਿਆ। ਨਾਮਧਾਰੀ ਬਾਬਾ ਰਾਮ ਸਿੰਘ ਵਲੋਂ ਇਹ ਪੁੱਛਣ 'ਤੇ ਕਿ ਅਸਲੀ ਕਾਤਲ ਕੌਣ ਹਨ? ਦੋਸ਼ੀਆਂ ਨੇ ਆਪਣਾ ਅਪਰਾਧ ਸਵੀਕਾਰ ਕਰ ਲਿਆ ਅਤੇ ਉਨ੍ਹਾਂ ਦੇ ਕਹਿਣ 'ਤੇ ਅੰਮ੍ਰਿਤਸਰ ਡੀ.ਸੀ. ਦੀ ਅਦਾਲਤ ਵਿਚ ਪੇਸ਼ ਹੋ ਗਏ।

ਇਨ੍ਹਾਂ ਦੇ ਅਦਾਲਤ ਵਿਚ ਪੇਸ਼ ਹੋਣ 'ਤੇ ਇਨ੍ਹਾਂ ਨਾਮਧਾਰੀ ਸਿੱਖਾਂ 'ਤੇ ਮੁਕੱਦਮਾ ਚਲਾਇਆ ਗਿਆ ਅਤੇ ਸੈਸ਼ਨ ਜੱਜ ਵਲੋਂ ਇੰਡੀਅਨ ਪੀਨਲ ਕੋਡ ਦੀ ਧਾਰਾ 302 ਦੇ ਅਧੀਨ ਦੋਸ਼ੀ ਕੂਕਾ ਸਿੱਖਾਂ ਸ੍ਰ. ਬਹੀਲਾ ਸਿੰਘ, ਲਹਿਣਾ ਸਿੰਘ, ਫ਼ਤਹਿ ਸਿੰਘ ਤੇ ਸ੍ਰ. ਹਾਕਮ ਸਿੰਘ ਨੂੰ ਸਜ਼ਾ-ਏ-ਮੌਤ ਅਤੇ ਸ੍ਰ. ਲਹਿਣਾ ਸਿੰਘ ਲੋਪੋਕੇ ਅਤੇ ਲਾਲ ਸਿੰਘ ਸਿਪਾਹੀ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਇਸ ਤੋਂ ਬਾਅਦ, ਪੰਜਾਬ ਦੀ ਮੁੱਖ ਅਦਾਲਤ ਦੇ ਜੱਜ ਕੈਪਬੈੱਲ ਅਤੇ ਉਸ ਤੋਂ ਬਾਅਦ ਜਸਟਿਸ ਸੀ.ਆਰ. ਲਿੰਡਸੇ ਨੇ ਨਾਮਧਾਰੀ ਸਿੱਖਾਂ ਦੀ ਸਜ਼ਾ ਨੂੰ ਬਰਕਰਾਰ ਰੱਖਦਿਆਂ 15 ਸਤੰਬਰ 1871 ਨੂੰ ਫ਼ਾਸੀ ਚੜ੍ਹਾਉਣ ਦਾ ਦਿਨ ਨਿਸਚਿਤ ਕਰ ਦਿਤਾ।

ਨਾਮਧਾਰੀ ਇਤਿਹਾਸ ਮੁਤਾਬਿਕ ਜਦੋਂ ਨਾਮਧਾਰੀ ਸਿੰਘਾਂ ਨੂੰ ਫ਼ਾਂਸੀ ਦੇਣ ਤੋਂ ਪਹਿਲਾਂ ਆਖ਼ਰੀ ਇੱਛਾ ਪੁੱਛੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਡਾ ਫ਼ਾਂਸੀ ਦਾ ਰੱਸਾ ਰੇਸ਼ਮ ਦਾ ਹੋਵੇ ਨਾ ਕਿ ਗਾਂ ਦੀ ਚਮੜੀ ਦਾ ਅਤੇ ਜੱਲਾਦ ਨਾ ਤਾਂ ਸਾਡਾ ਮੂੰਹ ਢਕੇ ਅਤੇ ਨਾ ਹੀ ਸਾਡੇ ਗਲਾਂ ਵਿਚ ਆਪਣੇ ਹੱਥਾਂ ਨਾਲ ਰੱਸਾ ਹੀ ਪਾਵੇ। ਦੱਸਦੇ ਹਨ ਕਿ ਉਸ ਦਿਨ ਇਸ ਫ਼ਾਂਸੀ ਦਾ ਅਲੌਕਿਕ ਨਜ਼ਾਰਾ ਕੁਝ ਅਲਗ ਹੀ ਕਿਸਮ ਦਾ ਸੀ। ਇਕ ਪਾਸੇ ਨਾਮਧਾਰੀ ਸਿੱਖਾਂ ਦੁਆਰਾ ਰੂਹਾਨੀਅਤ ਦਾ ਕੀਰਤਨ ਚੱਲ ਰਿਹਾ ਸੀ ਅਤੇ ਦੂਸਰੇ ਪਾਸੇ ਖ਼ੁਦ ਬੋਹੜ ਦੇ ਰੁੱਖ ਨਾਲ ਫੰਦੇ ਲਗਾ ਕੇ ਇਕ-ਇਕ ਕਰ ਕੇ ਨਾਮਧਾਰੀ ਸਿੰਘ ਫਾਂਸੀ 'ਤੇ ਝੂਲ ਰਹੇ ਸਨ।

ਇਨ੍ਹਾਂ ਸੂਰਵੀਰ ਨਾਮਧਾਰੀ ਸਿੰਘਾਂ ਦੀ ਸ਼ਹਾਦਤ ਦੇ ਬਾਅਦ ਅੰਮ੍ਰਿਤਸਰ ਦੇ ਕੰਪਨੀ ਬਾਗ਼ (ਰਾਮ ਬਾਗ਼) ਦੇ ਪ੍ਰਮੁੱਖ ਦਰਵਾਜ਼ੇ ਦੀ ਬਾਹਰੀ ਡਿਉਢੀ ਜਿਸ ਵਿਚ ਉਸ ਵੇਲੇ ਪੁਲਿਸ ਥਾਣਾ ਸਦਰ ਹੁੰਦਾ ਸੀ, ਦੇ ਸਾਹਮਣੇ ਮੌਜੂਦ ਬੋਹੜ ਦਾ ਰੁੱਖ ਇਕ ਸਾਧਾਰਨ ਅਤੇ ਬੇਨਾਮ ਰੁੱਖ ਨਾ ਰਹਿ ਕੇ ਸ਼ਹੀਦਾਂ ਦੇ ਬੋਹੜ ਦੇ ਨਾਂ ਨਾਲ ਇਕ ਯਾਦਗਾਰੀ, ਇਤਿਹਾਸਕ ਤੇ ਮੁਕੱਦਸ ਰੁੱਖ ਬਣ ਗਿਆ। ਇਸ ਰੁੱਖ ਦਾ ਪਿਛੋਕੜ ਜਾਨਣ ਤੋਂ ਬਾਅਦ ਇਸ ਅੱਗੋਂ ਨਿਕਲਣ ਵਾਲੇ ਰਾਹਗੀਰਾਂ ਦਾ ਸਿਰ ਆਪ ਮੁਹਾਰੇ ਸ਼ਰਧਾ ਨਾਲ ਝੁਕ ਜਾਂਦਾ ਹੈ।

ਇਸ ਵਿਸ਼ਾਲ ਬੋਹੜ ਦੇ ਰੁੱਖ ਦੇ ਸਾਹਮਣੇ ਉਨ੍ਹੀਂ ਦਿਨੀਂ ਇਕ ਖੂਹ ਹੁੰਦਾ ਸੀ, ਜਿਸ ਨੂੰ ਅਣਗਿਹਲੀ ਨਾਲ ਬੰਦ ਕਰਕੇ ਉਸ 'ਤੇ ਪੱਕਾ ਫ਼ਰਸ਼ ਪਾ ਦਿਤਾ ਗਿਆ ਹੈ। ਲੇਖਕ ਨੇ ਕਰੀਬ ਚਾਰ ਵਰ੍ਹੇ ਪਹਿਲਾਂ ਇਹ ਮਾਮਲਾ ਕੇਂਦਰ ਸਰਕਾਰ ਦੇ ਪੁਰਾਤੱਤਵ ਵਿਭਾਗ ਦੇ ਧਿਆਨ ਹਿੱਤ ਲਿਆਂਦਾ ਸੀ। ਵਿਭਾਗ ਦਾ ਕਹਿਣਾ ਹੈ ਕਿ ਖੂਹ ਤੋਂ ਫ਼ਰਸ਼ ਨੂੰ ਹਟਾ ਕੇ ਉਸ ਨੂੰ ਮੁੜ ਪੁਰਾਣੇ ਵਾਲੀ ਹਾਲਤ ਵਿਚ ਲਿਆਂਦਾ ਜਾਵੇਗਾ।

*(ਲੇਖਕ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ ਦਾ ਉੱਘਾ ਖੋਜੀ ਹੈ।)*

# ਰੁੱਖਾਂ ਤੇ ਮਨੁੱਖਾਂ ਦਾ ਆਦਿ-ਜੁਗਾਦਿ ਰਿਸ਼ਤਾ

ਰਣਜੀਤ ਸਿੰਘ

ਮਨੁੱਖਾਂ ਨੇ ਵੀ ਦੂਜੇ ਜਾਨਵਰਾਂ ਵਾਂਗ ਹਜ਼ਾਰਾਂ ਸਾਲ ਆਪਣਾ ਵਾਸਾ ਰੁੱਖਾਂ ਹੇਠ ਰੱਖਿਆ। ਰੁੱਖਾਂ ਦੇ ਫਲ ਉਸ ਦਾ ਭੋਜਨ ਬਣਦੇ ਸਨ। ਜੰਗਲਾਂ ਵਿਚੋਂ ਬਾਹਰ ਨਿਕਲ ਜਦੋਂ ਮਨੁੱਖ ਨੇ ਘਰ ਬਣਾ ਕੇ ਰਹਿਣਾ ਸ਼ੁਰੂ ਕੀਤਾ ਉਦੋਂ ਵੀ ਰੁੱਖਾਂ ਨੇ ਉਸ ਦਾ ਸਾਥ ਦਿਤਾ। ਮਨੁੱਖ ਨੇ ਘਰ ਤੇ ਖੇਤੀ ਦੇ ਸੰਦ ਰੁੱਖਾਂ ਤੋਂ ਬਣਾਏ। ਮਨੁੱਖ ਤੇ ਉਸ ਦੇ ਡੰਗਰ ਗਰਮੀਆਂ ਦੀ ਦੁਪਹਿਰ ਰੁੱਖਾਂ ਹੇਠ ਹੀ ਕੱਟਦੇ ਸਨ। ਰੁੱਖਾਂ ਤੋਂ ਬਗੈਰ ਧਰਤੀ ਉਤੇ ਜਵੀਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਨੁੱਖ ਦੇ ਜੀਵਨ ਦਾ ਸਹਾਰਾ ਆਕਸੀਜਨ ਹੈ ਤੇ ਉਹ ਆਪਣੇ ਅੰਦਰੋਂ ਕਾਰਬਨ ਡਾਈਆਕਸਾਈਡ ਬਾਹਰ ਕੱਢਦਾ ਹੈ। ਰੁੱਖ ਕਾਰਬਨ ਡਾਈਆਕਸਾਈਡ ਨੂੰ ਖਾ ਕੇ ਆਕਸੀਜਨ ਬਾਹਰ ਕੱਢਦੇ ਹਨ। ਲੱਕੜੀ ਅਤੇ ਬਾਲਣ ਦੀਆਂ ਸਾਰੀਆਂ ਲੋੜਾਂ ਰੁੱਖ ਹੀ ਪੂਰੀਆਂ ਕਰਦੇ ਹਨ। ਰੁੱਖਾਂ ਦੇ ਫਲ ਮਨੁੱਖਾਂ ਦਾ ਅਤੇ ਪੱਤੇ ਡੰਗਰਾਂ ਦਾ ਭੋਜਨ ਬਣਦੇ ਹਨ। ਅਨੇਕ ਜੀਵ ਜੰਤੂਆਂ ਦਾ ਬਸੇਰਾ ਹਨ ਰੁੱਖ। ਰੁੱਖ ਕੇਵਲ ਵਾਤਾਵਰਨ ਹੀ ਸ਼ੁੱਧ ਨਹੀਂ ਕਰਦੇ ਸਗੋਂ ਧਰਤੀ ਦੀ ਤਪਸ਼ ਨੂੰ ਘੱਟ ਵੀ ਕਰਦੇ ਹਨ ਤੇ ਮੀਂਹ ਪੁਆਉਣ ਵਿਚ ਸਹਾਈ ਹੁੰਦੇ ਹਨ। ਇਹ ਮੀਂਹ ਦੇ ਪਾਣੀ ਦੀ ਸੰਭਾਲ ਕਰਦੇ ਹਨ ਤੇ ਮਿੱਟੀ ਦੀ ਰੋੜ੍ਹ ਰੋਕਦੇ ਹਨ। ਇਹ ਜੀਵਨ ਦਾ ਸੂਹਜ ਹਨ। ਕੋਈ ਸਮਾਂ ਸੀ ਜਦੋਂ ਪੰਜਾਬ ਦੀ ਧਰਤੀ 'ਤੇ ਹਰ ਪਾਸੇ ਰੁੱਖ ਨਜ਼ਰ ਆਉਂਦੇ ਸਨ। ਹਰੇਕ ਪਿੰਡ ਦੀ ਆਪਣੀ ਝਿੜੀ ਵੀ ਹੁੰਦੀ ਸੀ।

ਮੁਰੱਬੇਬੰਦੀ ਨਾਲ ਜਿਥੇ ਖੇਤੀ ਦਾ ਵਿਕਾਸ ਹੋਇਆ, ਸੜਕਾਂ ਸਿੱਧੀਆਂ ਬਣੀਆਂ ਤੇ ਖ਼ੁਸ਼ਹਾਲੀ ਆਈ, ਉਥੇ ਇਸ ਨਾਲ ਰੁੱਖਾਂ ਦਾ ਬਹੁਤ ਨੁਕਸਾਨ ਹੋਇਆ। ਬਹੁਤ ਸਾਰੇ ਰੁੱਖ ਕੱਟੇ ਗਏ ਪਰ ਨਵੇਂ ਰੁੱਖ ਲਗਾਉਣ ਦਾ ਬਹੁਤਾ ਉਪਰਾਲਾ ਨਾ ਕੀਤਾ ਗਿਆ।

ਪੰਜਾਬ ਨੂੰ ਮਾਣ ਹਾਸਲ ਹੈ ਕਿ ਸੰਸਾਰ ਵਿਚ ਸੱਭਿਅਤਾ ਦਾ ਵਿਕਾਸ ਇਸ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਹੋਇਆ। ਭਾਰਤ ਦੇ ਪ੍ਰਸਿੱਧ ਧਰਮ ਗ੍ਰੰਥਾਂ ਦੀ ਰਚਨਾ ਵੀ ਇਥੋਂ ਦੇ ਰੁੱਖਾਂ ਦੀ ਛਾਵੇਂ ਹੋਈ। ਸੰਸਾਰ ਦੀ ਪਹਿਲੀ ਗਿਆਨ ਪੁਸਤਕ ਵੇਦ ਦੀ ਰਚਨਾ ਰਿਸ਼ੀਆਂ ਨੇ ਪੰਜਾਬ ਦੇ ਰੁੱਖਾਂ ਹੇਠ ਕੀਤੀ। ਰਿਸ਼ੀ ਬਾਲਮੀਕ ਨੇ ਰਾਮਾਇਣ ਦੀ ਰਚਨਾ ਅੰਮ੍ਰਿਤਸਰ ਵਿਖੇ ਆਪਣੀ ਵਾਟਿਕਾ ਵਿਚ ਬੈਠ ਕੇ ਕੀਤੀ। ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਜੋਤੀਸਰ ਵਿਖੇ ਇਕ ਰੁੱਖ ਹੇਠ ਬੈਠ ਕੇ ਦਿਤਾ। ਜੁਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਖੇ ਕੀਤੀ। ਇਸ ਕਾਰਜ ਲਈ ਗੁਰੂ ਸਾਹਿਬ ਨੇ ਇਕ ਇਕਾਂਤ ਥਾਂ ਲੱਭੀ, ਜਿਥੇ ਜੰਡ, ਬੇਰ, ਬੋਹੜ ਤੇ ਪਿੱਪਲ ਦੇ ਰੁੱਖਾਂ ਦੀ ਸੰਘਣੀ ਛਾਂ ਸੀ ਅਤੇ ਨਾਲ ਹੀ ਧਰਤੀ 'ਤੇ ਉੱਗੀ ਹਰੀ ਘਾਹ ਅੱਖਾਂ ਨੂੰ ਠੰਢਕ ਦਿੰਦੀ ਸੀ।

ਪੰਜਾਬ ਅਤੇ ਪੰਜਾਬੀਆਂ ਨੇ ਹਮੇਸ਼ਾ ਕੁਦਰਤ ਦਾ ਸੰਗ ਮਾਣਿਆ ਹੈ। ਇਸੇ ਨੂੰ ਗੁਰੂ ਨਾਨਕ ਸਾਹਿਬ ਨੇ 'ਬਲਿਹਾਰੀ ਕੁਦਰਤ ਵਸਿਆ' ਆਖ ਬਿਆਨ ਕੀਤਾ ਹੈ। ਗੁਰੂ ਸਾਹਿਬ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦਿਤਾ ਹੈ।

ਬਦਕਿਸਮਤੀ ਕਿ ਪੰਜਾਬ ਹੁਣ ਅਜਿਹਾ ਸੂਬਾ ਬਣ ਗਿਆ ਹੈ ਜਿਥੇ ਦੇਸ਼ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਰੁੱਖਾਂ ਦੀ ਗਿਣਤੀ ਬਹੁਤ ਘੱਟ ਹੈ। ਜੰਗਲ ਤਾਂ ਇਥੇ ਹੈ ਹੀ ਨਹੀਂ। ਪੰਜਾਬ ਵਿਚ ਆਏ ਹਰੇ ਇਨਕਲਾਬ ਨੇ ਜਿਥੇ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ, ਉਥੇ ਆਪ ਸੂਬੇ ਨੂੰ ਕਈ ਨੁਕਸਾਨ ਝੱਲਣੇ ਪਏ। ਇਨ੍ਹਾਂ ਵਿਚੋਂ ਵੱਡਾ ਨੁਕਸਾਨ ਰੁੱਖਾਂ ਦੀ ਕਟਾਈ ਹੈ। ਵੱਧ ਤੋਂ ਵੱਧ ਰਕਬੇ ਨੂੰ ਵਾਹੀ ਹੇਠ ਲਿਆਉਣ ਦੇ ਲਾਲਚ ਵਿਚ ਕਿਸਾਨਾਂ ਨੇ ਰੁੱਖਾਂ ਦੀ ਬੇਰਹਿਮੀ ਨਾਲ ਕਟਾਈ ਕੀਤੀ। ਮਾਝੇ ਤੇ ਦੁਆਬੇ ਦੇ ਸਾਰੇ ਬਾਗ਼-ਬਗੀਚੇ ਲੋਪ ਹੋ ਗਏ। ਮਾਲਵੇ ਦੇ ਜੰਗਲ ਇਤਿਹਾਸ ਦਾ ਹਿੱਸਾ ਹੀ ਬਣ ਕੇ ਰਹਿ ਗਏ ਹਨ।

ਹੁਣ ਪੰਜਾਬ ਵਿਚ ਕੇਵਲ ਸੜਕਾਂ ਕੰਢੇ ਹੀ ਰੁੱਖ ਨਜ਼ਰ ਆਉਂਦੇ ਹਨ। ਸੜਕਾਂ ਨੂੰ ਚੌੜੀਆਂ ਕਰਨ ਦੀ ਮੁਹਿੰਮ ਤਹਿਤ ਇਹ ਰੁੱਖ ਵੀ ਲੋਪ ਹੋ ਰਹੇ ਹਨ। ਮਾਹਿਰਾਂ ਅਨੁਸਾਰ ਧਰਤੀ ਦਾ ਘੱਟ ਤੋਂ ਘੱਟ 30 ਪ੍ਰਤਿਸ਼ਤ ਰਕਬਾ ਜੰਗਲਾਂ ਹੇਠ ਚਾਹੀਦਾ ਹੈ ਪਰ ਪੰਜਾਬ ਵਿਚ ਇਹ 6 ਪ੍ਰਤਿਸ਼ਤ ਤੋਂ ਵੀ ਘੱਟ ਹੈ। ਪੰਜਾਬ ਦਾ ਪਾਣੀ, ਹਵਾ ਅਤੇ ਧਰਤੀ ਨੂੰ ਸੰਸਾਰ ਵਿਚ ਸਭ ਤੋਂ ਵਧੀਆ ਮੰਨਿਆ ਗਿਆ ਹੈ। ਇਸੇ ਕਰਕੇ ਮੁੱਢ ਕਦੀਮ ਤੋਂ ਹੀ ਦੂਰ-ਦੁਰਾਡਿਉਂ ਲੋਕ ਇਨ੍ਹਾਂ ਦਾ ਅਨੰਦ ਮਾਣਨ ਲਈ ਆਉਂਦੇ ਰਹੇ ਹਨ। ਪਰ ਇਹ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਇਹ ਤਿੰਨੇ ਹੀ ਹੁਣ ਪਲੀਤ ਹੋ ਗਏ ਹਨ। ਇਸ ਦੇ ਕਈ ਕਾਰਨ ਹਨ, ਪਰ ਰੁੱਖਾਂ ਦੀ ਅਣਹੋਂਦ ਵੀ ਇਸ ਦਾ ਇਕ ਅਹਿਮ ਕਾਰਨ ਹੈ।

## ਰੁੱਖ ਲਾਉਣ ਲਈ ਢੁਕਵਾਂ ਸਮਾਂ

ਜਦੋਂ ਅਸੀਂ ਇਹ ਜਾਣਦੇ ਹਾਂ ਕਿ ਮਨੁੱਖੀ ਜੀਵਨ ਰੁੱਖਾਂ ਉਤੇ ਹੀ ਨਿਰਭਰ ਹੈ, ਫਿਰ ਅਸੀਂ ਰੁੱਖਾਂ ਤੋਂ ਬੇਮੁੱਖ ਕਿਉਂ ਹੋ ਰਹੇ ਹਾਂ। ਸਾਡੇ ਬਹੁਤੇ ਦੁੱਖਾਂ ਦਾ ਕਾਰਨ ਰੁੱਖਾਂ ਤੋਂ ਬੇਮੁੱਖ ਹੋਣਾ ਹੈ। ਰੁੱਖਾਂ ਨਾਲੋਂ ਸਾਡੀ ਸਾਂਝ ਟੁੱਟ ਰਹੀ ਹੈ। ਸ਼ਹਿਰੀ ਨਵੀਂ ਪੀੜ੍ਹੀ ਨੂੰ ਤਾਂ ਰੁੱਖਾਂ ਦੀ ਛਾਂ ਨਸੀਬ ਹੀ ਨਹੀਂ ਹੁੰਦੀ। ਪਿੰਡਾਂ ਵਿਚ ਹਰੇਕ ਕਿਸਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਟਿਊਬਵੈੱਲ ਉੱਤੇ ਜਾਂ ਹਵੇਲੀ ਦੇ ਵਿਹੜੇ ਵਿਚ ਪੰਜ ਰੁੱਖ ਜ਼ਰੂਰ ਲਗਾਵੇ। ਇਨ੍ਹਾਂ ਵਿਚ ਦੋ ਫਲਦਾਰ ਬੂਟੇ ਵੀ ਹੋ

ਸਕਦੇ ਹਨ। ਸਕੂਲਾਂ ਦੇ ਵਿਹੜਿਆਂ ਅਤੇ ਚੌਗਿਰਦਿਆਂ ਨੂੰ ਰੁੱਖਾਂ ਨਾਲ ਸ਼ਿੰਗਾਰਿਆ ਜਾਵੇ। ਪਿੰਡਾਂ ਵਿਚ ਖਾਲੀ ਥਾਵਾਂ ਅਤੇ ਸੜਕਾਂ ਦੇ ਕੰਢੇ ਰੁੱਖ ਲਗਾਏ ਜਾਣ ਤੇ ਪਿੰਡਾਂ ਦੀ ਪੰਚਾਇਤ ਵਲੋਂ ਇਹ ਕਾਰਜ ਕੀਤਾ ਜਾਵੇ। ਇਨ੍ਹਾਂ ਰੁੱਖਾਂ ਦੀ ਸਾਂਭ-ਸੰਭਾਲ ਬਹੁਤ ਜ਼ਰੂਰੀ ਹੈ ਤਾਂ ਜੋ ਇਹ ਸੁੱਕ ਨਾ ਜਾਣ। ਰੁੱਖ ਲਗਾਉਣੇ ਇਕ ਰਸਮ ਤਕ ਹੀ ਸੀਮਤ ਨਾ ਰਹਿਣ ਸਗੋਂ ਇਨ੍ਹਾਂ ਦੀ ਪੂਰੀ ਸ਼ਰਧਾ ਨਾਲ ਦੇਖਭਾਲ ਕੀਤੀ ਜਾਵੇ। ਜੇ ਅਸੀਂ ਆਪਣੇ ਇਤਿਹਾਸਕ ਧਰਮ ਸਥਾਨਾਂ ਨੂੰ ਰੁੱਖਾਂ ਦਾ ਨਾਮ ਦਿਤਾ ਹੈ ਤਾਂ ਫਿਰ ਰੁੱਖਾਂ ਦਾ ਪੂਰਾ ਸਤਿਕਾਰ ਵੀ ਕੀਤਾ ਜਾਣਾ ਚਾਹੀਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ 'ਇਕ ਰੁੱਖ ਸੌ ਸੁੱਖ'। ਫਿਰ ਅਸੀਂ ਆਪਣੇ ਆਪ ਨੂੰ ਸੁੱਖਾਂ ਤੋਂ ਵਾਂਝਾ ਕਿਉਂ ਰੱਖ ਰਹੇ ਹਾਂ। ਮਨੁੱਖ ਤਾਂ ਲਾਲਚੀ ਸੁਭਾਅ ਦਾ ਹੈ ਪਰ ਇਥੇ ਇਹ ਲਾਲਚ ਕਿਉਂ ਨਹੀਂ ਹੈ। ਇਸ ਤੋਂ ਵੱਡੀ ਪ੍ਰਾਪਤੀ ਕੀ ਹੋ ਸਕਦੀ ਹੈ ਕਿ ਇਕ ਰੁੱਖ ਲਗਾ ਕੇ ਸੌ ਸੁੱਖ ਪ੍ਰਾਪਤ ਹੋ ਸਕਦੇ ਹਨ। ਆਓ ! ਰੁੱਖ ਲਗਾਈਏ, ਉਨ੍ਹਾਂ ਦੀ ਸਾਂਭ-ਸੰਭਾਲ ਤੇ ਸਤਿਕਾਰ ਕਰੀਏ। ਇਸ ਨਾਲ ਤਨ, ਮਨ ਤੇ ਚੌਗਿਰਦਾ ਸੁਗੰਧੀ ਭਰਿਆ ਹੋ ਜਾਵੇਗਾ। ਅਜਿਹਾ ਕੀਤਿਆਂ ਅਸੀਂ ਆਪਣੇ ਜੀਵਨ ਨੂੰ ਸੁਖੀ ਬਣਾ ਸਕਾਂਗੇ, ਦੁੱਖਾਂ ਤੋਂ ਛੁਟਕਾਰਾ ਮਿਲੇਗਾ ਤੇ ਖੇੜਿਆਂ ਦਾ ਵਾਸਾ ਹੋਵੇਗਾ। ਜੁਲਾਈ-ਅਗਸਤ ਦੇ ਮਹੀਨੇ ਸਦਾ ਬਹਾਰ ਰੁੱਖਾਂ ਦੇ ਲਗਾਉਣ ਲਈ ਢੁਕਵੇਂ ਹਨ।

ਪੰਜਾਬ ਵਿਚ ਰਵਾਇਤੀ ਰੁੱਖ ਲਗਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਵਿਚ ਟਾਹਲੀ, ਸ਼ਹਿਤੂਤ, ਕਿੱਕਰ, ਡੇਕ, ਸਾਗਵਾਨ, ਟੂਨ, ਜੰਡ, ਨਿੰਮ, ਸ਼ਰੀਂਹ ਦੇ ਬੂਟੇ ਲਗਾਏ ਜਾ ਸਕਦੇ ਹਨ। ਪੱਤਝੜੀ ਬੂਟੇ ਤਾਂ ਲਗਾਏ ਹੀ ਜਨਵਰੀ-ਫ਼ਰਵਰੀ ਵਿਚ ਜਾ ਸਕਦੇ ਹਨ। ਇਸ ਦੇ ਨਾਲ ਹੀ ਕਈ ਸਜਾਵਟੀ ਰੁੱਖ ਵੀ ਹਨ ਜਿਨ੍ਹਾਂ ਨੂੰ ਪੰਜਾਬ ਵਿਚ ਲਗਾਇਆ ਜਾ ਸਕਦਾ ਹੈ। ਇਨ੍ਹਾਂ ਵਿਚ ਕਚਨਾਰ, ਸਿੰਬਲ, ਢਕਪਲਾਸ, ਗੁਲਾਬੀ ਮੋਹਰ, ਅਮਲਤਾਸ, ਪਿਲਕਣ, ਗੁਲਮੋਹਰ ਪ੍ਰਮੁੱਖ ਹਨ। ਬੂਟੇ ਕਿਸੇ ਭਰੋਸੇਯੋਗ ਨਰਸਰੀ ਤੋਂ ਲੈਣੇ ਚਾਹੀਦੇ ਹਨ। ਇਹ ਮੌਸਮ ਵਿਚ ਬੂਟੇ ਗਾਚੀ-ਚਾਕਲੀ ਸਮੇਤ ਪੁੱਟੇ ਜਾਂਦੇ ਹਨ। ਇਹ ਧਿਆਨ ਰੱਖਿਆ ਜਾਵੇ ਕਿ ਜੜ੍ਹਾਂ ਦਾ ਕੋਈ ਨੁਕਸਾਨ ਨਾ ਹੋ ਸਕੇ। ਕਈ ਸਰਕਾਰੀ ਮਹਿਕਮੇ ਤੇ ਸੰਸਥਾਵਾਂ ਮੁਫ਼ਤ ਬੂਟੇ ਦੇ ਰਹੀਆਂ ਹਨ। ਪੰਚਾਇਤਾਂ ਨੂੰ ਉਪਰਾਲਾ ਕਰਕੇ ਸਾਰੇ ਪਿੰਡ ਲਈ ਉਨ੍ਹਾਂ ਸੰਸਥਾਵਾਂ ਰਾਹੀਂ ਬੂਟੇ ਪ੍ਰਾਪਤ ਕਰ ਲੈਣੇ ਚਾਹੀਦੇ ਹਨ।

## ਫਲਦਾਰ ਬੂਟੇ

ਪੰਜਾਬ ਵਿਚ ਫਲਦਾਰ ਬੂਟੇ ਘੱਟ ਹੀ ਨਜ਼ਰ ਆਉਂਦੇ ਹਨ। ਕੋਈ ਸਮਾਂ ਸੀ ਜਦੋਂ ਸੂਬੇ ਵਿਚ ਫਲਦਾਰ ਰੁੱਖਾਂ ਦੀ ਭਰਮਾਰ ਸੀ। ਜਾਮਣ ਤੇ ਬੇਰੀ ਦੇ ਰੁੱਖ ਤਾਂ ਆਮ ਸਨ। ਦੁਆਬੇ ਤੇ ਪੁਆਧ ਵਿਚ ਅੰਬਾਂ ਦੇ ਬਾਗ਼-ਬਗੀਚੇ ਬਹੁਤ ਸਨ। ਕਿਸਾਨਾਂ ਨੂੰ ਚਾਹੀਦਾ ਹੈ ਕਿ ਆਪਣੇ ਖੇਤਾਂ ਵਿਚ ਤੇ ਬੰਬੀ ਉਤੇ ਦੋ ਚਾਰ ਫਲਦਾਰ ਬੂਟੇ ਜ਼ਰੂਰ ਲਗਾਉਣ। ਘਰ ਦੇ ਤਾਜ਼ੇ ਫਲਾਂ ਤੋਂ ਹੀ ਖੁਰਾਕੀ ਤੱਤ ਪ੍ਰਾਪਤ ਹੋ ਸਕਦੇ ਹਨ। ਜੇ ਫਲਾਂ ਦੀ ਬਗੀਚੀ ਲਗਾਉਣੀ ਹੈ ਤਾਂ ਮਿੱਟੀ ਦੀ ਪਰਖ ਜ਼ਰੂਰ ਕਰਵਾਈ ਜਾਵੇ। ਜਿੰਨੇ ਬੂਟੇ ਲਗਾਉਣੇ ਹਨ, ਉਨੇ ਟੋਏ ਜ਼ਰੂਰ ਤਿਆਰ ਕਰੋ। ਇਕ ਟੋਆ 1×1×1 ਵਰਗ ਮੀਟਰ ਦਾ ਪੁੱਟੋ। ਇਸ ਨੂੰ ਰੂੜੀ ਅਤੇ ਮਿੱਟੀ ਬਰਾਬਰ ਦੀ ਲੈ ਕੇ ਭਰੋ। ਟੋਏ ਵਿਚ 30 ਗ੍ਰਾਮ ਲਿੰਡੇਨ, 5 ਪ੍ਰਤਿਸ਼ਤ ਪਾਵੋ। ਪੰਜਾਬ ਵਿਚ ਅੰਬ, ਬੇਰ, ਮਾਲਟਾ, ਕਿੰਨੋ, ਤੇ ਅਮਰੂਦ ਦੇ ਬੂਟੇ ਲਗਾਏ ਜਾ ਸਕਦੇ ਹਨ। ਘਰ ਬਗੀਚੀ ਵਿਚ ਤਾਂ ਪਪੀਤਾ, ਕੇਲਾ, ਚੀਕੂ ਤੇ ਨਿੰਬੂ ਵੀ ਲਗਾਏ ਜਾ ਸਕਦੇ ਹਨ। ਮਾਲਟੇ ਦੀਆਂ ਮੁਸੰਮੀ, ਜਾਫ਼ਾ, ਬਲੱਡ ਰੈਡ ਅਤੇ ਵੈਲੇਨਸ਼ੀਆ ਕਿਸਮਾਂ ਦੇ ਬੂਟੇ ਲਗਾਏ ਜਾਣ। ਅੰਬ ਦੀਆਂ ਦੁਸਿਹਰੀ, ਲੰਗੜਾ ਅਤੇ ਅਲਫ਼ੈਨਜੋ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਦੇਸੀ ਅੰਬਾਂ ਦੀਆਂ ਜੀ.ਐੱਨ.-1 ਤੋਂ ਜੀ ਐੱਨ-7 ਤਕ ਕਿਸਮਾਂ ਦੇ ਬੂਟੇ ਲਗਾਵੋ। ਬੇਰੀ ਦੀਆਂ ਕੈਥਲੀ, ਜੈਡਲੀ-2, ਸਨੌਰ-2 ਅਤੇ ਵਲੈਤੀ ਕਿਸਮਾਂ ਵਿਚੋਂ ਕੋਈ ਲਗਾਵੋ। ਅਲਾਹਾਬਾਦ ਸਫ਼ੈਦਾ, ਸਰਦਾਰ ਅਤੇ ਅਰਕਾ ਅਮੁਲਿਆ ਅਮਰੂਦ ਦੀਆਂ ਕਿਸਮਾਂ ਹਨ। ਪੂਸਾ ਡਵਾਰਫ਼, ਪੰਜਾਬ ਸਵੀਟ, ਪੂਸਾ ਡਲੀਸੀਅਸ, ਅਤੇ ਹਨੀਡੀਊ ਪਪੀਤੇ ਦੀਆਂ ਕਿਸਮਾਂ ਅਤੇ ਨਿੰਬੂ ਦੀਆਂ ਇਰੂਕਾ, ਪੀ.ਏ.ਯੂ. ਬਾਰਾਮਾਸੀ ਤੇ ਲੈਮਨ-1 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਫਲ ਇੰਨੇ ਮਹਿੰਗੇ ਹਨ ਕਿ ਬਜ਼ਾਰ ਵਿਚੋਂ ਖਰੀਦਣਾ ਔਖਾ ਜਾਪਦਾ ਹੈ। ਇਨ੍ਹਾਂ ਵਿਚੋਂ ਕਈ ਗਲਤ ਢੰਗ ਨਾਲ ਪਕਾਏ ਹੁੰਦੇ ਹਨ ਜਿਹੜੇ ਲਾਭ ਦੀ ਥਾਂ ਹਾਨੀ ਕਰਦੇ ਹਨ। ਇਸ ਵਾਰ ਘੱਟੋ-ਘੱਟ ਦੋ ਫਲਦਾਰ ਬੂਟੇ ਘਰ ਦੇ ਵਿਹੜੇ ਜਾਂ ਬੰਬੀ ਉਤੇ ਜ਼ਰੂਰ ਲਗਾਵੋ। ਬੂਟੇ ਸਿਫ਼ਾਰਸ਼ ਕੀਤੀ ਕਿਸਮ ਦੇ ਰੋਗ ਰਹਿਤ ਅਤੇ ਸਹੀ ਉਮਰ ਦੇ ਹੋਣੇ ਚਾਹੀਦੇ ਹਨ।

## ਫੁੱਲਾਂ ਦੀ ਕਾਸ਼ਤ

ਜਿਥੇ ਘਰਾਂ ਅਤੇ ਖੇਤਾਂ ਨੂੰ ਰੁੱਖਾਂ ਨਾਲ ਸ਼ਿੰਗਾਰਨ ਦੀ ਲੋੜ ਹੈ, ਉਥੇ ਕੁੱਝ ਫੁੱਲਾਂ ਦੇ ਬੂਟੇ ਵੀ ਲਗਾਏ ਜਾਣ। ਫੁੱਲ ਜੀਵਨ ਨੂੰ ਤਾਜ਼ਗੀ ਬਖ਼ਸ਼ਦੇ ਹਨ ਤੇ ਥਕਾਵਟ ਦੂਰ ਕਰਦੇ ਹਨ। ਪੰਜਾਬ ਦੇ ਸ਼ਹਿਰਾਂ ਅੰਦਰ ਸਜਾਵਟੀ ਬੂਟੇ ਲਗਾਉਣ ਦਾ ਰਿਵਾਜ ਪੈ ਰਿਹਾ ਹੈ ਪਰ ਪਿੰਡਾਂ ਵਿਚ ਅਜੇ ਅਜਿਹਾ ਨਹੀਂ ਹੋਇਆ। ਜੇਕਰ ਅਸੀਂ ਕੁੱਝ ਬੂਟੇ ਫੁੱਲਾਂ ਦੇ ਲਗਾ ਲਵਾਂਗੇ ਤਾਂ ਵਾਤਾਵਰਨ ਹੀ ਚੰਗਾ ਲੱਗੇਗਾ ਅਤੇ ਫੁੱਲਾਂ ਦੀ ਮੰਡੀ ਲਈ ਕਾਸ਼ਤ ਦਾ ਵੀ ਰੁਝਾਨ ਬਣੇਗਾ। ਆਮ ਤੌਰ ਤੇ ਗੇਂਦੇ ਦੇ ਫੁੱਲਾਂ ਦੀ ਵਿੱਕਰੀ ਹੁੰਦੀ ਸੀ ਪਰ ਹੁਣ ਦੂਜੇ ਫੁੱਲਾਂ ਦੀ ਵਿੱਕਰੀ ਵੀ ਹੋਣ ਲੱਗ ਪਈ ਹੈ। ਇਸ ਮਹੀਨੇ 10-15 ਫੁੱਲਾਂ ਦੇ ਬੂਟੇ ਘਰ ਜਾਂ ਬੰਬੀ 'ਤੇ ਜ਼ਰੂਰ ਲਗਾਵੋ। ਹੁਣ ਤੁਸੀ ਗਲੈਡੀਓਲਸ, ਗੇਂਦਾ, ਪਿਛੇਤੀ ਗੁਲਦਾਉਦੀ ਤੇ ਮੋਤੀਏ ਦੇ ਬੂਟੇ ਲਗਾ ਸਕਦੇ ਹੋ। ਕਿਸੇ ਚੰਗੀ ਨਰਸਰੀ ਤੋਂ ਇਨ੍ਹਾਂ ਦੇ ਬੂਟੇ ਪ੍ਰਾਪਤ ਕਰ ਕੇ ਲਗਾਵੋ। ਬਹੁਤ ਸਾਰੇ ਫੁੱਲਾਂ ਦੇ ਬੂਟਿਆਂ ਜਿਵੇਂ ਗੁਲਾਬ, ਬੋਗਨਵਿਲੀਆ, ਮੋਤੀਆ, ਰਜਨੀ ਗੰਧਾ ਦੀਆਂ ਕਲਮਾਂ ਵੀ ਲਗਾ ਸਕਦੇ ਹੋ। ਇਨ੍ਹਾਂ ਤੋਂ ਘਰ ਵਿਚ ਹੀ ਨਵੇਂ ਬੂਟੇ ਤਿਆਰ ਕੀਤੇ ਜਾ ਸਕਦੇ ਹਨ। ਗੁਲਦਾਉਦੀ ਦੀਆਂ ਅਨੇਕ ਕਿਸਮਾਂ ਹਨ ਪਰ ਜੇ ਹੋ ਸਕੇ ਤਾਂ ਬੀਰਬਲ ਸਹਾਨੀ, ਬੱਗੀ, ਰਤਲਾਮ ਸਿਲੈਕਸ਼ਨ ਤੇ ਪੰਜਾਬ ਗੋਲਡ ਕਿਸਮਾਂ ਦੇ ਬੂਟੇ ਲਗਾਵੋ। ਗੁਲਾਬ ਤੋਂ ਤਾਂ ਅਸੀਂ ਸਾਰੇ ਵਾਕਫ਼ ਹਾਂ। ਗੁਲਾਬ ਦੇ ਕੁਝ ਬੂਟੇ ਤਾਂ ਜ਼ਰੂਰ ਲਗਾਏ ਜਾਣ। ਇਕ ਵਾਰ ਲਗਾਏ ਬੂਟੇ ਕਈ ਸਾਲ ਫੁੱਲ ਦਿੰਦੇ ਹਨ ਗੁਲਾਬ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ ਜਿਸ ਦੇ ਫੁੱਲ ਤੁਹਾਨੂੰ ਚੰਗੇ ਲਗਦੇ ਹਨ, ਉਸੇ ਕਿਸਮ ਦੇ ਬੂਟੇ ਲਗਾਵੋ। ਮੋਤੀਆ ਇਕ ਹੋਰ ਫੁੱਲ ਹੈ ਜਿਸ ਤੋਂ ਤੁਸੀਂ ਵਾਕਫ਼ ਹੋ। ਇਸ ਦੇ ਵੀ ਕੁੱਝ ਬੂਟੇ ਲਗਾਵੋ। ਸਿਲੈਕਸ਼ਨ ਜੇ ਐਲ ਐਲ-1 ਅਤੇ ਸਿਲੈਕਸ਼ਲ ਜੇ ਐਸ ਐੱਲ-2 ਉੱਨਤ ਕਿਸਮਾਂ ਹਨ। ਨੌਜਵਾਨਾਂ ਨੂੰ ਫੁੱਲਾਂ ਦਾ ਸ਼ੌਕ ਹੋਣਾ ਚਾਹੀਦਾ ਹੈ। ਜੇ ਕੁੱਝ ਬੂਟੇ ਇਸ ਵਾਰ ਲਗਾਏ ਜਾਣ ਤਾਂ ਅਗਲੇ ਸਾਲ ਇਸ ਵਿਚ ਵਾਧਾ ਕਰਕੇ ਪੈਸੇ ਵੀ ਕਮਾਏ ਜਾ ਸਕਦੇ ਹਨ। ਆਓ ਰੁੱਖਾਂ ਨਾਲ ਪਿਆਰ ਕਰੀਏ ਤੇ ਫੁੱਲਾਂ ਨਾਲ ਘਰ ਤੇ ਖੇਤਾਂ ਨੂੰ ਸ਼ਿੰਗਾਰੀਏ।

*(ਲੇਖਕ ਸਾਬਕਾ ਡੀਨ (ਖੇਤੀ ਕਾਲਜ) ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਹੈ।)*

# ਪੇਂਡੂ ਵਿਕਾਸ ਤੇ ਹਰਿਆਣਾ

✍ ਕੁਲਵਿੰਦਰ ਕੌਰ ਦਿਓਲ

ਹਰਿਆਣਾ ਸਰਕਾਰ ਵਲੋਂ ਆਪਣੇ 6 ਮਹੀਨੇ ਦੇ ਛੋਟੇ ਜਿਹੇ ਸ਼ੁਰੂਆਤੀ ਕਾਰਜਕਾਲ ਦੌਰਾਨ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ 'ਹਰਿਆਣਾ ਇਕ-ਹਰਿਆਣਵੀ ਇਕ' ਹਨ।

**ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਵਲੋਂ ਰਾਜ ਦੇ ਵਿਕਾਸ ਨੂੰ ਹਰ ਕੋਨੇ ਤਕ ਪੁੱਜਦਾ ਕਰਨ ਨੂੰ ਤਰਜੀਹੀ ਤੌਰ ਤੇ ਅਪਣਾਇਆ ਹੈ। ਰਾਜ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਮਿਲ ਰਹੀ ਹਰ ਪ੍ਰਕਾਰ ਦੀ ਮਦਦ ਨਾਲ ਵੀ ਆਉਣ ਵਾਲੇ ਦਿਨਾਂ ਵਿਚ ਫ਼ਾਇਦਾ ਹੋਵੇਗਾ। ਕੇਂਦਰ ਸਰਕਾਰ ਨੇ ਕੁੱਲ ਕਰਾਂ ਵਿਚੋਂ ਹਰਿਆਣਾ ਨੂੰ ਮਿਲਦੇ ਫ਼ੰਡਾਂ ਨੂੰ ਵਧਾਇਆ ਹੈ। ਕੇਂਦਰ ਨੇ ਹੁਣ ਇਨ੍ਹਾਂ ਫ਼ੰਡਾਂ ਨੂੰ 32 ਪ੍ਰਤਿਸ਼ਤ ਤੋਂ ਵਧਾ ਕੇ 42 ਪ੍ਰਤਿਸ਼ਤ ਕੀਤਾ ਜੋ ਵਿਕਾਸ ਨੂੰ ਹੋਰ ਰਫ਼ਤਾਰ ਦੇਣਗੇ।**

ਹਰਿਆਣਾ ਸਰਕਾਰ ਵਲੋਂ ਰਾਜ ਦੇ ਖੇਤੀ, ਸੱਨਅਤੀ ਤੇ ਸਮਾਜਿਕ ਵਿਕਾਸ ਲਈ ਕਈ ਯੋਜਨਾਵਾਂ ਨੂੰ ਨਵੀਂ ਨੁਹਾਰ ਦਿਤੀ ਹੈ। ਸਰਕਾਰ ਵਲੋਂ ਜਨ-ਜਨ ਦੀ ਸੇਵਾ ਦਾ ਸੰਕਲਪ ਆਉਣ ਵਾਲੇ ਸਮੇਂ ਵਿਚ ਖਿੱਤੇ ਦੇ ਹਰ ਪਾਸੇ ਅਸਰਦਾਰ ਸਾਬਤ ਹੋਵੇਗਾ।

'ਉਹ ਪ੍ਰਦੇਸ਼ ਹੈ ਹਰਿਆਣਾ - ਜਿਥੇ ਦੁੱਧ ਦਹੀਂ ਦਾ ਖਾਣਾ' ਦੀ ਆਖਾਣ ਹਰਿਆਣਾ ਰਾਜ ਲਈ ਵਰਤੀ ਜਾਂਦੀ ਰਹੀ ਹੈ ਤੇ ਇਸ ਤਰ੍ਹਾਂ ਹਰਿਆਣਾ ਦੀ ਪ੍ਰਗਤੀ ਦੀ ਝਲਕ ਰਾਜ ਸਰਕਾਰ ਦੀ ਮਿਹਨਤ ਨੂੰ ਪ੍ਰਗਟ ਕਰਦੀ ਹੈ। 'ਨੀਯਤ ਨੇਕ ਦਰਸਾਈ, ਜਾਣੀ ਪੀੜ ਪਰਾਈ' ਨੂੰ ਆਧਾਰ ਬਣਾ ਕੇ ਰਾਜ ਸਰਕਾਰ ਕਾਰਜ ਕਰ ਰਹੀ ਹੈ।

## ਖੇਤੀਬਾੜੀ

ਹਰਿਆਣਾ ਖੇਤੀ ਪ੍ਰਧਾਨ ਰਾਜ ਹੈ ਤੇ ਹਰਿਆਣਾ ਸਰਕਾਰ ਵਲੋਂ ਰਾਜ ਵਿਚ ਪਹਿਲੀ ਵਾਰ 'ਖੇਤੀ ਲੀਡਰਸ਼ਿਪ ਸਿਖਰ ਸੰਮੇਲਨ-2015 ਕਰਵਾ ਕੇ ਕਿਸਾਨੀ ਖੇਤਰ ਨੂੰ ਹੁਲਾਰਾ ਦਿਤਾ। ਹਰਿਆਣਾ ਸਰਕਾਰ ਵਲੋਂ ਖਰੀਫ਼ ਦੀ 2015 ਦੀ ਫ਼ਸਲ ਲਈ ਭਾਅ ਦਰਾਂ ਵਧਾਉਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਆਧਾਰ ਬਣਾਇਆ ਹੈ। ਗੰਨਾ ਪੈਦਾ ਕਰਨ ਵਾਲੇ ਕਿਸਾਨਾਂ ਲਈ 259 ਕਰੋੜ ਰੁਪਏ ਦੀ ਮਨਜ਼ੂਰੀ ਦਿਤੀ ਹੈ। ਰਾਜ ਸਰਕਾਰ ਵਲੋਂ ਗੰਨਾ ਪੈਦਾ ਕਰਨ ਵਾਲਿਆਂ ਨੂੰ ਸਬਸਿਡੀ ਦੇਣ ਲਈ ਕੇਂਦਰ ਸਰਕਾਰ ਨੂੰ ਸੁਝਾਅ ਵੀ ਭੇਜਿਆ ਹੈ। ਹਰਿਆਣਾ ਸਰਕਾਰ 'ਅਟਲ ਖੇਤੀਬਾੜੀ ਖਾਤਾ ਯੋਜਨਾ' ਸ਼ੁਰੂ ਕਰੇਗੀ ਜਿਸ ਤਹਿਤ ਹਰ ਕਿਸਾਨ ਨੂੰ ਡਿਜ਼ੀਟਲ ਰਜਿਸਟ੍ਰੇਸ਼ਨ ਕਾਰਡ ਦਿਤੇ ਜਾਣਗੇ। ਭਾਰਤ ਸਰਕਾਰ ਦੀ 'ਰਾਸ਼ਟਰੀ ਖੇਤੀ ਆਮਦਨ ਬੀਮਾ ਯੋਜਨਾ' ਤਹਿਤ ਕਿਸਾਨਾਂ ਨੂੰ ਕੁਦਰਤੀ ਆਫ਼ਤਾਂ, ਕੀਟਨਾਸ਼ਕ ਤੇ ਹੋਰ ਵਿਪਰੀਤ ਘਟਨਾਵਾਂ ਲਈ ਮਦਦ ਕੀਤੀ ਜਾਵੇਗੀ। ਖੇਤੀ ਅੰਕੜਿਆਂ ਨੂੰ ਸੁਧਾਰਿਆ ਜਾ ਰਿਹਾ ਹੈ। 'ਜੈਵਿਕ ਖੇਤੀ' ਨੂੰ ਪ੍ਰਫੁੱਲਤ ਕਰਨ ਲਈ ਜੈਵਿਕ ਰਸਾਇਣਾਂ ਉਪਰ 5 ਪ੍ਰਤਿਸ਼ਤ ਵੈਟ ਹਟਾਇਆ ਗਿਆ ਹੈ। ਇਸੇ ਤਰ੍ਹਾਂ ਫ਼ਸਲਾਂ ਨੂੰ ਕੀਟਨਾਸ਼ਕਾਂ ਤੋਂ ਬਚਾਉਣ ਲਈ ਦੋ ਕੀਟਨਾਸ਼ਕ ਜਾਂਚ ਪ੍ਰਯੋਗਸ਼ਾਲਾਵਾਂ ਬਣਾਈਆਂ ਜਾ ਰਹੀਆਂ ਹਨ। ਖੇਤੀ ਭਿੰਨਤਾ ਨੂੰ ਵਧਾਉਣ ਲਈ ਕੇਂਦਰ ਸਰਕਾਰ ਦੀ ਮਦਦ ਨਾਲ ਬਾਗ਼ਬਾਨੀ ਯੂਨੀਵਰਸਿਟੀ ਬਣਾਈ ਜਾਵੇਗੀ। ਘਰੌਂਡਾ ਵਿਖੇ ਸਬਜ਼ੀ ਮੇਲਾ ਤੇ ਮੰਗਿਆਣਾ ਵਿਚ ਫਲ ਮੇਲਾ ਲਾਇਆ ਗਿਆ। ਘਰੌਂਡਾ ਵਿਚ ਸਬਜ਼ੀ ਦੀ ਹਾਈਬ੍ਰਿਡ ਪਨੀਰੀ ਖਰੀਦਣ ਦੌਰਾਨ 50 ਪ੍ਰਤਿਸ਼ਤ ਅਨੁਦਾਨ ਦਿਤਾ ਜਾਂਦਾ ਹੈ। ਖੇਤੀ ਉਤਪਾਦਨਾਂ ਨੂੰ 'ਹਰਿਆਣਾ ਫਰੈਸ਼' ਨਾਂ ਦੇ ਮਾਰਕੇ ਤਹਿਤ ਲਿਆਂਦਾ ਗਿਆ ਹੈ।

ਬਾਗ਼ਵਾਨੀ ਫ਼ਸਲਾਂ ਨੂੰ ਪ੍ਰਫੁੱਲਤ ਕਰਨ ਲਈ ਰਾਜ ਸਰਕਾਰ ਨੇ ਅਕਤੂਬਰ 2014 ਤੋਂ ਅਪ੍ਰੈਲ 2015 ਤਕ 77 ਕਰੋੜ 25 ਲੱਖ ਰੁਪਏ ਦਾ ਅਨੁਦਾਨ ਦਿਤਾ ਹੈ।

ਕਿਸਾਨਾਂ ਨੂੰ ਸਹਿਕਾਰੀ ਬੈਂਕ ਰਾਹੀਂ 100 ਕਰੋੜ ਰੁਪਏ ਦੀ ਵਿਤੀ ਮਦਦ ਕੀਤੀ ਗਈ ਤੇ ਖਰੀਫ਼ - 2015 ਤੇ ਰਬੀ 2016 ਲਈ ਲਗਭਗ 10 ਹਜ਼ਾਰ ਕਰੋੜ ਰੁਪਏ ਦਾ ਫ਼ਸਲੀ ਕਰਜ਼ਾ ਦੇਣ ਦਾ ਅਨੁਮਾਨ ਹੈ। ਸਬਜ਼ੀ ਮੰਡੀਆਂ ਵਿਚ ਕਾਮਨ ਪਲੇਟਫਾਰਮ 'ਤੇ ਕਵਰ ਸ਼ੈੱਡ ਬਣਾਏ ਜਾ ਰਹੇ ਹਨ।

ਹਰਿਆਣਾ ਅੰਦਰ ਹੜ੍ਹਾਂ ਦਾ ਖ਼ਤਰਾ ਬਣਿਆ ਰਹਿੰਦਾ ਹੈ, ਇਸ ਲਈ 127 ਕਰੋੜ ਦੀਆਂ 87 ਨਵੀਆਂ ਯੋਜਨਾਵਾਂ ਮਨਜ਼ੂਰ ਕੀਤੀਆਂ ਗਈਆਂ ਹਨ। ਨਹਿਰਾਂ ਦੀ ਸਫ਼ਾਈ ਲਈ 135 ਕਰੋੜ ਰੁਪਏ ਖਰਚ ਕੀਤੇ ਗਏ ਹਨ। ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਯਤਨ ਜਾਰੀ ਹਨ। ਮੇਵਾਤ ਵਿਚ ਕੋਟਲਾ ਝੀਲ 17 ਕਰੋੜ ਰੁਪਏ ਦੀ ਮਦਦ ਨਾਲ ਬਣਾਈ ਜਾ ਰਹੀ ਹੈ। ਕਿਸ਼ਾਊ ਤੇ ਰੇਣੁਕਾ ਬੰਨ੍ਹਾਂ ਨੂੰ ਬਣਾਉਣ ਲਈ ਰਸਮੀ ਪ੍ਰਕਿਰਿਆ ਸ਼ੁਰੂ ਕਰ ਦਿਤੀ ਗਈ ਹੈ। ਸੜਕਾਂ ਦੇ ਨਿਰਮਾਣ ਲਈ 30 ਕਰੋੜ ਰੁਪਏ ਰੱਖੇ ਗਏ ਹਨ। 1219 ਕਿਲੋਮੀਟਰ ਲੰਬੀਆਂ, 381 ਸੜਕਾਂ ਦੀ ਮੁਰੰਮਤ ਲਈ 41 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ। ਮਾਰਕੀਟ ਫੀਸ ਦੀ ਚੋਰੀ ਇਕ ਵੱਡੀ ਸਿਰਦਰਦੀ ਬਣੀ ਰਹੀ ਹੈ ਤੇ ਇਸ ਉਪਰ ਨਕੇਲ ਪਾਉਣ ਲਈ

ਖੱਟਰ ਸਰਕਾਰ ਵਲੋਂ 'ਆਵਕ' ਦਾ ਰਿਕਾਰਡ ਸਾਂਭਣ ਲਈ ਕੰਪਿਊਟਰੀਕ੍ਰਿਤ ਪ੍ਰਣਾਲੀ ਆਰੰਭੀ ਗਈ ਹੈ। ਕਿਸਾਨਾਂ ਨੂੰ ਕਪਾਹ, ਤਿਲ, ਦਾਲਾਂ, ਮੱਕੀ, ਦਵਾਈ ਵਾਲੇ ਬੂਟੇ, ਨਗਦ ਫ਼ਸਲਾਂ ਤੇ ਬਾਗ਼ਵਾਨੀ ਵਲ ਪ੍ਰੇਰਿਆ ਜਾ ਰਿਹਾ ਹੈ।

***ਪਸ਼ੂ ਧਨ :*** ਹਰਿਆਣਾ ਅੰਦਰ ਪਸ਼ੂ ਪਾਲਣ ਦਾ ਸ਼ੌਕ ਕਿਸਾਨਾਂ ਨੂੰ ਹਮੇਸ਼ਾ ਹੀ ਰਿਹਾ ਹੈ। ਹਰਿਆਣਵੀ ਸੱਭਿਆਚਾਰ ਅੰਦਰ ਦੁੱਧ, ਲੱਸੀ, ਦਹੀਂ ਤੇ ਪਨੀਰ ਸਮੇਤ ਦੁੱਧ ਤੋਂ ਬਣੀਆਂ ਹੋਰ ਚੀਜ਼ਾਂ ਦੀ ਬਹੁਤ ਅਹਿਮੀਅਤ ਹੈ। ਕਿਸਾਨਾਂ ਦੇ ਰੋਜ਼ਾਨਾ ਜੀਵਨ ਦਾ ਇਹ ਹਿੱਸਾ ਰਿਹਾ ਹੈ। ਖੇਤੀ ਨਾਲ ਸਹਾਇਕ ਧੰਦੇ ਵਜੋਂ ਕਿਸਾਨ ਪਸ਼ੂ ਪਾਲਣ ਨੂੰ ਅਹਿਮੀਅਤ ਦਿੰਦੇ ਆਏ ਹਨ।

ਹਰਿਆਣਾ ਸਰਕਾਰ ਨੇ ਰਾਜ ਅੰਦਰ 'ਪਸ਼ੂ ਧਨ' ਖੇਤਰ ਨੂੰ ਪ੍ਰਫੁੱਲਤ ਕਰਨ ਦਾ ਟੀਚਾ ਮਿੱਥਿਆ ਹੈ। ਹਰਿਆਣਾ ਅੰਦਰ ਸਾਹੀਵਾਲ ਨਸਲ ਦੀਆਂ ਵੱਧ ਦੁੱਧ ਦੇਣ ਵਾਲੀਆਂ ਗਾਵਾਂ ਦੇ ਪਾਲਣ ਨੂੰ ਉਤਸ਼ਾਹਤ ਕਰਨ ਲਈ ਉਨ੍ਹਾਂ ਨੂੰ ਪਾਲਣ ਵਾਲਿਆਂ ਨੂੰ 10 ਹਜ਼ਾਰ ਰੁਪਏ ਤੋਂ ਲੈ ਕੇ 20 ਹਜ਼ਾਰ ਰੁਪਏ ਤਕ ਦਿਤੇ ਜਾ ਰਹੇ ਹਨ।

## ਕਰਜ਼ਾ ਸਹੂਲਤਾਂ

ਹਰਿਆਣਾ ਸਰਕਾਰ ਨੇ ਸਹਿਕਾਰੀ ਖੇਤੀ ਤੇ ਪੇਂਡੂ ਵਿਕਾਸ ਬੈਂਕ ਨੂੰ 100 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਹੈ। ਇਸ ਸਹਾਇਤਾ ਨਾਲ ਕਿਸਾਨਾਂ ਨੂੰ ਇਹ ਲਾਭ ਹੋਵੇਗਾ ਕਿ ਉਹ ਕਰਜ਼ਾ ਸੌਖੇ ਲੈ ਸਕਣਗੇ। ਖ਼ਰੀਫ਼-2015 ਦੇ ਸੀਜ਼ਨ ਦੌਰਾਨ ਕਿਸਾਨ ਨੂੰ 4000 ਕਰੋੜ ਰੁਪਏ ਤੋਂ ਵੱਧ ਦੇ ਵਿਆਜ ਰਹਿਤ ਫ਼ਸਲੀ ਕਰਜ਼ੇ ਮੁਹੱਈਆ ਕਰਵਾਉਣ ਦੇ ਪ੍ਰਬੰਧ ਵੀ ਮੌਜੂਦਾ ਰਾਜ ਸਰਕਾਰ ਨੇ ਕੀਤੇ ਹਨ। ਮੌਸਮੀਮਾਰ ਝੱਲ ਰਹੀ ਕਿਸਾਨੀ ਨੂੰ ਰਾਹਤ ਦੇਣ ਲਈ ਵੀ ਰਾਜ ਸਰਕਾਰ ਵਲੋਂ ਢੁੱਕਵੇਂ ਪ੍ਰਬੰਧ ਕਰਨ ਦਾ ਦਾਅਵਾ ਕੀਤਾ ਗਿਆ ਹੈ।

## ਸਿੰਜਾਈ ਯੋਜਨਾਵਾਂ

ਹਰਿਆਣਾ ਦੀ ਖੇਤੀ ਬਹੁਤਾ ਕਰਕੇ ਧਰਤੀ ਹੇਠਲੇ ਪਾਣੀ ਉਪਰ ਨਿਰਭਰ ਹੈ ਜਾਂ ਨਹਿਰੀ ਪਾਣੀ ਨਾਲ ਕਿਸਾਨ ਫ਼ਸਲਾਂ ਪਾਲਦੇ ਹਨ। ਹਰਿਆਣਾ ਸਰਕਾਰ ਵਲੋਂ ਸਤਲੁਜ-ਯਮਨਾ ਲਿੰਕ ਨਹਿਰ ਦੇ ਨਿਰਮਾਣ ਅਤੇ ਰਾਵੀ-ਬਿਆਸ ਦੇ ਪਾਣੀ ਵਿਚੋਂ ਰਾਜ ਦੇ ਹਿੱਸੇ ਦਾ ਪਾਣੀ ਲੈਣ ਲਈ ਵਚਨਬੱਧਤਾ ਦਿਖਾਈ ਹੈ। ਬੀ ਐੱਮ ਐੱਲ - ਹਾਂਸੀ ਬ੍ਰਾਂਚ-ਬੁਟਾਣਾ ਬ੍ਰਾਂਚ ਦੇ ਬਹੁ-ਉਦੇਸ਼ੀ ਲਿੰਕ ਚੈਨਲ ਨੂੰ ਜੋੜਨ ਵੱਲ ਵੀ ਕਦਮ ਵਧਾਏ ਜਾ ਰਹੇ ਹਨ। ਹੜ੍ਹਾਂ ਦੀ ਰੋਕਥਾਮ ਲਈ 127 ਕਰੋੜ ਰੁਪਏ ਰੱਖੇ ਗਏ ਹਨ।

## ਬਿਜਲੀ ਪੂਰਤੀ

ਪਾਣੀਪਤ ਥਰਮਲ ਪਾਵਰ ਪਲਾਂਟ ਦੀ 110-110 ਮੈਗਾਵਾਟ ਦੀ ਪੁਰਾਣੀ ਤੇ ਗ਼ੈਰ ਅਸਰ ਯੂਨਿਟਾਂ ਦੀ ਥਾਂ 800 ਮੈਗਾਵਾਟ ਦਾ ਇਕ ਸੁਪਰ ਕ੍ਰਿਟਿਕਲ ਥਰਮਲ ਪਾਵਰ ਪਲਾਂਟ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। 4000 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਇਸ ਥਰਮਲ ਪਲਾਂਟ ਤੋਂ 2020 ਤਕ ਬਿਜਲੀ ਉਤਪਾਦਨ ਮਿਲਣ ਦੀ ਉਮੀਦ ਹੈ। ਕਿਸਾਨਾਂ ਦੀਆਂ ਬਿਜਲੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਿਜਲੀ ਉਤਪਾਦਨ ਵਿਚ ਵਾਧਾ ਕਰਨਾ ਜ਼ਰੂਰੀ ਹੈ, ਇਸੇ ਲਈ ਹਰਿਆਣਾ ਵਲੋਂ ਯਤਨ ਹੋਰ ਤੇਜ਼ ਕੀਤੇ ਗਏ ਹਨ। ਯਮੁਨਾਨਗਰ ਵਿਚ ਵਿਸਥਾਰ ਪ੍ਰਾਜੈਕਟ ਤਹਿਤ 800 ਮੈਗਾਵਾਟ ਸਮਰੱਥਾ ਦਾ ਇਕ ਸੁਪਰ ਕ੍ਰਿਟੀਕਲ ਥਰਮਲ ਪਾਵਰ ਪਲਾਂਟ ਸਥਾਪਤ ਕੀਤਾ ਜਾਵੇਗਾ।

ਫ਼ਸਲਾਂ ਪਾਲਣ ਲਈ ਕਿਸਾਨਾਂ ਨੂੰ ਧਰਤੀ ਹੇਠੋਂ ਪਾਣੀ ਕੱਢਣਾ ਪੈਂਦਾ ਹੈ, ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਰਾਹਤ ਦਿੰਦੇ ਹੋਏ ਰਾਜ ਅੰਦਰ 7000 ਟਿਊਬਵੈੱਲਾਂ ਲਈ ਨਵੇਂ ਬਿਜਲੀ ਕੁਨੈਕਸ਼ਨ ਜਾਰੀ ਕਰਨ ਦਾ ਵੱਡਾ ਫ਼ੈਸਲਾ ਕੀਤਾ ਹੈ।

ਆਉਣ ਵਾਲੇ ਸਾਲਾਂ ਦੌਰਾਨ ਸ਼ਹਿਰੀ ਤੇ ਪੇਂਡੂ ਇਲਾਕਿਆਂ ਵਿਚ ਬਿਜਲੀ ਸੁਧਾਰ ਵੱਡੀ

### *ਦੋ ਸ਼ਹਿਰ 'ਸਮਾਰਟ ਸਿਟੀ' ਯੋਜਨਾ ਤਹਿਤ*

*ਕਰਨਾਲ ਤੇ ਫ਼ਰੀਦਾਬਾਦ ਦਾ ਨਾਂ ਸਮਾਰਟ ਸਿਟੀ ਲਈ ਨੋਟੀਫਿਕੇਸ਼ਨ ਜ਼ਰੀਏ ਕੇਂਦਰ ਸਰਕਾਰ ਕੋਲ ਭੇਜ ਦਿਤਾ ਗਿਆ ਹੈ। ਕਰਨਾਲ ਰਾਸ਼ਟਰੀ ਸ਼ਾਹਰਾਹ-1 'ਤੇ ਸਥਿਤ ਹੈ ਤੇ ਫ਼ਰੀਦਾਬਾਦ ਰਾਸ਼ਟਰੀ ਸ਼ਾਹਰਾਹ-2 ਉੱਤੇ ਸਥਿਤ ਹੋਣ ਕਰਕੇ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਲਈ ਕਈ ਦੁਆਰ ਖੁੱਲ੍ਹ ਗਏ ਹਨ।*

*ਹਰਿਆਣਾ ਦਾ ਆਧੁਨਿਕ ਸ਼ਹਿਰ ਗੁੜਗਾਉਂ ਤੀਜੇ ਨੰਬਰ ਉਪਰ ਆਇਆ ਤੇ ਹਿਸਾਰ ਨੂੰ ਚੌਥੇ ਸਥਾਨ ਨਾਲ ਸਬਰ ਕਰਨਾ ਪਿਆ। ਕਰਨਾਲ ਨਗਰ ਨਿਗਮ ਨੂੰ 95 ਅੰਕ ਪ੍ਰਾਪਤ ਹੋਏ ਤੇ ਫ਼ਰੀਦਾਬਾਦ ਨਗਰ ਨਿਗਮ 90 ਅੰਕ ਲੈਣ ਵਿਚ ਸਫਲ ਰਿਹਾ।*

*ਕੇਂਦਰ ਸਰਕਾਰ ਨੇ ਚੁਣੇ ਗਏ 100 ਸਮਾਰਟ ਸ਼ਹਿਰਾਂ ਵਿਚੋਂ ਪਹਿਲਾਂ 20 ਸ਼ਹਿਰਾਂ ਨੂੰ ਗਰਾਂਟਾਂ ਵੰਡਣੀਆਂ ਹਨ। ਇਸ ਲਈ ਹਰਿਆਣਾ ਦੇ ਇਨ੍ਹਾਂ ਦੋਨਾਂ ਸ਼ਹਿਰਾਂ ਲਈ ਅਗਲੀ ਚੁਣੌਤੀ 20 ਮੁੱਖ ਸ਼ਹਿਰਾਂ ਅੰਦਰ ਖ਼ੁਦ ਨੂੰ ਸਾਬਤ ਕਰਨ ਦੀ ਹੋਵੇਗੀ। ਇਸ ਲਈ ਕਰਨਾਲ ਤੇ ਫ਼ਰੀਦਾਬਾਦ ਦੀਆਂ ਨਗਰ ਨਿਗਮਾਂ ਦੇ ਅਧਿਕਾਰੀਆਂ ਦਾ ਇਮਤਿਹਾਨ ਹੋਰ ਵੀ ਸਖ਼ਤ ਹੋ ਗਿਆ ਹੈ। ਨਿਗਮ ਦੇ ਅਧਿਕਾਰੀਆਂ ਨੂੰ ਡਿਟੇਲ ਪ੍ਰਾਜੈਕਟ ਰਿਪੋਰਟ ਤਿਆਰ ਕਰਨੀ ਹੋਵੇਗੀ ਤਾਂ ਕਿ ਵੀਹ ਸ਼ਹਿਰਾਂ ਦੀ ਸੂਚੀ ਵਿਚ ਆਇਆ ਜਾ ਸਕੇ।*

*ਫ਼ਰੀਦਾਬਾਦ ਹਰਿਆਣਾ ਦਾ ਵੱਡਾ ਸੱਨਅਤੀ ਸ਼ਹਿਰ ਹੈ ਜੋ ਦੇਸ਼ ਦੀ ਵੰਡ ਪਿਛੋਂ ਇਕ ਸੱਨਅਤੀ ਸ਼ਹਿਰ ਵਜੋਂ ਵਿਕਸਤ ਹੋਇਆ। ਸਾਂਝੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੇ ਯਤਨਾਂ ਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਦੂਰ-ਦ੍ਰਿਸ਼ਟੀ ਸਦਕਾ ਦਿੱਲੀ ਦੇ ਐਨ ਨਾਲ ਲਗਦੇ ਇਸ ਸ਼ਹਿਰ ਅੰਦਰ ਵੰਡ ਪਿਛੋਂ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਨੂੰ ਵਸਾਇਆ ਗਿਆ ਤੇ ਸੱਨਅਤਾਂ ਲਾਈਆਂ ਗਈਆਂ। ਛੇਤੀ ਹੀ ਇਸ ਸ਼ਹਿਰ ਨੇ ਦੁਨੀਆਂ ਦੇ ਨਕਸ਼ੇ ਉਪਰ ਆਪਣੀ ਪਛਾਣ ਸੱਨਅਤੀ ਸ਼ਹਿਰ ਵਜੋਂ ਬਣਾਈ।*

*ਹੁਣ ਇਨ੍ਹਾਂ ਸ਼ਹਿਰਾਂ ਨੂੰ ਟੌਪ-20 ਵਿਚ ਸ਼ਾਮਿਲ ਹੋਣ ਲਈ ਕਈ ਚੁਨੌਤੀਆਂ ਬਾਰੇ ਦੱਸਣਾ ਹੋਵੇਗਾ। ਪ੍ਰਾਪਟੀ ਟੈਕਸ ਅਸੈਸਮੈਂਟ ਤੇ ਕਲੈਕਸ਼ਨ, ਇਮਾਰਤਾਂ ਬਣਾਉਣ ਲਈ ਮਨਜ਼ੂਰੀ ਲਈ ਲੱਗਣ ਵਾਲੇ ਸਮੇਂ ਦੇ ਵੇਰਵੇ, ਪਾਣੀ ਦੇ ਕੁਨੈਕਸ਼ਨਾਂ ਦੀ ਸਮਰੱਥਾ, ਬਿਜਲੀ-ਪਾਣੀ ਦੀ ਪੂਰਤੀ ਤੇ ਕਟੌਤੀ, ਟ੍ਰੈਫਿਕ ਸਹੂਲਤਾਂ, ਫੁੱਟ ਪਾਥਾਂ ਦੀ ਸਹੂਲਤ, ਸੂਚਨਾ ਤਕਨਾਲੋਜੀ ਦੀ ਸਹੂਲਤ ਦੇ ਅੰਕੜੇ, ਸੀਵਰੇਜ਼ ਤੋਂ ਕਰਾਂ ਦੀ ਆਮਦ, ਲੋਕਾਂ ਦੀਆਂ ਜ਼ਰੂਰਤਾਂ ਤੇ ਉਮੀਦਾਂ ਦਾ ਕਿੰਨਾ ਖ਼ਿਆਲ ਰੱਖਿਆ ਗਿਆ।*

# ਡੇਂਗੂ ਬੁਖ਼ਾਰ ਕੋਈ ਨਵੀਂ ਬੀਮਾਰੀ ਨਹੀਂ

ਮਨਜੀਤ ਸਿੰਘ ਬੱਲ

ਡੇਂਗੂ ਬੁਖ਼ਾਰ

ਡੇਂਗੂ ਕੋਈ ਨਵੀਂ ਬੀਮਾਰੀ ਨਹੀਂ, ਇਸ ਦਾ ਰੋਗਾਣੂੰ ਇਕ ਵਾਇਰਸ ਹੁੰਦਾ ਹੈ, ਜਿਸ ਬਾਰੇ ਸਭ ਤੋਂ ਪਹਿਲਾਂ, ਸੰਨ 1945 ਵਿਚ, ਵਿਗਿਆਨੀ ਸੋਬਿਨ ਨੇ ਭਾਰਤ ਵਿਚ ਹੀ ਜਾਣਕਾਰੀ ਦਿਤੀ ਸੀ। ਫਿਰ 1954 ਵਿਚ, ਇਸ ਵਾਇਰਸ ਦੀ ਹੋਰ ਕਿਸਮ ਦਾ ਪਤਾ ਲਗਾਇਆ ਗਿਆ, ਜਿਸ ਦੀ ਇਨਫੈਕਸ਼ਨ ਨਾਲ, ਬੁਖ਼ਾਰ ਅਤੇ ਸਰੀਰ ਦੇ ਕਈ ਹਿੱਸਿਆਂ ਵਿਚੋਂ ਖ਼ੂਨ ਵਗਣ ਲਗ ਪੈਂਦਾ ਹੈ, ਜਿਸ ਨੂੰ 'ਖ਼ੂਨੀ ਡੇਂਗੂ' ਵੀ ਆਖਦੇ ਹਨ। ਸੰਨ 1963 ਵਿਚ ਇਸ 'ਖ਼ੂਨੀ ਡੇਂਗੂ' ਨੇ ਕੋਲਕਾਤਾ ਵਿਚ ਮਹਾਮਾਰੀ ਫੈਲਾਈ, ਇਸੇ ਤਰ੍ਹਾਂ 1964 ਵਿਚ ਵਿਸ਼ਾਖ਼ਾਪਟਨਮ ਤੇ ਮਦਰਾਸ ਵਿਚ, 1966 ਵਿਚ ਜਬਲਪੁਰ ਅਤੇ 1968 ਵਿਚ ਪਾਂਡੀਚਰੀ ਵਿਚ ਇਸ ਡੇਂਗੂ ਦਾ ਕਹਿਰ ਰਿਹਾ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਦੀ ਸੂਚਨਾ ਅਨੁਸਾਰ 1986 ਵਿਚ ਡੇਂਗੂ ਬੁਖ਼ਾਰ ਦੇ ਕੁੱਲ 21799 ਮਾਮਲਿਆਂ ਦਾ ਪਤਾ ਲੱਗਾ ਤੇ ਛੇ ਮੌਤਾਂ ਹੋਈਆਂ ਪਰ 1996 ਵਿਚ ਤਾਂ ਦਿੱਲੀ, ਪੰਜਾਬ, ਹਰਿਆਣਾ ਅਤੇ ਨਾਲ ਲਗਦੇ ਇਲਾਕਿਆਂ ਵਿਚ ਇਸ ਡੇਂਗੂ ਨੇ ਸੈਂਕੜੇ ਹੀ ਜਾਨਾਂ ਲੈ ਲਈਆਂ।

ਇਕ ਖ਼ਾਸ ਤਰ੍ਹਾਂ ਦੇ ਮੱਛਰ ਦੇ ਕੱਟਣ ਨਾਲ ਇਹ ਬੁਖ਼ਾਰ ਚੜ੍ਹਦਾ ਹੈ। ਇਹ ਮੱਛਰ, 'ਏਡੀਜ਼ ਇਜਿਪਟਾਈ', ਮਲੇਰੀਆ ਵਾਲੇ 'ਐਨੋਫਲੀਜ਼' ਮੱਛਰ ਨਾਲੋਂ ਵੱਖ ਹੁੰਦਾ ਹੈ। ਏਡੀਜ਼ ਇਜਿਪਟਾਈ ਘਰਾਂ ਦੇ ਆਲੇ-ਦੁਆਲੇ ਜਾਂ ਘਰਾਂ ਦੇ ਅੰਦਰ ਵਧਦਾ-ਫੁਲਦਾ ਹੈ, ਗੰਦੇ ਪਾਣੀ 'ਤੇ ਨਹੀਂ, ਸਗੋਂ ਸਾਫ਼ ਪਾਣ 'ਤੇ, ਜਿਵੇਂ : ਗਮਲਿਆਂ ਜਾਂ ਕੂਲਰਾਂ ਵਿਚ ਜਮ੍ਹਾਂ ਹੋਇਆ ਪਾਣੀ। ਆਮ ਕਰਕੇ, ਇਹ ਮੱਛਰ ਲੜਦਾ ਵੀ ਦਿਨ ਦੇ ਸਮੇਂ ਹੀ ਹੈ। ਭਾਰਤ ਤੋਂ ਇਲਾਵਾ ਗਰਮੀ ਅਤੇ ਸਲ੍ਹਾਬੇ ਵਾਲੇ ਮੌਸਮ ਵਾਲੇ ਦੇਸ਼ਾਂ – ਬੰਗਲਾਦੇਸ਼, ਪਾਕਿਸਤਾਨ, ਥਾਈਲੈਂਡ, ਜਕਾਰਤਾ, ਮਲੇਸ਼ੀਆ, ਫਿਲਪਾਇਨਜ਼ ਅਤੇ ਪੂਰਬੀ ਤੇ ਪੱਛਮੀ ਅਫ਼ਰੀਕਾ ਵਿਚ, ਇਹ ਮੱਛਰ ਪਾਏ ਜਾਂਦੇ ਹਨ।

ਮੱਛਰ ਲੜਨ ਦੇ ਬਾਅਦ ਉਸੇ ਵੇਲੇ ਜਾਂ ਅਗਲੇ ਦਿਨ ਹੀ ਨਹੀਂ, ਸਗੋਂ 4 ਤੋਂ 10 ਦਿਨਾਂ ਬਾਅਦ ਬੁਖ਼ਾਰ ਚੜ੍ਹਦਾ ਹੈ। ਇਨਫੈਕਸ਼ਨ ਵਾਲੇ ਵਿਅਕਤੀ ਨੂੰ ਮੱਛਰ ਲੜੇ ਤਾਂ ਉਹ ਹੋਰਨਾਂ ਨੂੰ ਇਨਫੈਕਸ਼ਨ ਦੇਣ ਦੇ ਯੋਗ ਹੋ ਜਾਂਦਾ ਹੈ।

ਬੁਖ਼ਾਰ ਇਕ-ਦਮ ਚੜ੍ਹਦਾ ਹੈ ਤੇ ਨਾਲ ਠੰਢ ਵੀ ਲਗਦੀ ਹੈ। ਸਰੀਰ ਦੇ ਸਾਰੇ ਜੋੜਾਂ ਵਿਚ ਅਸਹਿ ਦਰਦ ਹੁੰਦੀ ਹੈ, ਜੋੜਾਂ ਦੀਆਂ ਪੀੜਾਂ ਕਰਕੇ ਬੰਦੇ ਦਾ ਹਿੱਲਣਾ-ਜੁੱਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ, ਇਸੇ ਕਰਕੇ ਇਸ ਨੂੰ 'ਹੱਡੀ ਤੋੜ ਬੁਖ਼ਾਰ' ਵੀ ਕਿਹਾ ਜਾਂਦਾ ਹੈ। ਕਈ ਵਾਰ ਜੀਅ ਕੱਚਾ ਹੋਣਾ, ਉਲਟੀ ਆਉਣੀ ਜਾਂ ਚਮੜੀ 'ਤੇ ਦਾਣੇ ਜਿਹੇ ਵੀ ਨਿਕਲ ਆਉਂਦੇ ਹਨ। ਜੇ ਇਹ ਖ਼ੂਨੀ ਰੂਪ ਧਾਰਨ ਨਾ ਕਰੇ ਤਾਂ 5 ਤੋਂ 7 ਦਿਨਾਂ ਵਿਚ ਠੀਕ ਹੋ ਜਾਂਦਾ ਹੈ।

ਖ਼ੂਨੀ ਡੇਂਗੂ ਬੁਖ਼ਾਰ ਬਹੁਤ ਹੀ ਖ਼ਤਰਨਾਕ ਹੁੰਦਾ ਹੈ ਕਿਉਂਕਿ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਖ਼ੂਨ ਵਗਣ (ਨਕਸੀਰ, ਖ਼ੂਨ ਦੀ ਉਲਟੀ, ਪਿਸ਼ਾਬ ਜਾਂ ਮਲ਼ ਰਸਤੇ ਖ਼ੂਨ) ਨਾਲ ਲਹੂ ਦੀ ਇਕਦਮ ਘਾਟ ਹੋਣ ਕਰਕੇ ਮੌਤ ਹੋ ਜਾਂਦੀ ਹੈ।

ਖ਼ੂਨ ਵਿਚ ਲਾਲ ਅਤੇ ਚਿੱਟੇ ਸੈੱਲਾਂ ਤੋਂ ਇਲਾਵਾ ਇਕ ਹੋਰ ਕਿਸਮ ਦੇ ਸੈੱਲ ਹੁੰਦੇ ਹਨ, ਜਿਨ੍ਹਾਂ ਨੂੰ ਪਲੇਟਲੈਟਸ ਜਾਂ ਥਰੋਂਬੋਸਾਇਟਸ ਕਹਿੰਦੇ ਹਨ। ਇਹ ਸੈੱਲ ਖ਼ੂਨ ਦੇ ਜਮਾਅ ਵਿਚ ਸਹਾਈ ਹੁੰਦੇ ਹਨ, ਸੋ ਸਾਧਾਰਨ ਹਾਲਾਤ ਵਿਚ, ਮਾੜੀ ਜਿਹੀ ਸੱਟ-ਫੇਟ ਜਾਂ ਅਪ੍ਰੇਸ਼ਨ ਤੋਂ ਬਾਅਦ, ਖ਼ੂਨ ਜੰਮ ਜਾਂਦਾ ਹੈ ਤੇ ਵਗਣੋਂ ਰੁਕ ਜਾਂਦਾ ਹੈ। ਸਧਾਰਨ ਖ਼ੂਨ ਵਿਚ ਇਨ੍ਹਾਂ ਸੈੱਲਾਂ ਦੀ ਗਿਣਤੀ ਡੇਢ ਤੋਂ ਲੈ ਕੇ ਸਾਢੇ ਤਿੰਨ ਲੱਖ ਪ੍ਰਤਿ ਕਿਊਬਿਕ ਮਿਲੀਮੀਟਰ ਹੁੰਦੀ ਹੈ। ਡੇਂਗੂ ਬੁਖ਼ਾਰ, ਇਨ੍ਹਾਂ ਸੈੱਲਾਂ ਦੀ ਗਿਣਤੀ ਘਟਾਉਣ ਵਾਲੇ ਕਾਰਨਾਂ ਵਿਚੋਂ ਇਕ ਹੈ (ਕਈ ਹੋਰਨਾਂ ਕਾਰਨਾਂ ਕਰਕੇ ਵੀ ਇਹ ਸੈੱਲ ਘਟ ਜਾਂਦੇ ਹਨ)। ਜਦ ਇਹ ਗਿਣਤੀ 60 ਹਜ਼ਾਰ ਜਾਂ ਇਸ ਤੋਂ ਘੱਟ ਜਾਵੇ ਤਾਂ ਕਿਸੇ ਬਾਹਰੀ ਸੱਟ ਦੇ ਬਗ਼ੈਰ ਵੀ ਖ਼ੂਨ ਵਗਣਾ ਸ਼ੁਰੂ ਹੋ ਜਾਂਦਾ ਹੈ, ਜਿਵੇਂ ਨਕਸੀਰ ਫੁੱਟਣਾ, ਮਸੂੜਿਆਂ ਵਿਚੋਂ ਲਹੂ ਨਿਕਲਣਾ, ਲਹੂ ਦੀ ਉਲਟੀ ਆਦਿ। ਕਈ ਵਾਰ ਤਾਂ ਇਨ੍ਹਾਂ ਸੈੱਲਾਂ ਦੀ ਗਿਣਤੀ ਸਿਰਫ਼ ਦਸ ਜਾਂ ਛੇ ਹਜ਼ਾਰ ਹੀ ਰਹਿ ਜਾਂਦੀ ਹੈ, ਅਜਿਹੀ ਹਾਲਤ ਵਿਚ ਰੋਗੀ ਬਹੁਤ ਖ਼ਤਰਨਾਕ ਸਥਿਤੀ ਵਿਚੋਂ ਗੁਜ਼ਰ ਰਿਹਾ ਹੁੰਦਾ ਹੈ। ਡੇਂਗੂ ਬੁਖ਼ਾਰ ਕਿਸੇ ਵੀ ਉਮਰ ਵਿਚ ਹੋ ਸਕਦਾ ਹੈ, ਉਂਜ ਬੱਚਿਆਂ ਦੇ ਮੁਕਾਬਲੇ ਵੱਡਿਆਂ ਵਿਚ ਇਹ ਵਧੇਰੇ ਖ਼ਤਰਨਾਕ ਹੁੰਦਾ ਹੈ।

## ਇਲਾਜ

ਡੇਂਗੂ ਬੁਖ਼ਾਰ ਲਈ ਕੋਈ ਵਿਸ਼ੇਸ਼ ਇਲਾਜ ਉਪਲਬਧ ਨਹੀਂ ਹੈ। ਜੇ ਇਹ ਬੁਖ਼ਾਰ, ਖ਼ੂਨੀ ਨਾ ਹੋਵੇ ਤਾਂ ਤਕਰੀਬਨ ਇਕ ਹਫ਼ਤੇ ਦੇ ਅੰਦਰ ਠੀਕ ਹੋ ਜਾਂਦਾ ਹੈ। ਤੇਜ਼ ਬੁਖ਼ਾਰ ਵਾਸਤੇ ਪੈਰਾਸਿਟਾਮੋਲ ਦੀ ਗੋਲੀ ਠੀਕ ਹੈ। ਐਸਪ੍ਰੀਨ, ਡਿਸਪ੍ਰੀਨ/ਐਸਪਰੋ ਆਦਿ, ਕਿਉਂਕਿ ਪਲੇਟਲੈਟ ਸੈੱਲਾਂ 'ਤੇ ਬੁਰਾ ਪ੍ਰਭਾਵ ਪਾਉਣ ਵਾਲੀਆਂ ਦਵਾਈਆਂ ਹਨ, ਇਸ ਲਈ ਇਹ ਨਹੀਂ ਲੈਣੀਆਂ ਚਾਹੀਦੀਆਂ।

ਬੁਖ਼ਾਰ ਭਾਵੇਂ ਕਿਸੇ ਵੀ ਕਿਸਮ ਦਾ ਹੋਵੇ, ਨੀਮ-ਹਕੀਮ ਕੋਲੋਂ ਇਲਾਜ ਨਹੀਂ ਕਰਵਾਉਣਾ ਚਾਹੀਦਾ ਕਿਉਂਕਿ ਉਹ ਬਿਨਾਂ ਕਿਸੇ ਜਾਂਚ ਕਰਵਾਉਣ

ਦੇ, ਕਈ ਤਰ੍ਹਾਂ ਦੇ ਐਂਟੀਬਾਇਓਟਿਕਸ ਅਤੇ ਹੋਰ ਦਵਾਈਆਂ ਦੇ ਦਿੰਦੇ ਹਨ। ਕਈ ਤਰ੍ਹਾਂ ਦੇ ਐਂਟੀਬਾਇਓਟਿਕਸ ਵੀ ਪਲੇਟਲੈਟਸ ਦੀ ਗਿਣਤੀ ਘਟਾਉਂਦੇ ਹਨ। ਇਸ ਲਈ ਬਿਨਾਂ ਜਾਂਚ ਦੇ ਦਵਾਈਆਂ ਨਹੀਂ ਲੈਣੀਆਂ ਚਾਹੀਦੀਆਂ। ਡੇਂਗੂ ਬੁਖ਼ਾਰ ਤਾਂ ਪਹਿਲਾਂ ਹੀ ਪਲੇਟਲੈਟਸ ਨੂੰ ਘਟਾਉਂਦਾ ਹੈ, ਜੇ ਦਵਾਈਆਂ ਵੀ ਅਜਿਹੀਆਂ ਲੈ ਲਈਆਂ ਜਾਣ ਤਾਂ ਰੋਗੀ ਦਾ ਤਾਂ ਰੱਬ ਹੀ ਰਾਖਾ।

**ਖ਼ੂਨੀ ਡੇਂਗੂ ਵਾਲੇ ਰੋਗੀ ਨੂੰ ਫੌਰਨ ਐਮਰਜੈਂਸੀ ਵਿਚ ਹਸਪਤਾਲ ਦਾਖ਼ਲ ਕਰਵਾਉਣਾ ਚਾਹੀਦਾ ਹੈ ਅਤੇ ਸਰੀਰ ਵਿਚੋਂ ਨਿਕਲ ਰਹੇ ਖ਼ੂਨ ਨੂੰ ਪੂਰਾ ਕਰਨ ਲਈ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦਾ ਤਾਜ਼ਾ ਖ਼ੂਨ ਦੇਣਾ ਚਾਹੀਦਾ ਹੈ। ਤਾਜ਼ੇ ਖ਼ੂਨ ਨਾਲ, ਪਲੇਟਲੈਟਸ ਅਤੇ ਖ਼ੂਨ, ਦੋਵਾਂ ਦੀ ਕਮੀ ਪੂਰੀ ਹੁੰਦੀ ਹੈ। ਕਈਆਂ ਰੋਗੀਆਂ ਨੂੰ ਤਾਂ ਖ਼ੂਨ ਦੇ ਕਈ-ਕਈ ਯੂਨਿਟ ਚੜ੍ਹਾਉਣੇ ਪੈਂਦੇ ਹਨ। ਆਧੁਨਿਕ ਦੌਰ ਵਿਚ ਕਈ ਖ਼ੂਨ-ਬੈਂਕਾਂ ਵਿਚ ਸੈੱਲ ਸੇਪੇਰੇਟਰ ਮਸ਼ੀਨਾਂ ਉਪਲਬਧ ਹਨ, ਜਿਨ੍ਹਾਂ ਨਾਲ ਜੇ ਸਿਰਫ਼ ਪਲੇਟਲੈਟਸ ਹੀ ਚਾਹੀਦੇ ਹੋਣ ਤਾਂ, ਬਾਕੀ ਖ਼ੂਨ ਨਾਲੋਂ ਵੱਖ ਕਰਕੇ, ਰੋਗੀ ਨੂੰ ਦਿਤੇ ਜਾਂਦੇ ਹਨ, ਇਸ ਦੇ ਵਾਸਤੇ ਤਾਜ਼ਾ ਖ਼ੂਨ ਲੋੜੀਂਦਾ ਹੈ। ਕਾਫ਼ੀ ਖ਼ੂਨ ਬੈਂਕਾਂ ਵਿਚ ਇਹ (ਸੈੱਲ ਸੇਪੇਰੇਟਰ ਦੀ) ਸਹੂਲਤ ਉਪਲਬਧ ਹੈ।**

## ਬਚਾਅ ਦੇ ਸਾਧਨ

ਡੇਂਗੂ ਪੈਦਾ ਕਰਨ ਵਾਲਾ ਮੱਛਰ ਭਾਵੇਂ ਸਾਫ਼ ਪਾਣੀ 'ਤੇ ਵਧਦਾ-ਫੁਲਦਾ ਹੈ ਫਿਰ ਵੀ ਘਰ ਦੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਰੱਖਣੀ ਬਹੁਤ ਜ਼ਰੂਰੀ ਹੈ। ਘਰਾਂ ਵਿਚ ਕੂਲਰਾਂ ਅਤੇ ਗਮਲਿਆਂ ਵਿਚ ਖੜ੍ਹਾ ਪਾਣੀ ਕੱਢ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਛੱਤਾਂ ਉਤੇ ਕਈ ਵਾਰ ਟੁੱਟੇ ਹੋਏ ਗਮਲੇ, ਪੁਰਾਣੇ ਟਾਇਰ, ਮਿੱਟੀ ਦੇ ਭਾਂਡੇ, ਪੁਰਾਣੇ ਚੀਨੀ ਦੇ ਬਰਤਨ ਆਦਿ ਪਏ ਹੁੰਦੇ ਹਨ, ਜਿਨ੍ਹਾਂ ਵਿਚ ਖੜ੍ਹਾ ਪਾਣੀ ਡੇਂਗੂ ਵਾਲੇ ਮੱਛਰ ਪੈਦਾ ਕਰ ਸਕਦਾ ਹੈ, ਅਜਿਹੀਆਂ ਸਭ ਵਸਤਾਂ ਨੂੰ ਸੰਭਾਲ ਲੈਣਾ ਚਾਹੀਦਾ ਹੈ। ਸੈਰ ਵੇਲੇ ਤੇ ਸ਼ਾਮ ਨੂੰ ਲਾਅਨ ਵਿਚ ਬੈਠਣ ਸਮੇਂ ਬਾਹਵਾਂ ਤੇ ਲੱਤਾਂ ਪੂਰੀਆਂ ਢੱਕੀਆਂ ਹੋਣ ਤਏ ਇਹ ਮੱਛਰ ਲੜ ਹੀ ਨਹੀਂ ਸਕੇਗਾ। ਇਸ ਦੀ ਪਛਾਣ ਇਹ ਹੈ ਕਿ ਇਹ ਕਾਲੇ ਰੰਗ ਦਾ ਤੇ ਵਿਚ ਚਿੱਟੇ ਨਿਸ਼ਾਨ ਹੁੰਦੇ ਹਨ ਤੇ ਮਲੇਰੀਏ ਵਾਲੇ ਮੱਛਰ ਨਾਲੋਂ ਕੁਝ ਵੱਡੇ ਆਕਾਰ ਦਾ ਹੁੰਦਾ ਹੈ, ਜਿਥੇ ਲੜਦਾ ਹੈ ਉਥੇ ਖ਼ਾਰਿਸ਼ ਜਾਂ ਸਾੜ ਜਿਹਾ ਪੈਂਦਾ ਹੈ।

## ਸਾਵਧਾਨੀਆਂ

- ਆਲੇ-ਦੁਅਲੇ ਦੀ ਸਫ਼ਾਈ ਰੱਖੋ।
- ਪਾਣੀ ਇਕੱਠਾ ਨਾ ਹੋਣ ਦਿਓ।
- ਘਰਾਂ ਨੂੰ ਜਾਲੀਆਂ ਵਾਲੇ ਦਰਵਾਜ਼ੇ ਬਾਰੀਆਂ ਲਗਾਓ। ਮੱਛਰਦਾਨੀ ਦਾ ਪ੍ਰਯੋਗ ਕਰੋ।
- ਮੱਛਰਾਂ ਨੂੰ ਭਜਾਉਣ ਵਾਲੀਆਂ ਅਗਰਬੱਤੀਆਂ ਤੇ ਮੈਟਾਂ ਦੀ ਵਰਤੋਂ।
- ਮੱਛਰਾਂ ਨੂੰ ਭਜਾਉਣ ਵਾਲੇ ਖ਼ਾਸ ਤੇਲ ਜਾਂ ਕਰੀਮਾਂ ਵਰਤੋ
- ਮੱਛਰ ਮਾਰਨ ਦੀਆਂ ਕੀਟ-ਨਾਸ਼ਕ ਦਵਾਈਆਂ ਦਾ ਛਿੜਕਾਅ ਕਰਵਾਓ।

*(ਲੇਖਕ ਪ੍ਰੋਫੈਸਰ ਪੈਥਾਲੋਜੀ ਵਿਭਾਗ, ਐੱਮ ਐੱਮ ਮੈਡੀਕਲ ਕਾਲਜ ਤੇ ਹਸਪਤਾਲ ਹੈ।)*

*e-mail :*

### ਵਿਚਾਰ

- ਸਿਹਤ ਦੀ ਸੰਭਾਲ ਸਾਨੂੰ ਆਪ ਕਰਨੀ ਚਾਹੀਦੀ ਹੈ। - (ਕਹਾਵਤ)
- ਇਲਾਜ ਕਰਨ ਵਾਲੇ ਮਨ ਦੀ ਅਰੋਗਤਾ ਦਾ ਇਲਾਜ ਕੀਤੇ ਬਿਨਾਂ ਸਰੀਰ ਨੂੰ ਸਵਸਥ ਕਰਨ ਦਾ ਜਤਨ ਕਰਦੇ ਹਨ ਜਦੋਂ ਕਿ ਮਨ ਤੇ ਸਰੀਰ ਇਕੋ ਹੀ ਹਨ। - (ਅਫਲਾਤੂਨ)
- ਹਸਮੁੱਖ ਚਿਹਰਾ ਰੋਗੀ ਲਈ ਓਨਾ ਹੀ ਚੰਗਾ ਹੈ ਜਿੰਨੀ ਸਵਸਥ ਹੋਣ ਦੀ ਕਾਮਨਾ – (ਫਰੈਂਕਲਿਨ)

*ਸਫ਼ਾ 49 ਦੀ ਬਾਕੀ*

ਪੱਧਰ 'ਤੇ ਕਰਨ ਦਾ ਇਰਾਦਾ ਹਰਿਆਣਾ ਸਰਕਾਰ ਨੇ ਕੀਤਾ ਹੈ। ਇਸ ਲਈ ਲਗਭਗ 5500 ਕਰੋੜ ਰੁਪਏ ਦੀ ਯੋਜਨਾ ਉਲੀਕੀ ਜਾ ਰਹੀ ਹੈ। ਬਿਜਲੀ ਉਤਪਾਦਨ ਵਧਾਉਣ ਲਈ ਵੱਡੇ ਖਰਚੇ ਕਰਨੇ ਪੈਂਦੇ ਹਨ। ਇਸ ਤਰ੍ਹਾਂ ਹੋਰ ਤਰੀਕਿਆਂ ਨਾਲ ਬਿਜਲੀ ਪੈਦਾ ਕਰਨ ਵਲ ਵੀ ਮੌਜੂਦਾ ਸਰਕਾਰਾਂ ਵਲੋਂ ਧਿਆਨ ਦਿਤਾ ਜਾ ਰਿਹਾ ਹੈ। ਸੂਰਜੀ ਊਰਜਾ ਨੂੰ ਵਰਤ ਕੇ ਬਿਜਲੀ ਪੈਦਾ ਕਰਨ ਵਲ ਹਰਿਆਣਾ ਸਰਕਾਰ ਨੇ ਪ੍ਰਗਤੀ ਕੀਤੀ ਹੈ। ਸਰਕਾਰ ਦੀ ਭਵਿੱਖ ਦੀ ਯੋਜਨਾ ਮੁਤਾਬਕ 2020 ਤਕ 400 ਮੈਗਾਵਾਟ ਦੇ 'ਸੋਲਰ ਪਾਵਰ ਪਲਾਂਟ' ਸਥਾਪਤ ਕੀਤੇ ਜਾਣਗੇ। ਇਨ੍ਹਾਂ ਪਲਾਂਟਾਂ ਨੂੰ ਲਾਉਣ ਲਈ ਪੰਚਾਇਤਾਂ ਦੀ ਖਾਲੀ ਪਈ ਜ਼ਮੀਨ ਨਹਿਰਾਂ ਦੇ ਕੰਢਿਆਂ 'ਤੇ ਸੋਲਰ ਪੈਨਲ ਲਾ ਕੇ ਬਿਜਲੀ ਪੈਦਾ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਹਰਿਆਣਾ ਬਿਜਲੀ ਉਤਪਾਦਨ ਨਿਗਮ ਕੋਲ ਪਈ ਜ਼ਮੀਨ ਅਤੇ ਨਿਗਮਾਂ ਦੀਆਂ ਛੱਤਾਂ ਉਤੇ ਅਜਿਹੇ ਸੋਲਰ ਪੈਨਲ ਲਾ ਕੇ ਬਿਜਲੀ ਉਤਪਾਦਨ ਵਧਾਇਆ ਜਾਵੇਗਾ।

ਹੋਰ ਅੱਗੇ ਵਧਦੇ ਹੋਏ ਹਰਿਆਣਾ ਸਰਕਾਰ ਨੇ ਭਾਰਤ ਸਰਕਾਰ ਦੇ 'ਰੀਨਿਊਏਵਲ ਐਨਰਜੀ ਪਾਵਰ ਓਬਲੀਗੇਸ਼ਨ' ਪ੍ਰੋਗਰਾਮ ਵਿਚ ਹਿੱਸੇਦਾਰ ਬਣਨ ਦਾ ਫ਼ੈਸਲਾ ਕੀਤਾ ਹੈ ਜਿਸ ਤਹਿਤ ਸਰਕਾਰ ਵਲੋਂ 25 ਮੈਗਾਵਾਟ ਬਿਜਲੀ ਖਰੀਦੀ ਗਈ ਤੇ 150 ਮੈਗਾਵਾਟ ਬਿਜਲੀ ਲਈ ਟੈਂਡਰ ਜਾਰੀ ਕੀਤੇ ਗਏ ਹਨ। ਆਧੁਨਿਕ ਸਮਾਜ ਅੰਦਰ ਬਿਜਲੀ ਦੀ ਬਹੁਤ ਲੋੜ ਹੈ ਤੇ ਸਰਕਾਰ ਦੀ ਫ਼ਿਕਰਮੰਦੀ ਵੀ ਝਲਕਦੀ ਹੈ। ਸਰਕਾਰ ਵਲੋਂ ਰਾਜ ਨੂੰ ਜਿਥੇ ਬਿਜਲੀ ਦੇ ਖੇਤਰ ਵਿਚ ਸਵੈ-ਨਿਰਭਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਥੇ 'ਇਕ ਤੇ ਇਕ ਗਿਆਰਾਂ' ਦੀ ਉਦਾਹਰਣ ਨੂੰ ਸਿੱਧ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ।

ਹਰਿਆਣਾ ਸਰਕਾਰ ਨੂੰ ਕੇਂਦਰ ਸਰਕਾਰ ਦਾ ਵੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਕੇਂਦਰੀ ਰੇਲ ਬਜਟ ਵਿਚੋਂ ਹਰਿਆਣਾ ਲਈ 1074 ਕਰੋੜ ਰੁਪਏ ਰੱਖੇ ਗਏ ਹਨ। ਹਰਿਆਣਾ ਦੀਆਂ 9 ਸੜਕਾਂ ਨੂੰ ਰਾਸ਼ਟਰੀ ਸ਼ਾਹ ਰਾਹਾਂ ਦਾ ਦਰਜਾ ਦੇਣ ਕਰਕੇ ਵੀ ਰਾਜ ਦੀ ਤਰੱਕੀ ਨੂੰ ਖੰਭ ਲੱਗਣਗੇ। ਹਰਿਆਣਾ ਸਰਕਾਰ ਵਲੋਂ ਇਹ ਕੋਸ਼ਿਸ਼ ਪਹਿਲੇ ਦਿਨ ਤੋਂ ਹੀ ਕੀਤੀ ਜਾ ਰਹੀ ਹੈ ਕਿ ਸਮੁੱਚੇ ਰਾਜ ਦਾ ਵਿਕਾਸ ਬਰਾਬਰ ਕੀਤਾ ਜਾਵੇ ਤੇ ਵਿਤਕਰੇਬਾਜ਼ੀ ਬੰਦ ਕੀਤੀ ਜਾਵੇ।

*(ਲੇਖਿਕਾ ਫ਼ਰੀਦਾਬਾਦ ਸਥਿਤ ਪੰਜਾਬੀ ਟ੍ਰਿਬਿਊਨ ਦੀ ਪੱਤਰਕਾਰ ਹੈ।)*

*e-mail :deolreposter@gmail.com*

# ਖਾਦਾਂ ਦੀ ਸੰਤੁਲਿਤ ਵਰਤੋਂ ਲਈ ਮਿੱਟੀ ਦੀ ਪਰਖ ਜ਼ਰੂਰੀ

ਸਤਵਿੰਦਰਜੀਤ ਕੌਰ, ਗਾਇਤ੍ਰੀ ਵਰਮਾ ਤੇ ਮਨਦੀਪ ਕੌਰ ਸੈਣੀ

ਸਫਲ ਖੇਤੀ ਉਤਪਾਦਨ ਵਿਚ ਖਾਦਾਂ ਦੀ ਸੰਤੁਲਿਤ ਵਰਤੋਂ ਲਈ ਮਿੱਟੀ ਪਰਖ ਸਫਲਤਾ ਦੀ ਪਹਿਲੀ ਪੌੜੀ ਹੈ। ਅਜੋਕੀ ਘਣੀ ਖੇਤੀ ਦੇ ਯੁੱਗ ਵਿਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਆਉਣ ਨਾਲ ਅਤੇ ਲੋੜ ਤੋਂ ਵੱਧ ਖਾਦਾਂ ਦੀ ਵਰਤੋਂ ਕਰਨ ਨਾਲ ਵਾਹੀਯੋਗ ਭੂਮੀ ਦੀ ਅੰਦਰੂਨੀ ਸਿਹਤ ਖਰਾਬ ਹੋ ਰਹੀ ਹੈ। ਜ਼ਮੀਨ ਵਿਚ ਤੱਤਾਂ ਦਾ ਆਪਸੀ ਸੰਤੁਲਨ ਵਿਗੜ ਰਿਹਾ ਹੈ। ਕਿਸੇ ਵੀ ਫ਼ਸਲ ਨੂੰ ਕਿਹੜਾ ਤੱਤ ਪਾਉਣਾ ਹੈ, ਕਿੰਨੀ ਮਾਤਰਾ ਵਿਚ ਪਾਉਣਾ ਹੈ, ਇਹ ਜਾਣਨ ਲਈ ਜ਼ਮੀਨ ਦੀ ਜਮਾਂਦਰੂ ਉਪਜਾਊ ਸ਼ਕਤੀ ਦਾ ਪਤਾ ਹੋਣਾ ਆਦਿ ਜ਼ਰੂਰੀ ਹੈ ਅਤੇ ਇਹ ਸਭ ਮਿੱਟੀ ਦੀ ਪਰਖ ਹੋਣ ਉਪਰੰਤ ਹੀ ਪਤਾ ਕੀਤਾ ਜਾ ਸਕਦਾ ਹੈ। ਜ਼ਮੀਨ ਦੀਆਂ ਮੁੱਢਲੀਆਂ ਸਮੱਸਿਆਵਾਂ ਬਾਰੇ ਜਾਣਨ ਲਈ ਮਿੱਟੀ ਪਰਖ ਇਕ ਸੌਖਾ, ਸਸਤਾ ਅਤੇ ਵਧੀਆ ਤਰੀਕਾ ਹੈ। ਜ਼ਮੀਨ ਵਿਚ ਜੇਕਰ ਇਕ ਤੱਤ ਦੀ ਬਹੁਤਾਤ ਜਾਂ ਘਾਟ ਹੈ ਤਾਂ ਉਹ ਦੂਸਰੇ ਤੱਤਾਂ ਦੀ ਖਪਤ ਸਮਰੱਥਾ 'ਤੇ ਵੀ ਅਸਰ ਪਾਉਂਦਾ ਹੈ। ਮਿੱਟੀ ਪਰਖ ਤੋਂ ਸਾਨੂੰ ਜ਼ਮੀਨ ਦੀ ਉਪਜਾਊ ਸ਼ਕਤੀ, ਉਸ ਦੇ ਖਾਰੀ ਅੰਗ, ਜੀਵਕ ਕਾਰਬਨ ਅਤੇ ਜ਼ਰੂਰੀ ਖੁਰਾਕੀ ਤੱਤਾਂ ਦੀ ਉਪਲਬਧਤਾ ਦਾ ਪਤਾ ਲੱਗ ਜਾਂਦਾ ਹੈ ਜਿਸ ਅਨੁਸਾਰ ਖਾਦਾਂ ਦੀ ਮਾਤਰਾ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਆਮ ਤੌਰ ਤੇ ਮਿੱਟੀ ਪਰਖ ਹੇਠ ਲਿਖੇ ਮੁੱਖ ਮੰਤਵਾਂ ਲਈ ਕੀਤੀ ਜਾਂਦੀ ਹੈ :

• ਫ਼ਸਲਾਂ ਲਈ ਖਾਦਾਂ ਦੀ ਲੋੜ ਅਤੇ ਸਹੀ ਮਾਤਰਾ ਜਾਣਨ ਵਾਸਤੇ। • ਸਮੱਸਿਆ ਵਾਲੀ ਜ਼ਮੀਨ ਦੇ ਸੁਧਾਰ ਵਾਸਤੇ। • ਬਾਗ਼ ਲਗਾਉਣ ਲਈ ਜ਼ਮੀਨ ਦਾ ਢੁੱਕਵਾਂਪਨ ਜਾਣਨ ਵਾਸਤੇ।

ਜ਼ਮੀਨ ਦੀ ਭੌਤਿਕ, ਰਸਾਇਣਕ ਅਤੇ ਜੀਵਕ ਪਰਖ ਕੀਤੀ ਜਾਂਦੀ ਹੈ। ਭੌਤਿਕ ਪਰਖ ਤੋਂ ਜ਼ਮੀਨ ਦੀ ਹਵਾ ਅਤੇ ਪਾਣੀ ਸੰਭਾਲਣ ਦੀ ਸ਼ਕਤੀ ਅਤੇ ਜ਼ਮੀਨ ਵਿਚ ਜੜ੍ਹਾਂ ਦੇ ਵਾਧੇ-ਵਿਕਾਸ ਬਾਰੇ ਪਤਾ ਲਗਦਾ ਹੈ। ਰਸਾਇਣਕ ਪਰਖ ਤੋਂ ਜ਼ਮੀਨ ਦੇ ਤੇਜ਼ਾਬੀਪਨ, ਖਾਰੇਪਨ ਅਤੇ ਲੂਣਾਂ ਦੀ ਮਾਤਰਾ ਬਾਰੇ ਪਤਾ ਲੱਗਣ ਦੇ ਨਾਲ-ਨਾਲ ਜ਼ਮੀਨ ਵਿਚ ਫ਼ਸਲਾਂ ਲਈ ਲੋੜੀਂਦੇ ਜ਼ਰੂਰੀ ਤੱਤਾਂ ਦੀ ਉਪਲਬਧਤਾ ਬਾਰੇ ਜਾਣਕਾਰੀ ਮਿਲਦੀ ਹੈ। ਜੇ ਜ਼ਮੀਨ ਵਿਚ ਕੋਈ ਸਮੱਸਿਆ ਹੋਵੇ ਜਿਵੇਂ ਕਿ ਕੱਲਰ ਵਾਲੀ ਜ਼ਮੀਨ ਨੂੰ ਸੁਧਾਰਨ ਲਈ ਕਿੰਨੀ ਜਿਪਸਮ ਪਾਉਣੀ ਹੈ, ਇਸ ਦਾ ਅਨੁਮਾਨ ਵੀ ਮਿੱਟੀ ਪਰਖ ਤੋਂ ਹੀ ਲਗਦਾ ਹੈ।

## ਫ਼ਸਲਾਂ ਲਈ ਖਾਦਾਂ ਦੀ ਲੋੜ ਜਾਣਨ ਵਾਸਤੇ ਮਿੱਟੀ ਦੀ ਪਰਖ

ਖਾਦਾਂ ਜ਼ਮੀਨ ਤੇ ਤੇਜ਼ਾਬੀਪਨ ਜਾਂ ਖਾਰੇਪਨ ਨੂੰ ਪ੍ਰਭਾਵਿਤ ਕਰਦੀਆਂ ਹਨ। ਮਿੱਟੀ ਪਰਖ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਕਿਸੇ ਵੀ ਫ਼ਸਲ ਨੂੰ ਕਿਹੜੀ ਖਾਦ ਪਾਉਣੀ ਹੈ ਅਤੇ ਕਿੰਨੀ ਮਾਤਰਾ ਵਿਚ ਪਾਉਣੀ ਚਾਹੀਦੀ ਹੈ। ਕੋਈ ਵੀ ਫ਼ਸਲ ਬੀਜਣ ਤੋਂ ਪਹਿਲਾਂ ਮਿੱਟੀ ਪਰਖ ਅਨੁਸਾਰ ਖਾਦਾਂ ਦੀ ਵਰਤੋਂ ਕਰਨ ਨਾਲ ਅਸੀਂ ਖਾਦਾਂ 'ਤੇ ਹੋਣ ਵਾਲੇ ਬੇਲੋੜੇ ਖਰਚਿਆਂ ਤੋਂ ਬਚ ਸਕਦੇ ਹਾਂ ਅਤੇ ਜ਼ਮੀਨ ਦੀ ਸਿਹਤ ਵਿਚ ਪੈਦਾ ਹੋ ਰਹੇ ਵਿਗਾੜਾਂ ਨੂੰ ਵੀ ਰੋਕ ਸਕਦੇ ਹਾਂ। ਖਾਦਾਂ 'ਤੇ ਖਰਚੇ ਪੈਸੇ ਦਾ ਬਹੁਤਾ ਲਾਭ ਤੱਤਾਂ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਹੁੰਦਾ ਹੈ। ਮਿੱਟੀ ਪਰਖ ਇਸ ਗੱਲ ਦਾ ਸੂਚਕ ਹੈ ਕਿ ਕੋਈ ਖ਼ਾਸ ਤੱਤ ਕਿਸੇ ਫ਼ਸਲ ਨੂੰ ਪਾਉਣਾ ਫ਼ਾਇਦੇਮੰਦ ਹੈ ਜਾਂ ਨਹੀਂ। ਜਿਵੇਂ ਕਿ ਫ਼ਸਲਾਂ ਵਿਚ ਫਾਸਫੋਰਸ ਤੱਤ ਨੂੰ ਮੰਨਣ ਦੀ ਭਿੰਨਤਾ ਹੈ। ਹਾੜ੍ਹੀ ਦੀ ਫ਼ਸਲ ਨੂੰ ਪਾਈ ਗਈ ਫਾਸਫੋਰਸ, ਸਾਉਣੀ ਦੀ ਫ਼ਸਲ ਤੋਂ ਜ਼ਿਆਦਾ ਲਾਭਦਾਇਕ ਹੁੰਦੀ ਹੈ। ਫਾਸਫੋਰਸ ਤੱਤ ਵਾਲੀਆਂ ਖਾਦਾਂ ਜਿਵੇਂ ਕਿ ਡੀ.ਏ.ਪੀ. ਦੀ ਲਗਾਤਾਰ ਵਰਤੋਂ ਨਾਲ ਫਾਸਫੋਰਸ ਤੱਤ ਜ਼ਮੀਨ ਵਿਚ ਵਧ ਰਿਹਾ ਹੈ। ਜੇ ਫਾਸਫੋਰਸ ਤੱਤ ਜ਼ਮੀਨ ਵਿਚ 5 ਕਿਲੋ ਪ੍ਰਤਿ ਏਕੜ ਜਾਂ ਇਸ ਤੋਂ ਵੱਧ ਹੋਵੇ ਤਾਂ ਸਾਉਣੀ ਦੀਆਂ ਫ਼ਸਲਾਂ ਜਿਵੇਂ ਕਿ ਝੋਨਾ, ਮੱਕੀ ਆਦਿ ਨੂੰ ਫਾਸਫੋਰਸ ਤੱਤ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਹੁੰਦੀ। ਦੂਸਰੇ ਪਾਸੇ, ਕਣਕ ਨੂੰ ਫਾਸਫੋਰਸ ਤੱਤ ਨਾ ਪਾਉਣ ਲਈ ਇਸ ਤੱਤ ਦੀ ਜ਼ਮੀਨ ਵਿਚ ਮਾਤਰਾ 20 ਕਿਲੋ/ਏਕੜ ਤੋਂ ਵੱਧ ਹੋਣੀ ਚਾਹੀਦੀ ਹੈ। ਆਮ ਤੌਰ ਤੇ ਕਿਸਾਨ ਪੋਟਾਸ਼ ਖਾਦ ਦੀ ਵਰਤੋਂ ਨਹੀਂ ਕਰਦੇ, ਜਿਸ ਕਰਕੇ ਫ਼ਸਲ ਤੋਂ ਪੂਰਾ ਝਾੜ ਨਹੀਂ ਮਿਲਦਾ। ਜੇ ਮਿੱਟੀ ਵਿਚ ਪੋਟਾਸ਼ ਤੱਤ 55 ਕਿਲੋ ਪ੍ਰਤਿ ਏਕੜ ਤੋਂ ਘੱਟ ਹੋਵੇ ਤਾਂ ਜ਼ਮੀਨ ਵਿਚ ਇਸ ਤੱਤ ਦੀ ਘਾਟ ਹੁੰਦੀ ਹੈ ਅਤੇ ਇਸ ਤੱਤ ਨੂੰ ਪਾਉਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਆਮ ਤੌਰ ਤੇ ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ ਅਤੇ ਰੋਪੜ ਜ਼ਿਲ੍ਹਿਆਂ ਦੀਆਂ ਜ਼ਮੀਨਾਂ ਵਿਚ ਪੋਟਾਸ਼ ਦੀ ਘਾਟ ਵੇਖਣ ਵਿਚ ਆਉਂਦੀ ਹੈ। ਇਸ ਲਈ, ਜ਼ਰੂਰੀ ਹੈ ਕਿ ਮਿੱਟੀ ਦੀ ਪਰਖ ਕਰਵਾ ਲਈ ਜਾਵੇ ਤਾਂ ਜੋ ਫ਼ਸਲਾਂ ਦਾ ਪੂਰਾ ਝਾੜ ਲਿਆ ਜਾ ਸਕੇ।

## ਬਾਗ਼ ਲਗਾਉਣ ਲਈ ਮਿੱਟੀ ਦੀ ਪਰਖ

ਬਾਗ਼ ਲਗਾਉਣ ਤੋਂ ਪਹਿਲਾਂ ਮਿੱਟੀ ਦੀ ਪਰਖ ਕਰਾ ਲੈਣੀ ਬਹੁਤ ਜ਼ਰੂਰੀ ਹੈ ਕਿਉਂਕਿ ਬਾਗ਼ ਇਕ ਇਹੋ ਜਿਹੀ ਫ਼ਸਲ ਹੈ, ਜਿਸ ਵਿਚ ਸ਼ੁਰੂ ਦਾ ਖਰਚਾ ਕਾਫੀ ਜ਼ਿਆਦਾ ਹੁੰਦਾ ਹੈ ਅਤੇ ਫਲਦਾਰ ਬੂਟੇ ਲੰਮਾਂ ਸਮਾਂ ਚੱਲਦੇ ਹਨ। ਜ਼ਮੀਨ ਦੀ ਉਪਰਲੀ ਤਹਿ ਦੇ ਗੁਣਾਂ ਦਾ ਗਿਆਨ ਹੋਣਾ ਬਹੁਤ ਲਾਹੇਵੰਦ ਹੈ ਪਰ ਸਿਰਫ਼ ਇਹ ਗਿਆਨ ਹੀ ਫਲਦਾਰ ਬੂਟਿਆਂ ਲਈ ਕਾਫੀ ਨਹੀਂ ਹੁੰਦਾ

ਕਿਉਂਕਿ ਕਈ ਵਾਰ ਜ਼ਮੀਨ ਦੀਆਂ ਹੇਠਲੀਆਂ ਤਹਿਆਂ ਵਿਚ ਕੋਈ ਸਖ਼ਤ ਤਹਿ ਆ ਜਾਵੇ ਤਾਂ ਫਲਦਾਰ ਬੂਟਿਆਂ ਦੀਆਂ ਜੜ੍ਹਾਂ (ਜੋ ਕਿ ਕਾਫ਼ੀ ਡੂੰਘੀਆਂ ਜਾਂਦੀਆਂ ਹਨ) ਦਾ ਵਾਧਾ ਅਤੇ ਵਿਕਾਸ ਰੁਕ ਜਾਂਦਾ ਹੈ। ਇਸ ਲਈ ਬਾਗ਼ ਲਗਾਉਣ ਵਾਸਤੇ ਮਿੱਟੀ ਦੀ ਪਰਖ ਕਰਾਉਣ ਲਈ ਮਿੱਟੀ ਦੇ ਨਮੂਨੇ 6 ਫੁੱਟ ਦੀ ਡੂੰਘਾਈ ਤਕ ਲੈਣੇ ਚਾਹੀਦੇ ਹਨ।

## ਸਮੱਸਿਆ ਵਾਲੀਆਂ ਜ਼ਮੀਨਾਂ ਦੀ ਪਰਖ

ਸਮੱਸਿਆ ਵਾਲੀਆਂ (ਲੂਣੀਆਂ ਜਾਂ ਕਲਰਾਠੀਆਂ) ਜ਼ਮੀਨਾਂ ਦੀ ਪਰਖ ਲਈ ਨਮੂਨੇ 3 ਫੁੱਟ ਦੀ ਡੂੰਘਾਈ ਤਕ ਲੈਣੇ ਚਾਹੀਦੇ ਹਨ। ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਨਾਲੋਂ ਨਾਈਟ੍ਰੋਜਨ ਖਾਦ ਦੀ 25 ਪ੍ਰਤਿਸ਼ਤ ਵੱਧ ਮਾਤਰਾ ਪਾਉਣੀ ਚਾਹੀਦੀ ਹੈ। ਕੱਲਰ ਵਾਲੀਆਂ ਜ਼ਮੀਨਾਂ ਦੇ ਸੁਧਾਰ ਲਈ ਮਿੱਟੀ ਪਰਖ ਦੇ ਆਧਾਰ 'ਤੇ ਸਿਫ਼ਾਰਸ਼ ਕੀਤੀ ਜਿਪਸਮ ਦੀ ਮਾਤਰਾ ਪਾਉਣੀ ਚਾਹੀਦੀ ਹੈ। ਲੂਣੀਆਂ ਜ਼ਮੀਨਾਂ ਵਿਚ ਫ਼ਸਲ ਤੋਂ ਪੂਰਾ ਝਾੜ ਲੈਣ ਲਈ ਫ਼ਸਲ ਦੀ ਚੋਣ, ਪਾਣੀ ਦੀ ਸੁਚੱਜੀ ਵਰਤੋਂ ਅਤੇ ਬਿਜਾਈ ਤੋਂ ਪਹਿਲਾਂ ਖੇਤ ਦੀ ਤਿਆਰੀ ਕਰਨ ਵੇਲੇ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਨ੍ਹਾਂ ਜ਼ਮੀਨਾਂ ਵਿਚ ਜੈਵਿਕ ਖਾਦਾਂ, ਹਰੀਆਂ ਖਾਦਾਂ, ਫ਼ਸਲਾਂ ਦੀ ਰਹਿੰਦ-ਖੂੰਹਦ ਆਦਿ ਪਾਉਣਾ ਫ਼ਇਦੇਮੰਦ ਹੁੰਦਾ ਹੈ।

## ਸੂਖਮ ਤੱਤਾਂ ਲਈ ਮਿੱਟੀ ਦੀ ਪਰਖ

ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ, ਲਗਾਤਾਰ ਰਸਾਇਣਕ ਖਾਦਾਂ ਦੀ ਵਰਤੋਂ ਅਤੇ ਦੇਸੀ ਖਾਦਾਂ ਦੀ ਘਟ ਰਹੀ ਵਰਤੋਂ ਕਰਕੇ ਸੂਖ਼ਮ ਤੱਤਾਂ ਯਾਨਿ ਕਿ ਜ਼ਿੰਕ, ਮੈਗਨੀਜ਼ ਅਤੇ ਲੋਹੇ ਦੀ ਘਾਟ ਪੰਜਾਬ ਦੀਆਂ ਜ਼ਮੀਨਾਂ ਵਿਚ ਦੇਖਣ ਨੂੰ ਮਿਲਦੀ ਹੈ। ਜ਼ਿੰਕ ਅਤੇ ਲੋਹੇ ਦੀ ਘਾਟ ਝੋਨੇ ਅਤੇ ਮੱਕੀ ਵਿਚ ਆਉਂਦੀ ਹੈ ਜਦ ਕਿ ਕਣਕ ਵਿਚ ਜ਼ਿੰਕ ਅਤੇ ਮੈਗਨੀਜ਼ ਦੀ ਘਾਟ ਦੇਖਣ ਨੂੰ ਮਿਲਦੀ ਹੈ। ਜੇ ਜ਼ਮੀਨ ਵਿਚ ਕੋਈ ਸੂਖ਼ਮ ਤੱਤ ਇਕ ਖ਼ਾਸ ਮਿਕਦਾਰ ਤੋਂ ਘੱਟ ਹੋਵੇ ਤਾਂ ਫ਼ਸਲ ਵਿਚ ਉਸ ਦੀ ਘਾਟ ਆਉਣ ਦੀ ਸੰਭਾਵਨਾ ਹੁੰਦੀ ਹੈ। ਇਸ ਲਈ ਵੱਡੇ ਤੱਤਾਂ ਦੇ ਨਾਲ-ਨਾਲ ਸੂਖਮ ਤੱਤਾਂ ਦੀ ਵੀ ਪਰਖ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਸੂਖ਼ਮ ਤੱਤਾਂ ਵਾਲੀਆਂ ਖਾਦਾਂ ਦੀ ਜਿਥੇ ਲੋੜ ਹੋਵੇ, ਪਾਈਆਂ ਜਾ ਸਕਣ।

## ਮਿੱਟੀ ਦੀ ਪਰਖ ਕਿੱਥੋਂ ਕਰਵਾਉ

ਮਿੱਟੀ ਦੀ ਪਰਖ ਕਿਸੇ ਵੀ ਮਿੱਟੀ ਪਰਖ ਪ੍ਰਯੋਗਸ਼ਾਲਾ ਤੋਂ ਕਰਵਾਈ ਜਾ ਸਕਦੀ ਹੈ। ਪੰਜਾਬ ਵਿਚ ਖੇਤੀਬਾੜੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਹਰ ਜ਼ਿਲ੍ਹੇ ਵਿਚ ਸਥਾਪਿਤ ਕ੍ਰਿਸ਼ੀ ਵਿਗਿਆਨ ਕੇਂਦਰ, ਮਾਰਕਫੈੱਡ ਅਤੇ ਖਾਦ ਕਾਰਖ਼ਾਨਿਆਂ ਦੀਆਂ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਚੱਲ ਰਹੀਆਂ ਹਨ। ਕਿਸਾਨ ਆਪਣੇ ਖੇਤਾਂ ਦੇ ਨਮੂਨੇ ਲੈ ਕੇ ਇਨ੍ਹਾਂ ਪ੍ਰਯੋਗਸ਼ਾਲਾਵਾਂ ਵਿਚ ਪਰਖ ਲਈ ਭੇਜ ਸਕਦੇ ਹਨ।

ਪਰਖ ਉਪਰੰਤ ਨਤੀਜਿਆਂ ਦੀ ਸ਼ੁੱਧਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਖੇਤ ਵਿਚੋਂ ਮਿੱਟੀ ਦਾ ਨਮੂਨਾ ਸਹੀ ਢੰਗ ਨਾਲ ਲਿਆ ਗਿਆ ਹੈ ਜਾਂ ਨਹੀਂ। ਅਣਗਹਿਲੀ ਨਾਲ ਲਏ ਗਏ ਨਮੂਨਿਆਂ ਦੀ ਪਰਖ ਕਰਵਾਉਣ ਨਾਲ ਖੇਤਾਂ ਦੀ ਮਿੱਟੀ ਬਾਰੇ ਸਹੀ ਜਾਣਕਾਰੀ ਨਹੀਂ ਮਿਲ ਸਕਦੀ। ਇਸ ਲਈ ਕਿਸਾਨ ਨੂੰ ਮਿੱਟੀ ਦੇ ਨਮੂਨੇ ਲੈਣ ਦੇ ਸਹੀ ਢੰਗ ਬਾਰੇ ਜਾਣਕਾਰੀ ਜ਼ਰੂਰੀ ਹੈ।

## ਫ਼ਸਲਾਂ ਲਈ ਖਾਦਾਂ ਦੀ ਲੋੜ ਸੰਬੰਧੀ ਮਿੱਟੀ ਪਰਖ ਕਰਾਉਣ ਲਈ ਨਮੂਨਾ ਲੈਣ ਦਾ ਢੰਗ

- ਜ਼ਮੀਨ ਦੀ ਉਪਰਲੀ ਸਤਹਿ ਤੋਂ ਘਾਹ ਫੂਸ ਪਰੇ ਕਰ ਦਿਓ, ਪਰ ਮਿੱਟੀ ਬਿਲਕੁਲ ਨਾ ਖੁਰਚੋ। ਖੁਰਪੇ ਨਾਲ ਅੰਗਰੇਜ਼ੀ ਦੇ ਅੱਖਰ 'ਵੀ' ਦੀ ਸ਼ਕਲ ਦਾ 6 ਇੰਚ ਡੂੰਘਾ ਟੋਆ ਪੁੱਟੋ।

- ਇਸ ਟੋਏ ਦੇ ਦੋਵੇਂ ਪਾਸਿਉਂ ਤਕਰੀਬਨ ਇਕ-ਇਕ ਇੰਚ ਮੋਟੀ ਮਿੱਟੀ ਦੀ ਤਹਿ ਉਪਰ ਤੋਂ ਲੈ ਕੇ ਥੱਲੇ ਤਕ ਇਕਸਾਰ ਉਤਾਰੋ।

- ਇਸ ਮਿੱਟੀ ਨੂੰ ਕਿਸੇ ਸਾਫ਼ ਬਰਤਨ ਜਾਂ ਕੱਪੜੇ ਵਿਚ ਪਾਉ। ਇਸੇ ਤਰ੍ਹਾਂ ਖੇਤ ਵਿਚੋਂ 6-7 ਹੋਰ ਥਾਵਾਂ ਤੋਂ ਮਿੱਟੀ ਲਉ।

- ਸਾਰੀ ਮਿੱਟੀ ਨੂੰ ਆਪਸ ਵਿਚ ਚੰਗੀ ਤਰ੍ਹਾਂ ਮਿਲਾ ਕੇ ਉਸ ਵਿਚੋਂ 400-500 ਗ੍ਰਾਮ ਮਿੱਟੀ ਲੈ ਲਉ। ਜੇ ਇਹ ਮਿੱਟੀ ਗਿੱਲੀ ਹੋਵੇ ਤਾਂ ਛਾਂ ਵਿਚ ਸੁਕਾ ਲਉ।

- ਮਿੱਟੀ ਦੇ ਇਸ ਨਮੂਨੇ ਨੂੰ ਕੱਪੜੇ ਦੀ ਥੈਲੀ ਵਿਚ ਪਾ ਕੇ ਉਸ ਦੇ ਨਾਲ ਹੇਠ ਲਿਖੀ ਸੂਚਨਾ ਪਰਚੀ 'ਤੇ ਲਿਖ ਕੇ ਨਾਲ ਨੱਥੀ ਕਰ ਦਿਉ।

## ਕੱਲਰ ਵਾਲੀ ਜ਼ਮੀਨ ਵਿਚੋਂ ਮਿੱਟੀ ਦਾ ਨਮੂਨਾ ਲੈਣ ਦਾ ਢੰਗ

- ਕੱਲਰ ਵਾਲੀ ਜ਼ਮੀਨ ਵਿਚ 3 ਫੁੱਟ ਡੂੰਘਾ ਟੋਆ ਪੁੱਟੋ, ਜਿਸ ਦਾ ਇਕ ਪਾਸਾ ਸਿੱਧਾ ਅਤੇ ਦੂਜਾ ਪਾਸਾ ਤਿਰਛਾ ਹੋਵੇ।

- ਇਸ ਟੋਏ ਦੇ ਸਿੱਧੇ ਪਾਸੇ ਉਪਰੋਂ ਸ਼ੁਰੂ ਹੋ ਕੇ ਹੇਠਾਂ ਤਕ 6 ਇੰਚ, 1 ਫੁੱਟ, 2 ਫੁੱਟ ਅਤੇ 3 ਫੁੱਟ ਦੀ ਡੂਘਾਈ 'ਤੇ ਨਿਸ਼ਾਨ ਲਾਉ।

- ਇਸ ਤੋਂ ਬਾਅਦ ਹਰ ਡੂੰਘਾਈ ਤੋਂ ਉਪਰੋਂ ਸ਼ੁਰੂ ਹੋ ਕੇ ਹੇਠਾਂ ਤਕ 1 ਇੰਚ ਮੋਟੀ ਮਿੱਟੀ ਦੀ ਤਹਿ ਉਤਾਰ ਕੇ ਲਗਭਗ 500 ਗ੍ਰਾਮ ਮਿੱਟੀ ਲਉ। ਇਸ ਤਰ੍ਹਾਂ ਕੁੱਲ 4 ਨਮੂਨੇ ਲੈਣੇ ਹਨ।

- ਹਰ ਡੂੰਘਾਈ ਤੋਂ ਲਏ ਗਏ ਨਮੂਨੇ ਨੂੰ ਸਾਫ਼ ਕੱਪੜੇ ਦੀ ਵੱਖ-ਵੱਖ ਥੈਲੀ ਵਿਚ ਪਾਉ ਅਤੇ ਹਰ ਥੈਲੀ ਵਿਚ ਇਕ ਪਰਚੀ ਪਾਉ ਜਿਸ ਉਪਰ ਕਿਸਾਨ ਦਾ ਨਾਂ, ਪੂਰਾ ਪਤਾ ਅਤੇ ਨਮੂਨੇ ਦੀ ਡੂੰਘਾਈ ਆਦਿ ਦਾ ਪੂਰਾ ਵੇਰਵਾ ਲਿਖਿਆ ਹੋਵੇ।

- ਜੇ ਕਿਸੇ ਡੂੰਘਾਈ 'ਤੇ ਕੋਈ ਰੋੜਿਆਂ ਦੀ ਤਹਿ ਹੋਵੇ ਤਾਂ ਉਸ ਦਾ ਨਮੂਨਾ ਅਲੱਗ ਲੈ ਕੇ ਵੱਖਰੀ ਥੈਲੀ ਵਿਚ ਪਾ ਲੈਣਾ ਚਾਹੀਦਾ ਹੈ ਅਤੇ ਉਸ ਤਹਿ ਦੀ ਡੂਘਾਈ ਤੇ ਚੌੜਾਈ ਇਕ ਪਰਚੀ 'ਤੇ ਲਿਖ ਕੇ ਉਸ ਥੈਲੀ ਵਿਚ ਪਾ ਦੇਣੀ ਚਾਹੀਦੀ ਹੈ।

ਇਹ ਸਾਰੇ ਨਮੂਨੇ ਨੇੜੇ ਦੀ ਮਿੱਟੀ ਪਰਖ ਪ੍ਰਯੋਗਸ਼ਾਲਾ ਵਿਚ ਪਹੁੰਚਾ ਦਿਉ। ਪਰਖ ਉਪਰੰਤ ਮਿੱਟੀ ਪਰਖ ਦੇ ਨਤੀਜੇ ਕਿਸਾਨਾਂ ਨੂੰ ਮਿੱਟੀ ਪਰਖ ਰਿਪੋਰਟ ਦੇ ਰੂਪ ਵਿਚ ਦਿਤੇ ਜਾਂਦੇ ਹਨ। ਮਿੱਟੀ ਪਰਖ ਹਰੇਕ ਫ਼ਸਲੀ ਚੱਕਰ ਜਾਂ ਤਿੰਨ ਸਾਲਾਂ ਬਾਅਦ ਕਰਵਾ ਲੈਣੀ ਚਾਹੀਦੀ ਹੈ। ਮਿੱਟੀ ਪਰਖ ਰਾਹੀਂ ਖਾਦਾਂ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਵਾਤਾਵਰਨ ਨੂੰ ਵੀ ਖਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ। ਖਾਦਾਂ ਦੀ ਦੁਰਵਰਤੋਂ ਨੂੰ ਛੱਡ ਕੇ ਭੂਮੀ ਦੀ ਸਿਹਤ ਬਰਕਰਾਰ ਰੱਖਦੇ ਹੋਏ ਫ਼ਸਲਾਂ ਦਾ ਪੂਰਾ ਝਾੜ ਲੈਣ ਦੇ ਨਾਲ-ਨਾਲ ਕਿਸਾਨ ਅਰਥਿਕ ਅਤੇ ਸਮਾਜਿਕ ਤੌਰ ਤੇ ਖ਼ੁਸ਼ਹਾਲ ਰਹਿ ਸਕਦਾ ਹੈ।

***(ਲੇਖਿਕਾਵਾਂ ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਖੇਤਰੀ ਖੋਜ ਕੇਂਦਰ, ਪੀ.ਏ.ਯੂ. ਗੁਰਦਾਸਪੁਰ ਵਿਖੇ ਕਾਰਜਸ਼ੀਲ ਹਨ।)***

# ਕੀ ਤੁਸੀਂ ਜਾਣਦੇ ਹੋ?

## ਡਿਜ਼ੀਟਲ ਲਾਕਰ

ਡਿਜ਼ੀਟਲ ਭਾਰਤ ਪ੍ਰੋਗਰਾਮ ਦੇ ਤਹਿਤ ਡਿਜ਼ੀਟਲ ਲਾਕਰ ਇਕ ਪ੍ਰਮੁੱਖ ਪਹਿਲਕਦਮੀ ਹੈ। ਜਨਮ ਪ੍ਰਮਾਣ ਪੱਤਰ, ਜਾਇਦਾਦ ਆਦਿ ਦੇ ਕਾਗਜ਼ ਸੁਰੱਖਿਅਤ ਰੱਖਣ ਲਈ ਇਹ ਮੁਫ਼ਤ ਡਿਜ਼ੀਟਲ ਤਿਜੋਰੀ ਸੇਵਾ ਹੈ। ਇਸ ਦਾ ਉਦੇਸ਼ ਅਸਲ ਦਸਤਾਵੇਜ਼ਾਂ ਦਾ ਇਸਤੇਮਾਲ ਘੱਟ ਕਰਨਾ ਅਤੇ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੇ ਸਾਂਝੇ ਕਰਨ ਨੂੰ ਉਤਸ਼ਾਹਿਤ ਕਰਨਾ ਹੈ। ਡਿਜ਼ੀਟਲ ਲਾਕਰ ਦੇ ਦੋ ਮੁੱਖ ਭਾਗ ਹੁੰਦੇ ਹਨ, ਭੰਡਾਰਨ ਅਤੇ ਵੇਖਣ ਦਾ ਦੁਆਰ। ਭੰਡਾਰਨ ਈ-ਦਸਤਾਵੇਜ਼ਾਂ ਦਾ ਇਕੱਠ ਹੁੰਦਾ ਹੈ, ਜਿਸ ਨੂੰ ਜਾਰੀ ਕਰਨ ਵਾਲਿਆਂ ਵਲੋਂ ਇਕ ਨਿਰਧਾਰਤ ਫਾਰਮੈਟ ਵਿਚ ਅਪਲੋਡ ਕੀਤਾ ਜਾਂਦਾ ਹੈ ਅਤੇ ਨਿਰਧਾਰਤ ਏ ਪੀ ਐੱਲ ਦੇ ਇਕ ਸਮੂਹ ਨੂੰ ਸੁਰੱਖਿਅਤ ਤੇ ਅਸਲ ਖੋਜ ਅਤੇ ਪਹੁੰਚ ਲਈ ਉਪਲਬਧ ਕੀਤਾ ਜਾਂਦਾ ਹੈ। ਪਹੁੰਚ ਦੁਆਰ ਬੇਨਤੀਕਾਰਾਂ ਨੂੰ ਈ-ਦਸਤਾਵੇਜ਼ਾਂ ਤਕ ਪਹੁੰਚ ਕਰਨ ਲਈ ਵੱਖ-ਵੱਖ ਭੰਡਾਰ ਕਰਨ ਵਾਲਿਆਂ ਵਲੋਂ ਇਕ ਸੁਰੱਖਿਅਤ ਆਨਲਾਈਨ ਤੰਤਰ ਪ੍ਰਦਾਨ ਕਰਦਾ ਹੈ, ਜਿਸ ਦੇ ਲਈ ਈ-ਦਸਤਾਵੇਜ਼ ਯੂ ਆਰ ਆਈ (ਯੂਨੀਫਾਰਮ ਰਿਸੋਰਸ ਇੰਡੀਕੇਟਰ) ਦੀ ਵਰਤੋਂ ਕੀਤੀ ਜਾਂਦੀ ਹੈ। ਯੂ ਆਰ ਆਈ ਈ-ਦਸਤਾਵੇਜ਼ ਦਾ ਇਕ ਲਿੰਕ ਹੁੰਦਾ ਹੈ, ਜੋ ਭੰਡਾਰਨ ਵਿਚ ਪਏ ਦਸਤਾਵੇਜ਼ ਲਈ ਜਾਰੀ ਕਰਤਾ ਵਲੋਂ ਦਿਤਾ ਜਾਂਦਾ ਹੈ। ਯੂ ਆਰ ਆਈ ਦੇ ਆਧਾਰ 'ਤੇ ਦੁਆਰ, ਭੰਡਾਰ ਕਰਤਾ ਦੇ ਪਤੇ ਦੀ ਪੜਤਾਲ ਕਰੇਗਾ ਜਿਥੇ ਈ-ਦਸਤਾਵੇਜ਼ ਜਮ੍ਹਾਂ ਕੀਤਾ ਹੁੰਦਾ ਹੈ ਅਤੇ ਭੰਡਾਰ ਸਥਾਨ ਤੋਂ ਈ-ਦਸਤਾਵੇਜ਼ ਪ੍ਰਾਪਤ ਕਰੇਗਾ। ਈ-ਦਸਤਾਵੇਜ਼ਾਂ ਦਾ ਸਾਂਝੀਕਰਨ ਪੰਜੀਕ੍ਰਿਤ ਭੰਡਾਰਾਂ ਵਲੋਂ ਕੀਤਾ ਜਾਂਦਾ ਹੈ, ਜਿਸ ਨਾਲ ਦਸਤਾਵੇਜ਼ਾਂ ਦੀ ਆਨਲਾਈਨ ਪ੍ਰਮਾਣਿਕਤਾ ਯਕੀਨੀ ਹੋ ਜਾਂਦੀ ਹੈ। ਈ-ਮੇਲ ਖਾਤਾ ਖੋਲ੍ਹਣ ਵਾਂਗ ਸਰਲ ਹੋਣ ਕਾਰਨ, ਕਲਾਊਡ ਜਾਂ ਸਾਈਬਰ ਸਪੇਸ 'ਤੇ ਡਿਜ਼ੀਟਲ ਲਾਕਰ ਦੀ ਸਹੂਲਤ ਕਿਸੇ ਵੀ ਵਿਅਕਤੀ ਨੂੰ ਆਧਾਰ ਕਾਰਡ ਅਤੇ ਇਸ ਨਾਲ ਜੁੜੇ ਮੋਬਾਈਲ ਫ਼ੋਨ ਨੰਬਰ ਨਾਲ ਖਾਤਾ ਖੋਲ੍ਹਣ ਦੀ ਆਗਿਆ ਦਿੰਦੀ ਹੈ। ਨਿੱਜੀ ਈ-ਦਸਤਾਵੇਜ਼ਾਂ ਅਤੇ ਅਜਿਹੇ ਸਰਕਾਰੀ ਪ੍ਰਮਾਣ ਪੱਤਰਾਂ ਦੇ ਲਿੰਕ ਨੂੰ ਭੰਡਾਰ ਕਰਨ ਲਈ ਇਹ ਇਕ ਨਿੱਜੀ ਭੰਡਾਰਨ ਦੀ ਥਾਂ ਹੈ। ਇਸ ਵਿਚ ਦਾਖ਼ਲਾ ਲੈਣ ਲਈ ਤੁਹਾਨੂੰ ਸਿਰਫ਼ ਆਪਣਾ ਆਧਾਰ ਨੰਬਰ ਦਰਜ ਕਰਨਾ ਪਵੇਗਾ ਅਤੇ ਤੁਹਾਡੇ ਪੰਜੀਕ੍ਰਿਤ ਮੋਬਾਈਲ ਨੰਬਰ 'ਤੇ ਇਕ ਐੱਸ ਐੱਮ ਐੱਸ ਭੇਜਿਆ ਜਾਵੇਗਾ, ਜੋ ਆਧਾਰ ਕਾਰਡ ਬਣਾਉਣ ਸਮੇਂ ਤੁਹਾਡੇ ਵਲੋਂ ਦਿਤਾ ਗਿਆ ਸੀ। ਪਹਿਲੀ ਵਾਰ ਡਿਜ਼ੀਟਲ ਲਾਕਰ ਖਾਤੇ ਵਿਚ ਜਾਣ ਲਈ ਸਿਰਫ਼ ਇਕ ਵਾਰੀ ਦਾ ਪਾਸਵਰਡ (ਓ ਟੀ ਪੀ) ਹੀ ਇਕ ਮਾਤਰ ਤਰੀਕਾ ਹੈ। ਬਾਅਦ ਵਿਚ ਤੁਸੀਂ ਆਪਣਾ ਪਾਸਵਰਡ ਬਣਾ ਸਕਦੇ ਹੋ ਜਾਂ ਆਪਣਾ ਡਿਜ਼ੀਟਲ ਲਾਕਰ ਆਪਣੇ ਗੂਗਲ ਜਾਂ ਫੇਸਬੁੱਕ ਖਾਤੇ ਨਾਲ ਜੋੜ ਸਕਦੇ ਹੋ। ਮਕਸਦ ਅਸਲ ਦਸਤਾਵੇਜ਼ਾਂ ਦੀ ਦਸਤੀ ਵਰਤੋਂ ਨੂੰ ਘੱਟ ਕਰਨਾ ਹੈ। ਉਦਾਹਰਣ ਵਜੋਂ, ਜੇ ਤੁਹਾਡੇ ਜਨਮ ਅਤੇ ਸਿੱਖਿਆ ਸੰਬੰਧੀ ਪ੍ਰਮਾਣ-ਪੱਤਰ ਆਨਲਾਈਨ ਹਨ ਅਤੇ ਤੁਸੀਂ ਪਾਸਪੋਰਟ ਵਾਸਤੇ ਅਰਜ਼ੀ ਦੇਣੀ ਹੈ ਤਾਂ ਪਾਸਪੋਰਟ ਦਫ਼ਤਰ ਡਿਜ਼ੀਟਲ ਲਾਕਰ ਕੋਲੋਂ ਤੁਹਾਡੇ ਵੇਰਵਿਆਂ ਦੀ ਮੰਗ ਕਰ ਸਕਦਾ ਹੈ, ਜਿਸ ਨਾਲ ਤੁਹਾਨੂੰ ਆਪਣੀ ਅਰਜ਼ੀ ਨਾਲ ਦਸਤਾਵੇਜ਼ਾਂ ਦੀ ਵੱਡੀ ਮਿਸਲ ਲੈ ਕੇ ਜਾਣ ਦੀ ਲੋੜ ਨਹੀਂ ਪਵੇਗੀ।

ਸਕੈਨ ਕੀਤੀਆਂ ਪ੍ਰਤੀਆਂ ਅਪਲੋਡ ਕੀਤੀਆਂ ਜਾ ਸਕਦੀਆਂ ਹਨ, ਜਿਨ੍ਹਾਂ 'ਤੇ ਲੋੜ ਮੁਤਾਬਕ ਡਿਜ਼ੀਟਲ ਤਰੀਕੇ ਨਾਲ ਦਸਤਖ਼ਤ ਵੀ ਕੀਤੇ ਜਾ ਸਕਦੇ ਹਨ। ਇਹ ਲਾਕਰ ਤੁਹਾਨੂੰ ਸਰਕਾਰ ਵਲੋਂ ਜਾਰੀ ਕੀਤੇ ਸਾਰੇ ਈ-ਦਸਤਾਵੇਜ਼ਾਂ ਦਾ ਭੰਡਾਰ ਗ੍ਰਿਹ ਹੈ। ਇਹ ਇਲੈਕਟ੍ਰਾਨਿਕ ਦਸਤਾਵੇਜ਼ ਵਰਤੋਂਕਾਰਾਂ, ਸਰਕਾਰੀ ਵਿਭਾਗਾਂ ਜਾਂ ਏਜੰਸੀਆਂ ਜਿਵੇਂ ਕਿ ਸੀ ਬੀ ਐੱਸ ਈ, ਪੰਜੀਕਰਨ ਦਫ਼ਤਰ, ਆਮਦਨ ਕਰ ਵਿਭਾਗ ਆਦਿ ਵਲੋਂ ਐਕਸ ਐੱਮ ਐੱਲ ਫਾਰਮੈਟ ਵਿਚ ਅਪਲੋਡ ਕੀਤੇ ਜਾਂਦੇ ਹਨ ਜੋ ਡਿਜ਼ੀਟਲ ਲਾਕਰ ਦੇ ਤਕਨੀਕੀ ਮਿਆਰਾਂ ਮੁਤਾਬਕ ਹੁੰਦਾ ਹੈ। ਜਦ ਕਿ ਤੁਹਾਡੇ ਵਲੋਂ ਅਪਲੋਡ ਦਸਤਾਵੇਜ਼ ਈ-ਮੇਲ ਰਾਹੀਂ ਸਾਂਝੇ ਕੀਤੇ ਜਾ ਸਕਦੇ ਹਨ, ਸਰਕਾਰੀ ਏਜੰਸੀਆਂ ਵਲੋਂ ਜਾਰੀ ਈ-ਦਸਤਾਵੇਜ਼ ਅਧਿਕਾਰਤ ਬੇਨਤੀਕਾਰਾਂ ਜਿਵੇਂ ਬੈਂਕ, ਵਿਸ਼ਵਵਿਦਿਆਲਾ, ਪਾਸਪੋਰਟ ਦਫ਼ਤਰ ਜਾਂ ਆਵਜਾਈ ਵਿਭਾਗ ਦੀ ਅਧਿਕਾਰਤ ਸੂਚੀ ਵਲੋਂ ਵੇਖੇ ਜਾ ਸਕਦੇ ਹਨ।

## ਈ-ਬਸਤਾ

ਭਾਰਤ ਸਰਕਾਰ ਵਲੋਂ ਹਾਲ ਹੀ ਵਿਚ ਡਿਜ਼ੀਟਲ ਭਾਰਤ ਪਹਿਲਕਦਮੀ ਤਹਿਤ ਇਕ ਮੰਚ ਸ਼ੁਰੂ ਕੀਤਾ ਗਿਆ ਹੈ, ਜੋ ਵਿਦਿਆਰਥੀਆਂ ਲਈ ਬਹੁਤ ਸਹਾਈ ਹੋਵੇਗਾ। ਆਮ ਬੋਲਚਾਲ ਵਿਚ ਜਿਸ ਨੂੰ ਈ-ਬਸਤਾ ਆਖਿਆ ਜਾਂਦਾ ਹੈ, ਉਸ ਦਾ ਅਰਥ ਹੈ ਸਕੂਲ ਬੈਗ, ਇਹ ਨਵਾਂ ਮੰਚ ਸਕੂਲੀ ਕਿਤਾਬਾਂ ਦਾ ਡਿਜ਼ੀਟਲ ਤੇ ਈ-ਕਿਤਾਬ ਸਰੂਪ ਅਤੇ ਪੜ੍ਹਾਈ ਦੀ ਸਮੱਗਰੀ ਮੁਹੱਈਆ ਕਰਵਾਉਂਦਾ ਹੈ। ਈ-ਬਸਤਾ ਇਕ ਸਾਂਝ-ਭਿਆਲੀ ਵਾਲਾ ਮੰਚ ਹੈ ਜੋ ਕਿਤਾਬ ਪ੍ਰਕਾਸ਼ਕਾਂ, ਸਕੂਲ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਕ ਮੰਚ 'ਤੇ ਲੈ ਕੇ ਆਉਂਦਾ ਹੈ। ਇਸ ਦਾ ਮੁੱਖ ਮਕਸਦ ਵੱਖ-ਵੱਖ ਪ੍ਰਕਾਸ਼ਕਾਂ (ਮੁਫ਼ਤ ਅਤੇ ਵਪਾਰਕ) ਅਤੇ ਸਕੂਲਾਂ ਨੂੰ ਇਕ ਮੰਚ 'ਤੇ ਲਿਆਉਣਾ ਹੈ। ਇਸ ਪੋਰਟਲ ਦੇ ਨਾਲ ਹੀ, ਪਿੱਠਭੂਮੀ ਵਿਚ ਇਕ ਅਜਿਹਾ ਢਾਂਚਾ ਬਣਾਇਆ ਗਿਆ ਹੈ, ਜੋ ਸੰਗਠਨਾਂ ਦੀ ਮਦਦ ਅਤੇ ਅਜਿਹੇ ਸਰੋਤਾਂ ਦਾ ਪ੍ਰਬੰਧਨ ਸੌਖਾ ਕਰ ਦੇਵੇਗਾ। ਇਸ ਦੇ ਨਾਲ ਹੀ ਵੈੱਬ-ਆਧਾਰਤ ਪ੍ਰੋਗਰਾਮ ਵੀ ਤਿਆਰ ਕੀਤੇ ਗਏ ਹਨ, ਜਿਨ੍ਹਾਂ ਨੂੰ ਟੇਬਲੇਟ ਕੰਪਿਊਟਰ 'ਤੇ ਸਥਾਪਤ ਕਰਕੇ ਇਸ ਢਾਂਚੇ 'ਤੇ ਕੰਮ ਕੀਤਾ ਜਾ ਸਕਦਾ ਹੈ। ਪੋਰਟਲ ਦੇ ਤੌਰ ਤੇ ਲਾਗੂ ਕੀਤਾ ਗਿਆ ਢਾਂਚਾ ਤਿੰਨ ਪ੍ਰਕਾਰ ਦੀਆਂ ਧਿਰਾਂ ਨੂੰ ਇਕੱਠੇ ਕਰਦਾ ਹੈ; ਪ੍ਰਕਾਸ਼ਕ, ਸਕੂਲ ਅਤੇ ਵਿਦਿਆਰਥੀ। ਅਧਿਆਪਕ ਸਕੂਲ ਦੇ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਇਸ ਪੋਰਟਲ ਤੋਂ ਈ-ਕਿਤਾਬਾਂ ਅਤੇ ਦੂਸਰੀ ਡਿਜ਼ੀਟਲ ਸਮੱਗਰੀ ਇਕੱਠੀ ਕਰਕੇ ਇਕ ਈ-ਬਸਤੇ ਦਾ ਨਿਰਮਾਣ ਕਰ ਸਕਦੇ ਹਨ। ਇਹ ਇਸ ਤਰ੍ਹਾਂ ਹੈ ਜਿਵੇਂ ਅਸੀਂ ਸਕੂਲੀ ਕਿਤਾਬਾਂ ਨਾਲ ਭਰਿਆ ਇਕ ਬਸਤਾ ਤਿਆਰ ਕਰਦੇ ਹਾਂ, ਜੋ ਹਰੇਕ ਜਮਾਤ ਜਾਂ ਪਾਠਕ੍ਰਮ ਨਾਲ ਸੰਬੰਧਿਤ ਹੁੰਦੀਆਂ ਹਨ। ਵੱਖ-ਵੱਖ ਤਰ੍ਹਾਂ ਦੇ ਸਕੂਲ ਸਰੋਤਾਂ ਤਕ ਰਸਾਈ ਹੋਣ ਨਾਲ - ਪਾਠ, ਨਕਲ, ਐਨੀਮੇਸ਼ਨ, ਆਡੀਓ,

ਵੀਡੀਓ ਆਦਿ ਜੋ ਪੋਰਟਲ ਤੋਂ ਲਏ ਜਾ ਸਕਦੇ ਹਨ, ਇਸ ਮੁਤਾਬਕ ਅਧਿਆਪਕ ਆਪਣੀ ਲੋੜ ਦੀ ਸਮੱਗਰੀ ਚੁਣ ਕੇ ਆਪਣੇ ਪੜ੍ਹਾਉਣ ਦੇ ਤਰੀਕਿਆਂ ਅਨੁਸਾਰ ਇਕ ਥਾਂ 'ਤੇ ਰੱਖ ਸਕਦੇ ਹਨ। ਵਿਦਿਆਰਥੀ ਆਪਸੀ ਸੰਵਾਦ ਅਤੇ ਗਤੀਸ਼ੀਲ ਸਮੱਗਰੀ ਵਾਲੇ ਪਾਠ, ਚਾਰਟ, ਗ੍ਰਾਫ਼ਿਕਸ, ਵੀਡੀਓ, ਡੀਵੀਓ ਤਕ ਸੌਖੀ ਪਹੁੰਚ ਨਾਲ ਆਪਣੇ ਗਿਆਨ ਵਿਚ ਚੋਖਾ ਵਾਧਾ ਕਰ ਸਕਦੇ ਹਨ। ਉਹ ਅਧਿਆਪਕਾਂ ਵਲੋਂ ਬਣਾਏ ਈ-ਬਸਤੇ ਨੂੰ ਆਸਾਨੀ ਨਾਲ ਡਾਊਨਡੋਲ ਵੀ ਕਰ ਸਕਦੇ ਹਨ। ਕਿਉਂਕਿ ਸਮੱਗਰੀ ਡਿਜ਼ੀਟਲ ਸਰੂਪ ਵਿਚ ਹੁੰਦੀ ਹੈ, ਇਸ ਨੂੰ ਕਿਸੇ ਵੀ ਉਪਕਰਨ 'ਤੇ ਭੰਡਾਰ ਕਰਕੇ ਸਾਂਝਾ ਜਾਂ ਨਕਲ ਕੀਤੀ ਜਾ ਸਕਦੀ ਹੈ, ਜਿਸ ਨਾਲ ਸਾਰੀ ਸਮੱਗਰੀ ਵਿਦਿਆਰਥੀਆਂ ਲਈ ਸੌਖੀ ਪਹੁੰਚ ਵਿਚ ਅਤੇ ਇਕ ਤੋਂ ਦੂਜੀ ਥਾਂ ਤਬਦੀਲ ਕਰਨ ਲਈ ਹੋ ਸਕਦੀ ਹੈ।

**ਵਿਦਿਆਰਥੀਆਂ ਨੂੰ ਵੀ ਸਮੱਗਰੀ ਦੇ ਚਲਦਿਆਂ ਹੁਣ ਵਜ਼ਨ ਬਾਰੇ ਫ਼ਿਕਰ ਕਰਨ ਦੀ ਜ਼ਰੂਰਤ ਨਹੀਂ ਅਤੇ ਉਹ ਇਸ ਨੂੰ ਕਦੇ ਵੀ ਅਤੇ ਕਿਤੇ ਵੀ ਪੜ੍ਹ ਸਕਦੇ ਹਨ। ਈ-ਬਸਤਾ ਰਾਹੀਂ ਕਿਤਾਬਾਂ ਦੇ ਪ੍ਰਕਾਸ਼ਕ ਦੇਸ਼ ਭਰ ਦੇ ਹਜ਼ਾਰਾਂ ਸਕੂਲਾਂ ਤਕ ਪਹੁੰਚ ਕਰ ਸਕਦੇ ਹਨ, ਜਿਸ ਲਈ ਉਨ੍ਹਾਂ ਨੂੰ ਛਪਾਈ, ਢੋਅ-ਢੁਆਈ ਅਤੇ ਪਹੁੰਚ ਦੇਣ ਬਾਰੇ ਫ਼ਿਕਰ ਕਰਨ ਦੀ ਲੋੜ ਨਹੀਂ। ਉਹ ਆਪਣੀ ਸਾਰੀ ਸਮੱਗਰੀ ਦੀ ਸੂਚੀ ਬਣਾ ਕੇ ਡਿਜ਼ੀਟਲ ਸਰੂਪ ਵਿਚ ਇਸ ਨੂੰ ਵੇਚ ਜਾਂ ਵੰਡ ਸਕਦੇ ਹਨ।**

ਈ-ਬਸਤਾ ਪ੍ਰਕਾਸ਼ਕਾਂ ਨੂੰ ਅਧਿਆਪਕਾਂ ਅਤੇ ਵਿਦਿਆਰਥੀਆਂ ਕੋਲੋਂ ਪੇਸ਼ ਕੀਤੀ ਜਾ ਰਹੀ ਡਿਜ਼ੀਟਲ ਸਮੱਗਰੀ ਬਾਰੇ ਸਿੱਧੇ ਹੁੰਗਾਰੇ ਪ੍ਰਾਪਤ ਕਰਨ ਦੀ ਸਹੂਲਤ ਦਿੰਦਾ ਹੈ। ਇਹ ਮੰਚ ਡੀ ਆਰ ਐੱਮ ਦੀ ਵੀ ਮਦਦ ਕਰਦਾ ਹੈ ਤਾਂ ਕਿ ਪ੍ਰਕਾਸ਼ਕਾਂ ਨੂੰ ਆਪਣੀਆਂ ਕਿਤਾਬਾਂ ਦੀ ਚੋਰੀ ਬਾਰੇ ਫ਼ਿਕਰਮੰਦ ਨਾ ਹੋਣਾ ਪਵੇ। ਈ-ਬਸਤਾ ਐਪ ਪੋਰਟਲ ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ, ਜੋ ਐਂਡਰਾਇਡ ਉਪਕਰਨ 'ਤੇ ਚਲਦਾ ਹੈ।

*(ਸੰਕਲਨਕਰਤਾ ਗੋਪਾਜੀਤ ਦਾਸ, ਸੰਪਾਦਕ)*

*e-mail: gopajitdas@gmail.com*

# ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ

**ਲੀਨਾ**

ਬਿਹਾਰ ਵਿਚ ਨਵਾਦਾ ਜ਼ਿਲ੍ਹੇ ਦੇ ਪਿੰਡ ਕੇਨਾਸਰਾਏ ਤੋਂ 7 ਜੂਨ, 2015 ਨੂੰ ਗਯਾ ਜ਼ਿਲ੍ਹੇ ਦੇ ਵਜੀਰਗੰਜ ਦੇ ਡੁਮਰਾਵਾਂ ਬਾਰਾਤ ਗਈ ਸੀ। ਅਗਲੇ ਦਿਨ ਵਾਪਸੀ ਸਮੇਂ ਬਰਾਤੀਆਂ ਨਾਲ ਭਰੀ ਸਕਾਰਪੀਓ ਕਾਰ ਨੇ ਕੇਂਦੂਆ ਪਿੰਡ ਦੇ ਨੇੜੇ ਖੜ੍ਹੇ ਟਰੱਕ 'ਚ ਟੱਕਰ ਮਾਰ ਦਿਤੀ। ਇਸ ਘਟਨਾ ਵਿਚ ਅੱਠ ਬਰਾਤੀਆਂ ਦੀ ਮੌਤ ਹੋ ਗਈ। ਕਈ ਪਰਿਵਾਰਾਂ ਦੀ ਆਖਰੀ ਉਮੀਦ ਵੀ ਖਤਮ ਹੋ ਗਈ। ਪਰ 53 ਸਾਲ ਦੇ ਮੋਈਨੁੱਦੀਨ ਖ਼ਾਨ ਦੇ 'ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ' ਕਰਵਾਉਣ ਦੇ ਫ਼ੈਸਲੇ ਨੇ ਉਸ ਦੇ ਪਰਿਵਾਰ ਨੂੰ ਆਰਥਿਕ ਰਾਹਤ ਦਿਤੀ, ਜਦ ਕਿ ਹੋਰਨਾਂ ਨੇ ਕੋਈ ਬੀਮਾ ਨਹੀਂ ਕਰਵਾਇਆ ਸੀ।

ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਨਾਲ ਪਿੰਡ ਵਾਸੀਆਂ ਨੂੰ ਜੋੜਨ ਲਈ ਬਿਹਾਰ ਦੇ ਨਵਾਦਾ ਜ਼ਿਲ੍ਹੇ ਵਿਚ ਕੇਨਾਸਰਾਏ ਦੇ ਘੱਟ ਗਿਣਤੀ ਭਾਈਚਾਰੇ ਦੇ ਮੁਹੱਲੇ ਵਿਚ ਕੈਂਪ ਲਾਇਆ ਗਿਆ ਸੀ। ਉਸ ਵੇਲੇ ਮੁਹੱਲਾ ਵਾਸੀਆਂ ਨੇ ਇਹ ਕਹਿੰਦੇ ਹੋਏ ਕੈਂਪ ਵਿਚ ਭਾਗ ਨਹੀਂ ਲਿਆ ਕਿ ਉਹ ਲੋਕ ਮਰਨ ਵਾਲੇ ਦੇ ਪੈਸੇ ਨਹੀਂ ਲੈਂਦੇ।

ਪਿੰਡ ਦੇ ਹੀ 53 ਸਾਲਾ ਮੋਈਨੁੱਦੀਨ ਖ਼ਾਨ ਨੇ ਮੁਹੱਲਾ ਵਾਸੀਆਂ ਅਤੇ ਪਰਿਵਾਰ ਤੋਂ ਛੁਪ ਕੇ ਫ਼ੈਸਲਾ ਕੀਤਾ ਅਤੇ ਬੈਂਕ ਜਾ ਕੇ ਆਪਣਾ ਬੀਮਾ ਕਰਵਾ ਲਿਆ। ਬ੍ਰਾਂਚ ਮੈਨੇਜਰ ਪ੍ਰਸ਼ਾਂਤ ਸਿਨਹਾ ਨੇ ਦੱਸਿਆ ਕਿ ਅਗਲੇ ਹੀ ਦਿਨ 27 ਮਈ ਨੂੰ ਮੋਈਨੁੱਦੀਨ ਖ਼ਾਨ ਬੈਂਕ ਪਹੁੰਚੇ ਅਤੇ ਉਸ ਨੇ ਫਾਰਮ ਲੈ ਕੇ 12 ਰੁਪਏ ਸਾਲਾਨਾ ਕਿਸ਼ਤ ਦਾ ਬੀਮਾ ਕਰਵਾਇਆ। ਬੈਂਕ ਮੈਨੇਜਰ ਨੇ ਦੱਸਿਆ ਕਿ ਮੋਈਨੁੱਦੀਨ ਦੇ ਪਰਿਵਾਰ ਨੂੰ ਵੀ ਬੀਮੇ ਦੀ ਜਾਣਕਾਰੀ ਨਹੀਂ ਸੀ। ਉਨ੍ਹਾਂ ਨੂੰ ਪਿੰਡ ਦੇ ਸਰਪੰਚ ਰਾਹੀਂ ਬੀਮੇ ਦੀ ਜਾਣਕਾਰੀ ਦਿਤੀ ਗਈ। ਸਰਪੰਚ ਬਿੰਦੇਸ਼ਵਰ ਪ੍ਰਸਾਦ ਦੱਸਦਾ ਹੈ ਕਿ ਸੜਕ ਦੁਰਘਟਨਾ ਦਾ ਸ਼ਿਕਾਰ ਮੋਈਨੁੱਦੀਨ ਇਕੱਲਾ ਵਿਅਕਤੀ ਸੀ ਜਿਸ ਨੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ ਆਪਣਾ ਬੀਮਾ ਕਰਵਾਇਆ ਸੀ। ਜੇ ਸਭ ਨੇ ਬੀਮਾ ਕਰਵਾਇਆ ਹੁੰਦਾ ਤਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਵੀ ਆਰਥਿਕ ਰਾਹਤ ਮਿਲਦੀ।

ਨਵਾਦਾ ਅਗ੍ਰਣੀ ਬੈਂਕ ਦੇ ਪ੍ਰਬੰਧਕ ਜੀ. ਪ੍ਰਧਾਨ ਨੇ ਕਿਹਾ ਕਿ ਮੋਈਨੁੱਦੀਨ ਪਹਿਲਾ ਅਜਿਹਾ ਵਿਅਕਤੀ ਹੈ, ਜਿਸ ਦੇ ਪਰਿਵਾਰ ਨੂੰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦਾ ਲਾਭ ਮਿਲ ਸਕੇਗਾ। ਇਹ ਬੀਮਾ ਅਜਿਹੇ ਦੁੱਖ ਭਰੇ ਸਮੇਂ ਲਈ ਸਹਾਇਕ ਹੁੰਦਾ ਹੈ। ਨਵਾਦਾ 'ਚ ਲਗਭਗ 3 ਲੱਖ 26 ਹਜ਼ਾਰ ਲੋਕਾਂ ਦਾ ਜਨ-ਧਨ ਯੋਜਨਾ ਤਹਿਤ ਖਾਤਾ ਖੋਲ੍ਹਿਆ ਗਿਆ ਹੈ, ਜਿਸ ਵਿਚ ਇਕ ਲੱਖ 12 ਹਜ਼ਾਰ ਲੋਕਾਂ ਦਾ ਬੀਮਾ ਕੀਤਾ ਗਿਆ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਹੁਣ ਤਕ ਬਿਹਾਰ ਵਿਚ ਮੋਈਨੁੱਦੀਨ ਅਜਿਹਾ ਇਕੱਲਾ ਵਿਅਕਤੀ ਹੈ ਜਿਸ ਦੇ ਪਰਿਵਾਰ ਨੂੰ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦਾ ਇਹ ਲਾਭ ਮਿਲਿਆ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਫੋਟੋ ਫਰੇਮ ਕਰਨ ਵਾਲੇ ਅਤੇ ਜਿਲ੍ਹਦਾਂ ਬੰਨ੍ਹਣ ਦਾ ਕੰਮ ਕਰਨ ਵਾਲੇ ਮੋਈਨੁੱਦੀਨ ਦੀ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਵਿਚ ਪਤਨੀ ਸ਼ਹਿਜ਼ਾਦੀ ਖਾਤੂਨ, ਦੋ ਪੁੱਤਰ ਤੇ ਪੰਜ ਧੀਆਂ ਹਨ। ਇਕ ਪੁੱਤਰ ਬਾਹਰ ਕੰਮ ਕਰਦਾ ਹੈ। ਪ੍ਰਧਾਨ ਮੰਤਰੀ ਨੇ ਜਿਹੜੀਆਂ ਸਮਾਜਿਕ ਸੁਰੱਖਿਆ ਯੋਜਨਾਵਾਂ ਦੀ ਸ਼ੁਰੂਆਤ 9 ਮਈ ਨੂੰ ਕੀਤੀ, ਉਨ੍ਹਾਂ ਵਿਚ ਦੋ ਲੱਖ ਰੁਪਏ ਦਾ ਦੁਰਘਟਨਾ ਬੀਮਾ ਸੁਰੱਖਿਆ ਦੇਣ ਵਾਲੀ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਵੀ ਸ਼ਾਮਿਲ ਹੈ, ਜਿਸ ਦੀ ਕਿਸ਼ਤ ਸਿਰਫ਼ 12 ਰੁਪਏ ਸਾਲਾਨਾ ਹੈ। ਮੋਈਨੁੱਦੀਨ ਖ਼ਾਨ ਨੇ 12 ਰੁਪਏ ਦੇ ਕੇ ਜੋ ਬੀਮਾ ਕਰਵਾਇਆ ਸੀ ਤੇ ਜਿਸ ਤਹਿਤ ਉਸ ਦੇ ਪਰਿਵਾਰ ਨੂੰ ਜੋ ਰਾਹਤ ਮਿਲੀ ਹੈ, ਉਨ੍ਹਾਂ ਗਰੀਬ ਲੋਕਾਂ ਦੀਆਂ ਅੱਖਾਂ ਖੋਲ੍ਹਣ ਲਈ ਕਾਫ਼ੀ ਹੈ, ਜਿਨ੍ਹਾਂ ਨੇ ਅਜੇ ਤਕ ਬੀਮਾ ਨਹੀਂ ਕਰਵਾਇਆ ਹੈ। ਦੁਨੀਆਂ ਦਾ ਸਭ ਤੋਂ ਘੱਟ ਪ੍ਰੀਮੀਅਮ ਸਿਰਫ਼ 12 ਰੁਪਏ ਉਤੇ ਦੋ ਲੱਖ ਦਾ ਬੀਮਾ ਦੇਣਾ ਆਪਣੇ ਆਪ ਵਿਚ ਅਨੋਖਾ ਤੇ ਨਿਵੇਕਲਾ ਯਤਨ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*